PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
5th - 12th February 2026 • Issue No. 3116
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

S.S.Rai
Immigration Advice Bureau
Tel: 020 8571 6680
www.iabl.co.uk

# ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਜ਼ਮਾਨਤ ’ਤੇ ਹੋਏ ਰਿਹਾਅ

## * ਕੀ ਮਜੀਠੀਆ ਕਾਰਣ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ ਆਉਣ ਦੀ ਸੰਭਾਵਨਾ ਹੈ?

## * ਮਜੀਠਿਆ ਦੇ ਜੇਹਲ ਵਿੱਚੋਂ ਬਾਹਰ ਆਉਣ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪੰਜਾਬ ਦੀਆਂ ਮੋਹਰਲੀਆਂ ਸਿਆਸੀ ਸਫਾਂ ’ਚ ਆਉਣ ਦੇ ਆਸਾਰ ਵਧੇ ....

ਜੇਲ੍ਹ ’ਚੋਂ ਬਾਹਰ ਆਉਂਦਿਆਂ ਮਜੀਠੀਆ ਨੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਿਹਾ, “ਸਰਕਾਰਾਂ ਚਾਹੁੰਦੀਆਂ ਸਨ ਕਿ ਮੈਂ ਜਿਊਂਦਾ ਬਾਹਰ ਨਾ ਆਵਾਂ। ਪਰ ਵਾਹਿਗੁਰੂ ਨੇ ਬੱਲ ਬਖ਼ਸ਼ਿਆ ਅਤੇ ਅੱਜ ਮੈਂ ਤੁਹਾਡੇ ਵਿੱਚ ਹਾਂ”। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੈਲਿੰਜ ਕੀਤਾ ਕਿ “ਮੈਂ ਜੇਲ੍ਹ ਵਿੱਚ ਬੈਂਗਣ ਖਾ ਕੇ ਗੁਜ਼ਾਰਾ ਕੀਤਾ ਹੈ, ਹੁਣ ਤੇਰਾ ਕੀ ਬਣੂਗਾ?”



## ਅਕਾਲ ਤਖ਼ਤ ਦੇ ਜਥੇਦਾਰ ਗੜਗੱਜ ਨੇ 328 ਸਰੂਪਾਂ ਦੇ ਮਾਮਲੇ ‘ਚ ਸਖ਼ਤ ਆਦੇਸ਼ ਜਾਰੀ ਕੀਤਾ

### ✪ ਜਾਂਚ ਪੂਰੀ ਹੋਣ ਤੱਕ ਬਿਆਨਬਾਜ਼ੀ, ਮੀਡੀਆ ਟ੍ਰਾਇਲ ਅਤੇ ਸਿਆਸਤ ਤੋਂ ਬਚਣ ਦੀ ਹਦਾਇਤ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਖ਼ਤ ਆਦੇਸ਼ ਜਾਰੀ ਕੀਤਾ ਹੈ। ਉਨ੍ਹਾਂ ਸਬੰਧਤ ਸਾਰੀਆਂ ਧਿਰਾਂ ਨੂੰ ਹਦਾਇਤ ਕੀਤੀ ਹੈ ਕਿ ਜਾਂਚ ਪੂਰੀ ਨਹੀਂ ਹੋ ਜਾਂਦੀ ਤੱਕ ਇਸ ਮਾਮਲੇ 'ਤੇ ਕੋਈ ਬਿਆਨਬਾਜ਼ੀ, ਸਿਆਸਤ, ਦੋਸ਼-ਬਾਜ਼ੀ ਜਾਂ ਮੀਡੀਆ ਟ੍ਰਾਇਲ ਨਾ ਕੀਤਾ ਜਾਵੇ।



## ਹਰਿਮੰਦਰ ਸਾਹਿਬ ਨੇੜੇ ਬਹੁਮੰਜ਼ਿਲਾ ਇਮਾਰਤ ਉਸਾਰੀ ’ਤੇ ਵਿਰੋਧ ਤੇਜ਼

## ਸੰਸਦ ਦੇ ਬਜਟ ਸੈਸ਼ਨ ਵਿਚ ਨਹੀਂ ਜਾ ਸਕਣਗੇ ਅੰਮ੍ਰਿਤਪਾਲ ਸਿੰਘ ਪੰਜਾਬ ਸਰਕਾਰ ਨੇ ਪੈਰੋਲ ਅਰਜ਼ੀ ਕੀਤੀ ਰੱਦ

### ✪ ਸੁਰੱਖਿਆ ਦਾ ਦਿੱਤਾ ਹਵਾਲਾ: ਡਿਬਰੂਗੜ੍ਹ ਜੇਲ੍ਹ ਵਿੱਚ ਹੀ ਰਹਿਣਗੇ ਖਡੂਰ ਸਾਹਿਬ ਦੇ ਸੰਸਦ ਮੈਂਬਰ



## ਸ੍ਰੀ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਲੰਡਨ ਵਿਖੇ ਧੂਮ ਧਾਮ ਨਾਲ ਮਨਾਇਆ

ਬਰਤਾਨਵੀ ਸੰਸਦ ਮੈਂਬਰਾਂ, ਭਾਰਤੀ ਡਿਪਟੀ ਹਾਈਕਮਿਸ਼ਨਰ, ਧਾਰਮਿਕ ਸੰਸਥਾਵਾਂ ਦੇ ਆਗੂਆਂ, ਡਿਪਟੀ ਮੇਅਰ, ਕੌਂਸਲਰਾਂ, ਪੁਲਿਸ ਅਤੇ ਫੌਜ ਦੇ ਉੱਚ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਭਰੀ ਹਾਜ਼ਰੀ









ਖਬਰ ਅੰਦਰ ਪੰਨਾ 14 ਅਤੇ ਹੋਰ ਤਸਵੀਰਾਂ ਆਖਰੀ ਪੰਨੇ ’ਤੇ




MANAK
SOLICITORS
Samir Moftah LL.B (Hons.)
Deputy Head of Employment & Litigation Department
Samir advises on employment law, criminal defence, fare evasion, and litigation. His clear guidance and practical expertise help clients navigate complex cases with confidence. Known for his approachable style, he is dedicated to achieving the best possible results.
Contact Samir today for trusted legal support on telephone 01689 870769 or by email Samir.Moftah@manaksolicitors.co.uk
Orpington I Gravesend I Sevenoaks I Biggin Hill I Bromley
manaksolicitors.co.uk
01689 870 769
reviewsolicitors
Excellent
Lexcel
Rajbir Singh Manak MA (Hons)
Surinder Singh Manak LLB (Hons)

# ਕੀ ਬਿਕਰਮ ਮਜੀਠੀਆ ਜਮਾਨਤ ਵਿਚ ਭਾਜਪਾ ਦੀ ਮਦਦ, ਰਾਧਾ ਸਵਾਮੀ ਬਾਬੇ ਦੀ ਭੂਮਿਕਾ ਸੀ ?

ਨਿਊਜ਼ ਵਿਸ਼ਲੇਸ਼ਣ

## ✪ ਕੀ ਮਜੀਠੀਆ ਕਾਰਣ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ ਆਉਣ ਦੀ ਸੰਭਾਵਨਾ ਹੈ ? ✪ ਕੀ ਮਜੀਠਿਆ ਕਾਰਣ ਅਕਾਲੀ ਦਲ ਵਿਚ ਤਬਦੀਲੀ ਆਵੇਗੀ ?

ਚੰਡੀਗੜ੍ਹ-ਪੰਜਾਬ ਦੀ ਸਿਆਸਤ ਵਿੱਚ ਇੱਕ ਵੱਡਾ ਮੋੜ ਆਇਆ ਹੈ ਜਦੋਂ ਸੁਪਰੀਮ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ। ਇਹ ਘਟਨਾ ਨਾ ਸਿਰਫ਼ ਅਕਾਲੀ ਦਲ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੀ ਹੈ ਬਲਕਿ ਪੰਜਾਬ ਦੇ ਸਿਆਸੀ ਹਾਲਾਤ ਨੂੰ ਵੀ ਬਦਲਣ ਦੀ ਸੰਭਾਵਨਾ ਰੱਖਦੀ ਹੈ। ਮਜੀਠੀਆ, ਜਿਨ੍ਹਾਂ ਨੂੰ ਜੂਨ 2025 ਤੋਂ ਨਾਭਾ ਜੇਲ੍ਹ ਵਿੱਚ ਰੱਖਿਆ ਗਿਆ ਸੀ, ਨੂੰ 2 ਫਰਵਰੀ ਨੂੰ ਰਿਹਾਅ ਕੀਤਾ ਗਿਆ ਸੀ। ਇਸ ਮਾਮਲੇ ਵਿੱਚ 540 ਕਰੋੜ ਰੁਪਏ ਦੀ ਜਾਇਦਾਦ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਨਾਲ ਜੁੜੇ ਦੋਸ਼ ਸਨ, ਪਰ ਅਦਾਲਤ ਨੇ ਹਾਲਾਤਾਂ ਨੂੰ ਵੇਖਦਿਆਂ ਜ਼ਮਾਨਤ ਮਨਜ਼ੂਰ ਕੀਤੀ ਅਤੇ ਟ੍ਰਾਇਲ ਅਦਾਲਤ ਨੂੰ ਸਖ਼ਤ ਸ਼ਰਤਾਂ ਲਾਉਣ ਦੀ ਆਗਿਆ ਦਿੱਤੀ।

ਜੇਲ੍ਹ ਤੋਂ ਬਾਹਰ ਆਉਂਦਿਆਂ ਮਜੀਠੀਆ ਨੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਸਰਕਾਰਾਂ ਚਾਹੁੰਦੀਆਂ ਸਨ ਕਿ ਮੈਂ ਜਿਉਂਦਾ ਬਾਹਰ ਨਾ ਆਵਾਂ। ਪਰ ਵਾਹਿਗੁਰੂ ਨੇ ਬਲ ਬਖ਼ਸ਼ਿਆ ਅਤੇ ਅੱਜ ਮੈਂ ਤੁਹਾਡੇ ਵਿੱਚ ਹਾਂ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੈਲਿੰਜ ਕੀਤਾ ਕਿ ਮੈਂ ਜੇਲ੍ਹ ਵਿੱਚ ਬੈਂਗਣ ਖਾ ਕੇ ਗੁਜ਼ਾਰਾ ਕੀਤਾ ਹੈ, ਤੇਰਾ ਕੀ ਬਣੂਗਾ ?"

ਮਜੀਠੀਆ ਨੇ ਸੁਨੀਲ ਜਾਖੜ (ਪੰਜਾਬ ਭਾਜਪਾ ਪ੍ਰਧਾਨ), ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ, ਚਰਨਜੀਤ ਸਿੰਘ ਚੰਨੀ ਅਤੇ ਹੋਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਮਾੜੇ ਸਮੇਂ ਵਿੱਚ ਸਹਿਯੋਗ ਦਿੱਤਾ। ਇਸ ਰਿਹਾਈ ਨਾਲ ਅਕਾਲੀ ਦਲ (ਬਾਦਲ) ਵਿੱਚ ਉਤਸ਼ਾਹ ਦੀ ਲਹਿਰ ਦੌੜ ਗਈ ਹੈ। ਪਾਰਟੀ ਆਗੂ ਕਹਿ ਰਹੇ ਹਨ ਕਿ ਮਜੀਠੀਆ ਦੀ ਵਾਪਸੀ ਨਾਲ ਪਾਰਟੀ ਨੂੰ ਨਵੀਂ ਊਰਜਾ ਮਿਲੇਗੀ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਮਜ਼ਬੂਤੀ ਮਿਲੇਗੀ।




### 'ਆਪ' ਨੂੰ ਰਾਜਨੀਤਿਕ ਝਟਕਾ

'ਆਪ' ਨੂੰ ਇਸ ਘਟਨਾ ਨਾਲ ਵੱਡਾ ਝਟਕਾ ਲੱਗਿਆ ਹੈ ਕਿਉਂਕਿ ਮਜੀਠੀਆ 'ਆਪ' ਦੇ ਵੱਡੇ ਵਿਰੋਧੀ ਹਨ। ਆਪ ਨੇ 2022 ਵਿੱਚ ਨਸ਼ੀਲੇ ਪਦਾਰਥਾਂ ਵਿਰੁੱਧ ਮੁਹਿੰਮ ਚਲਾ ਕੇ ਸੱਤਾ ਹਾਸਲ ਕੀਤੀ ਸੀ ਅਤੇ ਮਜੀਠੀਆ ਨੂੰ ਨਿਸ਼ਾਨਾ ਬਣਾਇਆ ਸੀ। ਹੁਣ ਉਨ੍ਹਾਂ ਦੀ ਰਿਹਾਈ ਨਾਲ ਆਪ ਦੀ ਮੁਹਿੰਮ ਨੂੰ ਝਟਕਾ ਲੱਗਾ ਹੈ। ਆਪ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਜ਼ਮਾਨਤ ਨੂੰ ਦੋਸ਼-ਮੁਕਤੀ ਵਜੋਂ ਨਹੀਂ ਵੇਖਣਾ ਚਾਹੀਦਾ ਅਤੇ ਕੇਸ ਬਰਕਰਾਰ ਹੈ। ਆਪ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਮਜੀਠੀਆ ਨੂੰ ਅਕਾਲੀ ਲੀਡਰਸ਼ਿਪ ਨੇ ਇਕੱਲਾ ਛੱਡ ਦਿੱਤਾ ਹੈ।

ਅਕਾਲੀ ਆਗੂ ਅਰਸ਼ਦੀਪ ਕਲੇਰ ਨੇ ਕਿਹਾ, "ਆਪ ਨੇ ਮਜੀਠਿਆ ਉਪਰ ਝੂਠੇ ਕੇਸ ਬਣਾਏ ਸਨ ਅਤੇ ਅਦਾਲਤ ਵਿੱਚ ਉਹ ਟਿਕ ਨਹੀਂ ਸਕੇ।" ਪਾਰਟੀ ਨੂੰ ਲੱਗਦਾ ਹੈ ਕਿ ਇਹ ਰਿਹਾਈ ਆਪ ਨੂੰ ਝਟਕਾ ਦੇਵੇਗੀ ਅਤੇ ਅਕਾਲੀ ਨੂੰ ਬੂਸਟ ਮਿਲੇਗਾ।

### ਕੀ ਭਾਜਪਾ ਤੇ ਅਕਾਲੀ ਗੱਠਜੋੜ ਹੋਵੇਗਾ

ਪੰਜਾਬ ਵਿੱਚ ਅਕਾਲੀ ਦਲ ਅਤੇ ਭਾਜਪਾ ਦਾ ਪੁਰਾਣਾ ਗਠਜੋੜ ਰਿਹਾ ਹੈ, ਜੋ 2020 ਵਿੱਚ ਖੇਤੀ ਕਾਨੂੰਨਾਂ ਕਾਰਨ ਟੁੱਟ ਗਿਆ ਸੀ, ਪਰ ਹੁਣ ਮੁੜ ਜੁੜਨ ਦੀਆਂ ਅਟਕਲਾਂ ਹਨ। ਸਿਆਸੀ ਮਾਹਿਰਾਂ ਅਨੁਸਾਰ, ਮਜੀਠੀਆ ਦੀ ਜ਼ਮਾਨਤ ਵਿੱਚ ਭਾਜਪਾ ਦੀ ਭੂਮਿਕਾ ਬਾਰੇ ਚਰਚਾ ਗਰਮ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਜ਼ਮਾਨਤ ਦਿੱਤੀ ਹੈ, ਪਰ ਸਿਆਸੀ ਹਲਕਿਆਂ ਵਿੱਚ ਅਟਕਲਾਂ ਹਨ ਕਿ ਭਾਜਪਾ ਨੇ ਪਿੱਠ ਪਿੱਛੇ ਮਦਦ ਕੀਤੀ ਹੈ। ਭਾਜਪਾ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਮਜੀਠੀਆ ਦੀ ਰਿਹਾਈ ਦਾ ਸਵਾਗਤ ਕੀਤਾ ਅਤੇ ਇਸ ਨੂੰ ਨਿਆਂ ਦੀ ਜਿੱਤ ਦੱਸਿਆ। ਸੂਤਰਾਂ ਅਨੁਸਾਰ, ਭਾਜਪਾ ਨੇ ਕੇਂਦਰੀ ਪੱਧਰ ਉੱਤੇ ਅਸਿੱਧੇ ਤੌਰ ਉੱਤੇ ਪ੍ਰਭਾਵ ਪਾਇਆ ਹੋ ਸਕਦਾ ਹੈ, ਕਿਉਂਕਿ ਇਸ ਨਾਲ ਆਪ ਨੂੰ ਝਟਕਾ ਲੱਗੇਗਾ ਅਤੇ ਅਕਾਲੀ ਨੂੰ ਫਾਇਦਾ ਹੋਵੇਗਾ। ਭਾਜਪਾ ਨੂੰ ਪੰਜਾਬ ਵਿੱਚ ਆਪਣੀ ਜ਼ਮੀਨ ਮਜ਼ਬੂਤ ਕਰਨ ਲਈ ਅਕਾਲੀ ਨਾਲ ਮੁੜ ਗਠਜੋੜ ਦੀ ਲੋੜ ਹੈ, ਅਤੇ ਮਜੀਠੀਆ ਦੀ ਰਿਹਾਈ ਇਸ ਵੱਲ ਇੱਕ ਕਦਮ ਵਜੋਂ ਵੇਖੀ ਜਾ ਰਹੀ ਹੈ। ਹਾਲਾਂਕਿ, ਭਾਜਪਾ ਆਗੂ ਰਵਨੀਤ ਬਿੱਟੂ ਨੇ ਅਕਾਲੀ ਨਾਲ ਗਠਜੋੜ ਦਾ ਵਿਰੋਧ ਕੀਤਾ ਹੈ, ਕਹਿੰਦੇ ਹੋਏ ਕਿ ਨਸ਼ਾ ਤਸਕਰੀ ਵਾਲਿਆਂ ਨਾਲ ਗਠਜੋੜ ਨਾਲ ਪਾਰਟੀ ਦੇ ਭ੍ਰਿਸ਼ਟਾਚਾਰ ਵਿਰੋਧੀ ਸਟੈਂਡ ਨੂੰ ਨੁਕਸਾਨ ਪਹੁੰਚੇਗਾ।

### ਰਾਧਾ ਸਵਾਮੀ ਬਾਬੇ ਦੀ ਭੂਮਿਕਾ

ਰਾਧਾ ਸਵਾਮੀ ਸਤਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਜ਼ਮਾਨਤ ਮਿਲਣ ਤੋਂ ਇੱਕ ਦਿਨ ਪਹਿਲਾਂ ਨਾਭਾ ਜੇਲ੍ਹ ਵਿੱਚ ਮਜੀਠੀਆ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਉਨ੍ਹਾਂ ਉੱਤੇ ਲੱਗੇ ਸਾਰੇ ਦੋਸ਼ ਝੂਠੇ ਅਤੇ ਬੇਬੁਨਿਆਦ ਹਨ। ਬਾਬਾ ਨੇ ਕਿਹਾ, "ਬਿਕਰਮ ਮੇਰਾ ਰਿਸ਼ਤੇਦਾਰ ਹੈ, ਅਤੇ ਉਸ ਉਪਰ ਦੋਸ਼ ਗਲਤ ਹਨ।"

ਇਹ ਮੁਲਾਕਾਤ ਬਾਬੇ ਦੀ ਮਜੀਠੀਆ ਨਾਲ ਦੂਜੀ ਮੁਲਾਕਾਤ ਸੀ ਅਤੇ ਇਸ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਬਾਬਾ ਢਿੱਲੋਂ ਲੱਖਾਂ ਅਨੁਯਾਈਆਂ ਦੇ ਆਗੂ ਹਨ ਅਤੇ ਪੰਜਾਬ ਵਿੱਚ ਡੇਰੇ ਦੀ ਵੋਟ ਬੈਂਕ ਬਹੁਤ ਮਜ਼ਬੂਤ ਹੈ, ਖਾਸ ਕਰ ਮਾਝੇ ਅਤੇ ਮਾਲਵੇ ਵਿੱਚ। ਇਹ ਮੁਲਾਕਾਤ ਜ਼ਮਾਨਤ ਵਿੱਚ ਭੂਮਿਕਾ ਵਜੋਂ ਵੇਖੀ ਜਾ ਰਹੀ ਹੈ, ਕਿਉਂਕਿ ਇਸ ਤੋਂ ਬਾਅਦ ਹੀ ਅਦਾਲਤ ਨੇ ਜ਼ਮਾਨਤ ਦਿੱਤੀ ਹੈ। ਹਾਲਾਂਕਿ ਬਾਬੇ ਨੇ ਇਸ ਨੂੰ ਨਿੱਜੀ ਰਿਸ਼ਤੇਦਾਰੀ ਦੱਸਿਆ ਹੈ, ਪਰ ਆਪ ਨੇ ਇਸ ਉੱਤੇ ਇਤਰਾਜ਼ ਜਤਾਇਆ ਹੈ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ, "ਜ਼ਮਾਨਤ ਮਿਲਣ ਨਾਲ ਉਹ ਮੁਕਤ ਨਹੀਂ ਹੋ ਗਏ, ਅਸੀਂ ਰੀਵਿਊ ਪਟੀਸ਼ਨ ਪਾਵਾਂਗੇ ਅਤੇ ਟ੍ਰਾਇਲ ਵਿੱਚ ਸਜ਼ਾ ਮਿਲੇਗੀ।" ਮੁੱਖ ਮੰਤਰੀ ਮਾਨ ਨੇ ਟਵੀਟ ਕਰ ਕੇ ਤਨਜ਼ ਕੱਸਿਆ ਕਿ "ਅਦਾਲਤਾਂ ਦਾ ਰੱਬ ਰਾਖਾ, ਜਿੱਥੇ ਮੁਲਾਕਾਤੀ ਹੀ ਜੱਜ ਬਣ ਜਾਣ।"

ਸਿਆਸੀ ਵਿਸ਼ਲੇਸ਼ਕਾਂ ਅਨੁਸਾਰ, ਡੇਰਾ ਬਿਆਸ, ਭਾਜਪਾ, ਅਕਾਲੀ ਗੱਠਜੋੜ ਆਪ ਲਈ ਨੁਕਸਾਨਦੇਹ ਹੋ ਸਕਦਾ ਹੈ, ਖਾਸ ਕਰ ਅਗਲੀਆਂ ਚੋਣਾਂ ਵਿੱਚ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਡੇਰਾ ਬਿਆਸ ਦਾ ਦੌਰਾ ਕਰ ਚੁੱਕੇ ਹਨ ਅਤੇ ਆਰਐੱਸਐੱਸ ਮੁਖੀ ਮੋਹਨ ਭਾਗਵਤ ਨਾਲ ਬਾਬੇ ਦੀਆਂ ਮੁਲਾਕਾਤਾਂ ਹੋਈਆਂ ਸਨ, ਜੋ ਭਾਜਪਾ ਨਾਲ ਨੇੜਤਾ ਨੂੰ ਦਰਸਾਉਂਦੀਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਜਗਰੂਪ ਸਿੰਘ ਸੇਖੋਂ ਨੇ ਕਿਹਾ ਕਿ ਡੇਰਾ ਬਿਆਸ ਕਾਫੀ ਤਾਕਤ ਰੱਖਦਾ ਹੈ ਅਤੇ ਇਹ 'ਕਿੰਗ ਮੇਕਰ' ਵਜੋਂ ਕੰਮ ਕਰ ਸਕਦਾ ਹੈ।

## ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ

ਮਜੀਠਿਆ ਦੀ ਰਿਹਾਈ ਨਾਲ ਪੰਜਾਬ ਦੀ ਸਿਆਸਤ ਆਪ ਵਿਰੁੱਧ ਅਕਾਲੀ-ਭਾਜਪਾ ਗਠਜੋੜ ਵੱਲ ਜਾ ਰਹੀ ਹੈ। ਮਜੀਠੀਆ ਨੂੰ ਅਕਾਲੀ ਵਿੱਚ ਤਬਦੀਲੀ ਲਿਆਉਣ ਵਾਲਾ ਮੰਨਿਆ ਜਾ ਰਿਹਾ ਹੈ। ਅਕਾਲੀ ਦਲ ਬਾਦਲ ਨੇ ਇਸ ਨੂੰ ਸੱਚਾਈ ਦੀ ਜਿੱਤ ਦੱਸਿਆ ਹੈ। ਅਗਲੀਆਂ ਚੋਣਾਂ ਵਿੱਚ ਡੇਰੇ ਦੀ ਵੋਟ ਅਹਿਮ ਹੋਵੇਗੀ। ਡਾਕਟਰ ਪਰਮਜੀਤ ਸਿੰਘ ਨੇ ਕਿਹਾ ਕਿ ਮਜੀਠੀਆ ਦੀ ਵਾਪਸੀ ਨਾਲ ਅਕਾਲੀ ਨੂੰ ਬੂਸਟ ਮਿਲੇਗਾ ਅਤੇ ਭਾਜਪਾ ਪੰਜਾਬ ਵਿੱਚ ਵਧੇਗੀ। ਉਨ੍ਹਾਂ ਨੇ ਡੇਰਾ ਮੁਖੀ ਦੇ ਦਖਲ ਉੱਤੇ ਚਿੰਤਾ ਜਤਾਈ ਕਿ ਇਹ ਜਮਹੂਰੀਅਤ ਲਈ ਚੰਗਾ ਨਹੀਂ ਹੈ। ਡਾਕਟਰ ਖੁਸ਼ਹਾਲ ਸਿੰਘ ਨੇ ਇਸ ਨੂੰ ਆਪ ਦੀ ਨਾਕਾਮੀ ਵਜੋਂ ਵੇਖਿਆ। ਗੁਰੂ ਨਾਨਕ ਯੂਨੀਵਰਸਿਟੀ ਦੇ ਪ੍ਰੋਫੈਸਰ ਪਰਮਜੀਤ ਸਿੰਘ ਨੇ ਕਿਹਾ ਕਿ ਗੁਰਿੰਦਰ ਢਿੱਲੋਂ ਸਿਆਸਤ ਵਿੱਚ ਆ ਸਕਦੇ ਹਨ ਪਰ ਡੇਰੇ ਦਾ ਪ੍ਰਭਾਵ ਸੀਮਤ ਹੈ।

ਇਸ ਘਟਨਾ ਨੇ ਪੰਜਾਬ ਵਿੱਚ ਵਿਸ਼ਲੇਸ਼ਣ ਨੂੰ ਗਰਮਾ ਦਿੱਤਾ ਹੈ। ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਡੇਰਾ ਮੁਖੀ ਦੇ ਸਮਰਥਨ ਅਤੇ ਜ਼ਮਾਨਤ ਦਾ ਇੱਕੋ ਦਿਨ ਹੋਣਾ ਨਿੱਜੀ ਅਤੇ ਸਿਆਸੀ ਨੈੱਕਸ ਨੂੰ ਉਜਾਗਰ ਕਰਦਾ ਹੈ।

ਇਸ ਤਰ੍ਹਾਂ, ਮਜੀਠੀਆ ਦੀ ਰਿਹਾਈ ਨਾਲ ਪੰਜਾਬ ਦੀ ਸਿਆਸਤ ਵਿੱਚ ਨਵੇਂ ਸਮੀਕਰਨ ਬਣ ਰਹੇ ਹਨ। ਅਕਾਲੀ ਦਲ ਵਿੱਚ ਤਬਦੀਲੀ ਆਉਣ ਦੀ ਸੰਭਾਵਨਾ ਹੈ ਅਤੇ ਆਪ ਨੂੰ ਰੱਖਿਆਤਮਕ ਰੁਖ ਅਪਣਾਉਣਾ ਪਵੇਗਾ। ਭਾਜਪਾ ਅਤੇ ਡੇਰੇ ਦੀ ਭੂਮਿਕਾ ਨੇ ਰਾਜਨੀਤੀ ਵਿਚ ਆਪਣਾ ਸਿੱਕਾ ਜਮਾਇਆ ਹੈ, ਜੋ ਅਗਲੀਆਂ ਚੋਣਾਂ ਨੂੰ ਪ੍ਰਭਾਵਿਤ ਕਰੇਗਾ।

ਡੇਰਾ ਰਾਧਾ ਸੁਆਮੀ ਬਿਆਸ ਪੰਜਾਬ ਵਿੱਚ ਬਹੁਤ ਵੱਡੀ ਫਾਲੋਇੰਗ ਵਾਲਾ ਹੈ ਅਤੇ ਚੋਣਾਂ ਵਿੱਚ ਇਸ ਦਾ ਪ੍ਰਭਾਵ ਪੈਂਦਾ ਹੈ। ਪਹਿਲਾਂ ਡੇਰਾ ਮੁਖੀਆਂ ਨੇ ਸਥਾਨਕ ਰਾਜਨੀਤੀ ਵਿੱਚ ਘੱਟ ਦਖਲ ਦਿੰਦੇ ਸਨ, ਪਰ ਗੁਰਿੰਦਰ ਢਿੱਲੋਂ ਨੇ ਹਾਲ ਹੀ ਵਿੱਚ ਵੱਧ ਜਨਤਕ ਰੂਪ ਵਿੱਚ ਦਿਖਾਈ ਦੇਣਾ ਸ਼ੁਰੂ ਕੀਤਾ ਹੈ।

# ਅਕਾਲ ਤਖ਼ਤ ਜਥੇਦਾਰ ਨੇ 328 ਸਰੂਪਾਂ ਮਾਮਲੇ 'ਚ ਸਖ਼ਤ ਆਦੇਸ਼ ਜਾਰੀ ਕੀਤਾ

## ✪ ਜਾਂਚ ਪੂਰੀ ਹੋਣ ਤੱਕ ਬਿਆਨਬਾਜ਼ੀ, ਮੀਡੀਆ ਟ੍ਰਾਇਲ ਅਤੇ ਸਿਆਸਤ ਤੋਂ ਬਚਣ ਦੀ ਹਦਾਇਤ

ਅੰਮ੍ਰਿਤਸਰ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਖ਼ਤ ਆਦੇਸ਼ ਜਾਰੀ ਕੀਤਾ ਹੈ। ਉਨ੍ਹਾਂ ਸਬੰਧਤ ਸਾਰੀਆਂ ਧਿਰਾਂ ਨੂੰ ਹਦਾਇਤ ਕੀਤੀ ਹੈ ਕਿ ਜਾਂਚ ਪੂਰੀ ਨਹੀਂ ਹੋ ਜਾਂਦੀ ਤੱਕ ਇਸ ਮਾਮਲੇ 'ਤੇ ਕੋਈ ਬਿਆਨਬਾਜ਼ੀ, ਸਿਆਸਤ, ਦੋਸ਼-ਬਾਜ਼ੀ ਜਾਂ ਮੀਡੀਆ ਟ੍ਰਾਇਲ ਨਾ ਕੀਤਾ ਜਾਵੇ।

ਜਥੇਦਾਰ ਨੇ ਕਿਹਾ ਕਿ ਗੁਰੂ ਸਾਹਿਬ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ ਅਤੇ ਇਸ ਨਾਲ ਸਿੱਖ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪਹਿਲਾਂ ਵੀ ਅਕਾਲ ਤਖ਼ਤ ਵੱਲੋਂ ਹਦਾਇਤ ਸੀ ਕਿ ਇਸ ਮਾਮਲੇ ਵਿਚ ਕਾਹਲੀ ਜਾਂ ਬਿਆਨ ਨਾ ਕੀਤੇ ਜਾਣ, ਪਰ ਕੁਝ ਧਿਰਾਂ ਵੱਲੋਂ ਲਗਾਤਾਰ ਬਿਆਨਬਾਜ਼ੀ ਅਤੇ ਸੋਸ਼ਲ ਮੀਡੀਆ 'ਤੇ



ਟ੍ਰਾਇਲ ਚਲਾਇਆ ਜਾ ਰਿਹਾ ਹੈ, ਜੋ ਗੁਰੂ ਸਾਹਿਬ ਦੇ ਮਾਣ-ਸਤਿਕਾਰ ਨੂੰ ਠੇਸ ਪਹੁੰਚਾਉਂਦਾ ਹੈ ਅਤੇ ਸੰਗਤਾਂ ਵਿੱਚ ਦੁਵਿਧਾ ਪੈਦਾ ਕਰਦਾ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਜਾਂਚ ਮੁਕੰਮਲ ਹੋਣ ਤੱਕ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ), ਵਕੀਲਾਂ ਜਾਂ ਕਿਸੇ ਵੀ ਧਿਰ ਨੂੰ ਪ੍ਰੈੱਸ ਕਾਨਫਰੰਸ, ਤੱਥ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਮੀਡੀਆ ਨੂੰ ਲੀਕ ਕਰਨ ਦਾ ਅਧਿਕਾਰ ਨਹੀਂ। ਜਾਂਚ ਦੌਰਾਨ ਪੁਲਿਸ ਵੱਲੋਂ ਕਾਹਲੀ ਅਤੇ ਸਰਕਾਰ ਵੱਲੋਂ ਤੱਥ ਰਹਿਤ ਜਾਣਕਾਰੀ ਜਨਤਕ ਕਰਨ ਨਾਲ ਵੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

ਜਥੇਦਾਰ ਨੇ ਸੁਝਾਅ ਦਿੱਤਾ ਕਿ ਜਾਂਚ ਟੀਮ ਅੰਮ੍ਰਿਤਧਾਰੀ ਸਿੱਖਾਂ ਅਤੇ ਗੁਰਮਤਿ ਮਰਯਾਦਾ ਦੀ ਸਮਝ ਵਾਲੀ ਹੋਵੇ। ਉਨ੍ਹਾਂ ਸਖ਼ਤੀ ਨਾਲ ਕਿਹਾ ਕਿ ਸੰਜਮ ਰੱਖੋ, ਗੁਰੂ ਸਾਹਿਬ ਦੇ ਮਾਣ-ਸਤਿਕਾਰ ਅਤੇ ਮਰਯਾਦਾ ਨੂੰ ਪਹਿਲ ਦਿਓ। ਇਸ ਨਾਲ ਸਿੱਖ ਪੰਥ ਦੇ ਹਿਤਾਂ ਦੀ ਰਾਖੀ ਹੋ ਸਕੇਗੀ।

# ਸੰਸਦ ਦੇ ਬਜਟ ਸੈਸ਼ਨ ਵਿਚ ਨਹੀਂ ਜਾ ਸਕਣਗੇ ਅੰਮ੍ਰਿਤਪਾਲ ਸਿੰਘ; ਪੰਜਾਬ ਸਰਕਾਰ ਨੇ ਪੈਰੋਲ ਅਰਜ਼ੀ ਕੀਤੀ ਰੱਦ

## ✪ ਸੁਰੱਖਿਆ ਦਾ ਦਿੱਤਾ ਹਵਾਲਾ: ਡਿਬਰੂਗੜ੍ਹ ਜੇਲ੍ਹ ਵਿੱਚ ਹੀ ਰਹਿਣਗੇ ਖਡੂਰ ਸਾਹਿਬ ਦੇ ਸੰਸਦ ਮੈਂਬਰ



ਖਡੂਰ ਸਾਹਿਬ-ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਲਈ ਇੱਕ ਵੱਡਾ ਝਟਕਾ ਸਾਹਮਣੇ ਆਇਆ ਹੈ। ਪੰਜਾਬ ਸਰਕਾਰ ਨੇ ਸੰਸਦ ਦੇ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਅੰਮ੍ਰਿਤਪਾਲ ਸਿੰਘ ਵੱਲੋਂ ਦਿੱਤੀ ਗਈ ਅਸਥਾਈ ਪੈਰੋਲ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਸਰਕਾਰ ਨੇ ਇਸ ਮਾਮਲੇ 'ਤੇ ਵਿਚਾਰ ਕੀਤਾ ਅਤੇ ਅੰਤ ਵਿੱਚ ਰਿਹਾਈ ਤੋਂ ਇਨਕਾਰ ਕਰ ਦਿੱਤਾ। ਅੰਮ੍ਰਿਤਪਾਲ ਸਿੰਘ ਦੇ ਵਕੀਲ ਇਮਾਨ ਸਿੰਘ ਖਾਰਾ ਨੇ ਪੁਸ਼ਟੀ ਕੀਤੀ ਹੈ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਇਸ ਸਬੰਧੀ ਜਵਾਬ ਮਿਲ ਗਿਆ ਹੈ।

ਸਰਕਾਰੀ ਸੂਤਰਾਂ ਅਨੁਸਾਰ, ਅੰਮ੍ਰਿਤਪਾਲ ਸਿੰਘ ਦੀ ਪੈਰੋਲ ਅਰਜ਼ੀ ਰੱਦ ਕਰਨ ਪਿੱਛੇ ਮੁੱਖ ਕਾਰਨ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਦੱਸਿਆ ਗਿਆ ਹੈ। ਸਰਕਾਰ ਦਾ ਮੰਨਣਾ ਹੈ ਕਿ ਜੇਕਰ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ ਤੋਂ ਬਾਹਰ ਆਉਣ ਦਿੱਤਾ ਜਾਂਦਾ ਹੈ, ਤਾਂ ਸੂਬੇ ਦੀ ਸ਼ਾਂਤੀ ਅਤੇ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਯਾਦ ਰਹੇ ਕਿ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ 7 ਦਿਨਾਂ ਦੇ ਅੰਦਰ ਫੈਸਲਾ ਲੈਣ ਲਈ ਕਿਹਾ ਸੀ, ਜਿਸ ਤੋਂ ਬਾਅਦ ਸਰਕਾਰ ਨੇ ਸੁਰੱਖਿਆ ਕਾਰਨਾਂ ਕਰਕੇ ਇਹ ਪਟੀਸ਼ਨ ਖਾਰਜ ਕਰ ਦਿੱਤੀ। ਇਸ ਫੈਸਲੇ ਤੋਂ ਬਾਅਦ ਹੁਣ ਇਹ ਸਾਫ ਹੋ ਗਿਆ ਹੈ ਕਿ ਅੰਮ੍ਰਿਤਪਾਲ ਸਿੰਘ ਮੌਜੂਦਾ ਬਜਟ ਸੈਸ਼ਨ ਵਿੱਚ ਹਿੱਸਾ ਨਹੀਂ ਲੈ ਸਕਣਗੇ।

### ਅੰਮ੍ਰਿਤਪਾਲ ਸਿੰਘ ਵਲੋ ਹਾਈ ਕੋਰਟ ਵਿਚ ਮੁੜ ਪਟੀਸ਼ਨ ਦਾਇਰ ਕਰਨ ਦੀ ਤਿਆਰੀ

ਚੰਡੀਗੜ੍ਹ-ਜੇਲ੍ਹ 'ਚ ਬੰਦ ਖਡੂਰ ਸਾਹਿਬ ਦੇ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੀ ਬਜਟ ਇਜਲਾਸ 'ਚ ਸ਼ਾਮਿਲ ਹੋਣ ਲਈ ਅਸਥਾਈ ਰਿਹਾਈ ਦੀ ਅਰਜ਼ੀ ਨੂੰ ਪੰਜਾਬ ਸਰਕਾਰ ਨੇ ਰੱਦ ਕਰਨ ਬਾਅਦ ਵਾਰਿਸ ਪੰਜਾਬ ਦੇ ਐਡਵੋਕੇਟ ਹਰਜੋਤ ਸਿੰਘ ਮਾਨ ਨੇ ਦੱਸਿਆ ਕਿ ਸਰਕਾਰ ਦੇ ਰੱਦ ਕਰਨ ਨਾਲ ਪਟੀਸ਼ਨ ਖ਼ਤਮ ਨਹੀਂ ਹੁੰਦੀ। ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਹੁਣ ਹਾਈ ਕੋਰਟ 'ਚ ਨਵੀਂ ਪਟੀਸ਼ਨ ਦਾਇਰ ਕੀਤੀ ਜਾਵੇਗੀ, ਜੋ 13 ਫਰਵਰੀ ਤੋਂ ਬਾਅਦ ਦੇ ਬਜਟ ਸੈਸ਼ਨ (9 ਮਾਰਚ ਤੋਂ 2 ਅਪ੍ਰੈਲ) ਲਈ ਹੋਵੇਗੀ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਵਜੋਂ ਇਹ ਸੰਵਿਧਾਨਕ ਹੱਕ ਹੈ ਤੇ ਅਦਾਲਤ ਨਿਰਪੱਖ ਫੈਸਲਾ ਦੇਵੇਗੀ।

# ਲੋਕ ਸਭਾ 'ਚ ਹੰਗਾਮਾ: ਰਾਜਾ ਵੜਿੰਗ ਅਤੇ ਔਜਲਾ ਸਮੇਤ 8 ਸੰਸਦ ਮੈਂਬਰ ਮੁਅੱਤਲ

ਦਿੱਲੀ-ਬਜਟ ਇਜਲਾਸ ਦੌਰਾਨ ਲੋਕ ਸਭਾ ਵਿੱਚ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਟਕਰਾਅ ਵਧ ਗਿਆ ਹੈ। ਸਦਨ ਦੀ ਮਰਿਆਦਾ ਦੀ ਉਲੰਘਣਾ ਕਰਨ ਅਤੇ ਚੇਅਰ ਵੱਲ ਕਾਗਜ਼ ਪਾੜ ਕੇ ਸੁੱਟਣ ਦੇ ਦੋਸ਼ ਹੇਠ ਕਾਂਗਰਸ ਦੇ 7 ਅਤੇ ਸੀ.ਪੀ.ਆਈ.(ਐਮ) ਦੇ 1 ਮੈਂਬਰ ਨੂੰ ਪੂਰੇ ਬਜਟ ਇਜਲਾਸ (2 ਅਪਰੈਲ ਤੱਕ) ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਮੁਅੱਤਲ ਕੀਤੇ ਗਏ ਮੈਂਬਰਾਂ ਵਿੱਚ ਪੰਜਾਬ ਦੇ ਪ੍ਰਮੁੱਖ ਆਗੂ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਗੁਰਜੀਤ ਸਿੰਘ ਔਜਲਾ ਵੀ ਸ਼ਾਮਲ ਹਨ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਵੱਲੋਂ ਪੇਸ਼ ਕੀਤਾ ਗਿਆ ਮੁਅੱਤਲੀ ਦਾ ਮਤਾ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤਾ ਗਿਆ। ਇਸ ਮੁਅੱਤਲੀ ਦੇ ਵਿਰੋਧ ਵਿੱਚ ਰਾਹੁਲ



ਗਾਂਧੀ ਅਤੇ ਪ੍ਰਿਯੰਕਾ ਗਾਂਧੀ ਦੀ ਅਗਵਾਈ ਹੇਠ ਕਾਂਗਰਸੀ ਸੰਸਦ ਮੈਂਬਰਾਂ ਨੇ ਸੰਸਦ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ। ਟਕਰਾਅ ਦਾ ਮੁੱਖ ਕਾਰਨ ਰਾਹੁਲ ਗਾਂਧੀ ਨੂੰ ਸਾਬਕਾ ਥਲ ਸੈਨਾ ਮੁਖੀ ਐੱਮ.ਐੱਮ. ਨਰਵਣੇ ਦੀ ਅਣਪ੍ਰਕਾਸ਼ਿਤ ਕਿਤਾਬ ਅਤੇ ਭਾਰਤ-ਚੀਨ ਸਰਹੱਦੀ ਵਿਵਾਦ ਬਾਰੇ ਬੋਲਣ ਤੋਂ ਰੋਕਣਾ ਦੱਸਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਪਾਰਕ ਸਮਝੌਤਿਆਂ ਅਤੇ ਵਾਰਾਣਸੀ ਦੇ ਮੁੱਦਿਆਂ 'ਤੇ ਵੀ ਸਦਨ ਵਿੱਚ ਭਾਰੀ ਹੰਗਾਮਾ ਹੋਇਆ, ਜਿਸ ਕਾਰਨ ਸਦਨ ਦੀ ਕਾਰਵਾਈ ਵਾਰ-ਵਾਰ ਰੋਕਣੀ ਪਈ।

# 10 ਸਾਲਾਂ ਵਿੱਚ ਦੇਸ਼ ਭਰ ਦੇ 93,000 ਤੋਂ ਵੱਧ ਸਕੂਲਾਂ ਨੂੰ ਲੱਗੇ ਤਾਲੇ

## ✪ ਪੰਜਾਬ ਦੀ ਸਿਖਿਆ ਪ੍ਰਣਾਲੀ ਨਿਘਾਰ ਵਲ, ਸੂਬੇ ਦੇ 1395 ਸਕੂਲ ਹੋਏ ਬੰਦ, ਪੇਂਡੂ ਸਿੱਖਿਆ ਢਾਂਚੇ ਨੂੰ ਲੱਗੀ ਢਾਹ



ਖਾਸ ਖਬਰ-ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ ਲੈ ਕੇ ਇੱਕ ਬਹੁਤ ਹੀ ਪਰੇਸ਼ਾਨ ਕਰਨ ਵਾਲੀ ਰਿਪੋਰਟ ਸਾਹਮਣੇ ਆਈ ਹੈ। ਸੰਸਦ ਵਿੱਚ ਪੇਸ਼ ਕੀਤੇ ਗਏ ਤਾਜ਼ਾ ਅੰਕੜਿਆਂ ਮੁਤਾਬਕ, ਪਿਛਲੇ ਇੱਕ ਦਹਾਕੇ (10 ਸਾਲਾਂ) ਵਿੱਚ ਦੇਸ਼ ਭਰ ਵਿੱਚ 93,000 ਤੋਂ ਵੱਧ ਸਕੂਲ ਬੰਦ ਹੋ ਚੁੱਕੇ ਹਨ। ਕੇਂਦਰੀ ਸਿੱਖਿਆ ਰਾਜ ਮੰਤਰੀ ਜਯੰਤ ਚੌਧਰੀ ਵੱਲੋਂ ਲੋਕ ਸਭਾ ਵਿੱਚ ਦਿੱਤੀ ਜਾਣਕਾਰੀ ਅਨੁਸਾਰ, ਸਕੂਲ ਬੰਦ ਹੋਣ ਦਾ ਸਭ ਤੋਂ ਵੱਡਾ ਦੌਰ 2014 ਤੋਂ 2020 ਦੇ ਵਿਚਕਾਰ ਦੇਖਿਆ ਗਿਆ, ਜਿਸ ਦੌਰਾਨ ਲਗਭਗ 70,000 ਸਕੂਲ ਬੰਦ ਹੋਏ। ਇਸ ਤੋਂ ਬਾਅਦ ਕੋਰੋਨਾ ਕਾਲ ਅਤੇ ਮੌਜੂਦਾ ਸਾਲਾਂ ਵਿੱਚ ਵੀ ਇਹ ਸਿਲਸਿਲਾ ਰੁਕਿਆ ਨਹੀਂ ਹੈ।

ਉੱਤਰ ਪ੍ਰਦੇਸ਼ 24,600 ਸਕੂਲ ਬੰਦ ਹੋਣ ਨਾਲ ਇਸ ਸੂਚੀ ਵਿੱਚ ਸਭ ਤੋਂ ਉੱਪਰ ਹੈ, ਜਦਕਿ ਮੱਧ ਪ੍ਰਦੇਸ਼ ਵਿੱਚ 22,400 ਸਕੂਲ ਬੰਦ ਹੋਏ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਅੰਕੜਾ ਦੇਸ਼ ਦੇ ਭਵਿੱਖ ਲਈ ਵੱਡਾ ਖ਼ਤਰਾ ਹੈ, ਕਿਉਂਕਿ ਸਕੂਲਾਂ ਦੀ ਘਟਦੀ ਗਿਣਤੀ ਸਿੱਧੇ ਤੌਰ 'ਤੇ ਗਰੀਬ ਅਤੇ ਪੇਂਡੂ ਬੱਚਿਆਂ ਦੇ ਪੜ੍ਹਨ ਦੇ ਅਧਿਕਾਰ ਨੂੰ ਪ੍ਰਭਾਵਿਤ ਕਰ ਰਹੀ ਹੈ।

ਸਕੂਲ ਬੰਦ ਹੋਣ ਦੀ ਇਸ ਲਹਿਰ ਨੇ ਪੰਜਾਬ ਨੂੰ ਵੀ ਆਪਣੀ ਲਪੇਟ ਵਿੱਚ ਲਿਆ ਹੈ। ਸਰਕਾਰੀ ਅੰਕੜਿਆਂ ਮੁਤਾਬਕ, ਪਿਛਲੇ ਸਾਲਾਂ ਦੌਰਾਨ ਪੰਜਾਬ ਦੇ 1,395 ਸਕੂਲ ਬੰਦ ਹੋ ਗਏ ਹਨ। ਇਹ ਸਥਿਤੀ ਸੂਬੇ ਦੇ ਸਿੱਖਿਆ ਢਾਂਚੇ 'ਤੇ ਕਈ ਸਵਾਲ ਖੜ੍ਹੇ ਕਰਦੀ ਹੈ। ਸਕੂਲ ਬੰਦ ਹੋਣ ਕਾਰਨ ਪਿੰਡਾਂ ਦੇ ਬੱਚਿਆਂ ਨੂੰ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਜਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਸਿੱਖਿਆ ਮਾਹਿਰਾਂ ਨੇ ਇਸ ਨੂੰ 'ਸਿੱਖਿਆ ਵਿਰੋਧੀ ਕਦਮ' ਦੱਸਦਿਆਂ ਚਿੰਤਾ ਪ੍ਰਗਟਾਈ ਹੈ ਕਿ ਜੇਕਰ ਸਰਕਾਰਾਂ ਨੇ ਇਸ ਰੁਝਾਨ ਨੂੰ ਨਾ ਰੋਕਿਆ, ਤਾਂ ਆਉਣ ਵਾਲੇ ਸਮੇਂ ਵਿੱਚ ਸਾਖਰਤਾ ਦਰ ਅਤੇ ਬੱਚਿਆਂ ਦੇ ਭਵਿੱਖ 'ਤੇ ਇਸ ਦਾ ਗੰਭੀਰ ਅਸਰ ਪਵੇਗਾ। ਸੰਸਦ ਵਿੱਚ ਪੇਸ਼ ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਸਰਕਾਰ ਨੂੰ ਸਿੱਖਿਆ ਨੀਤੀਆਂ 'ਤੇ ਮੁੜ ਵਿਚਾਰ ਕਰਨ ਅਤੇ ਬੰਦ ਹੋ ਰਹੇ ਸਕੂਲਾਂ ਨੂੰ ਬਚਾਉਣ ਲਈ ਠੋਸ ਕਦਮ ਚੁੱਕਣ ਦੀ ਤੁਰੰਤ ਲੋੜ ਹੈ।

# ਅਮਰੀਕਾ-ਭਾਰਤ ਵਪਾਰ ਸੌਦਾ: ਅਮਰੀਕਾ ਵਲੋਂ ਭਾਰਤ ਦੇ ਟੈਰਿਫ ਘਟਾਏ ਗਏ

## ✪ ਅਮਰੀਕਾ ਦਾ ਦਾਅਵਾ ਰੂਸੀ ਤੇਲ ਬੰਦ, ਵੈਨੇਜ਼ੁਏਲਾ ਤੋਂ ਖਰੀਦ ਵਧੇਗੀ ✪ ਭਾਰਤੀ ਕਿਸਾਨਾਂ ਉਪਰ ਡੂੰਘਾ ਪ੍ਰਭਾਵ ਪਵੇਗਾ




ਨਵੀਂ ਦਿੱਲੀ-ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਭਾਰਤ ਨਾਲ ਇੱਕ ਵੱਡੇ ਵਪਾਰ ਸਮਝੌਤੇ ਦਾ ਐਲਾਨ ਕੀਤਾ ਹੈ, ਜਿਸ ਨਾਲ ਭਾਰਤੀ ਵਸਤੂਆਂ 'ਤੇ ਲੱਗੇ ਟੈਰਿਫ ਨੂੰ 50 ਫੀਸਦੀ ਤੋਂ ਘਟਾ ਕੇ 18 ਫੀਸਦੀ ਕਰ ਦਿੱਤਾ ਗਿਆ ਹੈ। ਇਹ ਐਲਾਨ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਕੀਤਾ, ਜਿੱਥੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਗੱਲਬਾਤ ਦਾ ਜ਼ਿਕਰ ਵੀ ਕੀਤਾ। ਇਸ ਸੌਦੇ ਅਨੁਸਾਰ, ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰੇਗਾ ਅਤੇ ਅਮਰੀਕਾ ਤੇ ਵੈਨੇਜ਼ੁਏਲਾ ਤੋਂ ਵੱਧ ਤੇਲ ਖਰੀਦੇਗਾ। ਇਸ ਨਾਲ ਭਾਰਤ ਨੂੰ ਵਪਾਰ ਵਿੱਚ ਰਾਹਤ ਮਿਲੇਗੀ।

ਇਹ ਸਮਝੌਤਾ ਫਰਵਰੀ 2025 ਤੋਂ ਚੱਲ ਰਹੀਆਂ ਗੱਲਬਾਤਾਂ ਦਾ ਨਤੀਜਾ ਹੈ। ਟਰੰਪ ਨੇ ਆਪਣੀ ਪੋਸਟ ਵਿੱਚ ਕਿਹਾ ਕਿ ਭਾਰਤ ਅਮਰੀਕੀ ਊਰਜਾ, ਤਕਨੀਕੀ, ਖੇਤੀਬਾੜੀ ਅਤੇ ਹੋਰ ਉਤਪਾਦਾਂ ਨੂੰ 500 ਅਰਬ ਡਾਲਰ ਤੱਕ ਖਰੀਦੇਗਾ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਭਾਰਤ ਅਮਰੀਕੀ ਵਸਤੂਆਂ 'ਤੇ ਟੈਰਿਫ ਅਤੇ ਗੈਰ-ਟੈਰਿਫ ਰੁਕਾਵਟਾਂ ਨੂੰ ਜ਼ੀਰੋ ਕਰੇਗਾ, ਜਿਸ ਨਾਲ ਅਮਰੀਕੀ ਕਿਸਾਨਾਂ ਅਤੇ ਉਦਯੋਗਾਂ ਨੂੰ ਵੱਡਾ ਫਾਇਦਾ ਹੋਵੇਗਾ। ਟਰੰਪ ਨੇ ਖੁਲਾਸਾ ਕੀਤਾ ਕਿ ਭਾਰਤ ਹੁਣ ਵੈਨੇਜ਼ੁਏਲਾ ਤੋਂ ਤੇਲ ਖਰੀਦੇਗਾ, ਜਿੱਥੇ ਅਮਰੀਕਾ ਨੇ ਨਵੀਂ ਨੀਤੀ ਅਪਣਾਈ ਹੈ। ਵੈਨੇਜ਼ੁਏਲਾ ਕੋਲ ਦੁਨੀਆ ਦੇ ਸਭ ਤੋਂ ਵੱਡੇ ਤੇਲ ਭੰਡਾਰ ਹਨ, ਅਤੇ ਟਰੰਪ ਨੇ ਕਿਹਾ ਕਿ ਇਹ ਸੌਦਾ ਯੂਕਰੇਨ ਯੁੱਧ ਨੂੰ ਖਤਮ ਕਰਨ ਵਿੱਚ ਮਦਦ ਕਰੇਗਾ, ਕਿਉਂਕਿ ਰੂਸੀ ਤੇਲ ਦੀ ਵਿਕਰੀ ਘੱਟੇਗੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸ ਨੂੰ ਐਕਸ 'ਤੇ ਸਵਾਗਤ ਕੀਤਾ ਹੈ। ਉਨ੍ਹਾਂ ਨੇ ਲਿਖਿਆ, "ਮੇਡ ਇਨ ਇੰਡੀਆ ਉਤਪਾਦਾਂ 'ਤੇ ਟੈਰਿਫ ਘਟ ਕੇ 18 ਫੀਸਦੀ ਹੋਣਾ ਖੁਸ਼ੀ ਦੀ ਗੱਲ ਹੈ। ਟਰੰਪ ਜੀ ਦਾ ਧੰਨਵਾਦ ਕਰਦੇ ਹਾਂ ਕਿ ਦੋ ਵੱਡੇ ਲੋਕਤੰਤਰਾਂ ਦਾ ਮਿਲ ਕੇ ਕੰਮ ਕਰਨਾ ਲੋਕਾਂ ਲਈ ਫਾਇਦੇਮੰਦ ਹੈ।" ਹਾਲਾਂਕਿ, ਮੋਦੀ ਨੇ ਰੂਸੀ ਤੇਲ ਬੰਦ ਕਰਨ ਜਾਂ ਅਮਰੀਕੀ ਵਸਤੂਆਂ 'ਤੇ ਟੈਰਿਫ ਜ਼ੀਰੋ ਕਰਨ ਬਾਰੇ ਕੁਝ ਨਹੀਂ ਕਿਹਾ, ਜਿਸ ਨਾਲ ਵਿਸ਼ਲੇਸ਼ਕਾਂ ਵਿੱਚ ਚਰਚਾ ਛਿੜ ਗਈ ਹੈ।

ਟਰੰਪ ਨੇ ਆਪਣੀ ਪੋਸਟ ਵਿੱਚ ਕਿਹਾ ਸੀ ਕਿ ਟੈਰਿਫ 25 ਫੀਸਦੀ ਤੋਂ ਘਟਾ ਕੇ 18 ਫੀਸਦੀ ਕੀਤਾ ਜਾ ਰਿਹਾ ਹੈ, ਪਰ ਅਸਲ ਵਿੱਚ ਭਾਰਤ 'ਤੇ ਕੁੱਲ 50 ਫੀਸਦੀ ਟੈਰਿਫ ਲੱਗ ਰਿਹਾ ਸੀ - 25 ਫੀਸਦੀ ਰੈਸੀਪ੍ਰੋਕਲ ਅਤੇ 25 ਫੀਸਦੀ ਰੂਸੀ ਤੇਲ ਖਰੀਦਣ ਦੀ ਪੈਨਲਟੀ ਵਜੋਂ। ਵ੍ਹਾਈਟ ਹਾਊਸ ਨੇ ਇਸ ਨੂੰ ਕਲੀਅਰ ਕੀਤਾ ਹੈ ਕਿ ਪੈਨਲਟੀ ਪੂਰੀ ਤਰ੍ਹਾਂ ਖਤਮ ਕਰ ਦਿੱਤੀ ਗਈ ਹੈ ਅਤੇ ਰੈਸੀਪ੍ਰੋਕਲ ਟੈਰਿਫ ਨੂੰ 18 ਫੀਸਦੀ ਕਰ ਦਿੱਤਾ ਗਿਆ ਹੈ। ਇਸ ਨਾਲ ਅਸਲ ਵਿੱਚ 32 ਫੀਸਦੀ ਦੀ ਕਟੌਤੀ ਹੋਈ ਹੈ। ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਵੀ ਪੁਸ਼ਟੀ ਕੀਤੀ ਕਿ ਹੁਣ ਟੈਰਿਫ ਸਿਰਫ਼ 18 ਫੀਸਦੀ ਰਹਿ ਜਾਵੇਗਾ।

ਭਾਰਤ ਨੇ ਪਿਛਲੇ ਸਾਲਾਂ ਵਿੱਚ ਰੂਸੀ ਤੇਲ ਨੂੰ ਵੱਧ ਖਰੀਦਿਆ ਸੀ, ਜੋ ਸਸਤਾ ਸੀ। ਅਪ੍ਰੈਲ-ਅਕਤੂਬਰ 2025 ਵਿੱਚ ਰੂਸੀ ਤੇਲ ਭਾਰਤੀ ਆਯਾਤ ਦਾ 32 ਫੀਸਦੀ ਸੀ, ਜਦਕਿ ਅਮਰੀਕੀ ਹਿੱਸਾ 7.5 ਫੀਸਦੀ ਵਧ ਗਿਆ ਸੀ। ਵਿਸ਼ਲੇਸ਼ਕਾਂ ਅਨੁਸਾਰ, ਵੈਨੇਜ਼ੁਏਲਾ ਦਾ ਤੇਲ ਵੀ ਸਸਤਾ ਹੋ ਸਕਦਾ ਹੈ, ਜੋ ਭਾਰਤੀ ਰਿਫਾਇਨਰੀਆਂ ਲਈ ਢੁਕਵਾਂ ਹੈ। ਜੇਕਰ ਭਾਰਤ ਵੈਨੇਜ਼ੁਏਲਾ ਤੋਂ ਵੱਡੀ ਮਾਤਰਾ ਵਿੱਚ ਤੇਲ ਖਰੀਦਦਾ ਹੈ ਤਾਂ ਆਯਾਤ ਦੀ ਔਸਤ ਕੀਮਤ ਘੱਟ ਸਕਦੀ ਹੈ, ਜਿਸ ਨਾਲ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿੱਚ ਕਟੌਤੀ ਹੋ ਸਕਦੀ ਹੈ। ਪਰ ਇਹ ਵੈਨੇਜ਼ੁਏਲਾ ਦੇ ਬੁਨਿਆਦੀ ਢਾਂਚੇ 'ਤੇ ਨਿਰਭਰ ਕਰੇਗਾ, ਜਿੱਥੇ ਤੇਲ ਉਤਪਾਦਨ ਘੱਟ ਹੈ। ਕੁਝ ਮਾਹਿਰਾਂ ਨੇ ਕਿਹਾ ਕਿ ਰੂਸੀ ਤੇਲ ਛੱਡਣ ਨਾਲ ਸ਼ੁਰੂ ਵਿੱਚ ਕੀਮਤਾਂ ਵਧ ਸਕਦੀਆਂ ਹਨ, ਪਰ ਲੰਮੇ ਸਮੇਂ ਵਿੱਚ ਊਰਜਾ ਵਿਭਿੰਨਤਾ ਫਾਇਦੇਮੰਦ ਹੋਵੇਗੀ।

ਇਹ ਸੌਦਾ ਟਰੰਪ ਦੀ 'ਅਮਰੀਕਾ ਫਰਸਟ' ਨੀਤੀ ਦੀ ਜਿੱਤ ਮੰਨਿਆ ਜਾ ਰਿਹਾ ਹੈ। ਟਰੰਪ ਨੇ ਭਾਰਤ ਨਾਲ ਵਪਾਰ ਘਾਟੇ ਨੂੰ ਵੱਡਾ ਮੁੱਦਾ ਬਣਾਇਆ ਸੀ। ਅਪ੍ਰੈਲ 2025 ਵਿੱਚ ਉਨ੍ਹਾਂ ਨੇ 25 ਫੀਸਦੀ ਟੈਰਿਫ ਲਗਾਇਆ ਅਤੇ ਅਗਸਤ ਵਿੱਚ ਰੂਸੀ ਤੇਲ ਲਈ ਵਾਧੂ 25 ਫੀਸਦੀ ਜੋੜ ਕੇ 50 ਫੀਸਦੀ ਕਰ ਦਿੱਤਾ। ਇਸ ਨਾਲ ਭਾਰਤੀ ਨਿਰਯਾਤ ਘਟ ਗਿਆ, ਖਾਸ ਕਰ ਕੱਪੜੇ, ਜੁੱਤੇ ਅਤੇ ਖੇਡ ਸਾਮਗਰੀ ਵਿੱਚ। ਅਗਸਤ 2025 ਵਿੱਚ ਅਮਰੀਕਾ ਨੂੰ ਨਿਰਯਾਤ 6.86 ਅਰਬ ਡਾਲਰ ਸੀ, ਜੋ ਅਕਤੂਬਰ ਵਿੱਚ ਘਟ ਕੇ 6.30 ਅਰਬ ਡਾਲਰ ਰਹਿ ਗਿਆ। ਟਰੰਪ ਨੇ ਟੈਰਿਫ ਅਤੇ ਰਣਨੀਤਕ ਦਬਾਅ ਰਾਹੀਂ ਭਾਰਤ ਨੂੰ ਅਮਰੀਕੀ ਤੇਲ ਵੱਲ ਮੋੜਿਆ ਹੈ।

ਭਾਰਤ ਨੂੰ ਇਸ ਸੌਦੇ ਨਾਲ ਵੱਡਾ ਫਾਇਦਾ ਹੋਵੇਗਾ। ਟੈਰਿਫ ਘਟਣ ਨਾਲ ਨਿਰਯਾਤ ਵਧੇਗਾ, ਖਾਸ ਕਰ ਟੈਕਸਟਾਈਲ, ਜਵੈਲਰੀ ਅਤੇ ਇਲੈਕਟ੍ਰਾਨਿਕਸ ਵਿੱਚ। ਊਰਜਾ ਵਿਭਿੰਨਤਾ ਨਾਲ ਰਿਸਕ ਘੱਟੇਗਾ ਅਤੇ ਅਮਰੀਕੀ ਤਕਨੀਕੀ ਨਿਵੇਸ਼ ਵਧੇਗਾ। ਵਪਾਰ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ ਇਹ ਕਿਸਾਨਾਂ, ਐੱਮਐੱਸਐੱਮਈ ਅਤੇ ਨੌਜਵਾਨਾਂ ਲਈ ਮੌਕੇ ਖੋਲ੍ਹੇਗਾ। ਪਰ ਨੁਕਸਾਨ ਵੀ ਹਨ - ਰੂਸੀ ਤੇਲ ਛੱਡਣ ਨਾਲ ਊਰਜਾ ਕੀਮਤਾਂ ਵਧ ਸਕਦੀਆਂ ਹਨ, ਅਤੇ ਰੂਸ ਨਾਲ ਦੂਰੀ ਭਾਰਤ ਦੀ ਬਹੁਪੱਖੀ ਵਿਦੇਸ਼ ਨੀਤੀ ਨੂੰ ਕਮਜ਼ੋਰ ਕਰ ਸਕਦੀ ਹੈ। ਅਮਰੀਕੀ ਵਸਤੂਆਂ 'ਤੇ ਟੈਰਿਫ ਜ਼ੀਰੋ ਕਰਨ ਨਾਲ ਘਰੇਲੂ ਉਦਯੋਗ ਪ੍ਰਭਾਵਿਤ ਹੋਣਗੇ। ਵਿਰੋਧੀ ਪਾਰਟੀ ਕਾਂਗਰਸ ਨੇ ਇਸ ਨੂੰ ਟਰੰਪ ਦੇ ਦਬਾਅ ਨਾਲ ਹੋਇਆ ਸਮਝੌਤਾ ਦੱਸਿਆ ਅਤੇ ਖੇਤੀਬਾੜੀ ਖੇਤਰ ਖੋਲ੍ਹਣ 'ਤੇ ਸਵਾਲ ਉਠਾਏ ਹਨ ਕਿ ਇਹ ਸੌਦਾ ਖੇਤੀਬਾੜੀ 'ਤੇ ਵੀ ਅਸਰ ਪਾਵੇਗਾ।

ਟਰੰਪ ਨੇ ਕਿਹਾ ਕਿ ਭਾਰਤ ਅਮਰੀਕੀ ਖੇਤੀ ਉਤਪਾਦਾਂ ਨੂੰ ਵੱਧ ਖਰੀਦੇਗਾ, ਜਿਸ ਵਿੱਚ ਸੋਇਆਬੀਨ, ਡੇਅਰੀ ਅਤੇ ਪੋਲਟਰੀ ਸ਼ਾਮਲ ਹਨ। ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਟੈਰਿਫ ਜ਼ੀਰੋ ਹੋ ਗਏ ਤਾਂ ਅਮਰੀਕੀ ਉਤਪਾਦ ਸਸਤੇ ਹੋ ਕੇ ਭਾਰਤੀ ਬਾਜ਼ਾਰ ਵਿੱਚ ਆਉਣਗੇ, ਜੋ ਘਰੇਲੂ ਕਿਸਾਨਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਪੰਜਾਬ ਵਿੱਚ ਡੇਅਰੀ ਅਤੇ ਖੇਤੀ ਮੁੱਖ ਰੁਜ਼ਗਾਰ ਹਨ। ਅਮਰੀਕੀ ਡੇਅਰੀ ਨਾਲ ਮੁਕਾਬਲਾ ਵਧੇਗਾ, ਜਿਸ ਨਾਲ ਕੀਮਤਾਂ ਘਟ ਸਕਦੀਆਂ ਹਨ ਅਤੇ ਕਿਸਾਨਾਂ ਦੀ ਆਮਦਨ ਘਟੇਗੀ। ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬੀ ਕਿਸਾਨ ਪਹਿਲਾਂ ਹੀ ਐੱਮਐੱਸਪੀ ਅਤੇ ਖੇਤੀ ਕਾਨੂੰਨਾਂ ਨਾਲ ਜੂਝ ਰਹੇ ਹਨ। ਜੇਕਰ ਅਮਰੀਕੀ ਅਨਾਜ ਜਾਂ ਸੋਇਆਬੀਨ ਵੱਧ ਆਏਗੀ ਤਾਂ ਝਾੜ ਅਤੇ ਵਿਕਰੀ ਪ੍ਰਭਾਵਿਤ ਹੋਵੇਗੀ। ਪਰ ਜੇਕਰ ਭਾਰਤ ਅਮਰੀਕਾ ਨੂੰ ਕਪਾਹ ਅਤੇ ਹੋਰ ਖੇਤੀ ਉਤਪਾਦ ਨਿਰਯਾਤ ਕਰੇ ਤਾਂ ਫਾਇਦਾ ਵੀ ਹੋ ਸਕਦਾ ਹੈ।

ਅਮਰੀਕੀ ਟੈਰਿਫ ਵਿੱਚ ਕਮੀ ਭਾਰਤੀ ਨਿਰਯਾਤਕਾਂ ਲਈ ਵੱਡੀ ਰਾਹਤ ਹੈ। ਕੱਪੜਾ, ਸਮੁੰਦਰੀ ਭੋਜਨ, ਰਸਾਇਣ ਅਤੇ ਗਹਿਣੇ ਵਰਗੇ ਖੇਤਰਾਂ ਨੂੰ ਲਾਭ ਹੋਵੇਗਾ। ਹਾਲਾਂਕਿ, ਕਈ ਦੇਸ਼ ਭਾਰਤ ਨਾਲੋਂ ਘੱਟ ਟੈਰਿਫ ਵਾਲੇ ਹਨ। ਯੂਨਾਈਟਿਡ ਕਿੰਗਡਮ 'ਤੇ ਸਿਰਫ਼ 10 ਫੀਸਦੀ ਟੈਰਿਫ ਹੈ, ਜਦਕਿ ਅਫਗਾਨਿਸਤਾਨ, ਅੰਗੋਲਾ, ਨਿਊਜ਼ੀਲੈਂਡ ਵਰਗੇ ਦੇਸ਼ਾਂ 'ਤੇ 15 ਫੀਸਦੀ। ਯੂਰਪੀਅਨ ਯੂਨੀਅਨ, ਜਾਪਾਨ ਅਤੇ ਸਵਿਟਜ਼ਰਲੈਂਡ ਵੀ 15 ਫੀਸਦੀ 'ਤੇ ਹਨ। ਇਸ ਦੇ ਉਲਟ, ਬ੍ਰਾਜ਼ੀਲ 'ਤੇ 50 ਫੀਸਦੀ, ਸੀਰੀਆ 'ਤੇ 41 ਫੀਸਦੀ, ਅਤੇ ਚੀਨ, ਕੈਨੇਡਾ 'ਤੇ 35 ਫੀਸਦੀ ਟੈਰਿਫ ਹੈ। ਬੰਗਲਾਦੇਸ਼ ਅਤੇ ਪਾਕਿਸਤਾਨ 'ਤੇ 20 ਅਤੇ 19 ਫੀਸਦੀ ਹੈ। ਇਸ ਨਾਲ ਭਾਰਤ ਨੂੰ ਏਸ਼ੀਆਈ ਵਿਰੋਧੀਆਂ ਉੱਤੇ ਫਾਇਦਾ ਮਿਲੇਗਾ।

ਬਲੂਮਬਰਗ ਦੀ ਰਿਪੋਰਟ ਅਨੁਸਾਰ, ਇਹ ਸੌਦਾ ਭਾਰਤ ਦੀ ਅਰਥਵਿਵਸਥਾ ਲਈ ਰਾਹਤ ਹੈ। ਰੁਪਏ ਵਿੱਚ ਵੱਡਾ ਵਾਧਾ ਹੋਇਆ ਹੈ ਅਤੇ ਸਟਾਕ ਮਾਰਕੀਟ ਵਧੀ। ਵਿਸ਼ਲੇਸ਼ਕ ਕੇਨੇਥ ਜਸਟਰ ਨੇ ਕਿਹਾ ਕਿ ਇਹ ਸਬੰਧਾਂ ਲਈ ਵਧੀਆ ਹੈ ਅਤੇ ਟੈਰਿਫ ਹੋਰ ਘੱਟ ਹੋ ਸਕਦੇ ਹਨ। ਪਰ ਕੁਝ ਮਾਹਿਰਾਂ ਨੇ ਚੇਤਾਵਨੀ ਦਿੱਤੀ ਕਿ ਵੇਰਵੇ ਅਜੇ ਅਸਪੱਸ਼ਟ ਹਨ ਅਤੇ ਟਰੰਪ ਦੀ ਨੀਤੀ ਅਨਿਸ਼ਚਿਤ ਹੈ। ਇਹ ਸੌਦਾ ਰੱਖਿਆ ਅਤੇ ਤਕਨੀਕੀ ਖੇਤਰ ਵਿੱਚ ਵੀ ਨਜ਼ਦੀਕੀ ਵਧਾਏਗਾ।

## ਸਰੀ ਵਿਚ ਗੋਲੀਬਾਰੀ ਮਾਮਲੇ 'ਚ ਤਿੰਨ ਭਾਰਤੀ ਨੌਜਵਾਨ ਗ੍ਰਿਫ਼ਤਾਰ



ਸਰੀ-ਬੀਤੇ ਦਿਨੀਂ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਸਥਿਤ ਸਰੀ ਸ਼ਹਿਰ ਵਿਚ ਇੱਕ ਘਰ ਦੇ ਬਾਹਰ ਗੋਲੀਬਾਰੀ ਦੇ ਮਾਮਲੇ ਵਿਚ ਤਿੰਨ ਭਾਰਤੀ ਨੌਜਵਾਨਾਂ ਹਰਜੋਤ ਸਿੰਘ (21 ਸਾਲ), ਤਰਨਵੀਰ ਸਿੰਘ (19 ਸਾਲ) ਅਤੇ ਦਯਾਜੀਤ ਸਿੰਘ ਬਿਲਿੰਗ (21 ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਸਰੀ ਪੁਲਿਸ ਸਰਵਿਸ ਨੇ ਇਨ੍ਹਾਂ ਤਿੰਨਾਂ ਦੀਆਂ ਤਸਵੀਰਾਂ ਜਾਰੀ ਕਰਦਿਆਂ ਲੋਕਾਂ ਤੋਂ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਘਟਨਾ ਨਾਲ ਜੁੜੀ ਕੋਈ ਜਾਣਕਾਰੀ, ਸੀਸੀਟੀਵੀ ਜਾਂ ਡੈਸ਼ਕੈਮ ਫੁਟੇਜ ਹੈ ਤਾਂ ਜਾਂਚ ਵਿੱਚ ਮਦਦ ਲਈ ਅੱਗੇ ਆਉਣ। ਇਹ ਘਟਨਾ ਐਕਸਟਾਰਸ਼ਨ (ਜ਼ਬਰਦਸਤੀ ਪੈਸੇ ਮੰਗਣ) ਨਾਲ ਜੁੜੀ ਹੋਣ ਦਾ ਸ਼ੱਕ ਹੈ, ਜੋ ਪਿਛਲੇ ਕੁਝ ਮਹੀਨਿਆਂ ਤੋਂ ਸਰੀ 'ਚ ਵਧ ਰਹੀ ਹੈ। ਪੁਲਿਸ ਦੀ ਐਂਟੀ-ਐਕਸਟਾਰਸ਼ਨ ਪੇਟਰੋਲਿੰਗ ਟੀਮ (ਪ੍ਰੋਜੈਕਟ ਅਸ਼ੋਰੈਂਸ) ਨੇ ਤੁਰੰਤ ਇਲਾਕੇ ਨੂੰ ਘੇਰ ਲਿਆ ਅਤੇ ਮੁਲਜ਼ਮਾਂ ਨੂੰ 28 ਐਵੇਨਿਊ ਅਤੇ 140 ਸਟ੍ਰੀਟ ਨੇੜੇ ਰਾਈਡਸ਼ੇਅਰ ਗੱਡੀ 'ਚ ਸਵਾਰ ਹੁੰਦੇ ਸਮੇਂ ਗ੍ਰਿਫ਼ਤਾਰ ਕਰ ਲਿਆ। ਤਿੰਨਾਂ 'ਤੇ ਕੈਨੇਡੀਅਨ ਕ੍ਰਿਮੀਨਲ ਕੋਡ ਦੀ ਧਾਰਾ 244.2(1)(ਓ) ਅਧੀਨ ਇੱਕ-ਇੱਕ ਕਾਊਂਟ 'ਚ ਘਰ ਵਿੱਚ ਗੋਲੀਆਂ ਚਲਾਉਣ ਦਾ ਦੋਸ਼ ਲੱਗਿਆ ਹੈ। ਅਦਾਲਤ ਨੇ ਉਨ੍ਹਾਂ ਨੂੰ 5 ਫਰਵਰੀ ਤੱਕ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ। ਸਾਰੇ ਤਿੰਨ ਵਿਦੇਸ਼ੀ ਨਾਗਰਿਕ ਹਨ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਸੂਚਿਤ ਕੀਤਾ ਗਿਆ ਹੈ। ਜਾਂਚ ਜਾਰੀ ਹੈ ਅਤੇ ਹੋਰ ਦੋਸ਼ ਲੱਗ ਸਕਦੇ ਹਨ।

# ਹਰਿਮੰਦਰ ਸਾਹਿਬ ਨੇੜੇ ਬਹੁਮੰਜ਼ਿਲਾ ਇਮਾਰਤ ਉਸਾਰੀ ’ਤੇ ਵਿਰੋਧ ਤੇਜ਼

## ✪ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਿਰਾਸਤੀ ਸੁੰਦਰਤਾ ਨੂੰ ਬਚਾਉਣ ਦੀ ਮੰਗ

ਅੰਮ੍ਰਿਤਸਰ-ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਪਰਿਕਰਮਾ ਵਿਚੋਂ ਨਜ਼ਰ ਆਉਂਦੀ ਬਹੁਮੰਜ਼ਿਲਾ ਇਮਾਰਤ ਦੀ ਮੁੜ ਉਸਾਰੀ ਤੁਰੰਤ ਰੋਕੀ ਜਾਵੇ। ਇਹ ਇਮਾਰਤ ਅਕਾਲ ਤਖ਼ਤ ਸਾਹਿਬ ਦੇ ਪਿੱਛਲੇ ਪਾਸੇ ਗਲਿਆਰੇ ਵਿਚ ਸਿੰਘ ਸਾਹਿਬਾਨ ਦੀ ਰਿਹਾਇਸ਼ ਲਈ ਬਣਾਈ ਜਾ ਰਹੀ ਹੈ ਪਰ ਇਸ ਦੀਆਂ ਉਪਰਲੀਆਂ ਮੰਜ਼ਿਲਾਂ ਪਰਿਕਰਮਾ ਤੋਂ ਵਿਖਾਈ ਦੇ ਰਹੀਆਂ ਹਨ, ਜਿਸ ਨਾਲ 450 ਸਾਲ ਪੁਰਾਣੀ ਵਿਰਾਸਤ ਅਤੇ ਧਾਰਮਿਕ ਮਹਿਮਾ ਨੂੰ ਠੇਸ ਪਹੁੰਚਣ ਦਾ ਡਰ ਹੈ।



ਮੰਚ ਦੇ ਸਰਪ੍ਰਸਤ ਮਨਮੋਹਣ ਸਿੰਘ ਬਰਾੜ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ, ਪ੍ਰਧਾਨ ਸੁਰਿੰਦਰਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਗਿੱਲ ਅਤੇ ਸਕੱਤਰ ਕਵਲਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਮਾਰਤ ਉਸਾਰੀ ’ਤੇ ਇਤਰਾਜ਼ ਨਹੀਂ, ਪਰ ਚਿੰਤਾ ਇਸ ਗੱਲ ਦੀ ਹੈ ਕਿ ਇਸ ਦੀ ਆੜ ਵਿਚ ਵਪਾਰਕ ਅਦਾਰੇ ਵੀ ਉੱਚੀਆਂ ਇਮਾਰਤਾਂ ਬਣਾਉਣ ਲੱਗ ਪੈਣ। ਉਨ੍ਹਾਂ ਮੰਗ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਵੱਧ ਤੋਂ ਵੱਧ 38.5 ਫੁੱਟ ਉਚਾਈ ਦੀ ਸੀਮਾ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਇਤਿਹਾਸਕ, ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਸੁਰੱਖਿਅਤ ਰਹੇ। ਉਸਾਰੀ ਦਾ ਨਕਸ਼ਾ ਮਿਉਂਸਪਲ ਬਾਈਲਾਜ਼ ਅਨੁਸਾਰ ਹੀ ਮਨਜ਼ੂਰ ਹੋਣਾ ਚਾਹੀਦਾ ਹੈ।

### ਸ਼੍ਰੋਮਣੀ ਕਮੇਟੀ ਦਾ ਜਵਾਬ

ਸ਼੍ਰੋਮਣੀ ਕਮੇਟੀ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਇਹ ਇਮਾਰਤ ਸਿੱਖ ਭਵਨ ਨਿਰਮਾਣ ਕਲਾ ਤਹਿਤ ਬਣ ਰਹੀ ਹੈ ਅਤੇ ਕੋਈ ਨਵੀਂ ਮੰਜ਼ਿਲ ਨਹੀਂ ਉਸਾਰੀ ਜਾ ਰਹੀ। ਸਿਰਫ਼ ਪਹਿਲਾਂ ਤੋਂ ਖੜ੍ਹੇ ਪਿੱਲਰਾਂ ’ਤੇ ਹੀ ਕੰਮ ਜਾਰੀ ਹੈ। ਇਹ ਨਿੱਜੀ ਨਹੀਂ ਸਗੋਂ ਸਿੰਘ ਸਾਹਿਬਾਨ ਦੀ ਰਿਹਾਇਸ਼ ਲਈ ਹੈ।

### ਸਿੱਖ ਵਿਦਵਾਨ ਤਰਲੋਚਨ ਸਿੰਘ ਦੀ ਅਪੀਲ

ਸਾਬਕਾ ਸੰਸਦ ਮੈਂਬਰ ਤੇ ਸਿੱਖ ਵਿਦਵਾਨ ਤਰਲੋਚਨ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੱਤਰ ਲਿਖ ਕੇ ਤੁਰੰਤ ਦਖਲ ਦੇਣ ਦੀ ਮੰਗ ਕੀਤੀ।



ਉਨ੍ਹਾਂ ਯਾਦ ਕਰਵਾਇਆ ਕਿ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਉਨ੍ਹਾਂ ਨੇ ਪਹਿਲਾਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਹੁਕਮ ਕਢਵਾਇਆ ਸੀ ਕਿ ਪਰਿਕਰਮਾ ਜਾਂ ਕੈਮਰੇ ਵਿਚ ਨਜ਼ਰ ਆਉਣ ਵਾਲੀ ਕੋਈ ਉੱਚੀ ਇਮਾਰਤ ਨਾ ਬਣੇ। ਇਸ ਅਧੀਨ ਪਾਣੀ ਦੀ ਟੈਂਕੀ ਅਤੇ ਬੋਰਡ ਢਾਹੇ ਗਏ ਸਨ ਪਰ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਖੁਦ ਬਹੁਮੰਜ਼ਿਲਾ ਢਾਂਚਾ ਬਣਾਇਆ ਜਾ ਰਿਹਾ ਹੈ ਅਤੇ ਹੋਟਲ ਵਾਲੇ ਵੀ ਸਿਫਾਰਸ਼ਾਂ ਨਾਲ ਉੱਚੀਆਂ ਇਮਾਰਤਾਂ ਬਣਾ ਰਹੇ ਹਨ। ਉਨ੍ਹਾਂ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਰੋਕ ਲਗਾ ਕੇ ਸਬੰਧਤ ਸੰਸਥਾਵਾਂ ਨੂੰ ਆਦੇਸ਼ ਜਾਰੀ ਕਰਨ।

ਇਹ ਮਾਮਲਾ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਅਤੇ ਵਿਰਾਸਤ ਨੂੰ ਬਚਾਉਣ ਨਾਲ ਜੁੜਿਆ ਹੋਇਆ ਹੈ ਜਿਸ ’ਤੇ ਵੱਖ-ਵੱਖ ਪੱਖਾਂ ਵੱਲੋਂ ਚਰਚਾ ਜਾਰੀ ਹੈ।



## ਝੀਂਡਾ ਨੇ ਸੀਐੱਮ ਸੈਣੀ ਨੂੰ ਕੀਤੀ ਅਪੀਲ : ਹਰਿਆਣਾ ਗੁਰਦੁਆਰਾ ਐਕਟ ਦੀ ਧਾਰਾ 19 ’ਚ ਤੁਰੰਤ ਸੋਧ ਹੋਵੇ

ਕੁਰੂਕਸ਼ੇਤਰ-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਝੀਂਡਾ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਪੱਤਰ ਲਿਖ ਕੇ ਹਰਿਆਣਾ ਸਿੱਖ ਗੁਰਦੁਆਰਾ ਐਕਟ 2014 ਦੀ ਧਾਰਾ 19 ਵਿੱਚ ਤੁਰੰਤ ਸੋਧ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਧਾਰਾ 19 ਅਧੀਨ ਕਮੇਟੀ ਦੇ ਕਾਰਜਕਾਰੀ ਬੋਰਡ ਜਾਂ ਜਨਰਲ ਹਾਊਸ ਦੀਆਂ ਮੀਟਿੰਗਾਂ ਵਿੱਚ ਮੌਜੂਦ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਦੀ ਲੋੜ ਨੂੰ ਹਟਾਉਣ ਦੀ ਅਪੀਲ ਕੀਤੀ। ਝੀਂਡਾ ਨੇ ਇਸ ਸ਼ਰਤ ਨੂੰ ਅਣਉਚਿਤ ਅਤੇ ਗੁੰਝਲਦਾਰ ਦੱਸਿਆ, ਜਿਸ ਕਾਰਨ ਕਮੇਟੀ ਦੇ ਕੰਮ ਵਿੱਚ ਰੁਕਾਵਟ ਆ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਸ਼ਰਤ ਸਿਰਫ਼ ਇਸ ਐਕਟ ਵਿੱਚ ਹੀ ਹੈ, ਜਦਕਿ ਸੰਸਦ, ਵਿਧਾਨ ਸਭਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਦਿੱਲੀ ਗੁਰਦੁਆਰਾ ਕਮੇਟੀ ਵਿੱਚ ਨਹੀਂ ਹੈ। ਇਸ ਲਈ ਸਰਕਾਰ ਨੂੰ ਜਲਦੀ ਸੋਧ ਕਰਨੀ ਚਾਹੀਦੀ ਹੈ ਤਾਂ ਜੋ ਪ੍ਰਬੰਧਨ ਸੁਚਾਰੂ ਰੂਪ ਨਾਲ ਚੱਲ ਸਕੇ।

# ਨਵਜੋਤ ਕੌਰ ਸਿੱਧੂ ਨੇ ਕਾਂਗਰਸ ਛੱਡੀ, ਕਾਂਗਰਸ ਫੁਟ ਦੀ ਸ਼ਿਕਾਰ

## ✪ ਨਵਜੋਤ ਵਲੋ ‘ਸਭ ਤੋਂ ਅਯੋਗ ਅਤੇ ਭ੍ਰਿਸ਼ਟ ਪ੍ਰਧਾਨ’ ਕਹਿ ਕੇ ਵੜਿੰਗ ’ਤੇ ਹਮਲਾ, ਪਾਰਟੀ ਨੂੰ ਤਬਾਹ ਕਰਨ ਦਾ ਦੋਸ਼ ✪ ਰਾਜਾ ਵੜਿੰਗ ਨੇ ਜਵਾਬ ਵਿੱਚ ਕਿਹਾ - ਨਵਜੋਤ ਕੌਰ ਨੂੰ ਮਾਨਸਿਕ ਇਲਾਜ ਦੀ ਲੋੜ

ਚੰਡੀਗੜ੍ਹ-ਪੰਜਾਬ ਕਾਂਗਰਸ ਵਿੱਚ ਵੱਡਾ ਝਟਕਾ ਲੱਗਿਆ ਹੈ ਜਦੋਂ ਸਾਬਕਾ ਵਿਧਾਇਕਾ ਤੇ ਡਾਕਟਰ ਨਵਜੋਤ ਕੌਰ ਸਿੱਧੂ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਨੇ ਐਕਸ (ਪਹਿਲਾਂ ਟਵਿੱਟਰ) ’ਤੇ ਪੋਸਟ ਕਰਕੇ ਇਸ ਦਾ ਐਲਾਨ ਕੀਤਾ ਸੀ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ’ਤੇ ਭਾਰੀ ਹਮਲਾ ਬੋਲਿਆ। ਨਵਜੋਤ ਕੌਰ ਨੇ ਵੜਿੰਗ ਨੂੰ “ਹੁਣ ਤੱਕ ਦਾ ਸਭ ਤੋਂ ਅਯੋਗ ਅਤੇ ਭ੍ਰਿਸ਼ਟ ਪ੍ਰਧਾਨ” ਕਰਾਰ ਦਿੱਤਾ ਅਤੇ ਇਲਜ਼ਾਮ ਲਾਇਆ ਕਿ ਉਨ੍ਹਾਂ ਨੇ ਪਾਰਟੀ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਵੜਿੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮਿਲੀਭੁਗਤ ਕਰਕੇ ਕਾਂਗਰਸ ਨੂੰ ਕਮਜ਼ੋਰ ਕੀਤਾ ਅਤੇ ਨਿੱਜੀ ਲਾਭ ਲਈ ਪਾਰਟੀ ਵੇਚ ਦਿੱਤੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ



ਕੋਲ ਵੜਿੰਗ ਵਿਰੁੱਧ ਬਹੁਤ ਸਬੂਤ ਹਨ ਪਰ ਹੁਣ ਉਨ੍ਹਾਂ ਨੂੰ ਇਸ ਵਿੱਚ ਦਿਲਚਸਪੀ ਨਹੀਂ ਰਹੀ ਕਿਉਂਕਿ ਉਹ ਖੁਦ ਕਾਂਗਰਸ ਛੱਡ ਚੁੱਕੀ ਹੈ। ਨਵਜੋਤ ਕੌਰ ਨੇ ਇਹ ਵੀ ਕਿਹਾ ਕਿ ਕਾਂਗਰਸ ਵਿੱਚ ਕਿਸੇ ਭਰੋਸੇਯੋਗ ਜਾਂ ਹੋਣਹਾਰ ਆਗੂ ਦੀ ਗੱਲ ਨਹੀਂ ਸੁਣੀ ਜਾਂਦੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਕੀਤੀ ਅਤੇ ਕਿਹਾ ਕਿ ਉਹ ਕਦੇ ਵੀ ਕਿਸੇ ਹੋਰ ਪਾਰਟੀ ਨਾਲ ਨਹੀਂ ਮਿਲੀ ਅਤੇ ਨਾ ਹੀ ਕਿਸੇ ਨੇ ਉਨ੍ਹਾਂ ਨਾਲ ਸੰਪਰਕ ਕੀਤਾ। ਉਹ ਹੁਣ ਪੰਜਾਬ ਦੇ ਲੋਕਾਂ ਦੀ ਸੇਵਾ ਐਨਜੀਓ ਰਾਹੀਂ ਕਰਨਾ ਚਾਹੁੰਦੀ ਹੈ ।

ਇਹ ਅਸਤੀਫਾ ਉਸ ਸਮੇਂ ਆਇਆ ਹੈ ਜਦੋਂ ਦਸੰਬਰ 2025 ਵਿੱਚ ਨਵਜੋਤ ਕੌਰ ਨੂੰ “ਮੁੱਖ ਮੰਤਰੀ ਦੀ ਕੁਰਸੀ ਲਈ 500 ਕਰੋੜ ਰੁਪਏ ਦਾ ਸੂਟਕੇਸ” ਵਾਲੇ ਵਿਵਾਦ ਵਿੱਚ ਪਾਰਟੀ ਨੇ ਮੁਅੱਤਲ ਕਰ ਦਿੱਤਾ ਸੀ। ਉਸ ਤੋਂ ਬਾਅਦ ਵੀ ਉਸਨੇ ਨੇ ਵੜਿੰਗ ਵਿਰੁੱਧ ਬਿਆਨਬਾਜ਼ੀ ਜਾਰੀ ਰੱਖੀ। ਰਾਜਾ ਵੜਿੰਗ ਨੇ ਜਵਾਬ ਵਿੱਚ ਕਿਹਾ ਕਿ ਨਵਜੋਤ ਕੌਰ ਪਹਿਲਾਂ ਹੀ ਪਾਰਟੀ ਤੋਂ ਕੱਢੀ ਜਾ ਚੁੱਕੀ ਹੈ ਇਸ ਲਈ ਅਸਤੀਫੇ ਦੀ ਕੋਈ ਗੱਲ ਨਹੀਂ ਬਣਦੀ। ਉਨ੍ਹਾਂ ਨੇ ਉਨ੍ਹਾਂ ਦੀ ਮਾਨਸਿਕ ਸਿਹਤ ’ਤੇ ਸਵਾਲ ਉਠਾਏ ਅਤੇ ਕਿਹਾ ਕਿ ਜਦੋਂ ਕਿਸੇ ਦੀ ਮਾਨਸਿਕ ਹਾਲਤ ਠੀਕ ਨਾ ਹੋਵੇ ਤਾਂ ਉਸ ਦੀਆਂ ਗੱਲਾਂ ’ਤੇ ਗੁੱਸਾ ਨਹੀਂ ਕਰਨਾ ਚਾਹੀਦਾ।

ਪਾਰਟੀ ਅੰਦਰੂਨੀ ਕਲੇਸ਼ ਵਧ ਗਿਆ ਹੈ ਅਤੇ ਚਰਨਜੀਤ ਸਿੰਘ ਚੰਨੀ ਵਰਗੇ ਆਗੂਆਂ ਨੇ ਸਿੱਧੂ ਨੂੰ ਜੋੜੇ ਦੇ ਜਾਣ ਬਾਰੇ ਬਿਆਨ ਦਿੱਤੇ ਹਨ ਕਿ ਇਨ੍ਹਾਂ ਨੂੰ ਮਨਾਉਣਾ ਚਾਹੀਦਾ ਹੈ। ਇਸ ਨਾਲ ਪੰਜਾਬ ਵਿੱਚ ਕਾਂਗਰਸ ਦੀ ਸਥਿਤੀ ਹੋਰ ਕਮਜ਼ੋਰ ਹੋ ਗਈ ਹੈ ਅਤੇ ਸਿਆਸੀ ਗੱਲਬਾਤਾਂ ਵਿੱਚ ਨਵਜੋਤ ਸਿੰਘ ਸਿੱਧੂ ਦੇ ਵੀ ਪਾਰਟੀ ਛੱਡਣ ਦੀਆਂ ਅਟਕਲਾਂ ਲੱਗ ਰਹੀਆਂ ਹਨ।

# ਸਰੀ ਵਿੱਚ ਫਿਰੌਤੀ ਅਤੇ ਗੋਲੀਬਾਰੀ ਦਾ ਵਧਦਾ ਸੰਕਟ: 2026 ਵਿੱਚ 35 ਤੋਂ ਵੱਧ ਮਾਮਲੇ

ਕਵਰ ਸਟੋਰੀ

## ✪ ਮੇਅਰ ਬਰੈਂਡਾ ਲੌਕ ਦੀ ਮੰਗ: ਫੈਡਰਲ ਸਰਕਾਰ ਨੂੰ ਰਾਸ਼ਟਰੀ ਐਮਰਜੈਂਸੀ ਐਲਾਨਣ ਲਈ ਅਪੀਲਲਾਰੈਂਸ ਬਿਸ਼ਨੋਈ ਗੈਂਗ ਅਤੇ ਅੰਤਰਰਾਸ਼ਟਰੀ ਅਪਰਾਧੀ ਨੈੱਟਵਰਕ ਦਾ ਨਿਸ਼ਾਨਾ ਪੰਜਾਬੀ ਭਾਈਚਾਰਾ







ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਖੇ ਪੰਜਾਬੀ ਅਤੇ ਸਿੱਖ ਭਾਈਚਾਰਾ ਗੈਂਗਸਟਰਾਂ ਦੇ ਨਿਸ਼ਾਨੇ ਉਪਰ ਹੈ। ਫਿਰੌਤੀ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨੇ ਸਾਰੇ ਸ਼ਹਿਰ ਨੂੰ ਸਹਿਮ ਵਿੱਚ ਘੇਰ ਲਿਆ ਹੈ। ਪਿਛਲੇ ਕੁਝ ਸਾਲਾਂ ਵਿੱਚ ਇਹ ਸ਼ਹਿਰ ਅਪਰਾਧ ਦਾ ਗੜ੍ਹ ਬਣ ਗਿਆ ਹੈ। ਮੇਅਰ ਬਰੈਂਡਾ ਲੌਕ ਨੇ ਫੈਡਰਲ ਸਰਕਾਰ ਨੂੰ ਐਮਰਜੈਂਸੀ ਐਲਾਨਣ ਦੀ ਮੰਗ ਕੀਤੀ ਹੈ, ਪਰ ਸਵਾਲ ਇਹ ਹੈ ਕਿ ਇਹ ਘਟਨਾਵਾਂ ਕੰਟਰੋਲ ਕਿਉਂ ਨਹੀਂ ਹੋ ਰਹੀਆਂ? 2025 ਵਿੱਚ ਸਿਰਫ਼ ਸਰੀ ਵਿੱਚ 132 ਫਿਰੌਤੀ ਵਾਲੀਆਂ ਘਟਨਾਵਾਂ ਹੋਈਆਂ ਸਨ, ਜਿਨ੍ਹਾਂ ਵਿੱਚੋਂ 49 ਵਿੱਚ ਘਰਾਂ ਅਤੇ ਕਾਰੋਬਾਰਾਂ ਉੱਤੇ ਗੋਲੀਆਂ ਚਲਾਈਆਂ ਗਈਆਂ ਸਨ। 2026 ਦੇ ਪਹਿਲੇ ਮਹੀਨੇ ਵਿੱਚ ਹੀ 35 ਤੋਂ ਵੱਧ ਮਾਮਲੇ ਰਿਪੋਰਟ ਹੋ ਚੁੱਕੇ ਨੇ, ਜਿਨ੍ਹਾਂ ਵਿੱਚ ਘੱਟੋ-ਘੱਟ 8 ਵਿੱਚ ਗੋਲੀਬਾਰੀ ਸ਼ਾਮਲ ਹੈ।

### ਇਹ ਸੰਕਟ ਕਿਵੇਂ ਸ਼ੁਰੂ ਹੋਇਆ?

ਪੰਜਾਬੀ ਅਤੇ ਸਿੱਖ ਗੈਂਗਸਟਰਾਂ ਦੀ ਗੱਲ ਕਰੀਏ ਤਾਂ, ਇਸ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਵਰਗੇ ਨਾਂ ਵੱਡੇ ਨੇ। ਇਹ ਗੈਂਗ ਭਾਰਤ ਵਿੱਚ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਵੱਲੋਂ ਨਿਯੰਤਰਿਤ ਕੀਤਾ ਜਾਂਦਾ ਹੈ ਅਤੇ ਕੈਨੇਡਾ ਵਿੱਚ ਇਸ ਨੇ ਹਿੰਸਾ, ਫਿਰੌਤੀ ਅਤੇ ਨਸ਼ਾ ਤਸਕਰੀ ਨੂੰ ਵਧਾਇਆ ਹੈ। ਕੈਨੇਡਾ ਨੇ ਸਤੰਬਰ 2025 ਵਿੱਚ ਇਸ ਗੈਂਗ ਨੂੰ ਅੱਤਵਾਦੀ ਸੰਗਠਨ ਵਜੋਂ ਨਾਮਜ਼ਦ ਕੀਤਾ ਸੀ। ਆਰਸੀਐੱਮਪੀ ਦੀ ਰਿਪੋਰਟ ਮੁਤਾਬਕ, ਇਹ ਗੈਂਗ ਭਾਰਤੀ ਸਰਕਾਰ ਨਾਲ ਜੁੜਿਆ ਹੋਇਆ ਹੈ ਅਤੇ ਸਿੱਖ ਵੱਖਵਾਦੀਆਂ ਜਾਂ ਖਾਲਿਸਤਾਨ ਸਮਰਥਕਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਦੇ ਸਰੀ ਵਿੱਚ ਸਥਿਤ ਕੈਫ਼ੇ ਉੱਤੇ ਵੀ ਕਈ ਵਾਰ ਗੋਲੀਆਂ ਚੱਲ ਚੁੱਕੀਆਂ ਨੇ।

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਇਸ ਸੰਕਟ ਨਾਲ ਨਜਿੱਠਣ ਤੋਂ ਹੱਥ ਖੜ੍ਹੇ ਕਰ ਕੇ ਫੈਡਰਲ ਸਰਕਾਰ ਨੂੰ ਐਮਰਜੈਂਸੀ ਐਲਾਨਣ ਦੀ ਮੰਗ ਕੀਤੀ ਹੈ। 27 ਜਨਵਰੀ 2026 ਨੂੰ ਸਰੀ ਸਿਟੀ ਕੌਂਸਲ ਨੇ ਇਕਸਾਰਤਾ ਨਾਲ ਇਹ ਮਤਾ ਪਾਸ ਕੀਤਾ। ਮੇਅਰ ਮੁਤਾਬਕ, ਸ਼ਹਿਰ ਪਿਛਲੇ ਤਿੰਨ ਸਾਲਾਂ ਤੋਂ ਇਸ ਨਾਲ ਜੂਝ ਰਿਹਾ ਹੈ ਅਤੇ ਸੂਬਾਈ ਅਤੇ ਸਥਾਨਕ ਯਤਨਾਂ ਦੇ ਬਾਵਜੂਦ ਇਹ ਅੰਤਰਰਾਸ਼ਟਰੀ ਅਪਰਾਧ ਰੁਕ ਨਹੀਂ ਰਿਹਾ। ਐਮਰਜੈਂਸੀ ਐਲਾਨਣ ਨਾਲ ਪੁਲਿਸ ਨੂੰ ਵਧੇਰੇ ਅਧਿਕਾਰ ਮਿਲਣਗੇ ਤੇ ਗੈਰ-ਨਾਗਰਿਕ ਅਪਰਾਧੀਆਂ ਨੂੰ ਤੇਜ਼ੀ ਨਾਲ ਦੇਸ਼ ਨਿਕਾਲਾ ਮਿਲੇਗਾ। ਫੈਡਰਲ ਸਰਕਾਰ ਨੇ ਹਾਲੇ ਇਹ ਮੰਗ ਸਵੀਕਾਰ ਨਹੀਂ ਕੀਤੀ ਪਰ ਆਰਸੀਐੱਮਪੀ ਦੇ 20 ਅਧਿਕਾਰੀਆਂ ਨੂੰ ਤੈਨਾਤ ਕੀਤਾ ਹੈ ਅਤੇ ਦੋ ਹੈਲੀਕਾਪਟਰ ਵੀ ਮੁਹੱਈਆ ਕਰਵਾਏ ਹਨ।

ਪੰਜਾਬੀ ਅਤੇ ਸਿੱਖ ਭਾਈਚਾਰਾ ਦੁਖੀ ਹੈ ਕਿਉਂਕਿ ਇਹ ਘਟਨਾਵਾਂ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੀਆਂ ਨੇ। ਕਾਰੋਬਾਰ ਬੰਦ ਹੋ ਰਹੇ ਨੇ, ਲੋਕ ਘਰ ਛੱਡਣ ਤੋਂ ਡਰਦੇ ਨੇ ਅਤੇ ਆਰਥਿਕ ਨੁਕਸਾਨ ਵੱਡਾ ਹੈ। ਸਰੀ ਤੋਂ ਇਲਾਵਾ ਐਬਟਸਫੋਰਡ, ਡੈਲਟਾ, ਟੋਰਾਂਟੋ ਅਤੇ ਬਰੈਂਪਟਨ ਵਿੱਚ ਵੀ ਇਹ ਸੰਕਟ ਫੈਲ ਰਿਹਾ ਹੈ। ਬੀਤੇ ਐਤਵਾਰ ਨੂੰ ਸਰੀ ਵਿੱਚ ਕਾਰੋਬਾਰੀਆਂ ਅਤੇ ਆਮ ਲੋਕਾਂ ਨੇ ਪ੍ਰਦਰਸ਼ਨ ਕੀਤਾ, ਜਿਸ ਵਿੱਚ ਫਿਰੌਤੀ ਰੋਕਣ ਦੀ ਮੰਗ ਕੀਤੀ ਗਈ।

ਗੁਰਦੁਆਰੇ ਵੀ ਇਸ ਸੰਕਟ ਦੌਰਾਨ ਲੋਕਾਂ ਦੀ ਮਦਦ ਉਪਰ ਆ ਗਏ ਹਨ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵਰਗੇ ਸੰਗਠਨ ਟਾਊਨ ਹਾਲ ਮੀਟਿੰਗਾਂ ਕਰ ਰਹੇ ਹਨ। ਗੁਰਦੁਆਰਿਆਂ ਨੇ ਮੰਗ ਉਠਾਈ ਹੈ ਕਿ ਸਰਕਾਰ ਸਿੱਖ ਭਾਈਚਾਰੇ ਨੂੰ ਸੁਰੱਖਿਆ ਪ੍ਰਦਾਨ ਕਰੇ ਅਤੇ ਅਪਰਾਧੀਆਂ ਨੂੰ ਸਜ਼ਾ ਦੇਵੇ। ਉਹ ਚਿੰਤਤ ਨੇ ਕਿ ਜੇ ਤੁਰੰਤ ਕਾਰਵਾਈ ਨਾ ਹੋਈ ਤਾਂ ਲੋਕ ਆਪਣੇ ਹੱਥ ਵਿੱਚ ਕਾਨੂੰਨ ਲੈ ਲੈਣਗੇ ਜਾਂ ਵੱਡੇ ਪੱਧਰ ਤੇ ਵਾਪਸ ਭਾਰਤ ਜਾਣਗੇ। ਗੁਰਦੁਆਰੇ ਭਾਈਚਾਰੇ ਨੂੰ ਇੱਕਜੁੱਟ ਕਰਨ ਅਤੇ ਪੀੜਤਾਂ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਨੇ।

ਰਾਜਨੀਤਕ ਸਿੱਖ ਲੀਡਰਾਂ ਦੀ ਆਲੋਚਨਾ ਵੀ ਤੇਜ਼ ਹੋ ਰਹੀ ਹੈ। ਕੈਨੇਡਾ ਦੇ ਚਿੰਤਕ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਲਿਬਰਲ ਸਰਕਾਰ ਦੀਆਂ ਨੀਤੀਆਂ ਉੱਤੇ ਇਲਜ਼ਾਮ ਲਾ ਰਹੇ ਨੇ ਪਰ ਅਸਲ ਧਮਕੀ ਰਾਜ-ਸਪਾਂਸਰਡ ਅੱਤਵਾਦ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਕੰਜ਼ਰਵੇਟਿਵ ਆਗੂ ਪੀਏਰ ਪੋਲੀਏਵ ਨੇ ਐਕਸ ਉੱਤੇ ਲਿਖਿਆ ਕਿ ਲਿਬਰਲ ਸਰਕਾਰ ਨੇ ਫਿਰੌਤੀ ਨਾਲ ਜੂਝਣ ਵਾਲੇ ਕਾਨੂੰਨ ਨੂੰ ਕਮਜ਼ੋਰ ਬਣਾ ਦਿੱਤਾ ਹੈ ਅਤੇ ਅਪਰਾਧੀ ਗੈਰ-ਨਾਗਰਿਕਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਿਆ ਜਾਵੇ।

### ਕੈਨੇਡਾ ਸਰਕਾਰ ਕਿਉਂ ਨਹੀਂ ਕਰ ਰਹੀ ਸਖਤ ਕਾਰਵਾਈ?

ਇਸ ਦਾ ਵੱਡਾ ਕਾਰਨ ਕੈਨੇਡਾ ਦਾ ਨਰਮ ਕਾਨੂੰਨ ਹੈ। ਅਪਰਾਧੀ ਫੜ੍ਹੇ ਜਾਂਦੇ ਨੇ ਤਾਂ ਅਗਲੇ ਦਿਨ ਜ਼ਮਾਨਤ ਲੈ ਕੇ ਬਾਹਰ ਆ ਜਾਂਦੇ ਨੇ। ਇਮੀਗ੍ਰੇਸ਼ਨ ਫਰਾਡ ਅਤੇ ਰੈਫ਼ੂਜੀ ਸਟੇਟਸ ਦਾ ਦੁਰਉਪਯੋਗ ਵੀ ਵੱਡੀ ਸਮੱਸਿਆ ਹੈ। ਕਈ ਅਪਰਾਧੀ ਵਿਦਿਆਰਥੀ ਵੀਜ਼ੇ ਉੱਤੇ ਆ ਕੇ ਗੈਂਗ ਵਿੱਚ ਸ਼ਾਮਲ ਹੋ ਜਾਂਦੇ ਨੇ। ਫੈਡਰਲ ਸਰਕਾਰ ਨੇ ਭਾਵੇਂ ਆਰਸੀਐੱਮਪੀ ਨੂੰ ਤੈਨਾਤ ਕੀਤਾ ਹੈ ਪਰ ਰਾਸ਼ਟਰੀ ਐਮਰਜੈਂਸੀ ਐਲਾਨ ਨਹੀਂ ਕੀਤੀ। ਪਬਲਿਕ ਸੇਫ਼ਟੀ ਮੰਤਰੀ ਗੈਰੀ ਆਨੰਦਸੰਗਰੀ ਨੇ ਸੰਸਦ ਵਿੱਚ ਕਿਹਾ ਕਿ ਸਰਕਾਰ ਗੰਭੀਰ ਹੈ ਪਰ ਸਖਤ ਕਾਰਵਾਈ ਨਹੀਂ ਹੋ ਰਹੀ। ਰਾਸ਼ਟਰੀ ਪੱਧਰ ਤੇ ਫਿਰੌਤੀ ਵਿੱਚ 300% ਵਾਧਾ ਹੋਇਆ ਹੈ ਅਤੇ ਬੀਸੀ ਵਿੱਚ 500%।

ਸਰੀ ਪੁਲਿਸ ਨੇ ਵਿਸ਼ੇਸ਼ ਯੂਨਿਟ ਬਣਾਈ ਹੈ ਅਤੇ ਟਿਪ ਲਾਈਨ ਸ਼ੁਰੂ ਕੀਤੀ ਹੈ ਪਰ ਘਟਨਾਵਾਂ ਰੁਕ ਨਹੀਂ ਰਹੀਆਂ। 28 ਜਨਵਰੀ ਨੂੰ ਨਿਊਟਨ ਵਿੱਚ ਇੱਕ ਇੰਡੀਅਨ ਹੋਟਲ ਉੱਤੇ ਗੋਲੀਆਂ ਚਲਾਈਆਂ ਗਈਆਂ ਸਨ। ਪੁਲਿਸ ਨੇ ਹਰਸ਼ਦੀਪ ਸਿੰਘ ਅਤੇ ਹੰਸਪ੍ਰੀਤ ਸਿੰਘ ਵਰਗੇ ਨੌਜਵਾਨਾਂ ਦੀਆਂ ਫੋਟੋਆਂ ਜਾਰੀ ਕੀਤੀਆਂ ਸਨ। ਸਰੀ ਦੇ ਬਿਜਨਸਮੈਨ ਡੀਐਸ ਗਿਲ ਕਹਿੰਦੇ ਨੇ ਕਿ ਪਿਛਲੇ ਇੱਕ ਸਾਲ ਵਿੱਚ ਹਾਲਾਤ ਬਹੁਤ ਖਰਾਬ ਹੋ ਗਏ ਹਨ ਅਤੇ ਕਾਨੂੰਨ ਨੂੰ ਸਖ਼ਤ ਕੀਤੇ ਜਾਣ ਦੀ ਲੋੜ ਹੈ।

ਇਹ ਸੰਕਟ ਸਿਰਫ਼ ਅਪਰਾਧ ਨਹੀਂ, ਬਲਕਿ ਰਾਜਨੀਤਕ ਅਤੇ ਅੰਤਰਰਾਸ਼ਟਰੀ ਮੁੱਦਾ ਵੀ ਹੈ। ਕੈਨੇਡਾ-ਭਾਰਤ ਸੰਬੰਧ ਪਹਿਲਾਂ ਹੀ ਤਣਾਅਪੂਰਨ ਹਨ, ਖਾਸ ਕਰਕੇ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ। ਭਾਰਤ ਇਨ੍ਹਾਂ ਇਲਜ਼ਾਮਾਂ ਨੂੰ ਰੱਦ ਕਰਦਾ ਹੈ ਅਤੇ ਕਹਿੰਦਾ ਹੈ ਕਿ ਇਹ ਮਾਮਲੇ ਅੱਤਵਾਦੀ ਗਤੀਵਿਧੀਆਂ ਨਾਲ ਜੁੜੇ ਹਨ। ਪਰ ਕੈਨੇਡਾ ਸਰਕਾਰ ਹਾਲੇ ਤਕ ਇਸ ਸੰਕਟ ਦਾ ਹੱਲ ਨਾ ਲਭ ਸਕੀ। ਜੇਕਰ ਫੈਡਰਲ ਸਰਕਾਰ ਨੇ ਤੁਰੰਤ ਸਖਤ ਕਦਮ ਨਾ ਚੁੱਕੇ ਤਾਂ ਇਹ ਸੰਕਟ ਹੋਰ ਫੈਲੇਗਾ। ਪੰਜਾਬੀ ਭਾਈਚਾਰੇ ਨੂੰ ਇੱਕਜੁੱਟ ਹੋ ਕੇ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ।

## ਸਰੀ ਗੋਲੀਕਾਂਡ ਮਾਮਲਾ: ਪੁਲਸ ਨੇ ਦੋ ਨੌਜਵਾਨਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ



ਸਰੀ, ਬ੍ਰਿਟਿਸ਼ ਕੋਲੰਬੀਆ-ਕੈਨੇਡਾ ਦੇ ਸਰੀ ਸ਼ਹਿਰ ਵਿੱਚ ਬੀਤੇ ਦਿਨੀਂ ਤੜਕੇ ਵਾਪਰੇ ਗੋਲੀਕਾਂਡ ਮਾਮਲੇ ਵਿੱਚ ਸਰੀ ਪੁਲਸ ਨੇ ਦੋ ਨੌਜਵਾਨਾਂ ਦੀਆਂ ਤਸਵੀਰਾਂ ਜਨਤਕ ਕੀਤੀਆਂ ਹਨ। ਪੁਲਸ ਦਾ ਕਹਿਣਾ ਹੈ ਕਿ ਇਹ ਤਸਵੀਰਾਂ ਜਾਰੀ ਕਰਕੇ ਜਨਤਾ ਤੋਂ ਵਧੇਰੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪਛਾਣ 21 ਸਾਲਾ ਹੰਸਪ੍ਰੀਤ ਸਿੰਘ ਅਤੇ 20 ਸਾਲਾ ਹਰਸ਼ਦੀਪ ਸਿੰਘ ਵਜੋਂ ਕੀਤੀ ਗਈ ਹੈ। ਦੋਹਾਂ 'ਤੇ ਗੋਲੀਬਾਰੀ ਨਾਲ ਜੁੜੇ ਗੰਭੀਰ ਅਪਰਾਧਿਕ ਦੋਸ਼ ਲਗਾਏ ਗਏ ਹਨ। ਪੁਲਸ ਨੇ ਸਪੱਸ਼ਟ ਕੀਤਾ ਹੈ ਕਿ ਇਸ ਘਟਨਾ ਨੂੰ ਅਜੇ ਤੱਕ ਜ਼ਬਰਦਸਤੀ ਵਸੂਲੀ ਜਾਂ ਗੈਂਗ ਵਾਰ ਨਾਲ ਨਹੀਂ ਜੋੜਿਆ ਗਿਆ ਹੈ। ਜਾਂਚ ਅਧਿਕਾਰੀਆਂ ਮੁਤਾਬਕ ਮਾਮਲਾ ਸ਼ੁਰੂਆਤੀ ਪੜਾਅ ਵਿੱਚ ਹੈ ਅਤੇ ਹਰ ਪਹਿਲੂ ਤੋਂ ਡੂੰਘਾਈ ਨਾਲ ਤਫਤੀਸ਼ ਕੀਤੀ ਜਾ ਰਹੀ ਹੈ। ਸਰੀ ਪੁਲਸ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਇਸ ਘਟਨਾ ਬਾਰੇ ਕੋਈ ਜਾਣਕਾਰੀ, ਵੀਡੀਓ ਜਾਂ ਗਵਾਹੀ ਹੈ ਤਾਂ ਤੁਰੰਤ ਸੰਪਰਕ ਕਰੇ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਕੋਈ ਵੀ ਤਾਕਤ ਗੁਨਾਹ ਉਸ ਸਮੇਂ ਬਣਦੀ ਹੈ, ਜਦ ਤੁਸੀਂ ਉਸ ਉੱਤੇ ਪਛਤਾਵਾ ਕਰਦੇ ਹੋ ।

# ਭਾਜਪਾ ਦਾ 'ਮਿਸ਼ਨ ਪੰਜਾਬ': ਡੇਰਿਆਂ ਰਾਹੀਂ ਸਿਆਸੀ ਖੇਡ ਅਤੇ ਅਕਾਲੀ ਦਲ ਦੀ ਚੁਣੌਤੀ

ਪੰਜਾਬ ਦੀ ਸਿਆਸਤ ਵਿੱਚ ਇੱਕ ਨਵੀਂ ਹਲਚਲ ਪੈਦਾ ਹੋ ਰਹੀ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ 'ਮਿਸ਼ਨ ਪੰਜਾਬ' ਨੂੰ ਲੈ ਕੇ ਸੂਬੇ ਦੇ ਪ੍ਰਮੁੱਖ ਡੇਰਿਆਂ ਨਾਲ ਨੇੜਤਾ ਵਧਾਉਣੀ ਸ਼ੁਰੂ ਕਰ ਦਿੱਤੀ ਹੈ। ਹਾਲ ਹੀ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਰਵਿਦਾਸ ਜੈਯੰਤੀ ਮੌਕੇ ਡੇਰਾ ਸੱਚਖੰਡ ਬੱਲਾਂ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਡੇਰੇ ਦੇ ਮੁਖੀ ਸੰਤ ਨਿਰੰਜਨ ਦਾਸ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਜਾਣ ਨੂੰ ਵੀ ਉਜਾਗਰ ਕੀਤਾ। ਇਹ ਘਟਨਾ ਕੇਵਲ ਧਾਰਮਿਕ ਨਹੀਂ, ਬਲਕਿ ਗਹਿਰੀ ਸਿਆਸੀ ਮਹੱਤਤਾ ਵਾਲੀ ਹੈ।

ਪੰਜਾਬ ਵਿੱਚ ਦਲਿਤ ਭਾਈਚਾਰੇ ਦੀ ਆਬਾਦੀ ਲਗਭਗ 32 ਫੀਸਦੀ ਹੈ, ਜੋ ਕਿਸੇ ਵੀ ਪਾਰਟੀ ਲਈ ਵੋਟ ਬੈਂਕ ਵਜੋਂ ਅਹਿਮ ਹੈ। ਡੇਰਾ ਬੱਲਾਂ ਦੋਆਬੇ ਖਿੱਤੇ ਵਿੱਚ ਰਵਿਦਾਸੀਆ ਭਾਈਚਾਰੇ ਵਿੱਚ ਡੂੰਘਾ ਪ੍ਰਭਾਵ ਰੱਖਦਾ ਹੈ। ਮੋਦੀ ਦੇ ਦੌਰੇ ਨੇ ਇਸ ਭਾਈਚਾਰੇ ਨੂੰ ਸਿੱਧੇ ਤੌਰ 'ਤੇ ਸੰਬੋਧਨ ਕੀਤਾ ਹੈ। ਇਸ ਤੋਂ ਇਲਾਵਾ, ਆਦਮਪੁਰ ਹਵਾਈ ਅੱਡੇ ਨੂੰ ਸ੍ਰੀ ਗੁਰੂ ਰਵਿਦਾਸ ਜੀ ਹਵਾਈ ਅੱਡਾ ਨਾਮ ਦੇਣਾ ਵੀ ਇੱਕ ਪ੍ਰਤੀਕਾਤਮਕ ਕਦਮ ਹੈ, ਜੋ ਭਾਜਪਾ ਦੀ ਦਲਿਤ ਵੋਟ ਬੈਂਕ ਦੀ ਸਿਆਸਤ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ, ਰਾਧਾ ਸੁਆਮੀ ਸਤਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਹਾਲ ਹੀ ਵਿੱਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਜੇਲ੍ਹ ਵਿੱਚ ਮੁਲਾਕਾਤ ਕੀਤੀ ਅਤੇ ਉਨ੍ਹਾਂ ਖ਼ਿਲਾਫ਼ ਕੇਸਾਂ ਨੂੰ ਝੂਠੇ ਕਰਾਰ ਦਿੱਤਾ। ਇਹ ਇਸ਼ਾਰਾ ਕਰਦਾ ਹੈ ਕਿ ਡੇਰਾ ਬਿਆਸ ਆਪ ਸਰਕਾਰ ਤੋਂ ਦੂਰੀ ਬਣਾ ਰਿਹਾ ਹੈ। ਬਿਆਸ ਡੇਰੇ ਦਾ ਮਾਝੇ ਖੇਤਰ ਵਿੱਚ ਵੱਡਾ ਪ੍ਰਭਾਵ ਹੈ, ਅਤੇ ਭਾਜਪਾ ਨੇ ਪਹਿਲਾਂ ਵੀ ਇੱਥੇ ਪ੍ਰਧਾਨ ਮੰਤਰੀ ਮੋਦੀ ਅਤੇ ਆਰਐੱਸਐੱਸ ਮੁਖੀ ਮੋਹਨ ਭਾਗਵਤ ਦੇ ਦੌਰੇ ਕਰਵਾਏ ਹਨ। ਮਾਲਵੇ ਵਿੱਚ ਡੇਰਾ ਸੱਚਾ ਸੌਦਾ ਸਿਰਸਾ ਨਾਲ ਭਾਜਪਾ ਦੀ ਨੇੜਤਾ ਵੀ ਜਾਣੀ-ਪਛਾਣੀ ਹੈ। ਡੇਰੇ ਦੇ ਮੁਖੀ ਨੂੰ ਵਾਰ-ਵਾਰ ਪੈਰੋਲ ਮਿਲਣਾ ਇਸ ਨੂੰ ਪੁਸ਼ਟ ਕਰਦਾ ਹੈ ।ਭਾਜਪਾ ਇਨ੍ਹਾਂ ਡੇਰਿਆਂ ਨੂੰ ਟਾਰਗੈਟ ਗੈਰ-ਜੱਟ ਵੋਟਾਂ ਨੂੰ ਇਕੱਠਾ ਕਰਨ ਲਈ ਕਰ ਰਹੀ ਹੈ। ਪੰਜਾਬ ਵਿੱਚ ਜੱਟ ਵੋਟ ਭਾਜਪਾ ਲਈ ਅਸਾਨ ਨਹੀਂ, ਖਾਸ ਕਰ ਤਿੰਨ ਖੇਤੀ ਕਾਨੂੰਨਾਂ ਕਾਰਨ ਪੈਦਾ ਹੋਏ ਰੋਸ ਨੇ ਉਸ ਨੂੰ ਦਿਹਾਤੀ ਖੇਤਰ ਵਿੱਚ ਅਲੱਗ-ਥਲੱਗ ਕਰ ਦਿੱਤਾ ਹੈ। ਇਸ ਲਈ ਭਾਜਪਾ ਹਿੰਦੂ ਅਤੇ ਦਲਿਤ ਵੋਟਾਂ ਵੱਲ ਧਿਆਨ ਕੇਂਦਰਿਤ ਕਰ ਰਹੀ ਹੈ। ਹਰਿਆਣਾ ਵਿੱਚ ਗੈਰ-ਜੱਟ ਧਰੁਵੀਕਰਨ ਨੇ ਭਾਜਪਾ ਨੂੰ ਫਾਇਦਾ ਪਹੁੰਚਾਇਆ ਹੈ, ਅਤੇ ਉਹ ਪੰਜਾਬ ਵਿੱਚ ਵੀ ਇਹੀ ਪੈਂਤੜਾ ਅਪਣਾ ਰਹੀ ਹੈ। ਪਰ ਕੀ ਭਾਜਪਾ ਪੰਜਾਬ ਵਿੱਚ ਸਫਲ ਹੋਵੇਗੀ ? ਇਹ ਸਵਾਲ ਗੰਭੀਰ ਹੈ। 2022 ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਿਰਫ਼ 2 ਸੀਟਾਂ ਮਿਲੀਆਂ ਸਨ, ਅਤੇ ਉਸ ਨੂੰ ਅਕਾਲੀ ਦਲ ਨਾਲ ਗਠਜੋੜ ਤੋੜਨ ਕਾਰਣ ਵੀ ਖਮਿਆਜ਼ਾ ਭੁਗਤਣਾ ਪਿਆ। ਖੇਤੀ ਕਾਨੂੰਨਾਂ ਵਾਲਾ ਦਰਦ ਅਜੇ ਵੀ ਤਾਜ਼ਾ ਹੈ, ਅਤੇ ਦਿਹਾਤੀ ਪੰਜਾਬ ਭਾਜਪਾ ਵਿਰੋਧੀ ਰਹਿੰਦਾ ਹੈ। ਫਿਰ ਵੀ, ਡੇਰਿਆਂ ਰਾਹੀਂ ਦਲਿਤ ਵੋਟਾਂ ਨੂੰ ਇਕੱਠਾ ਕਰਨ ਨਾਲ ਭਾਜਪਾ ਨੂੰ ਦੋਆਬੇ ਅਤੇ ਮਾਲਵੇ ਵਿੱਚ ਫਾਇਦਾ ਮਿਲ ਸਕਦਾ ਹੈ। 2027 ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਇਕੱਲੀ ਲੜਨ ਦੀ ਤਿਆਰੀ ਕਰ ਰਹੀ ਹੈ, ਪਰ ਉਸ ਨੂੰ ਅਕਾਲੀ ਨਾਲ ਮੁੜ ਗਠਜੋੜ ਦੀ ਵੀ ਲੋੜ ਮਹਿਸੂਸ ਹੋ ਰਹੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਭਾਜਪਾ ਨੇ ਗੈਰ-ਜੱਟ ਵੋਟਾਂ ਨੂੰ ਧਰੁਵੀਕ੍ਰਿਤ ਕੀਤਾ, ਤਾਂ ਉਹ 10-15 ਸੀਟਾਂ ਤੱਕ ਪਹੁੰਚ ਸਕਦੀ ਹੈ, ਪਰ ਪੂਰੀ ਸਫਲਤਾ ਲਈ ਉਸ ਨੂੰ ਸਿੱਖ ਵੋਟਾਂ ਦੀ ਵੀ ਲੋੜ ਹੈ, ਜੋ ਮੁਸ਼ਕਲ ਲੱਗਦੀ ਹੈ।

ਇਹ ਰਣਨੀਤੀ ਅਕਾਲੀ ਦਲ, ਕਾਂਗਰਸ ਅਤੇ ਆਪ ਲਈ ਖ਼ਤਰਨਾਕ ਹੈ। ਆਪ ਸਰਕਾਰ ਨੂੰ ਡੇਰਿਆਂ ਨਾਲ ਭਾਜਪਾ ਦੀ ਨੇੜਤਾ ਨੇ ਫਿਕਰਮੰਦ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਬਿਆਸ ਡੇਰੇ ਨੂੰ ਨਿਸ਼ਾਨੇ 'ਤੇ ਲੈ ਕੇ ਤੰਜ ਕੱਸੇ ਹਨ। 2022 ਵਿੱਚ ਡੇਰਾ ਪੈਰੋਕਾਰਾਂ ਨੇ ਆਪ ਨੂੰ ਵੋਟਾਂ ਦਿੱਤੀਆਂ ਸਨ, ਪਰ ਹੁਣ ਬਦਲਾਅ ਦੇ ਸੰਕੇਤ ਹਨ। ਕਾਂਗਰਸ ਪਹਿਲਾਂ ਹੀ ਡੁੱਬ ਰਹੀ ਹੈ, ਅਤੇ ਉਸ ਨੂੰ ਦਲਿਤ ਵੋਟਾਂ ਵਿੱਚ ਨੁਕਸਾਨ ਹੋ ਸਕਦਾ ਹੈ। ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਹੈ, ਕਿਉਂਕਿ ਉਹ ਅਨੇਕ ਧੜਿਆਂ ਵਿੱਚ ਵੰਡਿਆ ਹੋਇਆ ਹੈ। ਡੇਰਾ ਸਿਰਸਾ ਨਾਲ ਪੁਰਾਣੀ ਨੇੜਤਾ ਕਾਰਨ ਅਕਾਲੀ ਨੂੰ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ, ਅਤੇ ਭਾਜਪਾ ਨੇ ਉਸ ਦੇ ਪੰਥਕ ਅਧਾਰ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ ਹੈ। ਦਲ ਖਾਲਸਾ ਵਰਗੇ ਸੰਗਠਨਾਂ ਨੇ ਭਾਜਪਾ ਨੂੰ ਡੇਰਿਆਂ ਰਾਹੀਂ ਸਿੱਖ ਵਿਚਾਰਧਾਰਾ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਇਆ ਹੈ। ਭਾਜਪਾ ਦਾ ਵਧਦਾ ਪ੍ਰਭਾਵ ਅਕਾਲੀ ਨੂੰ ਪੰਥਕ ਵੋਟਾਂ ਤੋਂ ਵਾਂਝਾ ਕਰ ਸਕਦਾ ਹੈ। ਹੁਣ ਸਵਾਲ ਅਕਾਲੀ ਦਲ ਦੀ ਨੀਤੀ ਦਾ ਹੈ। ਸਿੱਖ ਰਾਜਨੀਤੀ ਨੂੰ ਜਿਉਂਦਾ ਰੱਖਣ ਲਈ ਅਕਾਲੀ ਨੂੰ ਏਕਤਾ ਅਪਣਾਉਣੀ ਚਾਹੀਦੀ ਹੈ। ਪਹਿਲਾਂ ਤਾਂ ਧੜੇਬੰਦੀ ਖਤਮ ਕਰਨੀ ਪਵੇਗੀ। ਨਵੇਂ ਧੜੇ ਵਰਗੇ ਗਿਆਨੀ ਹਰਪ੍ਰੀਤ ਸਿੰਘ ਵਾਲੇ ਗਰੁੱਪ ਨੇ ਅਕਾਲੀ ਨੂੰ ਹੋਰ ਕਮਜ਼ੋਰ ਕੀਤਾ ਹੈ। ਅਕਾਲੀ ਦਲ ਨੂੰ ਪੁਨਰ ਏਕਤਾ ਦੀ ਲੋੜ ਹੈ। ਅਕਾਲੀ ਦਲ ਨੂੰ ਸੋਸ਼ਲ ਮੀਡੀਆ 'ਤੇ ਮਜ਼ਬੂਤੀ, ਕਿਸਾਨ ਵੋਟਾਂ ਵੱਲ ਵਾਪਸੀ ਕਰਨ ਲਈ ਅਤੇ ਸ਼ਹਿਰੀ ਸਿੱਖ-ਹਿੰਦੂ ਵੋਟਾਂ ਨੂੰ ਟਾਰਗੈਟ ਕਰਨ ਲਈ ਕਦਮ ਕਰਨਾ ਪਵੇਗਾ। ਧਰਮ ਨੂੰ ਸਿਆਸਤ ਤੋਂ ਅਲੱਗ ਰੱਖਣਾ ਜ਼ਰੂਰੀ ਹੈ, ਕਿਉਂਕਿ ਡੇਰਾ ਸਿਆਸਤ ਨੇ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਇਆ ਹੈ। ਅਕਾਲੀ ਦਲ ਨੂੰ ਬੂਥ ਮੈਨੇਜਮੈਂਟ ਮਜ਼ਬੂਤ ਕਰਨ ਅਤੇ 'ਪੰਜਾਬ ਦੇ ਮਾਣ ਨੂੰ ਵਾਪਸ ਲਿਆਉਣ' ਵਰਗਾ ਨੈਰੇਟਿਵ ਬਣਾਉਣਾ ਪਵੇਗਾ। ਪੰਜਾਬ ਦੀ ਸਿਆਸਤ ਵਿੱਚ ਡੇਰਾਵਾਦ ਦੀ ਭੂਮਿਕਾ ਚਿੰਤਾਜਨਕ ਹੈ। ਇਹ ਨਾ ਸਿਰਫ਼ ਜਮਹੂਰੀਅਤ ਲਈ ਖ਼ਤਰਨਾਕ ਹੈ, ਬਲਕਿ ਪੰਜਾਬ ਦੀ ਵੱਖਰੀ ਤਾਸੀਰ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਸੂਝਵਾਨ ਵਰਗ ਇਸ ਤੋਂ ਨਾਖੁਸ਼ ਹੈ, ਅਤੇ ਸਿਆਸੀ ਪਾਰਟੀਆਂ ਨੂੰ ਵੋਟ ਬੈਂਕ ਤੋਂ ਉੱਪਰ ਉੱਠ ਕੇ ਸੋਚਣਾ ਚਾਹੀਦਾ ਹੈ। ਭਾਜਪਾ ਦਾ ਮਿਸ਼ਨ ਪੰਜਾਬ ਨੂੰ ਨਵਾਂ ਮੋੜ ਦੇ ਸਕਦਾ ਹੈ, ਪਰ ਅਕਾਲੀ ਦਲ ਨੇ ਜੇਕਰ ਏਕਤਾ, ਅਕਾਲੀ ਕਿਰਦਾਰ ਪੰਜਾਬ ਪੱਖੀ ਖੁਦਮੁਖਤਿਆਰ ਰਣਨੀਤੀ ਅਪਣਾਈ, ਤਾਂ ਸਿੱਖ ਰਾਜਨੀਤੀ ਨੂੰ ਜਿਉਂਦਾ .ਰੱਖ ਸਕਦਾ ਹੈ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**

# SIKHI PROMOTES TRUE DEMOCRATIC VALUES



Gurmukh Singh OBE

The temporal (*miri*) aim of Sikhi is *halemi raj**, literally meaning *rule of humility*.

It represents an egalitarian society, a state in which all citizens are treated equal and there is no oppression.

Sikhi socio-political *revolution* started with the arrival of Guru Nanak Sahib in 1469. His founding principles replaced old, outdated and often oppressive socio-political institutions with egalitarian institutions. Yet, the process of change was introduced systematically over a period of time and at the pace of the people and in the language of the people. That continues to be the process of learning (Sikh-ing!) through the Word of the Guru enshrined in Sri Guru Granth Sahib.

The Gurus and the Khalsa Panth worked interacted with outside regimes while asserting own theo-temporal sovereignty. Just regimes were supported and oppression was resisted through sacrifices and the sword (*Kirpan = Kirpa-aan, the defender of the oppressed and human dignity*).

Sirdar Kapur Singh wrote: *the Sikh doctrine of Double Sovereignty* [*Miri-Piri*, temporal and spiritual sovereignty] *has a modern ring and flavour. The main substance of this doctrine is that any sovereign state which includes Sikh population and groups as citizens, must never make the paranoia pretensions of almighty absolutism entailing the concept of total power, entitled to rule over the bodies and minds of men, in utter exclusiveness.***

Thus, wherever the Sikhs live, their allegiance to the state is qualified and conditional. The *miri* (temporal) ideal of Sikhi has supported *just* outside regimes but toppled them when the Sikhi conditions for a plural society have not been met. Needless to say, Sikhi is for regimes which remain committed to the rule of *just* laws. Sikhi will oppose authoritarian and majority community rule.

Sikh regimes under the Gurus, the town and city states from Kartarpur to *Anandpur Raj* of Guru Gobind Singh were like states within states. Later Sikh ethos regimes of diverse communities led by Baba Banda Singh, Misl raj and the Khalsa Raj of Maharaja Ranjit Singh – all aimed towards just rule in which the Sikhs or Sikh rulers were not above the laws for all people. That was a pre-democracy period but Sikh rule accorded broadly with true democratic principles of today. Maharaja Ranjit Singh regarded himself as equal to the citizens of Khalsa Raj and even submitted himself to punishment for his transgressions.

The Sikh aim is to establish an egalitarian plural society which fully accepts human diversity united by humanitarian values only (*Anekta meh Ekta Sikhi principle*). A society in which discrimination under any excuse has no place. The miri (temporal) aim of Sikhi is an egalitarian society in which there is no discrimination or oppression by those in power under any pretext. The piri (spiritual) goal of Sikhi is inner focus (*aatam ki reht*) centred on One Creator Being of all. The Sikh *reht* – way of life and identity – including the 5Ks and the Dastar are extensions of internal reht, leading to cultivation of virtues.

Thus, Sikhi founding principles of Guru Nanak Sahib are the antithesis of oppressive regimes. Sooner or later, Sikhi will clash with such regimes. And in that clash, writes Sirdar Kapur Singh, *the State shall never emerge out as finally victorious., for self-destruction is the fruit of the seed of non-limitation, and the status and the prerogatives of the Khalsa are imprescriptible*.

Otherwise, Sikhs will always be valued as net contributors to any truly democratic state.

*Halemi Raj: Proclamation of Halemi Raj by Guru Arjan Sahib

** Sirdar Kapur Singh: The Golden Temple: Its Theo-political Status

Gurmukh Singh OBE, Ret'd Principal Civil Servant (UK) sewauk2005@yahoo.co.uk

# ਪੀਐੱਮ ਮੋਦੀ ਦਾ ਡੇਰਾ ਸਚਖੰਡ ਬੱਲਾਂ ਦੌਰੇ ਪਿਛੇ ਕੀ ਰਾਜਨੀਤਕ ਮਕਸਦ ਸੀ ?

## ✪ ਪੰਜਾਬ ਦੀ ਸਿਆਸੀ ਹਕੀਕਤ ਕੀ ਹੈ, ਕੀ ਸਿੱਖ ਸਿਆਸਤ ਆਪਣੀ ਹੋਂਦ ਬਰਕਰਾਰ ਰੱਖ ਸਕੇਗੀ ? ✪ ਕੀ ਪੰਜਾਬ ਵਿਚ ਭਾਜਪਾ ਦਾ ਗੈਰ ਜਟ ਸਿਆਸਤ ਦਾ ਏਜੰਡਾ ਚਲ ਸਕੇਗਾ ?

ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਤ ਗੁਰੂ ਰਵਿਦਾਸ ਜੀ ਦੀ 649ਵੀਂ ਜਯੰਤੀ ਮੌਕੇ ਡੇਰਾ ਸਚਖੰਡ ਬੱਲਾਂ ਦਾ ਦੌਰਾ ਕੀਤਾ ਸੀ। ਇਹ ਦੌਰਾ ਨਾ ਸਿਰਫ ਧਾਰਮਿਕ ਸੀ ਬਲਕਿ ਰਾਜਨੀਤਕ ਨਜ਼ਰੀਏ ਤੋਂ ਵੀ ਬਹੁਤ ਅਹਿਮ ਵੇਖਿਆ ਜਾ ਰਿਹਾ ਹੈ। ਪੀਐੱਮ ਨੇ ਡੇਰੇ ਵਿੱਚ ਮੱਥਾ ਟੇਕਿਆ, ਡੇਰਾ ਮੁਖੀ ਸੰਤ ਨਿਰੰਜਨ ਦਾਸ ਜੀ ਨੂੰ ਪੈਰ ਛੂਹ ਕੇ ਸਤਿਕਾਰ ਕੀਤਾ ਅਤੇ ਇੱਕ ਵੱਡੀ ਸਭਾ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਸੰਤ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਬਾਰੇ ਗੱਲ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਮਾਨਤਾ ਅਤੇ ਮਨੁੱਖੀ ਇੱਜ਼ਤ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੇ ਆਦਮਪੁਰ ਏਅਰਪੋਰਟ ਨੂੰ 'ਸ੍ਰੀ ਗੁਰੂ ਰਵਿਦਾਸ ਜੀ ਏਅਰਪੋਰਟ, ਆਦਮਪੁਰ' ਨਾਂ ਦਿੱਤਾ ਅਤੇ ਲੁਧਿਆਣਾ ਦੇ ਹਲਵਾਰਾ ਏਅਰਪੋਰਟ ਦੇ ਨਵੇਂ ਟਰਮੀਨਲ ਦਾ ਵਰਚੁਅਲ ਉਦਘਾਟਨ ਕੀਤਾ। ਇਹ ਕਦਮ ਰਵਿਦਾਸੀਆ ਭਾਈਚਾਰੇ ਲਈ ਵੱਡਾ ਸਨਮਾਨ ਵਜੋਂ ਵੇਖਿਆ ਜਾ ਰਿਹਾ ਹੈ।




ਰਾਜਨੀਤਕ ਮਾਹਿਰਾਂ ਅਨੁਸਾਰ, ਪੀਐੱਮ ਮੋਦੀ ਦਾ ਇਹ ਦੌਰਾ ਮੁੱਖ ਤੌਰ 'ਤੇ ਰਾਜਨੀਤਕ ਸੀ। ਪੰਜਾਬ ਵਿੱਚ ਦਲਿਤ ਵੋਟਰਾਂ ਦੀ ਗਿਣਤੀ ਲਗਭਗ 32 ਪ੍ਰਤੀਸ਼ਤ ਹੈ, ਜੋ ਦੇਸ਼ ਵਿੱਚ ਸਭ ਤੋਂ ਵੱਧ ਹੈ। ਰਵਿਦਾਸੀਆ ਅਤੇ ਆਦਿ-ਧਰਮੀ ਭਾਈਚਾਰਾ ਇਸ ਵਿੱਚ ਸਭ ਤੋਂ ਵੱਡਾ ਹੈ। ਡੇਰਾ ਸਚਖੰਡ ਬੱਲਾਂ ਦੁਆਬੇ ਵਿਚ ਇਸ ਭਾਈਚਾਰੇ ਦਾ ਸਭ ਤੋਂ ਵੱਡਾ ਕੇਂਦਰ ਹੈ ਅਤੇ ਇਸ ਦਾ ਅਸਰ ਪੰਜਾਬ ਦੇ ਦੋਆਬਾ ਖੇਤਰ ਵਿੱਚ 19-20 ਵਿਧਾਨ ਸਭਾ ਸੀਟਾਂ 'ਤੇ ਹੈ। ਭਾਰਤੀ ਜਨਤਾ ਪਾਰਟੀ ਚਾਹੁੰਦੀ ਹੈ ਕਿ ਇਹ ਵੋਟਰ ਉਨ੍ਹਾਂ ਵੱਲ ਆਉਣ। 2027 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਹਨ ਅਤੇ ਬੀਜੇਪੀ ਆਪਣੀ ਪਕੜ ਮਜ਼ਬੂਤ ਕਰਨਾ ਚਾਹੁੰਦੀ ਹੈ।

ਪਹਿਲਾਂ ਬੀਜੇਪੀ ਦਾ ਵੋਟ ਸ਼ੇਅਰ ਬਹੁਤ ਘੱਟ ਸੀ। 2022 ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ 6.6 ਪ੍ਰਤੀਸ਼ਤ ਵੋਟ ਮਿਲੇ ਸਨ ਪਰ 2024 ਲੋਕ ਸਭਾ ਚੋਣਾਂ ਵਿੱਚ ਇਹ ਵਧ ਕੇ 18.56 ਪ੍ਰਤੀਸ਼ਤ ਹੋ ਗਿਆ ਸੀ। ਹੁਣ ਪਾਰਟੀ ਦਲਿਤ ਵੋਟਾਂ 'ਤੇ ਫੋਕਸ ਕਰ ਰਹੀ ਹੈ ਤਾਂ ਜੋ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦੇ ਵੋਟ ਬੈਂਕ ਵਿੱਚ ਸੇਧ ਲਗਾ ਸਕੇ। ਮੋਦੀ ਜੀ ਨੇ ਪਹਿਲੀ ਵਾਰ ਵਾਰਾਣਸੀ ਦੀ ਬਜਾਏ ਪੰਜਾਬ ਦੇ ਡੇਰੇ ਵਿੱਚ ਜਯੰਤੀ ਮਨਾਉਣਾ ਚੁਣਿਆ ਜੋ ਭਾਈਚਾਰੇ ਲਈ ਵੱਡਾ ਸਨਮਾਨ ਹੈ। ਇਸ ਤੋਂ ਪਹਿਲਾਂ ਜਨਵਰੀ 2026 ਵਿੱਚ ਸੰਤ ਨਿਰੰਜਨ ਦਾਸ ਜੀ ਨੂੰ ਪਦਮ ਸ਼੍ਰੀ ਦਾ ਐਲਾਨ ਕੀਤਾ ਗਿਆ ਜੋ ਰਾਜਨੀਤਕ ਰਣਨੀਤੀ ਦਾ ਹਿੱਸਾ ਵੇਖਿਆ ਜਾ ਰਿਹਾ ਹੈ।

ਪਰ ਇਹ ਗੱਲ ਵੀ ਸੱਚ ਹੈ ਕਿ ਦਲਿਤ ਭਾਈਚਾਰਾ ਇੱਕ ਨਹੀਂ ਹੈ। ਇਸ ਵਿੱਚ ਰਵਿਦਾਸੀਆ, ਆਦਿ-ਧਰਮੀ, ਰਾਮਦਾਸੀਆ ਵਰਗੇ ਵੱਖ ਵੱਖ ਗਰੁੱਪ ਹਨ। ਕੁਝ ਹਿੰਦੂ ਪਛਾਣ ਵਾਲੇ ਹਨ ਅਤੇ ਕੁਝ ਸਿੱਖ ਪਛਾਣ ਵਾਲੇ ਹਨ। ਡੇਰਾ ਬੱਲਾਂ ਦਾ ਅਸਰ ਮੁੱਖ ਤੌਰ 'ਤੇ ਆਦਿ-ਧਰਮੀ ਅਤੇ ਰਵਿਦਾਸੀਆ (ਹਿੰਦੂ ਭਾਈਚਾਰੇ) ਵਿੱਚ ਹੈ। 2011 ਜਨਗਣਨਾ ਅਨੁਸਾਰ ਆਦਿ-ਧਰਮੀਆਂ ਵਿੱਚ 9.12 ਲੱਖ ਹਿੰਦੂ ਹਨ ਜਦਕਿ ਰਾਮਦਾਸੀਆ ਵਿੱਚ 14.43 ਲੱਖ ਸਿੱਖ ਹਨ। ਇਸ ਕਰਕੇ ਇੱਕ ਦੌਰੇ ਨਾਲ ਸਾਰੇ ਭਾਈਚਾਰੇ 'ਤੇ ਅਸਰ ਨਹੀਂ ਪੈਂਦਾ।

ਰਵਿਦਾਸੀਆ ਭਾਈਚਾਰਾ ਆਪਣੀ ਵੱਖਰੀ ਧਾਰਮਿਕ ਪਛਾਣ ਚਾਹੁੰਦਾ ਹੈ ਅਤੇ ਬੀਜੇਪੀ ਇਸ ਨੂੰ ਸਮਝ ਕੇ ਫਾਇਦਾ ਲੈ ਰਹੀ ਹੈ। ਪਰ ਇਸ ਭਾਈਚਾਰੇ ਵਿੱਚ ਹਿੰਦੂਤਵ ਵਿਰੋਧੀ ਵਿਚਾਰ ਵੀ ਮਜ਼ਬੂਤ ਹਨ ਤੇ ਸਿੱਖ ਧਰਮ ਤੋਂ ਅਲਗ ਪਛਾਣ ਰੱਖ ਰਹੇ ਹਨ। ਦਲਿਤ ਵੋਟਰ ਪਾਰਟੀਆਂ ਵਿੱਚ ਵੰਡੇ ਹੋਏ ਹਨ। ਕਦੇ ਕਾਂਗਰਸ, ਕਦੇ ਬੀਐੱਸਪੀ, ਕਦੇ ਅਕਾਲੀ ਦਲ ਅਤੇ ਹੁਣ ਆਪ ਵੀ ਅਸਰ ਪਾ ਰਹੀ ਹੈ।

ਬੀਜੇਪੀ ਦੇ ਇੱਕ ਸੀਨੀਅਰ ਲੀਡਰ ਨੇ ਕਿਹਾ ਕਿ ਬੀਜੇਪੀ ਨੂੰ ਅਜੇ ਬਹੁਤ ਮਿਹਨਤ ਕਰਨੀ ਪਵੇਗੀ। ਪਰ ਮਜ਼ਹਬੀ ਸਿੱਖ ਬੀਜੇਪੀ ਵੱਲ ਆ ਰਹੇ ਹਨ। ਡੇਰਾ ਬੱਲਾਂ ਦਾ ਪ੍ਰਭਾਵ ਦੋਆਬਾ ਵਿੱਚ ਜ਼ਿਆਦਾ ਹੈ ਜਿੱਥੇ ਦਲਿਤਾਂ ਦੀ ਗਿਣਤੀ 37 ਪ੍ਰਤੀਸ਼ਤ ਹੈ ਅਤੇ ਉਨ੍ਹਾਂ ਵਿੱਚੋਂ 61 ਪ੍ਰਤੀਸ਼ਤ ਰਵਿਦਾਸੀਆ ਹਨ। ਡੇਰੇ ਨੇ ਕਦੇ ਵੀ ਖੁੱਲ੍ਹ ਕੇ ਕਿਸੇ ਪਾਰਟੀ ਨੂੰ ਸਮਰਥਨ ਨਹੀਂ ਦਿੱਤਾ ਪਰ ਇਥੇ ਨੇਤਾ ਅਕਸਰ ਆਉਂਦੇ ਰਹਿੰਦੇ ਹਨ। ਬੀਜੇਪੀ ਨੇ ਅਕਾਲੀ ਦਲ ਨਾਲ ਗਠਜੋੜ ਟੁੱਟਣ ਬਾਅਦ ਆਪਣਾ ਆਧਾਰ ਪੰਜਾਬ ਵਿਚ ਵਧਾਉਣਾ ਸ਼ੁਰੂ ਕੀਤਾ ਹੋਇਆ ਹੈ। ਯਾਦ ਰਹੇ ਕਿ ਡੇਰੇ ਨੇ 2010 ਵਿੱਚ ਵਾਰਾਣਸੀ ਵਿੱਚ ਨਵਾਂ ਧਰਮ ਐਲਾਨ ਕੀਤਾ ਸੀ ਅਤੇ 2020 ਵਿੱਚ ਜਨਗਣਨਾ ਵਿੱਚ ਸ਼ਾਮਲ ਕਰਨ ਲਈ ਚਿੱਠੀ ਲਿਖੀ ਸੀ। ਇਸ ਦੌਰੇ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬੀਜੇਪੀ ਪ੍ਰਧਾਨ ਸੁਨੀਲ ਜਾਖੜ, ਅਵਿਨਾਸ਼ ਚੰਦਰ ਵੀ ਮੌਜੂਦ ਸਨ।

ਰਾਜਨੀਤਕ ਮਾਹਿਰਾਂ ਅਨੁਸਾਰ ਬੀਜੇਪੀ ਪੰਜਾਬ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਗੈਰ-ਜੱਟ ਵੋਟਾਂ 'ਤੇ ਫੋਕਸ ਕਰ ਰਹੀ ਹੈ, ਜਿਵੇਂ ਹਰਿਆਣਾ ਵਿੱਚ ਕੀਤਾ ਗਿਆ ਸੀ। ਹਰਿਆਣਾ ਵਿੱਚ ਬੀਜੇਪੀ ਨੇ ਗੈਰ-ਜਟ ਵੋਟਾਂ ਨੂੰ ਇਕਜੁੱਟ ਕਰਕੇ ਸੱਤਾ ਹਾਸਲ ਕੀਤੀ ਸੀ। ਉੱਥੇ ਜਟ ਵੋਟਾਂ ਨੂੰ ਨਜ਼ਰਅੰਦਾਜ਼ ਕਰਕੇ ਓਬੀਸੀ, ਦਲਿਤ ਅਤੇ ਸ਼ਹਿਰੀ ਵੋਟਰਾਂ ਨੂੰ ਆਕਰਸ਼ਿਤ ਕੀਤਾ ਗਿਆ ਸੀ। ਪੰਜਾਬ ਵਿੱਚ ਵੀ ਬੀਜੇਪੀ ਇਸੇ ਰਣਨੀਤੀ ਨੂੰ ਅਪਣਾ ਰਹੀ ਹੈ।

ਪੰਜਾਬ ਵਿੱਚ ਜੱਟ ਵੋਟਾਂ ਰਵਾਇਤੀ ਤੌਰ 'ਤੇ ਅਕਾਲੀ ਦਲ ਅਤੇ ਕਾਂਗਰਸ ਵੱਲ ਝੁਕੇ ਰਹੇ ਹਨ ਪਰ ਬੀਜੇਪੀ ਹੁਣ ਦਲਿਤ, ਹਿੰਦੂ ਅਤੇ ਗੈਰ-ਜਟ ਵੋਟਾਂ ਨੂੰ ਟਾਰਗੇਟ ਕਰ ਰਹੀ ਹੈ। ਇਸ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਨਵਾਂ ਮੋੜ ਆ ਸਕਦਾ ਹੈ। ਰਾਜਨੀਤਕ ਮਾਹਿਰਾਂ ਅਨੁਸਾਰ, ਬੀਜੇਪੀ ਪੰਜਾਬ ਵਿੱਚ ਗੈਰ-ਜਟ ਵੋਟਾਂ ਨੂੰ ਪ੍ਰਮੋਟ ਕਰ ਰਹੀ ਹੈ ਤਾਂ ਜੋ ਰਵਾਇਤੀ ਜੱਟ-ਆਧਾਰਿਤ ਸਿਆਸਤ ਨੂੰ ਚੁਣੌਤੀ ਦਿੱਤੀ ਜਾ ਸਕੇ।

ਬੀਜੇਪੀ ਦੀ ਰਣਨੀਤੀ ਕਿੰਨੀ ਕਾਮਯਾਬ ਹੋਵੇਗੀ, ਇਹ ਵੇਖਣ ਵਾਲੀ ਗੱਲ ਹੈ। ਦਲਿਤ ਵੋਟਾਂ ਸਥਾਨਕ ਮੁੱਦਿਆਂ ਅਤੇ ਉਮੀਦਵਾਰਾਂ 'ਤੇ ਨਿਰਭਰ ਕਰਦੀਆਂ ਹਨ ਤਾਂ ਜਟਿਲਤਾਵਾਂ ਵੀ ਬਹੁਤ ਹਨ। ਪੰਜਾਬ ਵਿੱਚ ਬੀਜੇਪੀ ਨੂੰ ਅਜੇ ਵੀ ਬਹੁਤ ਮਿਹਨਤ ਕਰਨੀ ਪਵੇਗੀ ਕਿਉਂਕਿ ਇੱਥੇ ਰਵਾਇਤੀ ਸਿੱਖ ਅਤੇ ਜਟ ਵੋਟਾਂ ਦਾ ਅਸਰ ਵੱਡਾ ਹੈ। ਪਰ ਬੀਜੇਪੀ ਦੀ ਗੈਰ-ਜਟ ਰਣਨੀਤੀ ਨਾਲ ਪੰਜਾਬ ਦੀ ਸਿਆਸੀ ਤਸਵੀਰ ਬਦਲ ਸਕਦੀ ਹੈ।

### ਡੇਰਾ ਸਚਖੰਡ ਬੱਲਾਂ ਅਤੇ ਕਈ ਸਕੂਲਾਂ ਨੂੰ ਬੰਬ ਧਮਕੀਆਂ ਕਿਉਂ ਮਿਲੀਆਂ ?

ਇਹ ਧਮਕੀਆਂ 31 ਜਨਵਰੀ 2026 ਨੂੰ ਮਿਲੀਆਂ ਸਨ, ਜੋ ਪੀਐੱਮ ਮੋਦੀ ਦੇ ਦੌਰੇ ਤੋਂ ਠੀਕ ਇੱਕ ਦਿਨ ਪਹਿਲਾਂ ਸਨ। ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੇ ਜਾਂਚ ਕੀਤੀ ਅਤੇ ਧਮਕੀਆਂ ਝੂਠੀਆਂ ਸਾਬਤ ਹੋਈਆਂ। ਕੋਈ ਬੰਬ ਜਾਂ ਸ਼ੱਕੀ ਵਸਤੂ ਨਹੀਂ ਮਿਲੀ। ਧਮਕੀ ਵਿੱਚ ਕਿਹਾ ਗਿਆ ਸੀ ਕਿ ਜਲੰਧਰ ਦੇ ਚਾਰ-ਪੰਜ ਸਕੂਲਾਂ ਅਤੇ ਡੇਰੇ ਵਿੱਚ ਬੰਬ ਧਮਾਕੇ ਕੀਤੇ ਜਾਣਗੇ। ਈਮੇਲ ਵਿੱਚ ਪੀਐੱਮ ਮੋਦੀ ਨੂੰ "ਖਾਲਿਸਤਾਨੀਆਂ ਦਾ ਦੁਸ਼ਮਣ" ਵੀ ਕਿਹਾ ਗਿਆ ਸੀ। ਧਮਕੀਆਂ ਤੋਂ ਬਾਅਦ ਹੋਰ ਵਧੇਰੇ ਅਲਰਟ ਰੱਖਿਆ ਗਿਆ ਪਰ ਪ੍ਰਧਾਨ ਮੰਤਰੀ ਦਾ ਦੌਰਾ ਬਿਨਾਂ ਕਿਸੇ ਰੁਕਾਵਟ ਦੇ ਸਫਲ ਰਿਹਾ। ਪੁਲਿਸ ਅਜੇ ਵੀ ਈਮੇਲਾਂ ਦੇ ਭੇਜਣ ਵਾਲੇ ਦੀ ਟਰੇਸਿੰਗ ਕਰ ਰਹੀ ਹੈ ਪਰ ਅਜੇ ਤੱਕ ਕੋਈ ਗ੍ਰਿਫਤਾਰੀ ਜਾਂ ਪੱਕੀ ਜਾਣਕਾਰੀ ਨਹੀਂ ਆਈ।

ਪੀਐੱਮ ਦਾ ਦੌਰਾ ਸਫਲ ਰਿਹਾ ਅਤੇ ਭਾਈਚਾਰੇ ਨੂੰ ਵੱਡਾ ਸੰਦੇਸ਼ ਮਿਲਿਆ। ਇਹ ਘਟਨਾ ਦਿਖਾਉਂਦੀ ਹੈ ਕਿ ਵੱਡੇ ਰਾਜਨੀਤਕ/ਧਾਰਮਿਕ ਪ੍ਰੋਗਰਾਮਾਂ ਸਮੇਂ ਅਜਿਹੀਆਂ ਝੂਠੀਆਂ ਧਮਕੀਆਂ ਆਮ ਹੋ ਗਈਆਂ ਹਨ ਜੋ ਮੁੱਖ ਤੌਰ 'ਤੇ ਪੈਨਿਕ ਪੈਦਾ ਕਰਨ ਲਈ ਹੁੰਦੀਆਂ ਹਨ।

### ਕੀ ਸਿੱਖ ਸਿਆਸਤ ਦਾ ਆਧਾਰ ਖੁਰ ਰਿਹਾ ਹੈ ?

ਅਕਾਲੀ ਦਲ ਦੇ ਰਾਜਨੀਤਕ ਨਿਘਾਰ ਕਾਰਣ ਇਹ ਗੱਲ ਸੱਚ ਹੈ ਕਿ ਪੰਜਾਬ ਵਿੱਚ ਸਿੱਖ ਸਿਆਸਤ ਦਾ ਆਧਾਰ ਕਮਜ਼ੋਰ ਹੋ ਰਿਹਾ ਹੈ। ਰਵਾਇਤੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਲੀਡਰਸ਼ਿਪ ਦੀ ਕਮੀ ਅਤੇ ਪਰਿਵਾਰਵਾਦ ਕਾਰਨ ਪਾਰਟੀ ਦਾ ਆਧਾਰ ਘਟ ਰਿਹਾ ਹੈ। ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ ਵੱਲੋਂ ਤਨਖ਼ਾਹੀਆ ਐਲਾਨ ਕੀਤੇ ਜਾਣ ਨਾਲ ਪਾਰਟੀ ਦੀ ਸਾਖ ਨੂੰ ਝਟਕਾ ਲੱਗਾ ਹੈ। ਪੰਜਾਬ ਵਿੱਚ ਸਿੱਖਾਂ ਦੀ ਆਬਾਦੀ ਵੀ ਘਟ ਰਹੀ ਹੈ, ਕਿਉਂਕਿ ਵਿਦੇਸ਼ਾਂ ਵੱਲ ਪ੍ਰਵਾਸ ਵਧ ਰਿਹਾ ਹੈ ਅਤੇ ਜਨਮ ਦਰ ਘੱਟ ਹੈ। 2011 ਜਨਗਣਨਾ ਅਨੁਸਾਰ ਸਿੱਖਾਂ ਦੀ ਆਬਾਦੀ 57.69 ਪ੍ਰਤੀਸ਼ਤ ਹੈ ਪਰ ਹੁਣ ਇਹ ਹੋਰ ਘਟ ਰਹੀ ਹੈ।

ਸਿੱਖ ਸਿਆਸਤ ਵਿੱਚ ਅਕਾਲੀ ਦਲ ਦਾ ਘਟਦਾ ਅਸਰ ਵੇਖਿਆ ਜਾ ਰਿਹਾ ਹੈ। ਪਹਿਲਾਂ ਅਕਾਲੀ ਦਲ ਜਟ ਸਿੱਖ ਵੋਟਾਂ 'ਤੇ ਨਿਰਭਰ ਸੀ ਪਰ ਹੁਣ ਆਪ ਅਤੇ ਕਾਂਗਰਸ ਵੀ ਇਸ ਵੋਟ ਬੈਂਕ ਵਿੱਚ ਸੰਨ੍ਹ ਲਗਾ ਰਹੀਆਂ ਹਨ। ਨਵਾਂ ਅਕਾਲੀ ਦਲ ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਬਾਦਲ ਅਕਾਲੀ ਦਲ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਅਕਾਲੀ ਦਲ ਦੀ ਫੁਟ ਕਾਰਣ ਆਪ ਅਤੇ ਕਾਂਗਰਸ ਨੂੰ ਫਾਇਦਾ ਹੋ ਰਿਹਾ ਹੈ। ਪਰ ਸਿੱਖ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਅਤੇ ਨਸ਼ਿਆਂ ਵਰਗੇ ਮੁੱਦੇ ਵੱਡੇ ਹਨ ਜੋ ਰਾਜਨੀਤਕ ਪਾਰਟੀਆਂ ਨੂੰ ਚੁਣੌਤੀ ਦੇ ਰਹੇ ਹਨ। ਖਾਲਿਸਤਾਨ ਵਰਗੇ ਵਿਚਾਰ ਅਜੇ ਵੀ ਕੁਝ ਲੋਕਾਂ ਵਿੱਚ ਜਿਉਂਦੇ ਹਨ ਪਰ ਕਈ ਸਿੱਖ ਇਨਸਾਫ਼, ਖੁਦਮੁਖਤਿਆਰੀ ,ਸ਼ਾਂਤੀ ਅਤੇ ਵਿਕਾਸ ਚਾਹੁੰਦੇ ਹਨ। ਪਰ ਭਾਰਤ ਸਰਕਾਰ ਪੰਜਾਬ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਧਿਆਨ ਨਹੀ ਦੇ ਰਹੀ। ਪੰਜਾਬ ਦੀ ਰਾਜਨੀਤੀ ਵਿੱਚ ਨਵੇਂ ਵਿਚਾਰ ਅਤੇ ਰਣਨੀਤੀਆਂ ਆ ਰਹੀਆਂ ਹਨ। ਬੀਜੇਪੀ ਦੀ ਇਹ ਕੋਸ਼ਿਸ਼ ਕਿੰਨੀ ਸਫਲ ਹੁੰਦੀ ਹੈ, ਇਹ 2027 ਚੋਣਾਂ ਵਿੱਚ ਪਤਾ ਲੱਗੇਗਾ। ਪਰ ਇੱਕ ਗੱਲ ਸਾਫ ਹੈ ਕਿ ਪੰਜਾਬ ਵਿੱਚ ਰਾਜਨੀਤਕ ਬਦਲਾਅ ਆ ਰਿਹਾ ਹੈ ਅਤੇ ਗੈਰ-ਜਟ ਵੋਟਾਂ ਵੱਡਾ ਰੋਲ ਨਿਭਾਉਣਗੀਆਂ। ਸਿੱਖ ਸਿਆਸਤ ਨੂੰ ਵੀ ਨਵੇਂ ਨੇਤਾਵਾਂ ਅਤੇ ਵਿਚਾਰਾਂ ਦੀ ਲੋੜ ਹੈ ਤਾਂ ਜੋ ਇਸ ਦਾ ਆਧਾਰ ਮਜ਼ਬੂਤ ਰਹੇ।

# ਬੰਬ ਧਮਾਕੇ ਲਈ 'ਖਤਰਨਾਕ ਸਲਾਹ' ਕਿਸਨੇ ਦਿੱਤੀ: ਭੱਠਲ ਨੇ ਖੋਲ੍ਹੇ ਸਿਆਸਤ ਦੇ ਕਾਲੇ ਰਾਜ਼

## ○ ਅਫਸਰਾਂ ਨੇ ਕਿਹਾ ਸੀ- ਬੰਬ ਧਮਾਕੇ ਕਰੋ, ਸਰਕਾਰ ਬਣਾਓ: ਭੱਠਲ ਦਾ ਖੁਲਾਸਾ ○ ਆਪ-ਅਕਾਲੀ ਦਲ ਨੇ ਕਿਹਾ ਕਿ ਸਰਕਾਰ ਕਮਿਸ਼ਨ ਬਣਾਵੇ

### ਪੰਜਾਬ ਸੰਤਾਪ ਦਾ ਜਿੰਮੇਵਾਰ ਕੌਣ ?



ਪੰਜਾਬ ਸੰਤਾਪ ਦੀ ਗੱਲ ਕਰੀਏ ਤਾਂ ਇਹ ਇੱਕ ਲੰਮੀ ਅਤੇ ਜਟਿਲ ਕਹਾਣੀ ਹੈ ਜੋ 1978 ਦੇ ਦਹਾਕੇ ਤੋਂ ਸ਼ੁਰੂ ਹੁੰਦੀ ਹੈ। 1984 ਵਿੱਚ ਘਲੂਘਾਰਾ ਜੂਨ 84 ਨੇ ਪੰਜਾਬ ਸੰਤਾਪ ਨੂੰ ਵਧਾਇਆ ਅਤੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਨਵੰਬਰ 84ਸਿੱਖ ਕਤਲੇਆਮ ਕਰਵਾਇਆ। ਉਸ ਸਮੇਂ ਕੇਂਦਰੀ ਸਰਕਾਰ (ਕਾਂਗਰਸ) ਨੂੰ ਮੁੱਖ ਜਿੰਮੇਵਾਰ ਮੰਨਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਖਾੜਕੂਵਾਦ ਨੂੰ ਕੰਟਰੋਲ ਕਰਨ ਲਈ ਗਲਬਾਤ ਦਾ ਰਾਹ ਅਪਨਾਉਣ ਦੀ ਥਾਂ ਸਟੇਟ ਦੇ ਡੰਡੇ ਨਾਲ ਲਹਿਰ ਨੂੰ ਕੁਚਲਿਆਂ। ਕਈ ਵਾਰ ਇਸ ਨੂੰ ਰਾਜਨੀਤਿਕ ਫਾਇਦੇ ਲਈ ਵਰਤਿਆ। ਰਾਜੀਵ ਗਾਂਧੀ ਦੇ ਕਾਰਜਕਾਲ ਵਿੱਚ ਲੌਂਗੋਵਾਲ ਸਮਝੌਤੇ ਨੂੰ ਲਾਗੂ ਨਾ ਕਰਕੇ ਪੰਜਾਬ ਸੰਤਾਪ ਨੂੰ ਵਧਾਇਆ। ਭੱਠਲ ਦੇ ਬਿਆਨ ਨੇ ਇਹ ਸੰਕੇਤ ਦਿੱਤਾ ਕਿ ਅਫਸਰ ਅਤੇ ਨੇਤਾ ਹਿੰਸਾ ਨੂੰ ਮੈਨੇਜ ਕਰ ਰਹੇ ਸਨ। ਬੁੱਧੀਜੀਵੀਆਂ ਅਨੁਸਾਰ, ਅਸਲ ਜਿੰਮੇਵਾਰ ਕੇਂਦਰ ਅਤੇ ਰਾਜ ਸਰਕਾਰਾਂ ਦੀ ਨੀਤੀਆਂ ਹਨ ਜਿਨ੍ਹਾਂ ਨੇ ਆਰਥਿਕ ਅਸਮਾਨਤਾ ਅਤੇ ਧਾਰਮਿਕ ਭਾਵਨਾਵਾਂ ਨੂੰ ਵਰਤਿਆ। ਪੰਜਾਬ ਨੇ 10000 ਤੋਂ ਵੱਧ ਲੋਕ ਗੁਆਏ ਅਤੇ ਅੱਜ ਵੀ ਪੀੜਤ ਪਰਿਵਾਰ ਇਨਸਾਫ ਲਈ ਲੜ ਰਹੇ ਹਨ। ਭੱਠਲ ਦਾ ਬਿਆਨ ਇਸ ਨੂੰ ਮੁੜ ਜਾਂਚ ਕਮਿਸ਼ਨ ਦੀ ਮੰਗ ਨਾਲ ਜੋੜਦਾ ਹੈ।

• ਨਿਊਜ਼ ਵਿਸ਼ਲੇਸ਼ਣ •

ਪੰਜਾਬ ਦੀ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੀ ਸੀਨੀਅਰ ਆਗੂ ਰਾਜਿੰਦਰ ਕੌਰ ਭੱਠਲ ਵੱਲੋਂ ਇੱਕ ਪੌਡਕਾਸਟ ਵਿੱਚ ਕੀਤੇ ਗਏ ਵਿਵਾਦਤ ਬਿਆਨ ਨੇ ਸੂਬੇ ਦੀ ਸਿਆਸਤ ਵਿਚ ਹਲਚਲ ਮਚਾ ਦਿੱਤੀ ਹੈ। ਭੱਠਲ ਨੇ ਦਾਅਵਾ ਕੀਤਾ ਕਿ 1996-97 ਵਿੱਚ ਉਨ੍ਹਾਂ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਦੌਰਾਨ ਕੁਝ ਅਫਸਰਾਂ ਨੇ ਉਨ੍ਹਾਂ ਨੂੰ ਬੰਬ ਧਮਾਕੇ ਕਰਵਾਉਣ ਦੀ ਸਲਾਹ ਦਿੱਤੀ ਸੀ ਤਾਂ ਜੋ ਡਰ ਅਤੇ ਦਹਿਸ਼ਤ ਪੈਦਾ ਕਰਕੇ ਕਾਂਗਰਸ ਨੂੰ ਮੁੜ ਸੱਤਾ ਵਿੱਚ ਲਿਆਂਦਾ ਜਾ ਸਕੇ। ਇਸ ਬਿਆਨ ਨੇ ਨਾ ਸਿਰਫ਼ ਕਾਂਗਰਸ ਨੂੰ ਬਚਾਅ ਵਾਲੀ ਸਥਿਤੀ ਵਿੱਚ ਲਿਆ ਖੜ੍ਹਾ ਕੀਤਾ ਹੈ ਬਲਕਿ ਵਿਰੋਧੀ ਪਾਰਟੀਆਂ ਨੂੰ ਵੀ ਹਮਲੇ ਲਈ ਨਵਾਂ ਹਥਿਆਰ ਦੇ ਦਿੱਤਾ ਹੈ। 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਵੇਖਦੇ ਹੋਏ ਇਹ ਵਿਵਾਦ ਅਜੇ ਹੋਰ ਭੜਕਣ ਦੀ ਸੰਭਾਵਨਾ ਹੈ।

ਰਾਜਿੰਦਰ ਕੌਰ ਭੱਠਲ ਪੰਜਾਬ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਸਨ ਅਤੇ ਉਨ੍ਹਾਂ ਨੇ 1996 ਤੋਂ 1997 ਤੱਕ ਸੂਬੇ ਦੀ ਅਗਵਾਈ ਕੀਤੀ ਸੀ। ਉਹ ਲੰਮੇ ਸਮੇਂ ਤੋਂ ਕਾਂਗਰਸ ਨਾਲ ਜੁੜੀ ਹੋਈ ਹੈ। ਹਾਲ ਹੀ ਵਿੱਚ ਇੱਕ ਯੂਟਿਊਬ ਪੌਡਕਾਸਟ ਵਿੱਚ ਗੱਲਬਾਤ ਕਰਦਿਆਂ ਭੱਠਲ ਨੇ ਕਿਹਾ ਸੀ ਕਿ "ਸਾਡੀ ਸਰਕਾਰ ਵੇਲੇ ਕੁਝ ਅਫਸਰ ਆਏ ਅਤੇ ਕਿਹਾ ਕਿ ਜੇਕਰ ਰੇਲ ਗੱਡੀਆਂ ਵਿੱਚ ਅਤੇ ਕੁਝ ਬਾਜ਼ਾਰਾਂ ਵਿੱਚ ਬੰਬ ਧਮਾਕੇ ਕੀਤੇ ਜਾਣ ਤਾਂ ਤੁਹਾਡੀ ਸਰਕਾਰ ਮੁੜ ਬਣ ਸਕਦੀ ਹੈ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਇਸ ਪ੍ਰਸਤਾਵ ਨੂੰ ਠੁਕਰਾ ਦਿੱਤਾ ਅਤੇ ਕਿਹਾ ਕਿ "ਮੈਂ ਲਾਸ਼ਾਂ ਤੇ ਰਾਜਨੀਤੀ ਨਹੀਂ ਕਰਾਂਗੀ।" ਇਥੇ ਜ਼ਿਕਰਯੋਗ ਹੈ ਕਿ 1980 ਅਤੇ 1990 ਦੇ ਦਹਾਕੇ ਵਿੱਚ ਪੰਜਾਬ ਸੰਤਾਪ ਦੀ ਭਿਆਨਕ ਲਹਿਰ ਵੇਖੀ ਸੀ, ਜਿਸ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਸਨ। ਭੱਠਲ ਦੇ ਬਿਆਨ ਨੇ ਉਸ ਸਮੇਂ ਦੀਆਂ ਘਟਨਾਵਾਂ ਨੂੰ ਮੁੜ ਜਿਉਂਦਾ ਕਰ ਦਿੱਤਾ ਅਤੇ ਵਿਰੋਧੀ ਧਿਰਾਂ ਨੇ ਇਹ ਸਵਾਲ ਉਠਾਏ ਸਨ ਕਿ ਕੀ ਪਿਛਲੇ ਧਮਾਕੇ ਵੀ ਰਾਜਨੀਤਿਕ ਲਾਭ ਲਈ ਕੀਤੇ ਗਏ ਸਨ?

ਭੱਠਲ ਨੇ ਬਾਅਦ ਵਿੱਚ ਆਪਣੇ ਬਿਆਨ ਤੇ ਸਪੱਸ਼ਟੀਕਰਨ ਜਾਰੀ ਕੀਤਾ ਅਤੇ ਕਿਹਾ ਕਿ ਉਹ ਸਿਰਫ਼ ਇੱਕ ਪੁਰਾਣਾ ਕਿੱਸਾ ਸਾਂਝਾ ਕਰ ਰਹੀ ਸੀ ਤਾਂ ਜੋ ਅੱਜ ਦੇ ਹਾਲਾਤਾਂ ਤੋਂ ਸਬਕ ਲਿਆ ਜਾ ਸਕੇ। ਉਨ੍ਹਾਂ ਨੇ ਕਿਹਾ, "ਉਸ ਸਮੇਂ ਪੰਜਾਬ ਕਾਲੇ ਦੌਰ ਤੋਂ ਨਿਕਲ ਰਿਹਾ ਸੀ ਅਤੇ ਅੱਜ ਵੀ ਅਜਿਹੇ ਹਾਲਾਤ ਬਣ ਰਹੇ ਹਨ। ਮੈਂ ਸਿਰਫ਼ ਉਦਾਹਰਣ ਵਜੋਂ ਇਹ ਗੱਲ ਕਹੀ ਸੀ।" ਉਨ੍ਹਾਂ ਨੇ ਅਫਸਰਾਂ ਦੇ ਨਾਂ ਜਨਤਕ ਨਾ ਕਰਨ ਨੂੰ ਗੁਪਤਤਾ ਨਿਯਮਾਂ ਨਾਲ ਜੋੜਿਆ ਅਤੇ ਕਿਹਾ ਕਿ ਉਹ ਪੰਜਾਬ ਦੀ ਅਮਨ-ਸ਼ਾਂਤੀ ਲਈ ਕੁਰਬਾਨੀ ਦੇਣ ਨੂੰ ਤਿਆਰ ਹਨ।

### ਵਿਰੋਧੀ ਪਾਰਟੀਆਂ ਨੇ ਲਗਾਏ ਗੰਭੀਰ ਦੋਸ਼

ਭੱਠਲ ਦੇ ਬਿਆਨ ਨੇ ਪੰਜਾਬ ਦੀ ਸਿਆਸਤ ਵਿੱਚ ਤੂਫ਼ਾਨ ਖੜ੍ਹਾ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਅਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਅਤੇ ਪੰਜਾਬ ਸਰਕਾਰ ਤੋਂ ਪੁੱਛਿਆ ਕਿ ਕੀ ਇਸ ਮਾਮਲੇ ਵਿੱਚ ਐਫ਼ਆਈਆਰ ਦਰਜ ਕੀਤੀ ਜਾਵੇਗੀ? ਉਨ੍ਹਾਂ ਨੇ ਕਿਹਾ, "ਜਦੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਸੀ ਕਿ ਪੰਜਾਬ ਵਿੱਚ ਬੰਬ ਆ ਗਏ ਹਨ, ਤਾਂ ਸਰਕਾਰ ਨੇ ਤੁਰੰਤ ਪਰਚਾ ਦਰਜ ਕਰ ਦਿੱਤਾ ਸੀ। ਹੁਣ ਜਦੋਂ ਸਾਬਕਾ ਮੁੱਖ ਮੰਤਰੀ ਖ਼ੁਦ ਕਹਿ ਰਹੇ ਹਨ ਕਿ ਅਫ਼ਸਰਾਂ ਨੇ ਬੰਬ ਧਮਾਕੇ ਕਰਵਾਉਣ ਦੀ ਸਲਾਹ ਦਿੱਤੀ ਸੀ, ਤਾਂ ਸਰਕਾਰ ਚੁੱਪ ਕਿਉਂ ਹੈ?" ਉਨ੍ਹਾਂ ਨੇ ਭੱਠਲ ਨੂੰ ਅਫਸਰਾਂ ਅਤੇ ਸਲਾਹਕਾਰਾਂ ਦੇ ਨਾਂ ਜਨਤਕ ਕਰਨ ਦੀ ਮੰਗ ਕੀਤੀ ਅਤੇ ਉਸ ਦੌਰ ਦੀਆਂ ਘਟਨਾਵਾਂ ਦੀ ਸੱਚਾਈ ਲਈ 'ਟਰੁਥ ਐਂਡ ਰਿਕਨਸੀਲੀਏਸ਼ਨ ਕਮਿਸ਼ਨ' (ਟੀਆਰਸੀ) ਬਣਾਉਣ ਦੀ ਵੀ ਮੰਗ ਕੀਤੀ।

ਆਮ ਆਦਮੀ ਪਾਰਟੀ (ਆਪ) ਨੇ ਵੀ ਕਾਂਗਰਸ ਤੇ ਤਿੱਖੇ ਹਮਲੇ ਕੀਤੇ। ਆਪ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਕਾਂਗਰਸ ਨੇ ਆਪਣੀ ਸੱਤਾ ਲਈ ਪੰਜਾਬ ਨੂੰ ਤਬਾਹ ਕਰਨ ਵਾਸਤੇ ਵੱਡੀਆਂ ਸਾਜ਼ਿਸ਼ਾਂ ਕੀਤੀਆਂ। ਉਨ੍ਹਾਂ ਨੇ ਆਪਣੇ ਪਰਿਵਾਰ ਦੇ ਨਿੱਜੀ ਨੁਕਸਾਨਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਹ ਉਸ ਕਾਲੇ ਦੌਰ ਦੇ ਪੀੜਤ ਹਨ ਅਤੇ ਭੱਠਲ ਨੂੰ ਅਫਸਰਾਂ ਦੇ ਨਾਂ ਦੱਸਣੇ ਚਾਹੀਦੇ ਹਨ। ਧਾਲੀਵਾਲ ਨੇ 2017 ਵਿੱਚ ਮੌੜ ਬੰਬ ਧਮਾਕੇ ਨੂੰ ਵੀ ਕਾਂਗਰਸ ਨਾਲ ਜੋੜਦੇ ਹੋਏ ਕਿਹਾ ਕਿ ਇਹ ਸਭ ਸਾਜ਼ਿਸ਼ਾਂ ਬੇਨਕਾਬ ਹੋਣੀਆਂ ਚਾਹੀਦੀਆਂ ਹਨ ਅਤੇ ਮੁੱਖ ਮੰਤਰੀ ਤੋਂ ਜਾਂਚ ਦੀ ਮੰਗ ਕੀਤੀ।

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵੀ ਇਸ ਮਾਮਲੇ ਤੇ ਕਾਂਗਰਸ ਨੂੰ ਘੇਰਿਆ। ਪੰਜਾਬ ਭਾਜਪਾ ਦੇ ਰਾਜ ਵਾਈਸ ਪ੍ਰੈਜ਼ੀਡੈਂਟ ਫਤਿਹਜੰਗ ਸਿੰਘ ਬਾਜਵਾ ਨੇ ਕਿਹਾ ਕਿ ਅਫਸਰਾਂ ਨੇ ਮੁੱਖ ਮੰਤਰੀ ਨੂੰ ਬੰਬ ਧਮਾਕੇ ਕਰਨ ਦੀ ਸਲਾਹ ਕਿਉਂ ਦਿੱਤੀ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਿਉਂ ਨਹੀਂ ਕੀਤੀ ਗਈ? ਉਨ੍ਹਾਂ ਨੇ ਕਾਂਗਰਸ ਤੋਂ ਸਪੱਸ਼ਟੀਕਰਨ ਮੰਗਿਆ ਅਤੇ ਇਸ ਨੂੰ ਕਾਂਗਰਸ ਦੀ "ਬੰਬ ਤੇ ਕਤਲਾਂ ਦੀ ਸਿਆਸਤ" ਨਾਲ ਜੋੜਿਆ।

ਦੂਸਰੇ ਪਾਸੇ ਏਆਈਸੀਸੀ ਜਨਰਲ ਸੈਕਰੇਟਰੀ ਭੂਪੇਸ਼ ਬਘੇਲ ਨੇ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਇਹ ਸਲਾਹ ਨੂੰ ਕਦੇ ਪਾਲਿਆ ਨਹੀਂ ਗਿਆ ਅਤੇ ਕੋਈ ਘਟਨਾ ਨਹੀਂ ਵਾਪਰੀ। ਉਨ੍ਹਾਂ ਨੇ ਬਿਆਨ ਦੇ ਟਾਈਮਿੰਗ ਤੇ ਸਵਾਲ ਉਠਾਏ ਹਨ ਅਤੇ ਰਾਜਨੀਤਿਕ ਪਾਰਟੀਆਂ ਨੂੰ ਇਸ ਨੂੰ ਰਾਜਨੀਤੀ ਨਾ ਬਣਾਉਣ ਦੀ ਅਪੀਲ ਕੀਤੀ। ਪੰਜਾਬ ਕਾਂਗਰਸ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵਾਰਿੰਗ ਨੇ ਬਿਆਨ ਨੂੰ ਨਿੱਜੀ ਕਰਾਰ ਦਿੱਤਾ ਅਤੇ ਕਿਹਾ ਕਿ ਕੋਈ ਧਮਾਕਾ ਨਹੀਂ ਹੋਇਆ। ਉਨ੍ਹਾਂ ਨੇ ਵਿਰੋਧੀਆਂ ਤੇ ਪਲਟਵਾਰ ਕਰਦੇ ਹੋਏ ਅਕਾਲੀ ਦਲ ਨੂੰ ਬੇਅਦਬੀ ਘਟਨਾਵਾਂ ਅਤੇ ਭਾਜਪਾ ਨੂੰ ਪੁਲਵਾਮਾ ਹਮਲੇ ਬਾਰੇ ਸਵਾਲ ਕੀਤੇ।

### ਬੁੱਧੀਜੀਵੀ ਅਤੇ ਵਿਸ਼ਲੇਸ਼ਕਾਂ ਦੇ ਵਿਚਾਰ: ਅਸਲੀਅਤ ਕੀ ਹੈ ?

ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਅਤੇ ਰਾਜਨੀਤਿਕ ਵਿਸ਼ਲੇਸ਼ਕ ਡਾ. ਰੌਣਕੀ ਰਾਮ ਨੇ ਕਿਹਾ ਕਿ ਇਹ ਬਿਆਨ ਪੰਜਾਬ ਸੰਤਾਪ ਦੇ ਦੌਰ ਨੂੰ ਮੁੜ ਯਾਦ ਕਰਵਾਉਂਦਾ ਹੈ ਜਿੱਥੇ ਰਾਜਨੀਤਿਕ ਲਾਭ ਲਈ ਖਾੜਕੂਵਾਦ ਨੂੰ ਵਰਤਿਆ ਗਿਆ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ 1990 ਦੇ ਦਹਾਕੇ ਵਿੱਚ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਨੇ ਖਾੜਕੂਵਾਦ ਨੂੰ ਨਿਯੰਤਰਿਤ ਕਰਨ ਵਿੱਚ ਨਾਕਾਮੀ ਵਿਖਾਈ ਅਤੇ ਕਈ ਵਾਰ ਇਸ ਨੂੰ ਰਾਜਨੀਤਿਕ ਫਾਇਦੇ ਲਈ ਵਰਤਿਆ। ਸਮਾਜ ਵਿਗਿਆਨੀ ਅਤੇ ਲੇਖਕ ਡਾ. ਪ੍ਰਮੋਦ ਕੁਮਾਰ ਨੇ ਕਿਹਾ ਕਿ ਭੱਠਲ ਦਾ ਬਿਆਨ ਸੱਚਾਈ ਨੂੰ ਉਜਾਗਰ ਕਰਦਾ ਹੈ ਕਿ ਪੰਜਾਬ ਵਿੱਚ ਖਾੜਕੂਵਾਦ ਨੂੰ ਰਾਜਨੀਤਿਕ ਤੌਰ ਤੇ ਵਰਤਿਆ ਗਿਆ ਸੀ। ਉਨ੍ਹਾਂ ਨੇ ਟੀਆਰਸੀ ਵਰਗੀ ਕਮਿਸ਼ਨ ਦੀ ਮੰਗ ਨੂੰ ਜਾਇਜ਼ ਕਰਾਰ ਦਿੱਤਾ ਅਤੇ ਕਿਹਾ ਕਿ ਪੰਜਾਬ ਦੀ ਸਲਾਮਤੀ ਲਈ ਪੂਰੀ ਜਾਂਚ ਜ਼ਰੂਰੀ ਹੈ ਤਾਂ ਜੋ ਪੀੜਤ ਪਰਿਵਾਰਾਂ ਨੂੰ ਇਨਸਾਫ ਮਿਲੇ। ਬੁੱਧੀਜੀਵੀ ਇਸ ਨੂੰ ਲੋਕਤੰਤਰ ਵਿੱਚ ਭ੍ਰਿਸ਼ਟਾਚਾਰ ਅਤੇ ਸੱਤਾ ਦੇ ਦੁਰਵਰਤੋਂ ਨਾਲ ਜੋੜਦੇ ਹਨ।

### ਕੀ ਭੱਠਲ ਉਪਰ ਕੇਸ ਦਰਜ ਹੋ ਸਕਦਾ ਹੈ ?

ਭੱਠਲ ਦੇ ਬਿਆਨ ਦੇ ਆਧਾਰ 'ਤੇ ਐਫਆਈਆਰ ਮੁਸ਼ਕਲ ਹੈ, ਕਿਉਂਕਿ ਭਾਰਤੀ ਕਾਨੂੰਨ ਵਿੱਚ "Mens Rea" (ਅਪਰਾਧਿਕ ਨੀਅਤ) ਅਤੇ "Actus Reus" (ਅਪਰਾਧਿਕ ਕਾਰਵਾਈ) ਦੋਵਾਂ ਦਾ ਹੋਣਾ ਜ਼ਰੂਰੀ ਹੈ।

ਭੱਠਲ ਦਾ ਬਿਆਨ ਇੱਕ 'ਯਾਦ' ਵਾਂਗ ਹੈ। ਜਦੋਂ ਤੱਕ ਉਹ ਕਿਸੇ ਖਾਸ ਅਫਸਰ ਦਾ ਨਾਂ ਨਹੀਂ ਲੈਂਦੇ ਜਾਂ ਕੋਈ ਦਸਤਾਵੇਜ਼ੀ ਸਬੂਤ ਸਾਹਮਣੇ ਨਹੀਂ ਆਉਂਦਾ, ਇਸ ਨੂੰ ਸਿਰਫ਼ "ਸਿਆਸੀ ਗੱਪ" ਜਾਂ "ਪੁਰਾਣੀ ਚਰਚਾ" ਕਹਿ ਕੇ ਖਾਰਜ ਕੀਤਾ ਜਾ ਸਕਦਾ ਹੈ।

ਹਾਲਾਂਕਿ ਕਤਲ ਜਾਂ ਗੰਭੀਰ ਅਪਰਾਧਾਂ ਲਈ ਕੋਈ ਸਮਾਂ ਸੀਮਾ ਨਹੀਂ ਹੁੰਦੀ, ਪਰ 30-35 ਸਾਲ ਪੁਰਾਣੀ "ਸਲਾਹ" (ਜੋ ਅਮਲ ਵਿੱਚ ਨਹੀਂ ਆਈ) 'ਤੇ ਕੇਸ ਚਲਾਉਣਾ ਅਦਾਲਤਾਂ ਲਈ 'ਮ੍ਰਿਤਕ ਘੋੜੇ ਨੂੰ ਕੋਰੜੇ ਮਾਰਨ' ਬਰਾਬਰ ਹੋਵੇਗਾ।

## ਪੰਜਾਬ ਦੇ ਮਨੁੱਖੀ ਹੱਕਾਂ ਦੇ ਘਾਣ ਲਈ ਦੱਖਣੀ ਅਫਰੀਕਾ ਦਾ ਮਾਡਲ ਕਿਉਂ ਜ਼ਰੂਰੀ

ਦੱਖਣੀ ਅਫਰੀਕਾ ਦਾ ਮਾਡਲ ਕਾਮਯਾਬ ਰਿਹਾ ਕਿਉਂਕਿ ਉੱਥੇ ਨੈਲਸਨ ਮੰਡੇਲਾ ਵਰਗੀ ਸਖਸ਼ੀਅਤ ਸੀ ਜਿਸ ਨੇ 'ਬਦਲਾ' ਲੈਣ ਦੀ ਬਜਾਏ 'ਜ਼ਖਮ ਭਰਨ' ਨੂੰ ਪਹਿਲ ਦਿੱਤੀ। ਪੰਜਾਬ ਵਿੱਚ ਇਸ ਨੂੰ ਲਾਗੂ ਕਰਨ ਵੇਲੇ ਕੁਝ ਵੱਡੀਆਂ ਰੁਕਾਵਟਾਂ ਆ ਸਕਦੀਆਂ ਹਨ:

ਭਾਰਤ ਦੇ ਸੰਵਿਧਾਨ ਵਿੱਚ 'Amnesty' (ਮਾਫ਼ੀ) ਦੇਣ ਦਾ ਅਧਿਕਾਰ ਸਿਰਫ਼ ਰਾਸ਼ਟਰਪਤੀ ਜਾਂ ਰਾਜਪਾਲ ਕੋਲ ਹੈ। ਕੋਈ ਕਮਿਸ਼ਨ ਸਿੱਧੇ ਤੌਰ 'ਤੇ ਕਤਲ ਵਰਗੇ ਜੁਰਮਾਂ ਵਿੱਚ ਛੋਟ ਨਹੀਂ ਦੇ ਸਕਦਾ। ਇਸ ਲਈ ਕੇਂਦਰ ਸਰਕਾਰ ਦੀ ਸਹਿਮਤੀ ਲਾਜ਼ਮੀ ਹੋਵੇਗੀ। ਇਸ ਨਾਲ ਸਿਰਫ਼ ਸਿਆਸਤਦਾਨ ਹੀ ਨਹੀਂ, ਸਗੋਂ ਪੁਲਿਸ ਅਤੇ ਖੁਫੀਆ ਏਜੰਸੀਆਂ ਦੇ ਅਹੁਦੇਦਾਰ ਵੀ ਸ਼ੱਕ ਦੇ ਘੇਰੇ ਵਿੱਚ ਆਉਣਗੇ। ਇਹ ਸੰਸਥਾਵਾਂ ਆਪਣੇ "ਅਪਰੇਸ਼ਨ ਰਿਕਾਰਡਜ" ਨੂੰ ਗੁਪਤ ਰੱਖਣ ਲਈ ਪੂਰੀ ਵਾਹ ਲਾਉਣਗੀਆਂ। ਪੰਜਾਬ ਵਿੱਚ ਸੱਚ ਬੋਲਣ ਵਾਲੇ ਅਫਸਰਾਂ ਜਾਂ ਪੀੜਤਾਂ ਦੀ ਸੁਰੱਖਿਆ ਇੱਕ ਵੱਡਾ ਸਵਾਲ ਹੋਵੇਗੀ। ਸਰਕਾਰ ਲਈ ਸਿਸਟਮ ਦਾ ਨੰਗਾ ਹੋਣਾ ਹੀ ਸਭ ਤੋਂ ਵੱਡਾ ਡਰ ਹੈ। ਜੇਕਰ ਇਹ ਕਮਿਸ਼ਨ ਬਣਦਾ ਹੈ, ਤਾਂ ਇਹ ਸਿਰਫ਼ ਇੱਕ ਪਾਰਟੀ ਨਹੀਂ, ਸਗੋਂ ਪਿਛਲੇ 40 ਸਾਲਾਂ ਦੇ ਪੂਰੇ ਸਟੇਟ ਸਟਰੱਕਚਰ 'ਤੇ ਸਵਾਲ ਖੜ੍ਹੇ ਕਰੇਗੀ।

# ਭਾਈ ਤ੍ਰਲੋਚਨ ਸਿੰਘ ਬ੍ਰਮਿੰਘਮ ਵਾਲੇ ਬਣੇ ਅਖੰਡ ਕੀਰਤਨੀ ਜਥਾ ਯੂ ਕੇ, ਜੁਬਲੀ ਸਾਲ ਦੇ, ਨਵੇਂ ਜਥੇਦਾਰ


ਭਾਈ ਤ੍ਰਲੋਚਨ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਮਲਕੀਅਤ ਸਿੰਘ, ਬੀਬੀ ਗੁਰਪਰੀਤ ਕੌਰ, ਭਾਈ ਗੁਰਮਿੰਦਰ ਸਿੰਘ।

**ਡਰਬੀ - (ਪੰਜਾਬ ਟਾਈਮਜ਼) - ਅਖੰਡ ਕੀਰਤਨੀ ਜਥਾ ਯੂਕੇ (ਰਜਿ:) ਦੀ 1 ਫਰਵਰੀ 2026 ਨੂੰ ਸਿੰਘ ਸਭਾ ਗੁਰਦਵਾਰਾ ਡਰਬੀ ਵਿਖੇ ਹੋਈ ਸਾਲਾਨਾ ਜਨਰਲ ਇਕੱਤ੍ਰਤਾ ਵਿੱਚ ਭਾਈ ਤ੍ਰਲੋਚਨ ਸਿੰਘ ਬ੍ਰਮਿੰਘਮ ਵਾਲਿਆਂ ਨੂੰ ਸਰਬ ਸੰਮਤੀ ਨਾਲ ਜਥੇਦਾਰ ਦੀ ਸੇਵਾ ਬਖਸ਼ੀ ਗਈ ਹੈ।**

ਅਖੰਡ ਕੀਰਤਨੀ ਜਥਾ ਯੂ.ਕੇ. ਨਿਸ਼ਕਾਮ ਸਿੰਘਾਂ ਦੀ ਪੰਥਕ ਜਥੇਬੰਦੀ ਦੇ ਤੌਰ ਤੇ ਪਿਛਲੇ 50 ਸਾਲਾਂ ਤੋਂ ਯੂ ਕੇ ਅਤੇ ਯੂਰਪ ਵਿਚ ਸੇਵਾ ਕਰ ਰਿਹਾ ਹੈ। ਇਹ ਸੰਸਥਾ 1976 ਵਿਚ ਚੈਰਿਟੀ ਕਮਿਸ਼ਨ ਨਾਲ ਰਜਿਸਟਰ ਹੋਈ ਸੀ, ਜਿਸ ਦੇ ਪਹਿਲੇ ਜਨਰਲ ਸੈਕਟਰੀ ਭਾਈ ਗੁਰਨਾਮ ਸਿੰਘ ਰੈਡਿੰਗ ਅਤੇ ਅਸਿਸਟੈਂਟ ਸੈਕਟਰੀ ਭਾਈ ਦਲਜੀਤ ਸਿੰਘ ਸਨ। ਇਸ ਸਮੇਂ ਦੌਰਾਨ ਜਥੇ ਵਿਚ ਬਹੁਤ ਨਾਮਵਰ ਸ਼ਖਸੀਅਤਾਂ ਹੋਈਆਂ ਜਿਹਨਾਂ ਨੇ ਨਿਸ਼ਕਾਮ ਸੇਵਾ ਕਰਕੇ ਰੈਣ ਸਬਾਈ ਕੀਰਤਨਾਂ ਦੀ ਝੜੀ ਲਾ ਦਿੱਤੀ ਅਤੇ ਹਜ਼ਾਰਾਂ ਸੰਗਤਾਂ ਨੂੰ ਗੁਰੂ ਵਾਲੇ ਬਣਾਇਆ, ਗੁਰਮਤਿ ਸਾਹਿਤ ਲਿਖਿਆ ਅਤੇ ਵੱਡੇ ਪੱਧਰ ਤੇ ਪਰਚਾਰਿਆ। ਇਸ ਪਰਚਾਰ ਸਦਕਾ ਅੱਜ ਜਥਾ ਯੂਰਪ ਦੀ ਇਕ ਵਿਸ਼ਾਲ ਜਥੇਬੰਦੀ ਬਣ ਗਿਆ ਹੈ ਅਤੇ ਪੰਥਕ ਸੇਵਾਵਾਂ ਵਿਚ ਸੱਭ ਤੋਂ ਅੱਗੇ ਹੋ ਕੇ ਵਿਚਰ ਰਿਹਾ ਹੈ।

ਅਖੰਡ ਕੀਰਤਨੀ ਜਥੇ ਦੀ 1 ਫਰਵਰੀ 2026 ਨੂੰ ਸਿੰਘ ਸਭਾ ਗੁਰਦਵਾਰਾ ਡਰਬੀ ਵਿਖੇ ਹੋਈ ਇਕੱਤ੍ਰਤਾ ਵਿਚ ਸਰਬ ਸੰਮਤੀ ਨਾਲ ਭਾਈ ਤ੍ਰਲੋਚਨ ਸਿੰਘ ਨੂੰ ਜਥੇਦਾਰ ਚੁਣਨ ਦੇ ਮੁੱਖ ਕਾਰਨ ਉਹਨਾਂ ਦੀ ਨਿੱਜੀ ਸ਼ਖ਼ਸੀਅਤ ਅਤੇ ਉਹਨਾਂ ਦੀ ਜਥੇ ਪ੍ਰਤੀ ਕੀਤੀ ਸੇਵਾ ਹੈ। ਭਾਈ ਸਾਹਿਬ ਜਥੇ ਦਾ ਜਥੇਬੰਦਕ ਢਾਂਚਾ ਬਣਾਉਣ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਮੋਢੀ ਸਿੰਘਾਂ ਵਿੱਚੋਂ ਹਨ। ਸੱਤਰਵਿਆਂ ਵਿਚ ਉਹ ਜਥੇ ਦੇ ਯੂ ਕੇ ਭਰ ਦੇ ਰੈਣ ਸਬਾਈ ਕੀਰਤਨਾਂ ਵਿੱਚ ਤਬਲੇ ਦੀ ਸੇਵਾ ਦੇ ਨਾਲ-ਨਾਲ ਕੀਰਤਨ ਦੀ ਸੇਵਾ ਵੀ ਕਰਦੇ ਰਹੇ। ਉਹ ਸੁਰੀਲੇ ਤੇ ਸ਼ੁੱਧ ਪਾਠ ਦੇ ਧਨੀ ਹਨ। ਨਿੱਜੀ ਗੁਰਸਿੱਖ ਜੀਵਨ ਦੇ ਧਾਰਨੀ ਅਤੇ ਮਿਸਾਲੀ ਸਿੱਖ ਪਰਚਾਰਕ ਤੇ ਪ੍ਰੇਰਕ ਹਨ। ਉਹ ਜਥੇ ਦੇ ਸਮਾਗਮਾਂ ਵਿਚ ਵੱਧ ਚੜ੍ਹ ਕੇ ਸ਼ਿਰਕਤ ਕਰਦੇ ਆਏ ਹਨ। ਉਹਨਾਂ ਦੇ ਪਰਚਾਰ ਸਦਕਾ ਬਹੁਤ ਨੌਜਵਾਨ ਉਹਨਾਂ ਦਾ ਬੜਾ ਆਦਰ ਸਤਿਕਾਰ ਕਰਦੇ ਹਨ। ਜਥੇ ਦੀ ਸੰਗਤ ਨੇ ਉਹਨਾਂ ਦੀਆਂ ਸੇਵਾਵਾਂ ਦੀ ਕਦਰਸ਼ਾਨੀ ਕਰਦੇ ਹੋਏ ਜੁਬਿਲੀ ਸਾਲ ਵਿਚ ਉਹਨਾਂ ਦੀ ਜਥੇਦਾਰ ਵਜੋਂ ਚੋਣ ਕੀਤੀ ਹੈ। ਯੋਗ ਅਗਵਾਈ ਕਰਨ ਅਤੇ ਜਥੇ ਨੂੰ ਹੋਰ ਬੁਲੰਦੀ 'ਤੇ ਲੈ ਜਾਣ ਲਈ ਉਨ੍ਹਾਂ ਵਿਚ ਯੋਗਤਾ ਹੈ।

ਅਖੰਡ ਕੀਰਤਨੀ ਜਥੇ ਦੀ ਇਕੱਤ੍ਰਤਾ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਚੌਪਈ ਸਾਹਿਬ ਅਤੇ ਅਰਦਾਸ ਉਪਰੰਤ ਹੋਈ। ਮੀਟਿੰਗ ਵਿਚ ਜਨਰਲ ਸੈਕਟਰੀ ਨੇ ਪਿਛਲੇ ਤਿੰਨ ਸਾਲਾਂ ਦੀ ਰਿਪੋਰਟ ਦਿੱਤੀ, ਮਾਇਕ ਹਿਸਾਬ ਕਿਤਾਬ ਦੱਸਿਆ ਗਿਆ, ਮਾਇਕ ਜਾਂਚ-ਪੜਤਾਲ ਰਿਪੋਰਟ ਪੇਸ਼ ਹੋਈ, ਨਵੇਂ ਸੰਵਿਧਾਨ ਦੀ ਜਾਣਕਾਰੀ ਅਤੇ ਮੁੱਖ ਸੇਵਾਦਾਰਾਂ ਦੀ ਚੋਣ ਪ੍ਰਕ੍ਰਿਆ ਸੰਖੇਪ ਵਿਚ ਦੱਸੀ ਗਈ।

ਜਥੇ ਦੇ ਨਵੇਂ ਸੰਵਿਧਾਨ ਅਨੁਸਾਰ ਪੰਜ ਮੁੱਖ ਸੇਵਾਦਾਰਾਂ ਦੇ ਬੋਰਡ ਦੀ ਚੋਣ ਹੋਈ। 6 ਨਾਮਜ਼ਦਗੀਆਂ ਸਹੀ ਪਾਈਆਂ ਗਈਆਂ। ਸੰਗਤ ਵੱਲੋਂ ਇਹ ਪੰਜ ਸੇਵਾਦ-ਾਰ ਚੁਣੇ ਗਏ: ਭਾਈ ਤ੍ਰਲੋਚਨ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਮਲਕੀਅਤ ਸਿੰਘ, ਬੀਬੀ ਗੁਰਪਰੀਤ ਕੌਰ ਅਤੇ ਭਾਈ ਗੁਰਮਿੰਦਰ ਸਿੰਘ। ਛੇਵੇਂ ਉਮੀਦਵਾਰ ਭਾਈ ਤਜਿੰਦਰਵੀਰ ਸਿੰਘ ਨੂੰ ਕਮੇਟੀ ਦੀ ਚੋਣ ਵਿਚ ਅੰਮ੍ਰਿਤ ਸੰਚਾਰ ਕੋਆਰਡੀਨੇਟਰ ਲਈ ਨਾਮਜ਼ਦ ਕੀਤਾ ਗਿਆ। ਸੰਗਤਾਂ ਨੇ ਜੈਕਾਰੇ ਨਾਲ ਭਾਈ ਤ੍ਰਲੋਚਨ ਸਿੰਘ ਨੂੰ ਜਥੇਦਾਰ-ਚੇਅਰ ਵਜੋਂ ਮਾਨਤਾ ਦਿੱਤੀ।

ਨਵੇਂ ਚੁਣੇ ਗਏ ਸੇਵਾਦਾਰਾਂ ਨੂੰ ਸਿਰੋਪਿਆਂ ਨਾਲ ਸਤਿਕਾਰਿਆ ਗਿਆ। ਸੇਵਾ ਮੁਕਤ ਹੋਈ ਪਿਛਲੀ ਕਮੇਟੀ ਦੇ ਸੇਵਾਦਾਰ ਦਲਜੀਤ ਸਿੰਘ, ਜਗਤਾਰ ਸਿੰਘ, ਜੁਝਾਰ ਸਿੰਘ ਅਤੇ ਲਖਵੀਰ ਸਿੰਘ ਨੇ ਸੰਗਤਾਂ ਦਾ ਧੰਨਾਵਾਦ ਕੀਤਾ। ਸੰਗਤਾਂ ਨੇ ਉਨਹਾਂ ਨੂੰ ਸਿਰੋਪਾਓ ਬਖਸ਼ ਕੇ ਵਿਦਾ ਕੀਤਾ। ਗੁਰੂ ਮਹਾਰਾਜ ਦੇ ਚਰਨਾਂ ਵਿੱਚ ਜਥੇ ਦੀ ਚੜ੍ਹਦੀ ਕਲਾ ਅਤੇ ਏਕਤਾ ਦੀ ਅਰਦਾਸ ਕਰਨ ਉਪਰੰਤ ਮੀਟਿੰਗ ਦੀ ਸਮਾਪਤੀ ਹੋਈ।

# ਈ ਮੇਲ ਲੀਕ ਮਾਮਲੇ ਨੇ ਰਾਜਨੀਤਿਕ ਹਲਚਲ ਮਚਾਈ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਦੀ ਰਾਜਨੀਤੀ ਵਿੱਚ ਉਸ ਵੇਲੇ ਨਵਾਂ ਤੂਫ਼ਾਨ ਖੜ੍ਹਾ ਹੋ ਗਿਆ, ਜਦੋਂ ਲੇਬਰ ਪਾਰਟੀ ਦੇ ਸੀਨੀਅਰ ਨੇਤਾ ਅਤੇ ਹਾਊਸ ਆਫ਼ ਲਾਰਡਜ਼ ਦੇ ਮੈਂਬਰ ਪੀਟਰ ਮੈਂਡਲਸਨ ਨਾਲ ਜੁੜੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਦਫ਼ਤਰ (ਨੰਬਰ 10) ਦੀ ਇੱਕ ਅਹੰਕਾਰਪੂਰਨ ਈਮੇਲ ਲੀਕ ਹੋਣ ਦਾ ਖੁਲਾਸਾ ਸਾਹਮਣੇ ਆਇਆ। ਇਸ ਲੀਕ ਈਮੇਲ ਵਿੱਚ ਸਾਬਕਾ ਅਮਰੀਕੀ ਫਾਇਨੈਂਸਰ ਜੈਫਰੀ ਐਪਸਟਿਨ ਨਾਲ ਸੰਬੰਧਿਤ ਵਿੱਤੀ ਸੰਕਟ ਅਤੇ ਉਸ ਦੇ ਸੰਭਾਵਿਤ ਪ੍ਰਭਾਵਾਂ ਬਾਰੇ ਚਰਚਾ ਕੀਤੀ ਗਈ ਦੱਸੀ ਜਾ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਹ ਈਮੇਲ ਇੱਕ ਸਰਕਾਰੀ ਅਧਿਕਾਰੀ ਵੱਲੋਂ ਬਾਹਰ ਲਿਆਂਦੀ ਗਈ, ਜਿਸ ਵਿੱਚ ਐਪਸਟਿਨ ਦੇ ਵਿੱਤੀ ਡਿੱਗਾਵਟ ਅਤੇ ਉਸ ਨਾਲ ਜੁੜੇ ਲੋਕਾਂ ਬਾਰੇ ਚਿੰਤਾ ਜਤਾਈ ਗਈ ਸੀ। ਦਸਤਾਵੇਜ਼ ਸਾਹਮਣੇ ਆਉਣ ਤੋਂ ਬਾਅਦ ਵਿਰੋਧੀ ਧਿਰ ਨੇ ਸਰਕਾਰ ਦੀ ਭੂਮਿਕਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ ਅਤੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਪੂਰੀ ਅਤੇ ਪਾਰਦਰਸ਼ੀ ਜਾਂਚ ਕਰਵਾਈ ਜਾਵੇ।ਸੂਤਰਾਂ ਦਾ ਕਹਿਣਾ ਹੈ ਕਿ ਇਹ ਈਮੇਲ ਉਸ ਸਮੇਂ ਭੇਜੀ ਗਈ ਸੀ, ਜਦੋਂ ਐਪਸਟਿਨ ਦੇ ਵਿੱਤੀ ਕਾਰੋਬਾਰ ਡਿੱਗ ਰਹੇ ਸਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਉਸ ਨਾਲ ਜੁੜੇ ਸੰਪਰਕਾਂ 'ਤੇ ਨਿਗਾਹ ਰੱਖੀ ਜਾ ਰਹੀ ਸੀ। ਈਮੇਲ ਦੇ ਲੀਕ ਹੋਣ ਨਾਲ ਸਰਕਾਰੀ ਗੋਪਨੀਯਤਾ ਅਤੇ ਸੁਰੱਖਿਆ ਪ੍ਰਣਾਲੀ 'ਤੇ ਵੀ ਸਵਾਲ ਉੱਠੇ ਹਨ। ਉਧਰ, ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਲੀਕ ਦੀ ਗੰਭੀਰਤਾ ਨੂੰ ਦੇਖਦਿਆਂ ਅੰਦਰੂਨੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਹਾਲਾਂਕਿ, ਪੀਟਰ ਮੈਂਡਲਸਨ ਵੱਲੋਂ ਇਸ ਮਾਮਲੇ 'ਚ ਫਿਲਹਾਲ ਕੋਈ ਸਿੱਧੀ ਪ੍ਰਤੀਕਿਰਿਆ ਨਹੀਂ ਦਿੱਤੀ ਗਈ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਮਾਮਲਾ ਆਉਣ ਵਾਲੇ ਦਿਨਾਂ ਵਿੱਚ ਬਰਤਾਨੀਆ ਦੀ ਰਾਜਨੀਤੀ ਲਈ ਹੋਰ ਮੁਸ਼ਕਲਾਂ ਪੈਦਾ ਕਰ ਸਕਦਾ ਹੈ, ਕਿਉਂਕਿ ਸਰਕਾਰੀ ਦਫ਼ਤਰਾਂ ਤੋਂ ਗੁਪਤ ਜਾਣਕਾਰੀ ਦੇ ਬਾਹਰ ਆਉਣ ਨਾਲ ਲੋਕਾਂ ਦਾ ਭਰੋਸਾ ਡੋਲ ਸਕਦਾ ਹੈ। ਵਿਰੋਧੀ ਧਿਰ ਵੱਲੋਂ ਇਸ ਮਾਮਲੇ ਨੂੰ ਸੰਸਦ ਵਿੱਚ ਉਠਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

# ਐਪਸਟਿਨ ਮਾਮਲੇ ਨੇ ਮੈਂਡਲਸਨ ਨੂੰ ਪਾਰਟੀ ਚੋਂ ਬਾਹਰ ਦਾ ਰਾਹ ਦਿਖਾਇਆ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸਾਬਕਾ ਅਮਰੀਕੀ ਫਾਇਨੈਂਸਰ ਜੈਫਰੀ ਐਪਸਟਿਨ ਨਾਲ ਜੁੜੇ ਵਿਵਾਦ ਨੇ ਆਖ਼ਿਰਕਾਰ ਲੇਬਰ ਪਾਰਟੀ ਦੇ ਸੀਨੀਅਰ ਨੇਤਾ ਲਾਰਡ ਪੀਟਰ ਮੈਂਡਲਸਨ ਦਾ ਸਿਆਸੀ ਕਰੀਅਰ ਹਿਲਾ ਕੇ ਰੱਖ ਦਿੱਤਾ ਹੈ। ਐਪਸਟਿਨ ਦੇ ਵਿੱਤੀ ਡਿੱਗਣ ਬਾਰੇ ਪ੍ਰਧਾਨ ਮੰਤਰੀ ਦਫ਼ਤਰ (ਨੰਬਰ 10) ਨੂੰ ਭੇਜੀ ਗਈ ਇੱਕ ਗੋਪਨੀਯ ਈਮੇਲ ਦੇ ਲੀਕ ਹੋਣ ਤੋਂ ਬਾਅਦ ਉੱਠੇ ਭਾਰੀ ਵਿਵਾਦ ਦੇ ਚਲਦੇ ਮੈਂਡਲਸਨ ਨੇ ਲੇਬਰ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ, ਜਿਸ ਨਾਲ ਪਾਰਟੀ ਦੀ ਸੋਚ ਅਤੇ ਫ਼ੈਸਲਾ ਕਰਨ ਦੀ ਸਮਰੱਥਾ 'ਤੇ ਸਵਾਲ ਖੜ੍ਹੇ ਹੋ ਗਏ ਹਨ।

ਮੀਡੀਆ ਰਿਪੋਰਟਾਂ ਮੁਤਾਬਕ ਇਹ ਈਮੇਲ ਉਸ ਸਮੇਂ ਦੀ ਹੈ, ਜਦੋਂ ਐਪਸਟਿਨ ਦੇ ਵਿੱਤੀ ਕਾਰੋਬਾਰ ਡਿੱਗ ਰਹੇ ਸਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਉਸ ਨਾਲ ਜੁੜੇ ਲੋਕਾਂ 'ਤੇ ਨਜ਼ਰ ਰੱਖੀ ਜਾ ਰਹੀ ਸੀ। ਕਿਹਾ ਜਾ ਰਿਹਾ ਹੈ ਕਿ ਮੈਂਡਲਸਨ ਨੇ ਇਸ ਸਬੰਧੀ ਜਾਣਕਾਰੀ ਨੰਬਰ 10 ਤੱਕ ਪਹੁੰਚਾਈ ਸੀ, ਪਰ ਇਸ ਈਮੇਲ ਦਾ ਬਾਹਰ ਆ ਜਾਣਾ ਸਰਕਾਰੀ ਗੋਪਨੀਯਤਾ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਇਸ ਲੀਕ ਤੋਂ ਬਾਅਦ ਵਿਰੋਧੀ ਧਿਰ ਨੇ ਲੇਬਰ ਪਾਰਟੀ ਨੂੰ ਤਿੱਖੇ ਸਵਾਲਾਂ ਦੇ ਘੇਰੇ ਵਿੱਚ ਲੈ ਲਿਆ। ਉਨ੍ਹਾਂ ਦਾ ਕਹਿਣਾ ਹੈ ਕਿ ਐਪਸਟਿਨ ਵਰਗੇ ਵਿਵਾਦਿਤ ਵਿਅਕਤੀ ਨਾਲ ਸੰਬੰਧਾਂ ਨੂੰ ਲੈ ਕੇ ਲੇਬਰ ਨੇ ਸ਼ੁਰੂ ਤੋਂ ਹੀ ਗੰਭੀਰਤਾ ਨਹੀਂ ਦਿਖਾਈ, ਜਿਸ ਦਾ ਖ਼ਮਿਆਜ਼ਾ ਹੁਣ ਪਾਰਟੀ ਨੂੰ ਭੁਗਤਣਾ ਪੈ ਰਿਹਾ ਹੈ।

ਜ਼ਿਕਰਯੋਗ ਹੈ ਕਿ ਇਸ ਵਿਵਾਦ ਕਾਰਨ ਮੈਂਡਲਸਨ ਨੂੰ ਪਹਿਲਾਂ ਅਮਰੀਕਾ ਵਿੱਚ ਬਰਤਾਨੀਆ ਦੇ ਰਾਜਦੂਤ ਦੇ ਅਹੁਦੇ ਤੋਂ ਵੀ ਹਟਣਾ ਪਿਆ ਸੀ। ਹੁਣ ਪਾਰਟੀ ਤੋਂ ਅਸਤੀਫ਼ਾ ਦੇ ਕੇ ਉਸ ਨੇ ਕਿਹਾ ਹੈ ਕਿ ਉਹ ਲੇਬਰ ਨੂੰ ਹੋਰ ਨੁਕਸਾਨ ਤੋਂ ਬਚਾਉਣਾ ਚਾਹੁੰਦਾ ਹੈ। ਹਾਲਾਂਕਿ ਆਲੋਚਕਾਂ ਦਾ ਮੰਨਣਾ ਹੈ ਕਿ ਇਹ ਕਦਮ ਕਾਫ਼ੀ ਦੇਰ ਨਾਲ ਚੁੱਕਿਆ ਗਿਆ।

ਲੇਬਰ ਪਾਰਟੀ ਦੀ ਨੇਤ੍ਰਿਤਾ ਵੱਲੋਂ ਦੱਸਿਆ ਗਿਆ ਹੈ ਕਿ ਅਸਤੀਫ਼ਾ ਨਿੱਜੀ ਫ਼ੈਸਲਾ ਹੈ ਅਤੇ ਪਾਰਟੀ ਪਾਰਦਰਸ਼ਤਾ ਤੇ ਜਵਾਬਦੇਹੀ ਦੇ ਅਸੂਲਾਂ 'ਤੇ ਕਾਇਮ ਹੈ। ਇਸਦੇ ਨਾਲ ਹੀ ਗੋਪਨੀਯ ਦਸਤਾਵੇਜ਼ਾਂ ਦੇ ਲੀਕ ਮਾਮਲੇ ਦੀ ਅੰਦਰੂਨੀ ਜਾਂਚ ਵੀ ਸ਼ੁਰੂ ਕਰ ਦਿੱਤੀ ਗਈ ਹੈ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਐਪਸਟਿਨ-ਮੈਂਡਲਸਨ ਮਾਮਲਾ ਆਉਣ ਵਾਲੇ ਸਮੇਂ ਵਿੱਚ ਲੇਬਰ ਪਾਰਟੀ ਲਈ ਹੋਰ ਮੁਸ਼ਕਲਾਂ ਖੜ੍ਹੀਆਂ ਕਰ ਸਕਦਾ ਹੈ, ਖ਼ਾਸ ਕਰਕੇ ਉਸ ਵੇਲੇ ਜਦੋਂ ਪਾਰਟੀ ਆਪਣੇ ਆਪ ਨੂੰ ਸਰਕਾਰ ਦੇ ਵਿਕਲਪ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

# ਸੰਯੁਕਤ ਕਿਸਾਨ ਮੋਰਚਾ ਵਲੋਂ 4 ਫਰਵਰੀ ਤੋਂ 11 ਫਰਵਰੀ ਤੱਕ ਮੋਦੀ ਅਤੇ ਟਰੰਪ ਦੇ ਪੁਤਲੇ ਸਾੜਨ ਦੀ ਅਪੀਲ

## * ਮੋਦੀ ਸਰਕਾਰ ਦੇ ਸਾਮਰਾਜਵਾਦ ਅੱਗੇ ਪੂਰੀ ਤਰ੍ਹਾਂ ਸਮਰਪਣ ਦੀ ਸਖ਼ਤ ਨਿੰਦਾ

## *ਅਮਰੀਕਾ ਨਾਲ ਵਪਾਰ ਸਮਝੌਤਾ ਭਾਰਤੀ ਕਿਸਾਨਾਂ ਨੂੰ ਕਰ ਦੇਵੇਗਾ ਤਬਾਹ

ਨਵੀਂ ਦਿੱਲੀ- (ਮਨਪ੍ਰੀਤ ਸਿੰਘ ਖਾਲਸਾ):- ਸੰਯੁਕਤ ਕਿਸਾਨ ਮੋਰਚਾ ਅਮਰੀਕੀ ਸਾਮਰਾਜਵਾਦ ਦੇ ਦਬਾਅ ਅੱਗੇ ਝੁਕ ਕੇ, ਅਮਰੀਕੀ ਸਾਮਾਨ 'ਤੇ ਜ਼ੀਰੋ ਪ੍ਰਤੀਸ਼ਤ ਆਯਾਤ ਡਿਊਟੀ ਦੀ ਆਗਿਆ ਦੇ ਕੇ ਮੋਦੀ ਸਰਕਾਰ ਦੇ ਲੋਕਾਂ, ਖਾਸ ਕਰਕੇ ਕਿਸਾਨਾਂ ਨਾਲ ਵਿਸ਼ਵਾਸਘਾਤ ਦੀ ਸਖ਼ਤ ਨਿੰਦਾ ਕਰਦਾ ਹੈ। ਐਸਕੇਐਮ 15 ਅਗਸਤ, 2025 ਨੂੰ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਮੋਦੀ ਦੇ ਬਿਆਨ ਨੂੰ ਯਾਦ ਕਰਦਾ ਹੈ, ਕਿ ਉਹ "ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਨਿੱਜੀ ਤੌਰ 'ਤੇ ਭਾਰੀ ਕੀਮਤ ਅਦਾ ਕਰਨ ਲਈ ਤਿਆਰ ਸਨ।" ਅੱਜ, ਉਹੀ ਪ੍ਰਧਾਨ ਮੰਤਰੀ ਸ਼ਰਮਨਾਕ ਤੌਰ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੁਕਮਾਂ ਅੱਗੇ ਝੁਕ ਰਹੇ ਹਨ ਅਤੇ ਜ਼ੀਰੋ ਆਯਾਤ ਡਿਊਟੀਆਂ ਨੂੰ ਸਵੀਕਾਰ ਕਰ ਰਹੇ ਹਨ ਤਾਂ ਜੋ ਅਮਰੀਕੀ ਖੇਤੀਬਾੜੀ ਉਤਪਾਦ ਭਾਰਤੀ ਬਾਜ਼ਾਰ ਵਿੱਚ ਸੁਤੰਤਰ ਰੂਪ ਵਿੱਚ ਪ੍ਰਵਾਹ ਕਰ ਸਕਣ। ਕਿਸਾਨ ਇਸ "ਇਤਿਹਾਸਕ ਵਿਸ਼ਵਾਸਘਾਤ" ਲਈ ਮੋਦੀ ਨੂੰ ਕਦੇ ਮੁਆਫ ਨਹੀਂ ਕਰਨਗੇ। ਇਹ



ਵਪਾਰ ਸਮਝੌਤਾ, ਜੋ ਭਾਰਤੀ ਬਾਜ਼ਾਰ ਨੂੰ ਬਹੁਤ ਜ਼ਿਆਦਾ ਸਬਸਿਡੀ ਵਾਲੇ ਅਮਰੀਕੀ ਖੇਤੀਬਾੜੀ ਉਤਪਾਦਾਂ ਨਾਲ ਭਰ ਦਿੰਦਾ ਹੈ, ਭਾਰਤ ਵਿੱਚ ਲੱਖਾਂ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਿਸਾਨਾਂ ਦੇ ਪਰਿਵਾਰਾਂ ਨੂੰ ਤਬਾਹ ਕਰ ਦੇਵੇਗਾ। ਹਾਲ ਹੀ ਵਿੱਚ 2024 ਦੇ ਇੱਕ ਸਰਵੇਖਣ ਦੇ ਅਨੁਸਾਰ, ਅਮਰੀਕਾ ਵਿੱਚ ਸਿਰਫ 1.88 ਮਿਲੀਅਨ ਕਿਸਾਨ ਹਨ, ਜਦੋਂ ਕਿ 2015 ਦੀ ਖੇਤੀਬਾੜੀ ਜਨਗਣਨਾ ਨੇ ਅੰਦਾਜ਼ਾ ਲਗਾਇਆ ਹੈ ਕਿ ਭਾਰਤ ਵਿੱਚ 146.5 ਮਿਲੀਅਨ ਕਾਰਜਸ਼ੀਲ ਹੋਲਡਿੰਗ ਹਨ। ਭਾਰਤ ਦੇ ਕਾਰਜਬਲ ਦਾ 48% ਅਤੇ ਇਸਦੀ ਆਬਾਦੀ ਦਾ 65% ਖੇਤੀਬਾੜੀ ਅਤੇ ਸਹਾਇਕ ਖੇਤਰਾਂ 'ਤੇ ਨਿਰਭਰ ਕਰਦਾ ਹੈ। ਅਮਰੀਕੀ ਖੇਤੀਬਾੜੀ ਸਕੱਤਰ ਬਰੂਕ ਰੋਲਿੰਸ ਦੇ ਅਨੁਸਾਰ, ਇਸ ਸਮਝੌਤੇ ਦੇ ਤਹਿਤ, ਅਮਰੀਕਾ "ਭਾਰਤ ਦੇ ਵਿਸ਼ਾਲ ਬਾਜ਼ਾਰ ਵਿੱਚ ਹੋਰ ਅਮਰੀਕੀ ਖੇਤੀਬਾੜੀ ਉਤਪਾਦਾਂ ਦਾ ਨਿਰਯਾਤ ਕਰੇਗਾ, ਕੀਮਤਾਂ ਵਧਾਏਗਾ ਅਤੇ ਪੇਂਡੂ ਅਮਰੀਕਾ ਵਿੱਚ ਨਕਦੀ ਲਿਆਏਗਾ," ਜੋ ਭਾਰਤ ਨਾਲ ਅਮਰੀਕਾ ਦੇ $1.3 ਬਿਲੀਅਨ ਖੇਤੀਬਾੜੀ ਵਪਾਰ ਘਾਟੇ ਨੂੰ ਘਟਾਉਣ ਵਿੱਚ ਮਦਦ ਕਰੇਗਾ। ਜਿੱਥੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਮਰੀਕਾ ਦੀ ਪੇਂਡੂ ਅਰਥਵਿਵਸਥਾ ਦੀ ਰੱਖਿਆ ਕਰ ਰਹੇ ਹਨ, ਉੱਥੇ ਇਹ ਸ਼ਰਮਨਾਕ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੀ ਪੇਂਡੂ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਆਤਮ ਸਮਰਪਣ ਕਰ ਦਿੱਤਾ ਹੈ। ਐਸਕੇਐਮ ਨੇ 4 ਫਰਵਰੀ ਤੋਂ 11 ਫਰਵਰੀ ਤੱਕ ਮੋਦੀ ਸਰਕਾਰ ਵਿਰੁੱਧ ਪਿੰਡ-ਪਿੰਡ ਮੁਹਿੰਮ ਚਲਾਉਣ ਦਾ ਸੱਦਾ ਦਿੱਤਾ ਹੈ, ਜਿਸ ਵਿੱਚ ਨਰਿੰਦਰ ਮੋਦੀ ਅਤੇ ਡੋਨਾਲਡ ਟਰੰਪ ਦੋਵਾਂ ਦੇ ਪੁਤਲੇ ਸਾੜੇ ਜਾਣਗੇ, ਅਤੇ 12 ਫਰਵਰੀ ਨੂੰ ਐਲਾਨੀ ਗਈ ਆਮ ਹੜਤਾਲ ਨੂੰ ਸਫਲ ਬਣਾਉਣ ਲਈ ਤਹਿਸੀਲ ਅਤੇ ਸ਼ਹਿਰੀ ਕੇਂਦਰਾਂ ਵਿੱਚ ਵਿਸ਼ਾਲ ਜਨਤਕ ਪ੍ਰਦਰਸ਼ਨ ਕੀਤੇ ਜਾਣਗੇ।

# ਵਪਾਰ ਸਮਝੌਤਾ ਕਿਸਾਨਾਂ ਨਾਲ ਧੋਖਾ: -ਮਾਲਵਿੰਦਰ ਸਿੰਘ ਕੰਗ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਸ. ਮਾਲਵਿੰਦਰ ਸਿੰਘ ਕੰਗ ਨੇ ਭਾਰਤ ਅਤੇ ਅਮਰੀਕਾ ਦਰਮਿਆਨ ਹੋਏ ਵਪਾਰਕ ਸਮਝੌਤੇ ਨੂੰ ਕਿਸਾਨ ਵਿਰੋਧੀ ਕਰਾਰ ਦਿੰਦਿਆਂ ਕਿਹਾ ਹੈ ਕਿ ਇਹ ਫੈਸਲਾ ਦੇਸ਼ ਦੇ ਅੰਨਦਾਤਿਆਂ ਨਾਲ ਸਿੱਧਾ ਧੋਖਾ ਹੈ।ਸ. ਕੰਗ ਨੇ ਕਿਹਾ ਕਿ ਕੇਂਦਰੀ ਸਰਕਾਰ ਵੱਲੋਂ ਖੇਤੀਬਾੜੀ ਅਤੇ ਦੁੱਧ ਉਤਪਾਦਨ ਵਰਗੇ ਸੰਵੇਦਨਸ਼ੀਲ ਖੇਤਰਾਂ ਦੀ ਸੁਰੱਖਿਆ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਹਕੀਕਤ ਇਸਦੇ ਬਿਲਕੁਲ ਉਲਟ ਸਾਹਮਣੇ ਆ ਰਹੀ ਹੈ। ਉਨ੍ਹਾਂ ਦੱਸਿਆ ਕਿ ਅਮਰੀਕਾ ਵੱਲੋਂ ਖੁੱਲ੍ਹੇ ਤੌਰ ‘ਤੇ ਇਹ ਗੱਲ ਕਹੀ ਜਾ ਰਹੀ ਹੈ ਕਿ ਉਸ ਦੇ ਖੇਤੀ ਉਤਪਾਦ ਭਾਰਤ ਦੇ ਵੱਡੇ ਬਾਜ਼ਾਰ ਵਿੱਚ ਵੱਡੀ ਮਾਤਰਾ ‘ਚ ਭੇਜੇ ਜਾਣਗੇ।

ਉਨ੍ਹਾਂ ਕਿਹਾ ਕਿ ਇਸ ਨਾਲ ਅਮਰੀਕਾ ਦੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ, ਪਰ ਭਾਰਤ ਦੇ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪਵੇਗਾ। ਸ. ਕੰਗ ਨੇ ਦੋਸ਼ਲਗਾਇਆ ਕਿ ਇਹ ਸਮਝੌਤਾ ਪੂਰੀ ਤਰ੍ਹਾਂ ਕਿਸਾਨ ਵਿਰੋਧੀ ਹੈ ਅਤੇ ਇਸਨੂੰ ਤੁਰੰਤ ਰੱਦ ਕੀਤਾ ਜਾਣਾ ਚਾਹੀਦਾ ਹੈ।

ਸ. ਮਾਲਵਿੰਦਰ ਸਿੰਘ ਕੰਗ ਨੇ ਮੰਗ ਕੀਤੀ ਕਿ ਇਸ ਵਪਾਰਕ ਸਮਝੌਤੇ ਨਾਲ ਸੰਬੰਧਿਤ ਸਾਰੀਆਂ ਸ਼ਰਤਾਂ ਜਨਤਾ ਸਾਹਮਣੇ ਰੱਖੀਆਂ ਜਾਣ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਅੰਨਦਾਤਿਆਂ ਦੇ ਹੱਕਾਂ ਲਈ ਡੱਟ ਕੇ ਖੜ੍ਹੀ ਹੈ ਅਤੇ ਕਿਸਾਨਾਂ ਦੀ ਆਵਾਜ਼ ਨੂੰ ਕਦੇ ਵੀ ਦਬਣ ਨਹੀਂ ਦਿੱਤਾ ਜਾਵੇਗਾ।

# ਯੂ ਕੇ ਵਿੱਚ ਬੀਤੇ 2 ਸਾਲਾਂ ਵਿੱਚ ਬੇਘਰੇ ਲੋਕਾਂ ਦੀ ਗਿਣਤੀ ਵਿੱਚ 21 ਫੀਸਦੀ ਵਾਧਾ ਹੋਇਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਬੀਤੇ 2 ਸਾਲਾਂ ਵਿੱਚ ਬੇਘਰੇ ਲੋਕਾਂ ਦੀ ਗਿਣਤੀ ਵਿੱਚ 21 ਫੀਸਦੀ ਵਾਧਾ ਹੋਇਆ ਹੈ। ਭਾਵੇਂ ਲੇਬਰ ਸਰਕਾਰ ਲੋਕਾਂ ਨੂੰ ਘਰ ਦੇਣ ਲਈ ਨਵੇਂ ਸਸਤੇ ਘਰਾਂ ਦਾ ਨਿਰਮਾਣ ਕਰ ਰਹੀ ਹੈ, ਪਰ ਇਸ ਦੇ ਬਾਵਜੂਦ ਅੱਤ ਦੀ ਮਹਿੰਗਾਈ ਨੇ ਆਮ ਲੋਕਾਂ ਦਾ ਲੱਕ ਤੋੜਿਆ ਹੋਇਆ ਹੈ।ਮਿਡਲੈਂਡ ਲੰਗਰ ਸੇਵਾ ਸੋਸਾਇਟੀ ਨੇ ਯੂ ਕੇ ਭਰ ਵਿੱਚ ਮੌਜੂਦਾ ਬੇਮਿਸਾਲ "ਜੀਵਨ ਸੰਕਟ ਦੀ ਲਾਗਤ" ਗਰੀਬੀ ਵਾਧੇ 'ਤੇ ਇੱਕ ਇਨਫੋਗ੍ਰਾਫਿਕ ਜਾਰੀ ਕੀਤਾ। ਬਹੁਤ ਸਾਰੇ ਸਿੱਖ ਸਮੂਹ ਲੰਗਰ ਸੇਵਾ ਦੀ ਵਰਤੋਂ ਵਿੱਚ ਵਾਧੇ ਦੀ ਰਿਪੋਰਟ ਕਰਦੇ ਹਨ, ਜਿਸ ਕਾਰਨ ਲੰਗਰ ਸੇਵਾ ਜਾਰੀ ਰੱਖਣ ਲਈ ਹੋਰ ਸਹਾਇਤਾ ਦੀ ਲੋੜ ਹੈ। ਇਹ ਅੰਕੜੇ ਹਾਲ ਹੀ ਵਿੱਚ ਜਾਰੀ ਹੋਈ ਰਿਪੋਰਟ ਤੋਂ ਹਨ। ਬੁਨਿਆਦੀ ਸਹੂਲਤਾਂ ਦੀ ਵਧਦੀ ਲਾਗਤ ਅਤੇ ਤਨਖਾਹਾਂ ਨੂੰ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੀ ਸਮੱਸਿਆ ਦੇ ਸਰੋਤ ਵਜੋਂ ਦਰਸਾਇਆ ਗਿਆ ਹੈ। ਸਿੱਖ ਸਮੂਹਾਂ ਵੱਲੋਂ ਯੂ ਕੇ ਭਰ ਵਿੱਚ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਰੋਜ਼ਾਨਾ ਹੀ ਲੰਗਰ ਅਤੇ ਹੋਰ ਲੋੜੀਂਦੀਆਂ ਵਸਤਾਂ ਨਾਲ ਲੋੜਵੰਦਾਂ ਦੀ ਮਦਦਕਰਦੇ ਰਹਿੰਦੇ ਹਨ। ਲੇਕਨ ਬੇਘਰੇ ਲੋਕਾਂ ਦੀ ਗਿਣਤੀ ਵਿੱਚ ਇਹ ਵਾਧਾ ਸਭ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।**

# ਗਲਾਸਗੋ ਇਮੀਗ੍ਰੇਸ਼ਨ ਵਿਰੋਧ 'ਤੇ ਬਣੀ ਦਸਤਾਵੇਜ਼ੀ ਫਿਲਮ ਨੇ ਸਨਡੈਂਸ ਪੁਰਸਕਾਰ ਜਿੱਤਿਆ



ਪੁਲਿਸ ਵੈਨ 'ਚੋਂ ਛੁੱਟ ਕੇ ਬਾਹਰ ਆਉਂਦਾ ਹੋਇਆ ਲਖਵੀਰ ਸਿੰਘ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ)-13 ਮਈ 2021 ਨੂੰ ਗਲਾਸਗੋ ਦੇ ਦੱਖਣ ਦੀ ਕੈਨਮੂਰ ਸਟਰੀਟ ਤੋਂ ਇਮੀਗ੍ਰੇਸ਼ਨ ਵਿਭਾਗ ਨੇ ਛਾਪੇਮਾਰੀ ਕਰਕੇ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ 2 ਪੰਜਾਬੀ ਵਿਅਕਤੀਆਂ ਲਖਵੀਰ ਸਿੰਘ ਤੇ ਸੁਮਿਤ ਸਹਿਦੇਵ ਨੂੰ ਇਕ ਘਰ ਵਿੱਚੋਂ ਫੜ ਲਿਆ ਸੀ, ਜਿਸ ਦੇ ਰੋਸ 'ਚ ਸਥਾਨਕ ਲੋਕਾਂ ਨੇ ਭਾਰੀ ਵਿਰੋਧ ਕੀਤਾ ਸੀ ਤੇ 'ਤੁਸੀਂ ਜਾਓ', 'ਸ਼ਰਨਾਰਥੀਆਂ ਨੂੰ ਜੀ ਆਇਆਂ ਨੂੰ ' ਦੇ ਨਾਅਰੇ ਲਗਾਏ ਗਏ ਸਨ । ਲੋਕਾਂ ਦੇ ਵਿਰੋਧ ਸਦਕਾ ਇਹਨਾਂ ਦੋਵਾਂ ਲੜਕਿਆਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ । ਗਲਾਸਗੋ ਦੇ ਇਸ ਵਿਰੋਧ ਪ੍ਰਦਰਸ਼ਨ ਬਾਰੇ ਇਕ ਦਸਤਾਵੇਜ਼ੀ ਫਿਲਮ ਬਣਾਈ ਗਈ ਹੈ । ਇਸ ਫਿਲਮ ਨਾਲ ਅਗਲੇ ਮਹੀਨੇ 25 ਫ਼ਰਵਰੀ ਨੂੰ ਗਲਾਸਗੋ ਦੇ ਫਿਲਮ ਫੈਸਟੀਵਲ ਦੀ ਸ਼ੁਰੂਆਤ ਹੋਵੇਗੀ ਤੇ ਇਹ ਫਿਲਮ ਗਲਾਸਗੋ ਫਿਲਮ ਥੀਏਟਰ 'ਚ ਦਿਖਾਈ ਜਾਵੇਗੀ । ਇਸ ਫਿਲਮ ਦਾ ਨਾਂਅ 'ਐਵਰੀਬੋਡੀ ਟੂ ਕੇਨਮੂਰ ਸਟਰੀਟ' ਹੈ ਤੇ ਇਹ 13 ਮਈ 2021 ਦੀ ਇਸ ਘਟਨਾ 'ਤੇ ਕੇਂਦ੍ਰਿਤ ਹੈ। ਇਸ ਫਿਲਮ ਦਾ ਪ੍ਰੀਮੀਅਰ ਜਨਵਰੀ ਦੇ ਸ਼ੁਰੂ ਵਿੱਚ ਸਨਡੈਂਸ ਦੇ ਵਿਸ਼ਵ ਸਿਨੇਮਾ ਫੈਸਟੀਵਲ ਵਿੱਚ ਦਸਤਾਵੇਜ਼ੀ ਫਿਲਮਾਂ ਦੇ ਮੁਕਾਬਲੇ ਵਿੱਚ ਹੋਇਆ ਸੀ, ਜੋ ਕਿ ਫਿਲਮ ਫੈਸਟੀਵਲ ਦੇ ਪਹਿਲੇ ਦਿਨ ਪ੍ਰਦਰਸ਼ਿਤ ਕੀਤਾ ਗਿਆ ਸੀ। ਇਸਨੇ ਹੁਣ ਇਸ ਸ਼੍ਰੇਣੀ ਵਿੱਚ ਵਿਸ਼ੇਸ਼ ਜਿਊਰੀ ਅਵਾਰਡ ਜਿੱਤਿਆ ਹੈ, ਜੋ ਕਿ ਦੁਨੀਆ ਭਰ ਵਿੱਚ ਸਿਵਲ ਵਿਰੋਧ ਨੂੰ ਦਰਸਾਉਣ ਵਾਲੀ ਦਸਤਾਵੇਜ਼ੀ ਫਿਲਮ ਬਣਾਉਣ ਲਈ ਹਿੰਮਤ ਅਤੇ ਪ੍ਰਭਾਵ ਦਾ ਪ੍ਰਦਰਸ਼ਨ ਕਰਨ ਵਾਲੀਆਂ ਫਿਲਮਾਂ ਨੂੰ ਮਾਨਤਾ ਦਿੰਦਾ ਹੈ।

ਇਹ ਫਿਲਮ ਗਲਾਸਗੋ ਫਿਲਮ ਨਿਰਮਾਤਾ ਫੇਲਿਪ ਬੁਸਟੋਸ ਸੀਅਰਾ ਵਲੋਂ ਨਿਰਦੇਸ਼ਤ ਕੀਤੀ ਗਈ ਹੈ । ਸੈੱਟ-ਡਿਜ਼ਾਈਨ ਕੀਤੇ ਦ੍ਰਿਸ਼ਾਂ ਦੀ ਵਰਤੋਂ ਕੀਤੀ ਗਈ ਹੈ ਜਿਸ 'ਚ ਅਦਾਕਾਰ ਉਨ੍ਹਾਂ ਲੋਕਾਂ ਦੀਆਂ ਗਵਾਹੀਆਂ ਦਿੰਦੇ ਹਨ ਜੋ ਗੁਮਨਾਮ ਰਹਿਣਾ ਚਾਹੁੰਦੇ ਸਨ । 13 ਮਾਰਚ ਨੂੰ ਇਹ ਫ਼ਿਲਮ ਯੂਕੇ ਦੇ ਸਿਨੇਮਾਘਰਾਂ ਵਿੱਚ ਰਿਲੀਜ ਕੀਤੀ ਜਾਵੇਗੀ ।

# ਦੋ ਬਜ਼ੁਰਗ ਸਿੱਖ ਟੈਕਸੀ ਡਰਾਇਵਰਾਂ ਤੇ ਹਮਲਾ ਕਰਨ ਦੇ ਦੋਸ਼ ਵਿਚ ਤਿੰਨ ਗ੍ਰਿਫਤਾਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵੁਲਵਰਹੈਂਪਟਨ ਰੇਲਵੇ ਸਟੇਸ਼ਨ ਦੇ ਬਾਹਰ ਦੋ ਬਜ਼ੁਰਗ ਸਿੱਖ ਟੈਕਸੀ ਡਰਾਇਵਰਾਂ 'ਤੇ ਹਮਲਾ ਕਰਨ ਦੇ ਸਬੰਧ ਵਿੱਚ ਤਿੰਨ ਵਿਅਕਤੀਆਂ 'ਤੇ ਦੋਸ਼ ਲਗਾਏ ਗਏ ਹਨ। ਬ੍ਰਿਟਿਸ਼ ਟ੍ਰਾਂਸਪੋਰਟ ਪੁਲਿਸ (ਬੀ ਟੀ ਪੀ) ਨੇ ਕਿਹਾ ਕਿ ਡਡਲੀ ਦੇ 20 ਸਾਲਾ ਜ਼ੈਕਰੀ ਹਾਲ 'ਤੇ ਪਿਛਲੇ ਸਾਲ 15 ਅਗਸਤ ਨੂੰ ਦੋ ਸਿੱਖ ਡਰਾਇਵਰਾਂ ਤੇ ਹਮਲਾ ਕਰਕੇ ਗੰਭੀਰ ਸੱਟਾਂ ਮਾਰਨ, ਨਸਲੀ ਹਮਲਾ ਕਰਨ, ਅਤੇ ਤਿੰਨ ਹੋਰ ਜਨਤਕ ਅਪਰਾਧਾਂ ਦਾ ਦੋਸ਼ ਲਗਾਇਆ ਹੈ। ਇਸੇ ਤਰ੍ਹਾਂ ਡਾਰਲਸਟਨ ਦੇ 25 ਸਾਲਾ ਨਾਥਨ ਐਡਵਰਡਸ 'ਤੇ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ, ਦੋ ਜਨਤਕ ਅਪਰਾਧ, ਹੋਰ ਅਪਰਾਧਾਂ ਦੇ ਨਾਲ ਨਾਲ ਗ੍ਰਿਫਤਾਰੀ ਦਾ ਵਿਰੋਧ ਕਰਨ ਦਾ ਦੋਸ਼ ਲਗਾਇਆ ਗਿਆ ਹੈ।**

ਬੀ ਟੀ ਪੀ ਨੇ ਅੱਗੇ ਕਿਹਾ ਕਿ ਤੀਜੇ ਵਿਅਕਤੀ ਰੋਲੀ ਰੇਜਿਸ ਦੇ 18 ਸਾਲਾ ਲਿਓਨ ਵਿਲੇਟਸ 'ਤੇ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਅਤੇ ਗ੍ਰਿਫਤਾਰੀ ਦਾ ਵਿਰੋਧ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਤਿੰਨਾਂ ਵਿਅਕਤੀਆਂ ਨੂੰ 5 ਮਾਰਚ ਨੂੰ ਡਡਲੀ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮਾਂ ਦਿੰਦਿਆਂ ਤੱਦ ਤੱਕ ਜ਼ਮਾਨਤ ਦੇ ਦਿੱਤੀ ਗਈ ਹੈ।


ਹਮਲੇ ਦੇ ਪੀੜਤ ਜਸਬੀਰ ਸਿੰਘ ਅਤੇ ਸਤਨਾਮ ਸਿੰਘ


ਜ਼ਿਕਰਯੋਗ ਹੈ ਕਿ 15 ਅਗਸਤ ਨੂੰ ਲਗਭਗ 13:45 ਬੀ ਐਸ ਟੀ 'ਤੇ ਰੇਲਵੇ ਸਟੇਸ਼ਨ ਦੇ ਬਾਹਰ ਇਹਨਾਂ ਲੋਕਾਂ ਨੇ ਜਸਬੀਰ ਸਿੰਘ ਅਤੇ ਉਹਨਾਂ ਦੇ ਸਾਥੀ ਸਤਨਾਮ ਸਿੰਘ ਤੇ ਹਮਲਾ ਕੀਤਾ। ਇਸ ਮੌਕੇ ਹਮਲਾਵਰਾਂ ਨੇ ਨਸਲੀ ਟਿੱਪਣੀਆਂ ਵੀ ਕੀਤੀਆਂ। ਸਤਨਾਮ ਸਿੰਘ ਜੋ ਇੱਕ ਅੰਮ੍ਰਿਤਧਾਰੀ ਸਿੰਘ ਸੀ ਉਸ ਦੀ ਦਸਤਾਰ ਵੀ ਉਤਾਰ ਦਿੱਤੀ ਗਈ ਸੀ। ਪੀੜਤਾਂ ਨੂੰ ਇਲਾਜ਼ ਲਈ ਹਸਪਤਾਲ ਜਾਣਾ ਪਿਆ ਸੀ।

ਸੁਪਰਡੈਂਟ ਸੂ ਪੀਟਰਸ ਨੇ ਕਿਹਾ ਕਿ "ਅਸੀਂ ਸਮਝਦੇ ਹਾਂ ਕਿ ਇਸ ਘਟਨਾ ਨੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਹੀ ਸਥਾਨਕ ਸਿੱਖ ਭਾਈਚਾਰੇ ਅਤੇ ਆਮ ਜਨਤਾ ਲਈ ਚਿੰਤਾ ਪੈਦਾ ਕੀਤੀ ਹੈ। ਇਹ ਬਹੁਤ ਜ਼ਰੂਰੀ ਹੈ ਕਿ ਨਿਆਂਇਕ ਪ੍ਰਕਿਰਿਆ ਨੂੰ ਬਿਨਾਂ ਕਿਸੇ ਦਖਲ ਦੇ ਜਾਰੀ ਰਹਿਣ ਦਿੱਤਾ ਜਾਵੇ ਅਤੇ ਕੁਝ ਵੀ ਨਾ ਕਿਹਾ ਜਾਵੇ ਜਾਂ ਪ੍ਰਕਾਸ਼ਿਤ ਨਾ ਕੀਤਾ ਜਾਵੇ ਜੋ ਚੱਲ ਰਹੀ ਅਦਾਲਤੀ ਕਾਰਵਾਈ ਨੂੰ ਪ੍ਰਭਾਵਿਤ ਕਰ ਸਕੇ। ਉਹਨਾਂ ਕਿਹਾ ਕਿ ਅਸੀਂ ਜਿੱਥੇ ਪੀੜਤਾਂ ਨਾਲ ਸੰਪਰਕ ਵਿੱਚ ਹਾਂ ਉੱਥੇ ਹੀ ਸਿੱਖ ਭਾਈਚਾਰੇ ਅਤੇ ਭਾਈਵਾਲ ਏਜੰਸੀਆਂ ਦੇ ਸੰਪਰਕ ਵਿੱਚ ਹਾਂ।

ਸਿੱਖ ਫੈਡਰੇਸ਼ਨ ਯੂ ਕੇ ਦੇ ਭਾਈ ਦਬਿੰਦਰਜੀਤ ਸਿੰਘ ਨੇ ਪੁਲਿਸ ਦਾ ਧੰਨਵਾਦ ਕੀਤਾ ਹੈ।

## ਬਰਤਾਨਵੀ ਗ੍ਰੈਜੂਏਟਾਂ ਨੂੰ ਮੈਡੀਕਲ ਸਿਖਲਾਈ ਵਿੱਚ ਪਹਿਲ ਦਿੱਤੀ ਜਾਵੇਗੀ - ਐਮ ਪੀ ਪ੍ਰੀਤ ਕੌਰ ਗਿੱਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਡਾਕਟਰ ਜਾਂ ਨਰਸਾਂ ਬਣਨ ਲਈ ਬਰਤਾਨੀਆਂ ਦੇ ਪੜ੍ਹੇ ਲਿਖੇ ਗ੍ਰੈਜੂਏਟਾਂ ਨੌਜਵਾਨਾਂ ਨੂੰ ਵਿਦੇਸ਼ੀ ਸਿਖਲਾਈ ਪ੍ਰਾਪਤ ਡਾਕਟਰਾਂ ਨਾਲੋਂ ਤਰਜੀਹ ਦਿੱਤੀ ਜਾਵੇਗੀ। ਬਰਤਾਨੀਆਂ ਦੀ ਸਰਕਾਰ ਅਜਿਹੇ ਕਾਨੂੰਨ ਨੂੰ ਅੱਗੇ ਵਧਾਉਣ ਲਈ ਤਿਆਰ ਹੈ ਜੋ ਯੂ ਕੇ ਅਤੇ ਆਇਰਲੈਂਡ ਦੇ ਲੋਕਾਂ ਲਈ ਡਾਕਟਰੀ ਸਿੱਖਿਆ ਦੇ ਮੌਕੇ ਵਧਾਏਗਾ, ਜਿਸ ਨਾਲ ਘਰੇਲੂ ਪ੍ਰਤਿਭਾ ਨੂੰ ਹੁਲਾਰਾ ਮਿਲੇਗਾ।


ਐਮ ਪੀ ਪ੍ਰੀਤ ਕੌਰ ਗਿੱਲ

ਸਰਕਾਰ ਦੀ ਇਹ ਤਜਵੀਜ਼ ਉਸ ਸਮੇਂ ਸਾਹ-ਮਣੇ ਆਈ ਜਦੋਂ 2026 ਲਈ 25,000 ਵਿਦੇਸ਼ਾਂ ਵਿੱਚ ਜਨਮੇ ਬਿਨੈਕਾਰਾਂ ਨੇ ਅਰਜ਼ੀਆਂ ਦਿੱਤੀਆਂ ਜਦੋਂ ਕਿ ਯੂ ਕੇ ਦੇ ਸਿਰਫ 15,000 ਗ੍ਰੈਜੂਏਟਾਂ ਨੇ ਉਹਨਾਂ ਸਿਖਲਾਈ ਸਥਾਨਾਂ ਲਈ ਅਰਜ਼ੀਆਂ ਦਿੱਤੀਆਂ ਹਨ। ਲੇਬਰ ਐਮ ਪੀ ਪ੍ਰੀਤ ਕੌਰ ਗਿੱਲ ਨੇ ਯੋਜਨਾਵਾਂ ਦਾ ਬਚਾਅ ਕਰਦਿਆਂ ਕਿਹਾ ਕਿ ਸਰਕਾਰ ਬਰਤਾਨਵੀ ਕਾਮਿਆਂ ਨਾਲ ਖੜ੍ਹੀ ਹੈ। ਉਹਨਾਂ ਕਿਹਾ ਕਿ ਮੈਂ ਹਮੇਸ਼ਾਂ ਦਲੀਲ ਦਿੱਤੀ ਹੈ ਕਿ ਇੱਕ ਮਜ਼ਬੂਤ ਸਰਕਾਰ ਦੀਆਂ ਜੜ੍ਹਾਂ ਕੰਮ, ਯੋਗਦਾਨ ਅਤੇ ਨਿਰਪੱਖਤਾ ਵਿੱਚ ਹੋਣੀਆਂ ਚਾਹੀਦੀਆਂ ਹਨ। ਸ਼ਪਸ਼ਟ ਤੌਰ ਤੇ ਸਰਕਾਰ ਦੀਆਂ ਨੀਤੀਆਂ ਬਰਤਾਨੀਆਂ, ਸਾਡੀਆਂ ਰਾਸ਼ਟਰੀ ਸਿਹਤ ਸੇਵਾਵਾਂ ਅਤੇ ਬਰਤਾਨਵੀ ਕਾਮਿਆਂ ਲਈ ਕੰਮ ਕਰਦੀਆਂ ਚਾਹੀਦੀਆਂ ਹਨ। ਨੀਤੀਆਂ ਦੀ ਸਮੀਖਿਆ ਕਰਨਾ ਸਾਡਾ ਫਰਜ਼ ਹੈ। ਬਰਤਾਨਵੀ ਟੈਕਸਦਾਤਾ ਹਰ ਸਾਲ ਮੈਡੀਕਲ ਸਿੱਖਿਆ ਖੇਤਰ ਵਿੱਚ 4 ਅਰਬ ਪੌਂਡ ਤੋਂ ਵੱਧ ਦਾ ਨਿਵੇਸ਼ ਕਰਦਾ ਹੈ। ਐਮ ਪੀ ਗਿੱਲ ਨੇ ਕਿਹਾ ਕਿ ਨਵੇਂ ਕਾਨੂੰਨ ਯੂ ਕੇ ਦੇ ਮੈਡੀਕਲ ਗ੍ਰੈਜੂਏਟਾਂ ਨੂੰ ਸਿਖਲਾਈ ਅਹੁਦਿਆਂ ਲਈ ਤਰਜੀਹ ਦੇਵੇਗਾ, ਜੋ ਮੁਢਲੀ ਸਿੱਖਿਆ ਅਤੇ ਮਾਹਿਰ ਸਿੱਖਿਆ ਦੋਵਾਂ ਲਈ ਹੋਵੇਗਾ। ਜ਼ਿਕਰਯੋਗ ਹੈ ਕਿ ਲੇਬਰ ਸਰਕਾਰ ਰਾਸ਼ਟਰੀ ਸਿਹਤ ਸੇਵਾ ਦੀ ਕੰਮਕਾਜ਼ ਨੀਤੀ ਵਿੱਚ ਇੱਕ ਵੱਡੀ ਤਬਦੀਲੀ ਲਿਆ ਰਹੀ ਹੈ। ਕਿਉਂਕਿ ਮੈਡੀਕਲ ਦੀ ਪੜ੍ਹਾਈ/ਸਿਖਲਾਈ ਲਈ ਸੀਮਤ ਸੀਟਾਂ ਹੋਣ ਕਰਕੇ ਬਰਤਾਨਵੀ ਮੈਡੀਕਲ ਗ੍ਰੈਜੂਏਟਾਂ ਨੂੰ ਵਿਦੇਸ਼ੀ ਸਿਖਲਾਈ ਪ੍ਰਾਪਤ ਡਾਕਟਰਾਂ ਨਾਲ ਮੁਕਾਬਲਾ ਕਰਨਾ ਪੈਂਦਾ ਹੈ। ਸ਼ੈਡੋ ਸਿਹਤ ਮੰਤਰੀ ਸਟੂਅਰਟ ਐਂਡਰਿਊ ਨੇ ਕਿਹਾ ਕਿ ਸਰਕਾਰ ਹੜਤਾਲੀ ਡਾਕਟਰਾਂ ਨੂੰ ਖੁਸ਼ ਕਰਨ ਲਈ ਸੰਸਦ ਨਾਲ ਖੇਡ ਖੇਡਣ ਰਹੀ ਹੈ। ਕਾਮਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਅਸਲ ਠੋਸ ਯੋਜਨਾ ਦੀ ਲੋੜ ਹੈ।

## ਵਿਧਾਇਕ ਇੰਦਰਜੀਤ ਕੌਰ ਮਾਨ ਦਾ ਇੰਗਲੈਂਡ ਵਿੱਚ ਹਲਕੇ ਦੇ ਲੋਕਾਂ ਵੱਲੋਂ ਨਿੱਘਾ ਸਵਾਗਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹਲਕਾ ਨਕੋਦਰ ਤੋਂ ਪੰਜਾਬ ਵਿਧਾਨ ਸਭਾ ਦੀ ਮੈਂਬਰ ਬੀਬੀ ਇੰਦਰਜੀਤ ਕੌਰ ਇੰਗਲੈਂਡ ਵਿੱਚ ਨਿੱਜੀ ਫੇਰੀ ਤੇ ਆਈ ਹੋਈ ਹੈ। ਜਿਹਨਾਂ ਦਾ ਬੀਤੇ ਦਿਨੀ ਬ੍ਰਮਿੰਘਮ ਵਿੱਚ ਪੰਜਾਬ ਰਸੋਈ ਰੈਸਟੋਰੈਂਟ ਵਿਖੇ ਪੰਜਾਬੀ ਭਾਈਚਾਰੇ ਵੱਲੋ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਹਲਕਾ ਨਕੋਦਰ ਦੇ ਪਿੰਡਾਂ ਦੇ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਰਹਿੰਦੇ ਲੋਕਾਂ ਨੇ ਆਪਣੀ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਦਾ ਸਨਮਾਨ ਕੀਤਾ।


ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਲੋਕਾਂ ਦੇ ਰੂਬਰੂ ਹੁੰਦੇ ਹੋਏ

ਇਸ ਮੌਕੇ ਤੇ ਸਾਰਿਆਂ ਨੂੰ ਰੂਬਰੂ ਕਰਵਾਉਦਿਆਂ ਤਰਲੋਚਨ ਸਿੰਘ ਬਿਲਗਾ ਨੇ ਆਖਿਆ ਕਿ ਇੰਦਰਜੀਤ ਕੌਰ ਮਾਨ ਨੇ ਵਿਧਾਨ ਸਭਾ ਵਿਚ ਹਲਕੇ ਦੇ ਲੋਕਾਂ ਦੀ ਅਵਾਜ਼ ਬਣ ਕੇ ਮਸਲੇ ਚੁੱਕੇ ਹਨ। ਉਹਨਾਂ ਨੇ ਵਿਕਾਸ ਨੂੰ ਲੈ ਕੇ ਬਿਲਗਾ ਪਿੰਡ ਦਾ ਉਚੇਚਾ ਧਿਆਨ ਕਰਦਿਆਂ ਹਰ ਸੰਭਵ ਕੰਮ ਕੀਤੇ ਹਨ। ਬਿਲਗਾ 'ਚ ਰਿੰਗ ਰੋਡ ਬਣਾਉਣ ਦਾ ਐਲਾਨ ਪਹਿਲਾਂ ਹੀ ਇੰਦਰਜੀਤ ਕੌਰ ਮਾਨ ਨੇ ਕੀਤਾ ਹੋਇਆ ਹੈ। ਹਲਕੇ ਅੰਦਰ ਵੀ ਉਹਨਾਂ ਵੱਲੋਂ ਨਵੀਆਂ ਪੈੜਾਂ ਪਾਈਆਂ ਜਾ ਰਹੀਆਂ ਹਨ।

ਇਸ ਮੌਕੇ ਬੀਬੀ ਇੰਦਰਜੀਤ ਕੌਰ ਮਾਨ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਤੁਸੀਂ ਲੰਬੇ ਸਮੇਂ ਤੋਂ ਇੱਥੋ ਦੇ ਵਸਨੀਕ ਬਣ ਚੁੱਕੇ ਹੋ ਪਰ ਤੁਹਾਡਾ ਅੱਜ ਵੀ ਆਪਣੇ ਪਿੰਡਾਂ ਨਾਲ ਮੋਹ ਹੈ। ਜਿਸ ਨੂੰ ਭੁਲਾਇਆ ਨਹੀ ਜਾ ਸਕਦਾ। ਵਿਦੇਸ਼ੀ ਧਰਤੀ ਤੇ ਰਹਿੰਦਿਆਂ ਆਪਣੇ ਧਰਮ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਣ ਲਈ ਵੀ ਤੁਸੀਂ ਵਧਾਈ ਦੇ ਪਾਤਰ ਹੋ। ਇਸ ਮੌਕੇ ਤੇ ਪਾਲ ਸਿੰਘ ਸੰਘੇੜਾ ਜੱਜ ਯੂ. ਕੇ, ਦਲੇਰ ਭੰਵਰਾ ਕੌਸਲਰ, ਸੁਖਵੀਰ ਗਿੱਲ ਕੌਸਲਰ, ਮੋਤਾ ਸਿੰਘ ਸਰਾਏ (ਪੰਜਾਬੀ ਸੱਥ), ਅੰਗਰੇਜ ਸਿੰਘ ਸੰਘੇੜਾ ਐੱਲ ਐੱਲ ਬੀ, ਡਾਕਟਰ ਗੁਰਬਖਸ਼ ਸਿੰਘ ਸੰਘੇੜਾ ਬੀ ਪੀ ਸੀ, ਡਾਕਟਰ ਜਗਜੀਤ ਸਿੰਘ ਸੰਘੇੜਾ, ਸੰਤੋਖ ਸਿੰਘ ਸੰਘੇੜਾ, ਸਤਨਾਮ ਸਿੰਘ ਕਲੇਰ, ਬਾਵਾ ਸਿੰਘ ਮੈਜਿਸਟ੍ਰੇਟ, ਕੁਲਵੰਤ ਸਿੰਘ ਭੰਵਰਾ,ਸੋਹਣ ਸਿੰਘ ਜੌਹਲ, ਹਰਭਜਨ ਸਿੰਘ ਪੱਡਾ, ਸੁਖਜੀਤ ਸਿੰਘ ਮੱਲ੍ਹੀ, ਜੱਸਾ ਸਰੀਂਹ ਆਦਿ ਹਾਜ਼ਰ ਸਨ।

## ਸਾਊਥੈਂਪਟਨ ਦੇ ਹਸਪਤਾਲ ਵਿੱਚ ਅੱਗ ਲੱਗਣ ਕਾਰਨ ਭਾਰੀ ਨੁਕਸਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥੈਂਪਟਨ ਦੇ ਮੁੱਖ ਹਸਪਤਾਲ ਵਿੱਚ ਅੱਗ ਲੱਗਣ ਕਾਰਨ 200 ਤੋਂ ਵੱਧ ਮਰੀਜ਼ਾਂ ਨੂੰ ਵਾਰਡਾਂ ਵਿੱਚੋਂ ਬਾਹਰ ਕੱਢਿਆ ਗਿਆ ਹੈ ਅਤੇ ਆਪਰੇਸ਼ਨ ਰੱਦ ਕਰ ਦਿੱਤੇ ਗਏ ਹਨ। ਸਾਊਥੈਂਪਟਨ ਜਨਰਲ ਹਸਪਤਾਲ ਦੇ ਪੱਛਮੀ ਵਿੰਗ ਵਿੱਚ ਐਂਡੋਸਕੋਪੀ ਯੂਨਿਟ ਵਿੱਚ ਲਗਭਗ 05:30 ਅੱਗ ਲੱਗਣ ਤੋਂ ਬਾਅਦ ਇੱਕ ਵੱਡੀ ਘਟਨਾ ਦਾ ਐਲਾਨ ਕੀਤਾ ਗਿਆ।

ਹਸਪਤਾਲ ਨੇ ਕਿਹਾ ਕਿ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ ਅਤੇ ਕੋਈ ਵੀ ਜ਼ਖਮੀ ਨਹੀਂ ਹੋਇਆ ਹੈ, ਇਹ ਵੀ ਕਿਹਾ ਕਿ ਸਾਰੇ ਪ੍ਰਭਾਵਿਤ ਖੇਤਰਾਂ ਦੇ ਮਰੀਜ਼ਾਂ ਨੂੰ ਹੋਰ ਸੁਰੱਖਿਅਤ ਥਾਂਵਾਂ ਤੇ ਲਿਜਾਇਆ ਗਿਆ ਹੈ। ਸ਼ਾਮ 4:30 ਵਜੇ ਤੋਂ ਬਾਅਦ ਜਾਰੀ ਕੀਤੇ ਇੱਕ ਬਿਆਨ ਵਿੱਚ, ਹਸਪਤਾਲ ਨੇ ਕਿਹਾ ਕਿ ਅੱਗ ਨਾਲ ਡੂੰਘਾ ਪ੍ਰਭਾਵ ਪਿਆ ਹੈ ਜਿਸ ਨਾਲ ਸੋਮਵਾਰ ਨੂੰ ਕਈ ਯੋਜਨਾਬੱਧ ਆਪਰੇਸ਼ਨ ਰੱਦ ਕਰ ਦਿੱਤੇ ਗਏ ਹਨ।

## ਸ੍ਰੀ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਲੰਡਨ ਵਿਖੇ ਧੂਮ ਧਾਮ ਨਾਲ ਮਨਾਇਆ

# ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ 650ਵਾਂ ਪ੍ਰਕਾਸ਼ ਪੁਰਬ ਧੂਮ ਧਾਮ ਨਾਲ ਮਨਾਉਣ ਲਈ ਹੁਣੇ ਤੋਂ ਤਿਆਰੀਆਂ ਕਰਨ ਦਾ ਦਿੱਤਾ ਸੱਦਾ

### ਸਭਾ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ, ਚੇਅਰਮੈਨ ਚੁੰਨੀ ਲਾਲ ਚੈਂਬਰ ਅਤੇ ਜਨਰਲ ਸਕੱਤਰ ਸ਼ਿਵ ਰੱਤੂ ਨੇ ਸਮੂਹ ਸੰਗਤਾਂ, ਸਾਰੇ ਸੇਵਾਦਾਰਾਂ ਅਤੇ ਵਿਸ਼ੇਸ਼ ਤੌਰ ਤੇ ਆਏ ਸਾਰੇ ਮਹਿਮਾਨਾਂ ਦਾ ਕੀਤਾ ਧੰਨਵਾਦ

## ਭਾਰਤੀ ਡਿਪਟੀ ਹਾਈਕਮਿਸ਼ਨਰ, ਬਰਤਾਨਵੀ ਸੰਸਦ ਮੈਂਬਰ, ਧਾਰਮਿਕ ਸੰਸਥਾਵਾਂ ਦੇ ਆਗੂ, ਡਿਪਟੀ ਮੇਅਰ, ਕੌਂਸਲਰ, ਪੁਲਿਸ ਅਤੇ ਫੌਜ ਦੇ ਉੱਚ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਭਰੀ ਹਾਜ਼ਰੀ












ਤਸਵੀਰਾਂ: ਭਾਰਤੀ ਡਿਪਟੀ ਹਾਈਕਮਿਸ਼ਨਰ ਅਤੇ ਰਾਜ ਵਿਦੇਸ਼ ਮੰਤਰੀ ਸੀਮਾ ਮਲਹੋਤਰਾ ਅਤੇ ਹੋਰ ਸਖਸ਼ੀਅਤਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਤਸਵੀਰ: ਮਨਪ੍ਰੀਤ ਸਿੰਘ ਬੱਧਨੀ ਕਲਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਲੰਡਨ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ ਧੂਮ ਧਾਮ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਰਣਜੀਤ ਸਿੰਘ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਗੁਰੂ ਘਰ ਨਤਮਸਤਕ ਹੋਈਆਂ।

ਗੁਰੂ ਘਰ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਜਨਰਲ ਸਕੱਤਰ ਸ੍ਰੀ ਸ਼ਿਵ ਰੱਤੂ, ਟਰੱਸਟ ਦੇ ਚੇਅਰਮੈਨ ਚੁੰਨੀ ਲਾਲ ਚੈਂਬਰ, ਮੋਹਨ ਹਾਲੈਂਡ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਗੁਰੂ ਰਵਿਦਾਸ ਜੀ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਅਪੀਲ ਕੀਤੀ। ਭਾਰਤੀ ਡਿਪਟੀ ਹਾਈਕਮਿਸ਼ਰ ਮਿ: ਕਾਰਤਿਕ ਪਾਂਡੇ, ਈਲਿੰਗ ਦੀ ਡਿਪਟੀ ਮੇਅਰ ਕੌਂਸਲਰ ਫਾਦੂਮਾ ਮੁਹੰਮਦ, ਕੇਂਦਰੀ ਰਾਜ ਵਿਦੇਸ਼ ਮੰਤਰੀ ਐਮ ਪੀ ਸੀਮਾ ਮਲਹੋਤਰਾ, ਐਮ ਪੀ ਡੀਡ੍ਰੇ ਕੌਸਟਿਗਨ, ਐਮ ਪੀ ਤਨਮਨਜੀਤ ਸਿੰਘ ਢੇਸੀ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਗੁਰਮੇਲ ਸਿੰਘ ਮੱਲੀ, ਸਾਬਕਾ ਮੇਅਰ ਰਣਜੀਤ ਧੀਰ, ਰਾਮ ਮੰਦਰ ਤੋਂ ਅਰੁਣ ਠਾਕੁਰ, ਈਲਿੰਗ ਕੌਂਸਲ ਲੀਡਰ ਪੀਟਰ ਮੇਸਨ, ਜੀਵਨ ਲਾਲ ਬੈਲਜ਼ੀਅਮ ਆਦਿ ਨੇ ਸੰਬੋਧਨ ਕਰਦਿਆਂ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਅੱਜ ਵੀ ਪਛੜੇ ਵਰਗਾਂ ਨੂੰ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦੇ ਹੱਲ ਲਈ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਜੀਵਨ ਦਾ ਅਧਾਰ ਬਣਾਉਣਾ ਜਰੂਰੀ ਹੈ। ਗੁਰੂ ਘਰ ਵੱਲੋਂ ਆਏ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸ੍ਰੀ ਆਤਮਾ ਰਾਮ ਢਾਂਡਾ ਅਤੇ ਸ੍ਰੀ ਸ਼ਿਵ ਰੱਤੂ ਨੇ ਸੰਬੋਧਨ ਕਰਦਿਆਂ ਗੁਰਦੁਆਰਾ ਸਾਹਿਬ ਆਉਣ ਵਾਲੀਆਂ ਸੰਗਤਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਵੱਲ ਕੌਂਸਲ ਲੀਡਰਾਂ ਦਾ ਧਿਆਨ ਦਿਵਾਇਆ। ਖਾਸ ਤੌਰ ਤੇ ਉਹਨਾਂ ਪਿਛਲੇ ਲੰਮੇਂ ਸਮੇਂ ਤੋਂ ਕਾਰ ਪਾਰਕਿੰਗ ਲਈ ਮੰਗ ਕੀਤੀ ਜਾ ਰਹੀ ਹੈ। ਪ੍ਰਬੰਧਕ ਕਮੇਟੀ ਨੇ ਅਗਲੇ ਸਾਲ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਨੂੰ ਧੂਮ ਧਾਮ ਨਾਲ ਮਨਾਉਣ ਲਈ ਹੁਣੇ ਤੋਂ ਤਿਆਰੀਆਂ ਆਰੰਭ ਕਰਨ ਦੀ ਬੇਨਤੀ ਕੀਤੀ।

ਉਨ੍ਹਾਂ ਕਿਹਾ ਕਿ ਸਥਾਨਕ ਭਾਈਚਾਰਿਆਂ, ਸੰਸਥਾਵਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਪ੍ਰਕਾਸ਼ ਪੁਰਬ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਵੇਗਾ।

ਇਸ ਮੌਕੇ ਸਿੰਘ ਸਭਾ ਦੇ ਮੀਤ ਪ੍ਰਧਾਨ ਕੇਵਲ ਸਿੰਘ ਰਣਦੇਵਾ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ, ਬਲਜੀਤ ਸਿੰਘ ਮੱਲੀ, ਵਰਿੰਦਰ ਕੁਮਾਰ, ਕੌਂਸਲਰ ਜਸਬੀਰ ਕੌਰ ਅਨੰਦ, ਕੌਂਸਲਰ ਮਹਿੰਦਰ ਕੌਰ ਮਿੱਡਾ, ਸਥਾਨਕ ਪੁਲਿਸ ਅਧਿਕਾਰੀਆਂ, ਸਰਬਜੀਤ ਸਿੰਘ ਬਸਰਾ, ਜਸਵੰਤ ਸਿੰਘ ਗਰੇਵਾਲ, ਜੋਗਰਾਜ ਅਹੀਰ, ਪੀ ਐਨ ਬੀ ਦੇ ਨੁਮਾਇੰਦਿਆਂ ਆਦਿ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਤਿੰਨ ਦਿਨ ਚੱਲੇ ਸਮਾਗਮਾਂ ਦੌਰਾਨ ਹਜ਼ਾਰਾਂ ਸੰਗਤਾਂ ਨਤਮਸਤਕ ਹੋਣ ਲਈ ਪਹੁੰਚੀਆਂ ਅਤੇ ਗੁਰੂ ਲੰਗਰ ਅਤੁੱਟ ਵਰਤਾਏ ਗਏ।

# ਹਰੇਕ ਸਮਾਗਮ ਮੌਕੇ ਗੁਰ ਮਰਿਆਦਾ ਬਰਕਰਾਰ ਰੱਖੀ ਜਾਵੇ - ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਦਿਨੀ ਸ਼੍ਰੋਮਣੀ ਅਕਾਲੀ ਦੇ ਅੰਮ੍ਰਿਤਸਰ ਦੇ ਆਗੂ ਗੋਵਿੰਦ ਸਿੰਘ ਵਲੋਂ ਆਪਣੇ ਵਿਆਹ ਮੌਕੇ ਆਪਣੇ ਸਿਰ ਤੇ ਚੌਰ ਕਰਵਾਉਣ ਅਤੇ ਛਤਰ ਝੁਲਾਉਣ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਵੱਜੀ ਸੀ। ਗੋਵਿੰਦ ਸਿੰਘ ਵਲੋਂ ਕੀਤਾ ਗਿਆ ਇਹ ਭਾਰੀ ਗੁਨਾਹ ਸੀ। ਇਸ ਘਟਨਾ ਨਾਲ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ, ਜਿਸ ਕਰਕੇ ਜਾਗਰੂਕ ਸਿੱਖਾਂ ਵਲੋਂ ਸ਼ੋਸ਼ਲ ਮੀਡੀਏ ਰਾਹੀਂ ਵੀ ਭਾਰੀ ਇਤਰਾਜ ਜਤਾਇਆ ਗਿਆ ਜੋ ਕਿ ਜਾਇਜ ਵੀ ਸੀ। ਪਰ ਬਹੁਤ ਜਲਦੀ ਹੀ ਇਸ ਗਲਤੀ ਦਾ ਅਹਿਸਾਸ ਕਰਦਿਆਂ ਗੋਵਿੰਦ ਸਿੰਘ ਵਲੋਂ ਸਿੱਖ ਕੌਮ ਤੋਂ ਮਾਫੀ ਮੰਗਣੀ ਪਈ ਅਤੇ ਆਪ ਹੀ ਸ੍ਰੀ ਅਕਾਲ ਤਖਤ ਸਾਹਿਬ ਤੇ ਜਾ ਕੇ ਖਿਮਾ ਜਾਚਨਾ ਕੀਤੀ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਨੇ ਗੋਵਿੰਦ ਸਿੰਘ ਵਲੋਂ ਮੰਗੀ ਮਾਫੀ ਨੂੰ ਹੋਰਾਂ ਵਾਸਤੇ ਇੱਕ ਸਬਕ ਕਰਾਰ ਦਿੱਤਾ ਹੈ। ਯੂ ਕੇ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਜਾਰੀ ਪ੍ਰੈੱਸ


ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ

ਬਿਆਨ ਰਾਹੀਂ ਸਿੱਖ ਕੌਮ ਨੂੰ ਅਪੀਲ ਕੀਤੀ ਗਈ ਕਿ ਗੁਰ ਮਰਿਆਦਾ ਦਾ ਪਾਲਣ ਕਰਦਿਆਂ ਅਨੰਦ ਕਾਰਜ ਗੁਰਦਵਾਰਾ ਸਾਹਿਬ ਵਿਖੇ ਹੀ ਕਰਵਾਉਣੇ ਚਾਹੀਦੇ ਹਨ। ਹਰੇਕ ਸਮਾਗਮ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਰਾਜ ਦੇ ਸਤਿਕਾਰ ਨੂੰ ਪਹਿਲ ਦੇ ਅਧਾਰ ਤੇ ਬਰਕਰਾਰ ਰੱਖਣਾ ਹਰੇਕ ਸਿੱਖ ਦਾ ਫਰਜਾਂ ਸਿਰ ਫਰਜ ਹੈ। ਹਰੇਕ ਸਿੱਖ ਦਾ ਫਰਜ ਹੈ ਕਿ ਗੁਰਮਤਿ ਦੇ ਅਸੂਲਾਂ ਤੇ ਡੱਟ ਕੇ ਪਹਿਰਾ ਦੇਵੇ ਅਤੇ ਅਜਿਹੀਆਂ ਕਾਰਵਾਈਆਂ ਕਰਨ ਤੋਂ ਗੁਰੇਜ ਕਰੇ ਜਿਹਨਾਂ ਬਾਰੇ ਮਗਰੋਂ ਪਛਤਾਉਣਾ ਪਵੇ ਤੇ ਮਾਫੀ ਮੰਗਣੀ ਪਵੇ।

## ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਵਲੋਂ ਅਦਾਲਤ ਦੇ ਫ਼ੈਸਲੇ ਤੇ ਖੁਸ਼ੀ ਦਾ ਪ੍ਰਗਟਾਵਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੰਧੀ ਮੰਦਿਰ ਵਿੱਚੋਂ ਲਿਆਂਦੇ ਗਏ ਸਨ। ਇਸ ਮੰਦਰ ਵਿੱਚ 11 ਪਾਵਨ ਸਰੂਪ ਅਲਮਾਰੀ ਵਿੱਚ ਬੰਦ ਕੀਤੇ ਹੋਏ ਸਨ, ਅਤੇ ਇੱਕ ਪਾਵਨ ਸਰੂਪ ਦਾ ਮੇਜ ਉੱਪਰ ਪ੍ਰਕਾਸ਼ ਕੀਤਾ ਹੋਇਆ ਸੀ ਅਤੇ ਕੁਰਸੀ ਡਾਹ ਕੇ ਬਾਣੀ ਪੜ੍ਹੀ ਜਾਂਦੀ ਸੀ, ਜਿੱਥੇ ਉਸੇ ਕਮਰੇ ਵਿੱਚ ਮੂਰਤੀ ਪੂਜਾ ਵੀ ਹੋ ਰਹੀ ਸੀ। ਇਹ ਗੁਰੂ ਸਾਹਿਬ ਜੀ ਦੇ ਅਦਬ ਅਤੇ ਰੁਤਬੇ ਦੀ ਬਹੁਤ ਵੱਡੀ ਬੇਅਦਬੀ ਸੀ। ਅਜਿਹਾ ਮਾਹੌਲ ਸਤਿਗੁਰੂ ਜੀ ਦੀਆਂ ਸਿੱਖਿਆਵਾਂ ਦੇ ਬਿਲਕੁਲ ਉਲਟ ਹੈ। ਗੁਰੂ ਸਾਹਿਬ ਦੇ ਸਰੂਪ ਉੱਥੇ ਰੱਖਣੇ ਸਿਰਫ ਗਲਤ ਹੀ ਨਹੀਂ ਸੀ, ਸਗੋਂ ਇਹ ਗੁਰਮਤਿ ਰਹਿਤ ਮਰਿਆਦਾ ਦੇ ਹੀ ਖਿਲਾਫ ਸੀ। ਇਹਨਾਂ ਸਰੂਪਾਂ ਨੂੰ ਮੰਦਿਰ ਵਿੱਚੋਂ ਲਿਆਉਣ ਕਰਕੇ ਤਿੰਨ ਸਿੱਖਾਂ ਤੇ ਮੰਦਿਰ ਵਾਲਿਆਂ ਚੋਰੀ ਦਾ ਕੇਸ ਦਾਇਰ ਕਰਾ ਦਿੱਤਾ ਸੀ। ਜਿਹੜਾ ਬੀਤੇ ਕੱਲ ਅਦਾਲਤ ਵੱਲੋਂ ਖਾਰਜ ਕਰ ਦਿੱਤਾ ਗਿਆ ਹੈ ।

ਸਿੱਖ ਜਥੇਬੰਜੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਨੇ ਲੰਡਨ ਦੀ ਅਦਾਲਤ ਵਲੋਂ ਕੀਤੇ ਗਏ ਫੈਂਸਲੇ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਸੱਚਾਈ ਦੀ ਜਿੱਤ ਆਖਿਆ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵੱਲੋਂ ਇਸ ਕੇਸ ਵਿੱਚ ਸਹਿਯੋਗ ਕਰਨ ਕਰਨ ਵਾਲੀਆਂ ਸਿੱਖ ਸੰਗਤਾਂ, ਪੰਥਕ ਸਖਸ਼ੀਅਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਦਾ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਕਿ ਇਹ ਕੌਮੀ ਭਾਵਨਾਵਾਂ ਅਤੇ ਸਿੱਖ ਜਜ਼ਬਾਤੀ ਨਾਲ ਜੁੜਿਆ ਹੋਇਆ ਕੇਸ ਸੀ ਜੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਨਾਲ ਸਬੰਧਤ ਸੀ। ਗੁਰੂ ਸਾਹਿਬ ਨੇ ਆਪ ਹੀ ਕਿਰਪਾ ਕਰਕੇ ਇਸ ਕੇਸ ਦਾ ਸਿੱਖਾਂ ਦੇ ਹੱਕ ਵਿੱਚ ਫੈਂਸਲਾ ਕਰਵਾਇਆ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਨੇ ਕਿਹਾ ਕਿ ਭਵਿੱਖ ਵਿੱਚ ਇਸ ਸਬੰਧੀ ਯੂ ਕੇ ਪੱਧਰ ਦੀ ਸਰਬ ਸਾਂਝੀ ਕਮੇਟੀ ਬਣਾਉਣ ਦੀ ਜਰੂਰਤ ਹੈ ਤਾਂ ਕਿ ਦੁਬਾਰਾ ਅਜਿਹੀ ਕੌਮੀ ਜਜ਼ਬਾਤਾਂ ਨਾਲ ਜੁੜੇ ਨਾਜ਼ੁਕ ਮਸਲਿਆਂ ਦਾ ਸਾਹਮਣਾ ਨਾ ਕਰਨਾ ਪਵੇ।

## ਲੰਡਨ ਦੇ ਮੰਦਿਰ ਚੋਂ ਸਰੂਪ ਲਿਜਾਣ ਦਾ ਮੁਕੱਦਮਾ ਸਤਿਕਾਰ ਕਮੇਟੀ ਦੇ ਸਿੰਘਾਂ ਨੇ ਜਿੱਤਿਆ ਮੰਦਿਰ ਵਿੱਚ ਸਿੱਖ ਮਰਯਾਦਾ ਅਨੁਸਾਰ ਨਹੀਂ ਸੀ ਪ੍ਰਬੰਧ


ਕੇਸ ਜਿੱਤਣ ਤੋਂ ਬਾਅਦ ਖੁਸ਼ੀਆਂ ਸਾਂਝੀਆਂ ਕਰਦੇ ਹੋਏ ਸਿੱਖ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਹਿੰਦੂ ਮੰਦਰ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਜਾਣ ਦੇ ਮਾਮਲੇ ਦੀ ਸੁਣਵਾਈ ਲੰਡਨ ਦੀ ਵਿਲਡਸਨ ਮੈਜਿਸਟਰੇਟ ਅਦਾਲਤ 'ਚ ਬੀਤੇ ਹਫ਼ਤੇ ਤੋਂ ਚੱਲ ਰਹੀ ਸੀ। ਜੋ ਅੱਜ ਮਾਣਯੋਗ ਅਦਾਲਤ ਨੇ ਸਤਿਕਾਰ ਕਮੇਟੀ ਦੇ ਸਿੰਘਾਂ ਭਾਈ ਮਨਵੀਰ ਸਿੰਘ, ਭਾਈ ਤਰਸੇਮ ਸਿੰਘ ਅਤੇ ਬੀਬੀ ਬਲਵਿੰਦਰ ਕੌਰ ਦੇ ਹੱਕ ਵਿੱਚ ਫ਼ੈਸਲਾ ਦਿੰਦਿਆਂ ਸਾਰੇ ਦੋਸ਼ਾਂ ਤੋਂ ਮੁਕਤ ਕਰਾਰ ਦਿੰਦਿਆਂ, ਜ਼ਬਰਦਸਤੀ ਸਰੂਪ ਲਿਜਾਣ ਅਤੇ ਹੋਰ ਧੱਕੇਸ਼ਾਹੀ ਕਰਨ ਦੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ। ਕੇਸ ਦੀ ਸੁਣਵਾਈ ਦੌਰਾਨ ਵੱਡੀ ਗਿਣਤੀ 'ਚ ਯੂ.ਕੇ. ਭਰ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਸੰਸਥਾਵਾਂ, ਸਿੱਖ ਜੱਥੇਬੰਦੀਆਂ ਦੇ ਨੁਮਾਇੰਦੇ ਤੇ ਸਿੱਖ ਆਗੂ ਪਹੁੰਚੇ ਹੋਏ ਸਨ। ਬਹਿਸ ਦੌਰਾਨ ਦੋਵੇਂ ਧਿਰਾਂ ਦਾ ਪੱਖ ਸੁਣਿਆ ਗਿਆ । ਘਟਨਾ ਵਾਲੇ ਦਿਨ ਮਦਦ ਲਈ ਪੁਲਿਸ ਨੂੰ ਕੀਤੀਆਂ ਫੋਨ ਕਾਲਾਂ ਦੀ ਰਿਕਾਰਡਿੰਗ ਸੁਣੀ ਗਈ । ਅਦਾਲਤ ਵਿੱਚ ਮੰਨਿਆ ਗਿਆ ਕਿ ਮੰਦਿਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਤਿਕਾਰ ਲਈ ਸਿੱਖ ਮਰਯਾਦਾ ਅਨੁਸਾਰ ਪ੍ਰਬੰਧ ਨਹੀਂ ਸੀ। ਇਸੇ ਕਰਕੇ ਹੀ ਸਿੱਖ ਸੰਗਤ ਸਰੂਪ ਲੈ ਕੇ ਗਈ ਹੈ। ਇਸ ਮੌਕੇ ਕਿਸੇ ਤਰ੍ਹਾਂ ਦੀ ਧੱਕੇਸ਼ਾਹੀ, ਡਾਕਾ ਜਾਂ ਚੋਰੀ ਨਹੀਂ ਹੋਈ।ਇਹ ਕੇਸ ਲਗਭਗ 10 ਦਿਨ ਚੱਲਣ ਦੀ ਸੰਭਾਵਨਾ ਸੀ ਜਿਸ ਦਾ ਸਿਰਫ ਅੱਠ ਦਿਨ ਵਿੱਚ ਹੀ ਨਿਪਟਾਰਾ ਹੋ ਗਿਆ। ਭਾਵੇਂ ਕਿ ਅਦਾਲਤ ਦੇ ਹੁਕਮਾਂ ਦੀ ਲਿਖਤੀ ਡਿਟੇਲ ਅਜੇ ਪ੍ਰਾਪਤ ਨਹੀਂ ਹੋਈ। ਪਰ ਭਾਈ ਮਨਵੀਰ ਸਿੰਘ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਯੂ ਕੇ ਦੇ ਸਿੱਖਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਜੱਥੇਬੰਦੀਆਂ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਵੀ ਧੰਨਵਾਦ ਕੀਤਾ ਜਿਹਨਾਂ ਨੇ ਯੂ ਕੇ ਦੇ ਸਿੱਖਾਂ ਨੂੰ ਮਦਦ ਕਰਨ ਦੇ ਆਦੇਸ਼ ਦਿੱਤੇ ਸਨ, ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਸਹਿਯੋਗ ਲਈ ਵੀ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕੀਤਾ ਹੈ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਸਿੱਖ ਧਰਮ ਵਿੱਚ ਗੁਰਦੁਆਰਿਆਂ ਅੰਦਰ ਕੇਕ ਕੱਟਣ ਦੀ ਵਧਦੀ ਪ੍ਰਥਾ 'ਤੇ ਕਿਉਂ ਉਠ ਰਹੇ ਹਨ ਸਖ਼ਤ ਸੁਆਲ ?






ਸਿੱਖ ਪੰਥ ਵਿੱਚ ਹਾਲ ਹੀ ਵਿੱਚ ਇੱਕ ਨਵੀਂ ਚਰਚਾ ਛਿੜ ਗਈ ਹੈ, ਜੋ ਧਾਰਮਿਕ ਮਰਿਆਦਾ ਅਤੇ ਆਧੁਨਿਕ ਰੁਝਾਨਾਂ ਵਿਚਕਾਰ ਟਕਰਾਅ ਨੂੰ ਉਜਾਗਰ ਕਰ ਰਹੀ ਹੈ। ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵਾਂ, ਸ਼ਹੀਦਾਂ ਦੀ ਯਾਦ ਵਿੱਚ ਅਤੇ ਹੋਰ ਧਾਰਮਿਕ ਮੌਕਿਆਂ 'ਤੇ ਗੁਰਦੁਆਰਿਆਂ ਅੰਦਰ ਵੱਡੇ-ਵੱਡੇ ਸਜਾਏ ਹੋਏ ਕੇਕ ਕੱਟਣ ਦੀ ਪ੍ਰਥਾ ਵਧ ਰਹੀ ਹੈ। ਇਸ ਨੂੰ ਲੈ ਕੇ ਸਿੱਖ ਵਿਦਵਾਨਾਂ, ਧਾਰਮਿਕ ਆਗੂਆਂ ਅਤੇ ਸੰਗਤਾਂ ਵਿੱਚ ਗੰਭੀਰ ਚਿੰਤਾ ਪੈਦਾ ਹੋ ਗਈ ਹੈ। ਉਹ ਇਸ ਨੂੰ ਸਿੱਖ ਮਰਿਆਦਾ ਵਿਰੁੱਧ ਅਤੇ 'ਮਨਮਤ' (ਆਪਣੀ ਮਰਜ਼ੀ ਅਨੁਸਾਰ ਚੱਲਣ ਵਾਲੀ ਰੀਤ) ਦੱਸ ਰਹੇ ਹਨ।

ਇਹ ਵਿਵਾਦ ਖਾਸ ਤੌਰ 'ਤੇ ਤੇਜ਼ ਹੋਇਆ ਹੈ ਜਦੋਂ ਸੋਸ਼ਲ ਮੀਡੀਆ 'ਤੇ ਵੀਡੀਓ ਅਤੇ ਤਸਵੀਰਾਂ ਵਾਇਰਲ ਹੋਈਆਂ, ਜਿਨ੍ਹਾਂ ਵਿੱਚ ਗੁਰਦੁਆਰੇ ਦੇ ਅੰਦਰ ਅਰਦਾਸ ਤੋਂ ਬਾਅਦ ਕੇਕ ਕੱਟੇ ਜਾ ਰਹੇ ਸਨ, ਚੀਅਰਿੰਗ ਹੋ ਰਹੀ ਸੀ ਅਤੇ ਇਸ ਨੂੰ ਸਮਾਜਿਕ ਜਸ਼ਨ ਵਾਂਗ ਮਨਾਇਆ ਜਾ ਰਿਹਾ ਸੀ। ਇਹ ਸਭ ਸਿੱਖ ਧਰਮ ਦੀਆਂ ਮੂਲ ਸਿੱਖਿਆਵਾਂ - ਜੋ ਗੁਰਬਾਣੀ, ਸੇਵਾ, ਨਿਮਰਤਾ ਅਤੇ ਅੰਦਰੂਨੀ ਸ਼ਾਂਤੀ 'ਤੇ ਅਧਾਰਿਤ ਹਨ - ਨਾਲ ਟਕਰਾਉਂਦਾ ਦਿਖਾਈ ਦੇ ਰਿਹਾ ਹੈ।

ਸਿੱਖ ਯੂਥ ਫੈਡਰੇਸ਼ਨ (ਸੰਤ ਭਿੰਡਰਾਂਵਾਲੇ) ਦੇ ਪ੍ਰਧਾਨ ਭਾਈ ਰਣਜੀਤ ਸਿੰਘ ਨੇ ਇਸ ਮਾਮਲੇ 'ਤੇ ਸਖ਼ਤ ਰੁਖ ਅਪਣਾਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਗੁਰੂ ਸਾਹਿਬਾਨ, ਸ਼ਹੀਦਾਂ ਅਤੇ ਇਤਿਹਾਸਕ ਸ਼ਖ਼ਸੀਅਤਾਂ ਦੇ ਜਨਮ ਦਿਹਾੜੇ ਜਾਂ ਯਾਦਗਾਰੀ ਮੌਕਿਆਂ 'ਤੇ ਰਵਾਇਤੀ ਤਰੀਕਿਆਂ ਦੀ ਥਾਂ ਵੱਡੇ ਡੈਕੋਰੇਟਿਵ ਕੇਕ ਕੱਟੇ ਜਾ ਰਹੇ ਹਨ। ਇਹ ਅਕਸਰ ਅਰਦਾਸ ਤੋਂ ਬਾਅਦ ਹੁੰਦਾ ਹੈ ਅਤੇ ਇਸ ਨੂੰ ਖੁਸ਼ੀ ਦੇ ਜਸ਼ਨ ਵਾਂਗ ਮਨਾਇਆ ਜਾਂਦਾ ਹੈ।

ਭਾਈ ਰਣਜੀਤ ਸਿੰਘ ਨੇ ਕਿਹਾ, "ਕੇਕ ਕੱਟਣਾ ਸਿੱਖ ਰਵਾਇਤ ਨਹੀਂ ਹੈ। ਸਾਡਾ ਧਰਮ ਅਜਿਹੇ ਰਸਮਾਂ ਨੂੰ ਮਾਨਤਾ ਨਹੀਂ ਦਿੰਦਾ, ਖਾਸ ਕਰਕੇ ਗੁਰਦੁਆਰੇ ਅੰਦਰ। ਸਿੱਖ ਉਤਸਵ ਗੁਰਬਾਣੀ, ਸੇਵਾ ਅਤੇ ਨਿਮਰਤਾ ਨਾਲ ਜੁੜੇ ਹੁੰਦੇ ਹਨ, ਨਾ ਕਿ ਬਾਹਰੀ ਰੀਤਾਂ ਨੂੰ ਅਪਣਾ ਕੇ। ਜਦੋਂ ਅਸੀਂ ਦੇਗ-ਤੇਗ ਦੀ ਥਾਂ ਵਿਖਾਵੇ ਅਤੇ ਸ਼ੋਅ ਨੂੰ ਅਹਿਮੀਅਤ ਦੇਣ ਲੱਗ ਪੈਂਦੇ ਹਾਂ ਤਾਂ ਸਿੱਖ ਪਛਾਣ ਦੀਆਂ ਨੀਂਹਾਂ ਕਮਜ਼ੋਰ ਹੋ ਜਾਂਦੀਆਂ ਹਨ।"

ਉਨ੍ਹਾਂ ਨੇ ਇਹ ਵੀ ਕਿਹਾ ਕਿ ਕਈ ਵਾਰ ਲੋਕ ਵੱਡੇ ਵਾਹਨਾਂ ਵਿੱਚ ਕੇਕ ਲੈ ਕੇ ਆਉਂਦੇ ਹਨ ਅਤੇ ਆਕਾਰ, ਵਜ਼ਨ ਅਤੇ ਡਿਜ਼ਾਈਨ ਵਿੱਚ ਮੁਕਾਬਲੇ ਕਰਦੇ ਹਨ। ਇਹ ਸਭ ਧਾਰਮਿਕ ਯਾਦ ਨੂੰ ਪ੍ਰਦਰਸ਼ਨ ਅਤੇ ਸੋਸ਼ਲ ਉਤਸਵ ਵੱਲ ਤਬਦੀਲ ਕਰ ਦਿੰਦਾ ਹੈ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਇਸ ਨੂੰ 'ਗੁਰ ਮਰਿਆਦਾ' ਦੇ ਉਲਟ ਨਤੀਜਾ ਦੱਸਿਆ। ਉਨ੍ਹਾਂ ਅਨੁਸਾਰ ਸਿੱਖ ਪਰੰਪਰਾ ਵਿੱਚ ਖੁਸ਼ੀ ਅਤੇ ਯਾਦ ਨੂੰ ਮਨਾਉਣ ਦੇ ਤਰੀਕੇ ਸਪੱਸ਼ਟ ਹਨ: ਪਾਠ, ਕੀਰਤਨ, ਕਥਾ, ਕਵਿਸ਼ਰੀ, ਢਾਡੀ ਵਾਰਾਂ, ਅਰਦਾਸ, ਕੜਾਹ ਪ੍ਰਸ਼ਾਦ ਅਤੇ ਪੰਗਤ ਵਿੱਚ ਲੰਗਰ। ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਪੱਛਮੀ ਜਾਂ ਗੈਰ-ਸਿੱਖ ਰਸਮਾਂ ਨਾਲ ਬਦਲਣਾ ਮਰਿਆਦਾ ਦੀ ਉਲੰਘਣਾ ਹੈ।

ਸਿੱਖ ਰਹਿਤ ਮਰਿਆਦਾ (ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਅਧਿਕਾਰਤ ਨਿਯਮ-ਕਾਨੂੰਨ) ਵਿੱਚ ਗੁਰਦੁਆਰੇ ਅੰਦਰ ਕਿਸੇ ਵੀ ਗੈਰ-ਗੁਰਮਤਿ ਰਸਮ ਨੂੰ ਸਖ਼ਤੀ ਨਾਲ ਮਨ੍ਹਾ ਕੀਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਗੁਰਦੁਆਰੇ ਵਿੱਚ ਸਿਰਫ਼ ਗੁਰਬਾਣੀ ਨਾਲ ਜੁੜੀਆਂ ਰਸਮਾਂ ਹੀ ਹੋਣੀਆਂ ਚਾਹੀਦੀਆਂ ਹਨ। ਕੋਈ ਵੀ ਮੂਰਤੀ ਪੂਜਾ, ਵਿਦੇਸ਼ੀ ਰੀਤਾਂ ਜਾਂ ਅਜਿਹੇ ਕੰਮ ਜੋ ਗੁਰਮਤਿ ਵਿਰੁੱਧ ਹੋਣ, ਮਨ੍ਹਾ ਹਨ। ਕੇਕ ਕੱਟਣ ਵਰਗੀ ਪ੍ਰਥਾ ਨੂੰ ਬਹੁਤ ਸਾਰੇ ਵਿਦਵਾਨ "ਬਾਹਰੀ ਰਸਮ" ਮੰਨਦੇ ਹਨ, ਜੋ ਮੁੱਖ ਤੌਰ 'ਤੇ ਪੱਛਮੀ ਸਭਿਆਚਾਰ ਤੋਂ ਆਈ ਹੈ ਅਤੇ ਇਸ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ।

ਪਹਿਲਾਂ ਵੀ ਅਜਿਹੇ ਮਾਮਲੇ ਚਰਚਾ ਵਿੱਚ ਰਹੇ ਹਨ, ਜਿਵੇਂ ਜਨਮਦਿਨਾਂ 'ਤੇ ਲੰਗਰ ਹਾਲ ਵਿੱਚ ਕੇਕ ਕੱਟਣਾ ਜਾਂ ਬੱਚੇ ਦੇ ਪਹਿਲੇ ਜਨਮਦਿਨ 'ਤੇ ਗੁਰਦੁਆਰੇ ਵਿੱਚ ਇਹ ਰਸਮ। ਕੁਝ ਗੁਰਦੁਆਰੇ ਇਸ ਨੂੰ ਮਨਜ਼ੂਰ ਕਰ ਲੈਂਦੇ ਹਨ (ਜੇ ਡਾਂਸ, ਗਾਣੇ ਹੋਣ ਤਾਂ), ਪਰ ਵੱਡੇ ਪੱਧਰ 'ਤੇ ਇਹ ਵਿਵਾਦ ਵਾਲਾ ਮਾਮਲਾ ਬਣ ਜਾਂਦਾ ਹੈ। ਹਾਲ ਹੀ ਵਿੱਚ ਕੁਝ ਜਥੇਦਾਰਾਂ ਅਤੇ ਕਥਾਵਾਚਕਾਂ ਨੇ ਵੀ ਇਸ ਵਿਰੁੱਧ ਆਵਾਜ਼ ਉਠਾਈ ਹੈ, ਜਿਵੇਂ ਕਿ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਕੇਕ ਕੱਟਣ ਨੂੰ ਗਲਤ ਦੱਸਿਆ ਗਿਆ।

ਇਸ ਪ੍ਰਥਾ ਨੂੰ ਲੈ ਕੇ ਚਿੰਤਾ ਇਹ ਵੀ ਹੈ ਕਿ ਇਹ ਸਿੱਖ ਨੌਜਵਾਨ ਪੀੜ੍ਹੀ ਵਿੱਚ ਧਾਰਮਿਕ ਪਛਾਣ ਨੂੰ ਕਮਜ਼ੋਰ ਕਰ ਰਹੀ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਕਾਰਨ ਇਹ ਰੁਝਾਨ ਹੋਰ ਫੈਲ ਰਿਹਾ ਹੈ, ਜਿਸ ਨਾਲ ਧਾਰਮਿਕ ਸਮਾਗਮ ਵਿਖਾਵੇ ਵੱਲ ਤਬਦੀਲ ਹੋ ਰਹੇ ਹਨ। ਵਿਦਵਾਨਾਂ ਦਾ ਕਹਿਣਾ ਹੈ ਕਿ ਜੇ ਇਹ ਸਿਲਸਿਲਾ ਜਾਰੀ ਰਿਹਾ ਤਾਂ ਸਿੱਖ ਸੰਗਠਨਾਂ ਵੱਲੋਂ ਵਿਰੋਧ ਪ੍ਰਦਰਸ਼ਨ ਵੀ ਸ਼ੁਰੂ ਹੋ ਸਕਦੇ ਹਨ।

ਸਿੱਖ ਧਰਮ ਦੀ ਮਰਿਆਦਾ ਅਨੁਸਾਰ ਗੁਰਦੁਆਰਾ ਇੱਕ ਪਵਿੱਤਰ ਅਸਥਾਨ ਹੈ, ਜਿੱਥੇ ਸਿਰਫ਼ ਗੁਰੂ ਦੀ ਬਾਣੀ ਅਤੇ ਸੇਵਾ-ਸਿਮਰਨ ਹੀ ਹੋਣਾ ਚਾਹੀਦਾ ਹੈ। ਬਾਹਰੀ ਰਸਮਾਂ ਨੂੰ ਅਪਣਾਉਣ ਨਾਲ ਇਸ ਪਵਿੱਤਰਤਾ ਨੂੰ ਠੇਸ ਪਹੁੰਚਦੀ ਹੈ। ਇਹ ਵਿਵਾਦ ਸਿੱਖ ਭਾਈਚਾਰੇ ਲਈ ਇੱਕ ਮੌਕਾ ਵੀ ਹੈ ਕਿ ਆਪਣੀਆਂ ਜੜ੍ਹਾਂ ਵੱਲ ਵਾਪਸ ਮੁੜੇ ਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਪੂਰੀ ਤਰ੍ਹਾਂ ਅਪਣਾਏ।

## ਵਿਸ਼ਵ ਬੈਂਕ ਪ੍ਰਧਾਨ ਅਜੈ ਸਿੰਘ ਬੰਗਾ ਨੇ ਗੁਰਦੁਆਰਾ ਪੰਜਾ ਸਾਹਿਬ ਵਿਖੇ ਕੀਤੇ ਦਰਸ਼ਨ

### ✪ ਲੰਗਰ ਵਿੱਚ ਬੈਠ ਕੇ ਛੱਕਿਆ ਪ੍ਰਸਾਦ



ਲਾਹੌਰ-ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਪਾਲ ਸਿੰਘ ਬੰਗਾ ਬੀਤੇ ਦਿਨੀ ਪਾਕਿਸਤਾਨ ਦੇ ਅਧਿਕਾਰਤ ਦੌਰੇ ਦੌਰਾਨ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਪਹੁੰਚੇ। ਉਨ੍ਹਾਂ ਨੇ ਨਤਮਸਤਕ ਹੋ ਕੇ ਅਰਦਾਸ ਕੀਤੀ, ਪਰਿਕਰਮਾ ਕੀਤੀ ਅਤੇ ਪੰਗਤ ਵਿੱਚ ਬੈਠ ਕੇ ਲੰਗਰ ਛੱਕਿਆ। ਪਾਕਿਸਤਾਨ ਦੇ ਸੰਘੀ ਵਿੱਤ ਮੰਤਰੀ ਮੁਹੰਮਦ ਔਰੰਗਜ਼ੇਬ ਅਤੇ ਪੰਜਾਬ ਦੇ ਘੱਟ ਗਿਣਤੀ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਸਵਾਗਤ ਕੀਤਾ। ਸਿੱਖ ਆਗੂਆਂ ਵੱਲੋਂ ਸਿਰੋਪਾਓ ਤੇ ਤਲਵਾਰ ਭੇਟ ਕੀਤੀ ਗਈ। ਬਾਅਦ ਵਿੱਚ ਉਹ ਟੈਕਸਿਲਾ ਅਜਾਇਬ ਘਰ ਵੀ ਗਏ।

## ਲੁਧਿਆਣਾ ਵਿਚ ਦੇਹ ਵਪਾਰ ਦਾ ਪਰਦਾਫਾਸ਼, 7 ਜੋੜੇ ਗ੍ਰਿਫਤਾਰ

ਲੁਧਿਆਣਾ-ਮੋਤੀ ਨਗਰ ਇਲਾਕੇ ਦੇ ਰਿਹਾਇਸ਼ੀ ਘਰ ਵਿੱਚ ਚੱਲ ਰਹੇ ਕਥਿਤ ਦੇਹ ਵਪਾਰ ਦੇ ਧੰਦੇ ਦਾ ਪਰਦਾਫਾਸ਼ ਹੋਇਆ ਹੈ। ਵਿਧਾਇਕਾ ਰਜਿੰਦਰ ਪਾਲ ਕੌਰ ਛੀਨਾ ਨੂੰ ਮਿਲੀਆਂ ਸ਼ਿਕਾਇਤਾਂ 'ਤੇ ਥਾਣਾ ਮੋਤੀ ਨਗਰ ਪੁਲਿਸ ਨੇ ਰੇਡ ਕੀਤੀ ਅਤੇ ਮੌਕੇ ਤੋਂ 7 ਜੋੜਿਆਂ ਨੂੰ ਕਾਬੂ ਕੀਤਾ। ਵਿਧਾਇਕਾ ਖੁਦ ਰੇਡ ਦੌਰਾਨ ਮੌਜੂਦ ਰਹੀ ਅਤੇ ਗਲਤ ਅਨਸਰਾਂ ਨੂੰ ਸਖ਼ਤ ਚੇਤਾਵਨੀ ਦਿੱਤੀ। ਉਨ੍ਹਾਂ ਪੁਲਿਸ ਨੂੰ ਹੁਕਮ ਦਿੱਤੇ ਕਿ ਮੁੱਖ ਸਰਗਨਿਆਂ ਤੱਕ ਪਹੁੰਚ ਕੇ ਸਖ਼ਤ ਕਾਰਵਾਈ ਕੀਤੀ ਜਾਵੇ।

# ਕੈਨੇਡਾ ਜਾਂਦੇ ਭਾਰਤੀ ਅਤੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ

## ✪ ਸਖ਼ਤ ਨਿਯਮਾਂ ਅਤੇ ਨਵੀਆਂ ਪਾਲਸੀਆਂ ਕਾਰਨ ਆਈ ਗਿਰਾਵਟ
## ✪ ਪੜ੍ਹਾਈ ਤੋਂ ਬਾਅਦ ਵਾਪਸੀ ਵਧੀ ਅਤੇ ਪੀਆਰ/ਵਰਕ ਪਰਮਿਟ ਮਿਲਣਾ ਹੋਇਆ ਔਖਾ

ਖ਼ਾਸ ਰਿਪੋਰਟ

ਪਿਛਲੇ ਕੁਝ ਸਾਲਾਂ ਵਿੱਚ ਕੈਨੇਡਾ ਪੜ੍ਹਾਈ ਲਈ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਬਹੁਤ ਵੱਡੀ ਕਮੀ ਆਈ ਹੈ। ਖਾਸ ਕਰਕੇ ਪੰਜਾਬ ਤੋਂ ਜਾਣ ਵਾਲੇ ਵਿਦਿਆਰਥੀਆਂ 'ਤੇ ਇਸ ਦਾ ਸਭ ਤੋਂ ਵੱਧ ਅਸਰ ਪਿਆ ਹੈ। ਇਮੀਗ੍ਰੇਸ਼ਨ, ਰਿਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅਧਿਕਾਰਤ ਅੰਕੜਿਆਂ ਮੁਤਾਬਕ, 2022 ਅਤੇ 2023 ਵਿੱਚ ਭਾਰਤੀ ਵਿਦਿਆਰਥੀਆਂ ਨੂੰ ਬਹੁਤ ਵੱਡੀ ਗਿਣਤੀ ਵਿੱਚ ਸਟੱਡੀ ਪਰਮਿਟ ਜਾਰੀ ਹੋ ਰਹੇ ਸਨ, ਪਰ 2024 ਅਤੇ ਖਾਸ ਕਰਕੇ 2025 ਵਿੱਚ ਇਹ ਗਿਣਤੀ ਬਹੁਤ ਘੱਟ ਗਈ ਹੈ। ਇਸ ਗਿਰਾਵਟ ਨਾਲ ਨਾ ਸਿਰਫ਼ ਨਵੇਂ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ, ਸਗੋਂ ਪਹਿਲਾਂ ਤੋਂ ਕੈਨੇਡਾ ਵਿੱਚ ਰਹਿ ਰਹੇ ਵਿਦਿਆਰਥੀਆਂ ਨੂੰ ਵੀ ਵਾਪਸ ਆਉਣਾ ਪੈ ਰਿਹਾ ਹੈ ਅਤੇ ਸ਼ਰਨ (ਐਸਾਈਲਮ) ਦੇ ਮਾਮਲੇ ਵਿੱਚ ਵੀ ਇਨਕਾਰ ਵਧ ਗਏ ਹਨ।

ਸਭ ਤੋਂ ਪਹਿਲਾਂ ਅੰਕੜਿਆਂ ਬਾਰੇ ਗੱਲ ਕਰੀਏ। 2022 ਵਿੱਚ ਭਾਰਤੀ ਵਿਦਿਆਰਥੀਆਂ ਨੂੰ ਲਗਭਗ 2,25,835 ਸਟੱਡੀ ਪਰਮਿਟ ਮਿਲੇ ਸਨ। 2023 ਵਿੱਚ ਇਹ ਗਿਣਤੀ ਵਧ ਕੇ 2,78,005 ਹੋ ਗਈ ਸੀ, ਜੋ ਇੱਕ ਰਿਕਾਰਡ ਸੀ। ਪਰ 2024 ਵਿੱਚ ਇਹ ਘਟ ਕੇ 1,88,255 ਰਹਿ ਗਈ ਅਤੇ 2025 ਵਿੱਚ ਅੰਦਾਜ਼ਨ ਸਿਰਫ਼ 90,000 ਤੋਂ ਘੱਟ ਭਾਰਤੀ ਵਿਦਿਆਰਥੀਆਂ ਨੂੰ ਹੀ ਪਰਮਿਟ ਜਾਰੀ ਹੋਏ। ਜਨਵਰੀ ਤੋਂ ਅਗਸਤ 2025 ਤੱਕ ਸਿਰਫ਼ ਲਗਭਗ 9,995 ਭਾਰਤੀ ਵਿਦਿਆਰਥੀਆਂ ਨੂੰ ਨਵੇਂ ਸਟੱਡੀ ਪਰਮਿਟ ਮਿਲੇ, ਜਦਕਿ 2023 ਦੇ ਇਸੇ ਸਮੇਂ ਵਿੱਚ 1,49,875 ਵਿਦਿਆਰਥੀਆਂ ਨੂੰ ਮਿਲੇ ਸਨ। ਇਹ ਗਿਰਾਵਟ 60 ਫ਼ੀਸਦੀ ਤੋਂ ਵੱਧ ਹੈ ਅਤੇ ਭਾਰਤੀ ਵਿਦਿਆਰਥੀਆਂ ਲਈ ਇਹ ਤੀਜੇ ਹਿੱਸੇ ਤੋਂ ਵੀ ਘੱਟ ਹੈ।



ਪੰਜਾਬੀ ਵਿਦਿਆਰਥੀਆਂ ਦਾ ਹਿੱਸਾ ਭਾਰਤੀ ਵਿਦਿਆਰਥੀਆਂ ਵਿੱਚ 50 ਤੋਂ 60 ਫ਼ੀਸਦੀ ਤੱਕ ਹੁੰਦਾ ਸੀ। ਇਸ ਲਈ ਪੰਜਾਬ 'ਚ ਇਸ ਗਿਰਾਵਟ ਨੇ ਬਹੁਤ ਵੱਡਾ ਝਟਕਾ ਦਿੱਤਾ ਹੈ। ਬਹੁਤ ਸਾਰੇ ਪਰਿਵਾਰਾਂ ਨੇ ਆਪਣੇ ਬੱਚਿਆਂ ਲਈ ਕੈਨੇਡਾ ਨੂੰ ਸੁਪਨੇ ਵਾਂਗੂੰ ਵੇਖਿਆ ਸੀ, ਪਰ ਹੁਣ ਇਹ ਸੁਪਨੇ ਟੁੱਟ ਰਹੇ ਹਨ।

### ਇਸ ਗਿਰਾਵਟ ਦੇ ਮੁੱਖ ਕਾਰਨ ਕੀ ਹਨ ?

ਕੈਨੇਡਾ ਸਰਕਾਰ ਨੇ 2024 ਤੋਂ ਬਾਅਦ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਸਖ਼ਤ ਨਿਯਮ ਲਾਗੂ ਕੀਤੇ ਹਨ। ਜਨਵਰੀ 2024 ਵਿੱਚ ਸਟੱਡੀ ਪਰਮਿਟਾਂ 'ਤੇ ਕੈਪ (ਸੀਮਾ) ਲਗਾਈ ਗਈ। 2025 ਵਿੱਚ ਇਹ ਸੀਮਾ ਹੋਰ ਘਟਾ ਦਿੱਤੀ ਗਈ ਅਤੇ 2026 ਲਈ ਸਿਰਫ਼ 1,55,000 ਨਵੇਂ ਸਟੱਡੀ ਪਰਮਿਟ ਜਾਰੀ ਕਰਨ ਦੀ ਯੋਜਨਾ ਹੈ। ਇਸ ਤੋਂ ਇਲਾਵਾ, ਐਕਸੈਪਟੈਂਸ ਲੈਟਰ ਦੀ ਜਾਂਚ ਲਾਜ਼ਮੀ ਕੀਤੀ ਗਈ ਤਾਂ ਜੋ ਧੋਖਾਧੜੀ ਰੋਕੀ ਜਾ ਸਕੇ। ਵਿੱਤੀ ਜ਼ਰੂਰਤਾਂ ਵਧਾ ਦਿੱਤੀਆਂ ਗਈਆਂ - ਪਹਿਲਾਂ 10,000 ਡਾਲਰ ਸਨ, ਹੁਣ 20,635 ਡਾਲਰ ਤੋਂ ਵੱਧ ਦਿਖਾਉਣੇ ਪੈਂਦੇ ਹਨ। ਆਫ-ਕੈਂਪਸ ਕੰਮ ਦੇ ਘੰਟੇ ਵੀ 24 ਘੰਟੇ ਪ੍ਰਤੀ ਹਫ਼ਤਾ ਤੱਕ ਸੀਮਤ ਕਰ ਦਿੱਤੇ ਗਏ ਹਨ। ਇਹ ਸਾਰੇ ਬਦਲਾਅ ਕੈਨੇਡਾ ਵਿੱਚ ਹਾਊਸਿੰਗ, ਹੈਲਥਕੇਅਰ ਅਤੇ ਇਨਫਰਾਸਟਰਕਚਰ 'ਤੇ ਪੈ ਰਹੇ ਦਬਾਅ ਨੂੰ ਘਟਾਉਣ ਲਈ ਕੀਤੇ ਗਏ ਹਨ।

ਭਾਰਤੀ ਵਿਦਿਆਰਥੀਆਂ ਲਈ ਇਨਕਾਰ ਦੀ ਦਰ ਵੀ ਬਹੁਤ ਵਧ ਗਈ ਹੈ। ਅਗਸਤ 2025 ਵਿੱਚ ਭਾਰਤੀ ਅਰਜ਼ੀਆਂ ਵਿੱਚੋਂ 74 ਫ਼ੀਸਦੀ ਰੱਦ ਕੀਤੀਆਂ ਗਈਆਂ, ਜੋ 2023 ਵਿੱਚ ਸਿਰਫ਼ 32 ਫ਼ੀਸਦੀ ਸੀ। ਇਸ ਦਾ ਮੁੱਖ ਕਾਰਨ ਧੋਖਾਧੜੀ ਦੇ ਡਰ ਅਤੇ ਭਾਰਤ-ਕੈਨੇਡਾ ਵਿਚਕਾਰ ਕੂਟਨੀਤਕ ਤਣਾਅ ਵੀ ਮੰਨਿਆ ਜਾਂਦਾ ਹੈ। ਪੰਜਾਬ, ਗੁਜਰਾਤ ਅਤੇ ਹਰਿਆਣਾ ਵਰਗੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਵੱਧ ਇਨਕਾਰ ਮਿਲ ਰਿਹਾ ਹੈ।

ਵਾਪਸੀ ਦੀ ਵਧਦੀ ਗਿਣਤੀ ਵੀ ਚਿੰਤਾ ਦਾ ਵਿਸ਼ਾ ਬਣ ਗਈ ਹੈ। ਬਹੁਤ ਸਾਰੇ ਵਿਦਿਆਰਥੀ ਪੜ੍ਹਾਈ ਤੋਂ ਬਾਅਦ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ 'ਤੇ ਰਹਿੰਦੇ ਸਨ, ਜੋ 1 ਤੋਂ 3 ਸਾਲ ਤੱਕ ਮਿਲਦਾ ਸੀ। ਪਰ 2025 ਵਿੱਚ ਨਵੇਂ ਨਿਯਮਾਂ ਨਾਲ ਵਰਕ ਪਰਮਿਟ ਲਈ ਯੋਗਤਾ ਸੀਮਤ ਕਰ ਦਿੱਤੀ ਗਈ ਹੈ। ਸੂਬਾਈ ਤਸਦੀਕ ਪੱਤਰ ਲਾਜ਼ਮੀ ਹੋ ਗਏ ਹਨ ਅਤੇ ਬਹੁਤ ਸਾਰੇ ਪ੍ਰੋਗਰਾਮ ਹੁਣ ਯੋਗ ਨਹੀਂ ਰਹੇ। ਇਸ ਕਾਰਨ 2025 ਵਿੱਚ ਵਰਕ ਪਰਮਿਟ ਦੀ ਗਿਣਤੀ ਵਿੱਚ 30 ਫ਼ੀਸਦੀ ਤੱਕ ਕਮੀ ਆਈ ਹੈ। ਨੌਕਰੀਆਂ ਦੀ ਘਾਟ, ਰਹਿਣ-ਸਹਿਣ ਦਾ ਉੱਚ ਖਰਚਾ ਅਤੇ ਵੀਜ਼ਾ ਨਿਯਮਾਂ ਦੀ ਸਖ਼ਤੀ ਕਾਰਨ ਬਹੁਤ ਸਾਰੇ ਵਿਦਿਆਰਥੀ ਵਾਪਸ ਭਾਰਤ ਆ ਰਹੇ ਹਨ। ਅੰਕੜਿਆਂ ਮੁਤਾਬਕ 2024 ਵਿੱਚ ਸਿਰਫ਼ 25,580 ਵਿਦਿਆਰਥੀਆਂ ਨੂੰ ਪੀਆਰ ਮਿਲੀ ਸੀ ਅਤੇ 70,000 ਤੋਂ ਵੱਧ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪਿਆ ਸੀ। -2026 ਵਿੱਚ ਲੱਖਾਂ ਅੰਤਰਰਾਸ਼ਟਰੀ ਵਿਦਿਆਰਥੀ ਵਾਪਸ ਜਾ ਸਕਦੇ ਹਨ, ਜਿਨ੍ਹਾਂ ਵਿੱਚ ਭਾਰਤੀ ਅਤੇ ਪੰਜਾਬੀ ਵੱਡੀ ਗਿਣਤੀ ਵਿੱਚ ਹਨ।

### ਸ਼ਰਨ ਦੇ ਮਾਮਲੇ ਵਿੱਚ ਵੀ ਸਥਿਤੀ ਖਰਾਬ

ਭਾਰਤੀਆਂ (ਖਾਸ ਕਰਕੇ ਪੰਜਾਬੀਆਂ) ਵੱਲੋਂ ਸ਼ਰਨ ਦੇ ਵੱਡੇ ਦਾਅਵੇ ਕੀਤੇ ਜਾਂਦੇ ਹਨ, ਪਰ ਇਨਕਾਰ ਦੀ ਦਰ ਬਹੁਤ ਉੱਚੀ ਹੋ ਗਈ ਹੈ। 2025 ਵਿੱਚ ਭਾਰਤ ਤੋਂ ਸਭ ਤੋਂ ਵੱਧ ਸ਼ਰਨ ਦੇ ਮਾਮਲੇ ਆਏ ਹਨ, ਪਰ ਬਹੁਤ ਸਾਰੇ ਰੱਦ ਹੋ ਰਹੇ ਹਨ। ਕੈਨੇਡਾ ਵਿੱਚ ਲਗਭਗ 3 ਲੱਖ ਸ਼ਰਨ ਮਾਮਲੇ ਮਾਮਲੇ ਲਟਕੇ ਹੋਏ ਹਨ ਅਤੇ ਨਵੇਂ ਕਲੇਮ ਵਿੱਚ ਵੀ 33 ਫ਼ੀਸਦੀ ਕਮੀ ਆਈ ਹੈ। ਗੈਰ-ਕਾਨੂੰਨੀ ਰਹਿਣ ਵਾਲੇ ਭਾਰਤੀਆਂ ਦੀ ਗਿਣਤੀ ਵੀ ਵਧੀ ਹੈ ਅਤੇ ਅਪਰਾਧਾਂ ਦੇ ਰੁਝਾਨ ਨੂੰ ਵੀ ਇੱਕ ਕਾਰਨ ਮੰਨਿਆ ਜਾ ਰਿਹਾ ਹੈ। ਇਸ ਸਭ ਨਾਲ ਕੈਨੇਡਾ ਦੀਆਂ ਯੂਨੀਵਰਸਿਟੀਆਂ ਨੂੰ ਵੀ ਨੁਕਸਾਨ ਹੋ ਰਿਹਾ ਹੈ। ਬਜਟ ਕਟੌਤੀਆਂ ਅਤੇ ਸਟਾਫ ਘਟਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਦੂਜੇ ਦੇਸ਼ ਜਿਵੇਂ ਯੂਕੇ, ਆਸਟ੍ਰੇਲੀਆ ਅਤੇ ਯੂਰਪ ਵਿੱਚ ਵਿਦਿਆਰਥੀ ਵਧ ਰਹੇ ਹਨ। ਪਰ ਭਾਰਤੀ ਵਿਦਿਆਰਥੀਆਂ ਵਿੱਚ ਕੈਨੇਡਾ ਪ੍ਰਤੀ ਆਕਰਸ਼ਣ ਅਜੇ ਵੀ ਹੈ, ਪਰ ਨਿਯਮਾਂ ਦੀ ਸਖ਼ਤੀ ਨੇ ਰਾਹ ਔਖਾ ਕਰ ਦਿੱਤਾ ਹੈ।

# ਅਫਰੀਕਾ ਮਹਾਂਦੀਪ ਦੋ ਟੁਕੜਿਆਂ ਵਿੱਚ ਵੰਡ ਰਿਹਾ ਹੈ - ਵਿਗਿਆਨੀਆਂ ਨੇ ਖੋਲ੍ਹਿਆ ਨਵੇਂ ਮਹਾਸਾਗਰ ਦਾ ਰਾਜ਼ !

ਵਾਸ਼ਿੰਗਟਨ (ਵਿਸ਼ੇਸ਼ ਰਿਪੋਰਟ) - ਧਰਤੀ ਦੇ ਇਤਿਹਾਸ ਵਿੱਚ ਇੱਕ ਅਜਿਹੀ ਅਸਾਧਾਰਨ ਭੂ-ਵਿਗਿਆਨਕ ਪ੍ਰਕਿਰਿਆ ਚੱਲ ਰਹੀ ਹੈ ਜੋ ਅਫਰੀਕਾ ਮਹਾਂਦੀਪ ਨੂੰ ਦੋ ਵੱਖਰੇ ਹਿੱਸਿਆਂ ਵਿੱਚ ਵੰਡ ਰਹੀ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਵੰਡ ਨਾਲ ਧਰਤੀ ਤੇ ਇੱਕ ਨਵਾਂ ਮਹਾਸਾਗਰ ਬਣੇਗਾ, ਜੋ ਮਿਲੀਅਨਾਂ ਸਾਲਾਂ ਬਾਅਦ ਪੂਰੀ ਤਰ੍ਹਾਂ ਆਕਾਰ ਲੈ ਲਵੇਗਾ। ਇਹ ਘਟਨਾ ਈਸਟ ਅਫਰੀਕਨ ਰਿਫਟ ਨਾਲ ਜੁੜੀ ਹੋਈ ਹੈ, ਜਿੱਥੇ ਮਹਾਂਦੀਪ ਦਾ ਪੂਰਬੀ ਹਿੱਸਾ (ਸੋਮਾਲੀਅਨ ਪਲੇਟ) ਵੱਡੀ ਨੂਬੀਅਨ ਪਲੇਟ ਤੋਂ ਹੌਲੀ-ਹੌਲੀ ਵੱਖ ਹੋ ਰਿਹਾ ਹੈ।

ਇਹ ਪ੍ਰਕਿਰਿਆ ਬਹੁਤ ਹੌਲੀ ਹੈ - ਹਰ ਸਾਲ ਸਿਰਫ਼ ਕੁਝ ਮਿਲੀਮੀਟਰ (ਲਗਭਗ 6-7 ਮਿਲੀਮੀਟਰ ਜਾਂ 0.28 ਇੰਚ) ਦੀ ਦੂਰੀ ਵਧ ਰਹੀ ਹੈ। ਪਰ ਇਹ ਲਗਾਤਾਰ ਚੱਲ ਰਹੀ ਹੈ ਅਤੇ ਲੱਖਾਂ-ਕਰੋੜਾਂ ਸਾਲਾਂ ਵਿੱਚ ਪੂਰੀ ਵੰਡ ਹੋ ਜਾਵੇਗੀ। ਵਿਗਿਆਨੀਆਂ ਅਨੁਸਾਰ ਇਹ ਧਰਤੀ ਦੀਆਂ ਟੈਕਟੋਨਿਕ ਪਲੇਟਾਂ ਦੀ ਆਮ ਹਰਕਤ ਹੈ, ਜਿਸ ਵਿੱਚ ਅਫਰੀਕਾ ਦੇ ਹੇਠਾਂ ਇੱਕ ਗਰਮ ਮੈਂਟਲ ਪਲੂਮ (ਮੋਲਟਣ ਰੋਚਕ ਪਲੂਮਏ) ਉੱਪਰ ਚੜ੍ਹ ਰਿਹਾ ਹੈ, ਜੋ ਧਰਤੀ ਦੀ ਉਪਰਲੀ ਪਰਤ ਨੂੰ ਫਾੜ ਰਿਹਾ ਹੈ।

ਇਹ ਰਿਫਟ ਸਿਸਟਮ ਇਥੋਪੀਆ ਦੇ ਅਫਾਰ ਖੇਤਰ ਵਿੱਚ ਸਭ ਤੋਂ ਸਰਗਰਮ ਹੈ, ਜਿੱਥੇ ਤਿੰਨ ਰਿਫਟਸ ਮਿਲਦੇ ਹਨ - ਇਥੋਪੀਅਨ ਰਿਫਟ, ਰੈੱਡ ਸੀ ਰਿਫਟ ਅਤੇ ਗਲਫ ਆਫ ਅਦਨ ਰਿਫਟ। ਇਹ ਧਰਤੀ ਦੀਆਂ ਬਹੁਤ ਘੱਟ ਜਗ੍ਹਾਵਾਂ ਵਿੱਚੋਂ ਇੱਕ ਹੈ ਜਿੱਥੇ ਤਿੰਨ ਟੈਕਟੋਨਿਕ ਪਲੇਟਾਂ ਦਾ ਟ੍ਰਿਪਲ ਜੰਕਸ਼ਨ ਬਣਿਆ ਹੋਇਆ ਹੈ। ਇੱਥੇ ਧਰਤੀ ਦੀ ਕਰਸਟ ਪਹਿਲਾਂ ਹੀ ਬਹੁਤ ਪਤਲੀ ਹੋ ਚੁੱਕੀ ਹੈ ਅਤੇ ਕੁਝ ਹਿੱਸੇ ਸਮੁੰਦਰ ਤਲ ਤੋਂ ਵੀ ਹੇਠਾਂ ਹਨ।

ਵਰਜੀਨੀਆ ਟੈਕ ਯੂਨੀਵਰਸਿਟੀ ਦੀ ਜੀਓਫਿਜ਼ਿਸਟ ਡਾ. ਸਾਰਾ ਸਟੈਂਪਸ ਵਰਗੇ ਮਾਹਿਰਾਂ ਨੇ ਦੱਸਿਆ ਹੈ ਕਿ ਉੱਤਰੀ ਹਿੱਸੇ ਵਿੱਚ ਵੰਡ ਸਭ ਤੋਂ ਤੇਜ਼ ਹੈ। ਜਦੋਂ ਇਹ ਦਰਾਰ ਕਾਫੀ ਡੂੰਘੀ ਅਤੇ ਚੌੜੀ ਹੋ ਜਾਵੇਗੀ ਤਾਂ ਲਾਲ ਸਾਗਰ ਅਤੇ ਅਦਨ ਦੀ ਖਾੜੀ ਵਿੱਚੋਂ ਸਮੁੰਦਰ ਦਾ ਪਾਣੀ ਇਸ ਵਿੱਚ ਵਹਿਣ ਲੱਗੇਗਾ, ਜਿਸ ਨਾਲ ਇੱਕ ਨਵਾਂ ਮਹਾਸਾਗਰ ਬੇਸਿਨ ਬਣ ਜਾਵੇਗਾ। ਪੂਰੀ ਪ੍ਰਕਿਰਿਆ ਵਿੱਚ 5 ਤੋਂ 10 ਮਿਲੀਅਨ ਸਾਲ ਜਾਂ ਇਸ ਤੋਂ ਵੀ ਵੱਧ ਸਮਾਂ ਲੱਗ ਸਕਦਾ ਹੈ।

ਇਸ ਪ੍ਰਕਿਰਿਆ ਨਾਲ ਭੂਚਾਲ ਅਤੇ ਜਵਾਲਾਮੁਖੀ ਵਰਗੀਆਂ ਖਤਰਨਾਕ ਘਟਨਾਵਾਂ ਵਧ ਸਕਦੀਆਂ ਹਨ, ਜੋ ਪੂਰਬੀ ਅਫਰੀਕਾ ਦੇ ਲੋਕਾਂ ਲਈ ਚੁਣੌਤੀ ਬਣ ਸਕਦੀਆਂ ਹਨ। ਪਰ ਇਹ ਧਰਤੀ ਦੀ ਇੱਕ ਕੁਦਰਤੀ ਅਤੇ ਅਹਿਮ ਭੂ-ਵਿਗਿਆਨਕ ਘਟਨਾ ਹੈ, ਜੋ ਸਾਨੂੰ ਯਾਦ ਕਰਵਾਉਂਦੀ ਹੈ ਕਿ ਸਾਡੀ ਗ੍ਰਹਿ ਸਤਹਿ ਸਦਾ ਹਰਕਤ ਵਿੱਚ ਹੈ।

ਦੇਗ ਤੇਗ ਫ਼ਤਹਿ ।। ੴ ਸਤਿਗੁਰ ਪ੍ਰਸਾਦਿ ।। ਪੰਥ ਕੀ ਜੀਤ ।।

# ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਾਹਿਬ ਲੈਸਟਰ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਸਰਬ ਸੰਮਤੀ ਨਾਲ 1 ਜਨਵਰੀ 2026 ਨੂੰ ਕੀਤੀ ਗਈ ਚੋਣ 31 ਦਸੰਬਰ 2028 ਤੱਕ ਤਿੰਨ ਸਾਲ ਦੀ ਮਿਆਦ ਨਿਯੁਕਤ ਕੀਤੀ ਗਈ ਹੈ ।

## ਸ: ਜਰਨੈਲ ਸਿੰਘ ਰਾਣਾ ਮੁੜ ਤਿੰਨ ਸਾਲ ਵਾਸਤੇ ਮੁੱਖ ਸੇਵਾਦਾਰ ਬਣਨ 'ਤੇ ਸਮੂਹ ਸੰਗਤ ਅਤੇ ਟਰੱਸਟੀ ਮੈਂਬਰਾਂ ਦਾ ਹਾਰਦਿਕ ਧੰਨਵਾਦ

ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਾਹਿਬ ਜੀ ਦੇ ਸੰਵਿਧਾਨ ਵਿੱਚ ਕੀਤੀ ਗਈ ਤਬਦੀਲੀ ਸਰਬ ਸੰਮਤੀ ਨਾਲ ਪ੍ਰਬੰਧਕ ਕਮੇਟੀ ਦੀ ਮਿਆਦ 3 ਸਾਲ ਤੱਕ ਹੋਵੇਗੀ । ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਿੰਨ ਸਾਲ ਤੱਕ ਮਿਆਦ ਖ਼ਤਮ ਹੋਣ 'ਤੇ ਪ੍ਰਬੰਧਕ ਕਮੇਟੀ ਦੀ ਚੋਣ ਲਈ ਇਲੈਕਸ਼ਨ ਬੋਰਡ ਬਣਾਇਆ ਜਾਵੇਗਾ, ਜਿਸ ਵਿੱਚ ਟਰੱਸਟੀ, ਪੰਜ ਸਿੰਘ ਸਾਹਿਬਾਨ, ਬੁੱਧੀਜੀਵੀ ਆਦਿ ਕਮੇਟੀ ਮੈਂਬਰਾਂ ਦੀ ਸਹਿਮਤੀ ਨਾਲ ਚੋਣ ਕਰਨਗੇ। ਦੂਸਰੇ ਗੁਰੂ ਘਰਾਂ ਦੇ ਕਿਸੇ ਵੀ ਮੈਂਬਰ ਸਾਹਿਬਾਨ ਦੀ ਕੋਈ ਦਖ਼ਲ-ਅੰਦਾਜ਼ੀ ਨਹੀਂ ਹੋਵੇਗੀ । ਅੰਤ ਸੰਵਿਧਾਨ ਮੁਤਾਬਿਕ ਹੀ ਚੋਣ ਕੀਤੀ ਜਾਵੇਗੀ । ਅੰਤ ਵਿੱਚ ਜਨਰਲ ਸਕੱਤਰ ਸ: ਜਗਤਾਰ ਸਿੰਘ ਰਾਹੋਂ, ਅਤੇ ਗੁਰੂ ਘਰ ਦੀ ਦੇਖ ਰੇਖ ਕਰ ਰਹੇ, ਸ: ਗੁਰਜੰਟ ਸਿੰਘ ਨੇ, ਪ੍ਰਧਾਨ ਸਾਹਿਬ ਸ: ਜਰਨੈਲ ਸਿੰਘ ਜੀ ਰਾਣਾ ਅਤੇ ਸਮੂਹ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਕੀਤਾ ।



## ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਐਗਜੈਕਟਿਵ ਮੈਂਬਰ:

* ਸ: ਜਰਨੈਲ ਸਿੰਘ ਜੀ ਰਾਣਾ ਪ੍ਰਧਾਨ
  ਫੋਨ ਨੰ: 07779-505058
* ਸ: ਜਸਪਾਲ ਸਿੰਘ ਢਿੱਲੋਂ ਮੀਤ ਪ੍ਰਧਾਨ
  ਫੋਨ ਨੰ: 07466-429614
* ਸ: ਜਗਤਾਰ ਸਿੰਘ ਰਾਹੋਂ - ਜਨਰਲ ਸਕੱਤਰ
  ਫੋਨ ਨੰ: 07865-684287
* ਸ: ਅਮਨਦੀਪ ਸਿੰਘ ਅਟਵਾਲ - ਸਹਾਇਕ ਜਨਰਲ ਸਕੱਤਰ
  ਫੋਨ ਨੰ: 07731-512974
* ਸ: ਹਾਕਮ ਸਿੰਘ - ਖਜ਼ਾਨਚੀ
  ਫੋਨ ਨੰ: 07543-547834
* ਸ: ਗੁਰਇਕਬਾਲ ਸਿੰਘ, ਸਹਾਇਕ ਖਜ਼ਾਨਚੀ
  ਫੋਨ ਨੰ: 07538-444542
* ਸ: ਸਰਬਜੀਤ ਸਿੰਘ ਸਟੇਜ ਸਕੱਤਰ
  ਫੋਨ ਨੰ: 07448-787653
* ਸ: ਬਲਜਿੰਦਰ ਸਿੰਘ ਐਜੂਕੇਸ਼ਨ ਸੈਕਟਰੀ
  ਫੋਨ ਨੰ: 07588-582707
* ਗਿਆਨੀ ਮਲਕੀਤ ਸਿੰਘ ਸਹਾਇਕ ਐਜੂਕੇਸ਼ਨ ਸੈਕਟਰੀ
  ਫੋਨ ਨੰ: 07727-655530
* ਸ: ਸੰਦੀਪ ਸਿੰਘ ਰਾਣਾ - ਸਪੋਰਟ ਸੈਕਟਰੀ
  ਫੋਨ ਨੰ: 07975-816591
* ਸ: ਗੁਰਜੰਟ ਸਿੰਘ ਮੇਨਟੀਨੈਂਸ (ਸੈਕਟਰੀ)
  ਫੋਨ ਨੰ: 07491-661435

ਸ: ਰਣਧੀਰ ਸਿੰਘ ਸੰਭਲ
- ਸਹਾਇਕ ਸਟੇਜ ਸਕੱਤਰ
ਫੋਨ ਨੰ: 07417-443300



ਸਾਧ ਸੰਗਤ ਦੇ ਦਾਸ-ਜਗਤਾਰ ਸਿੰਘ ਰਾਹੋਂ ਜਨਰਲ ਸਕੱਤਰ, ਸ: ਜਰਨੈਲ ਸਿੰਘ ਰਾਣਾ ਪ੍ਰਧਾਨ

## ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਾਹਿਬ ਜਿਪਸੀ ਲੇਨ ਲੈਸਟਰ (ਯੂ ਕੇ)

## GURDWARA SHRI DASHMESH SAHIB

49 GIPSY LANE, LEICESTER, LE4 6RB. Tel: 0116 367 8524

# ਅਮਰੀਕਾ ਵਿੱਚ ਭਾਰਤੀਆਂ ਦੀ ਗਿਣਤੀ ਵਿੱਚ 75% ਦੀ ਗਿਰਾਵਟ

## ✪ ਜੌਬ ਮਾਰਕੀਟ ਦੀ ਸੁਸਤੀ : ਇੱਕ ਗੰਭੀਰ ਚੁਣੌਤੀ ✪ ਵੀਜ਼ਾ ਨੀਤੀਆਂ ਵਿੱਚ ਸਖ਼ਤੀ ਅਤੇ ਨਾਮਾਂਕਨ ਵਿੱਚ ਆਈ ਭਾਰੀ ਗਿਰਾਵਟ

### ਖਾਸ ਰਿਪੋਰਟ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ ਨੇ ਭਾਰਤੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਇੱਕ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਅਮਰੀਕੀ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਅਡਮਿਸ਼ਨ ਵਿੱਚ ਲਗਭਗ 75% ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਇਹ ਗਿਰਾਵਟ ਸਖ਼ਤ ਵੀਜ਼ਾ ਨੀਤੀਆਂ, ਇੰਟਰਵਿਊ ਸਲਾਟਾਂ ਦੀ ਭਾਰੀ ਕਮੀ ਅਤੇ ਵਧਦੇ ਰਿਜੈਕਸ਼ਨ ਰੇਟ ਕਾਰਨ ਹੋਈ ਹੈ, ਜਿਸ ਨੇ 'ਅਮਰੀਕਨ ਡ੍ਰੀਮ' ਨੂੰ ਅਨਿਸ਼ਚਿਤਤਾ ਵਿੱਚ ਬਦਲ ਦਿੱਤਾ ਹੈ। ਸਿਰਫ਼ ਵਿਦਿਆਰਥੀ ਹੀ ਨਹੀਂ, ਸਗੋਂ ਐਚ-1ਬ ਵੀਜ਼ਾ 'ਤੇ ਕੰਮ ਕਰ ਰਹੇ ਭਾਰਤੀ ਪੇਸ਼ੇਵਰ ਵੀ ਇਸ ਪ੍ਰਸ਼ਾਸਨਿਕ ਸਖ਼ਤੀ ਅਤੇ ਬਦਲਦੀਆਂ ਆਰਥਿਕ ਨੀਤੀਆਂ ਕਾਰਨ ਭਾਰੀ ਦਬਾਅ ਮਹਿਸੂਸ ਕਰ ਰਹੇ ਹਨ।




### ਵੀਜ਼ਾ ਨੀਤੀਆਂ ਵਿੱਚ ਸਖ਼ਤੀ ਅਤੇ ਅਡਮਿਸ਼ਨ ਵਿੱਚ ਗਿਰਾਵਟ

ਅਮਰੀਕੀ ਪ੍ਰਸ਼ਾਸਨ ਨੇ ਵੀਜ਼ਾ ਪ੍ਰਕਿਰਿਆ ਨੂੰ ਜਟਿਲ ਬਣਾ ਕੇ ਭਾਰਤੀ ਵਿਦਿਆਰਥੀਆਂ ਦਾ ਭਰੋਸਾ ਤੋੜਿਆ ਹੈ। ਇੰਟਰਵਿਊ ਲਈ ਸਲਾਟਾਂ ਦੀ ਭਾਰੀ ਕਮੀ ਅਤੇ ਸੋਸ਼ਲ ਮੀਡੀਆ ਸਕਰੂਟਨੀ ਵਰਗੇ ਨਵੇਂ ਨਿਯਮਾਂ ਨੇ ਅਰਜ਼ੀ ਪ੍ਰਕਿਰਿਆ ਨੂੰ ਡਰਾਉਣ ਵਾਲਾ ਬਣਾ ਦਿੱਤਾ ਹੈ।

ਅਗਸਤ ਤੋਂ ਅਕਤੂਬਰ ਦੇ ਪੀਕ ਸੀਜ਼ਨ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 70% ਤੱਕ ਦੀ ਕਮੀ ਵੇਖੀ ਗਈ। ਸਿਰਫ਼ ਉਹ ਵਿਦਿਆਰਥੀ ਹੀ ਸਫਲ ਹੋਏ ਜਿਨ੍ਹਾਂ ਨੇ ਬਹੁਤ ਪਹਿਲਾਂ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ, ਜਦਕਿ ਦੇਰ ਨਾਲ ਅਰਜ਼ੀ ਦੇਣ ਵਾਲੇ ਹਜ਼ਾਰਾਂ ਵਿਦਿਆਰਥੀ ਮੌਕਿਆਂ ਤੋਂ ਵਾਂਝੇ ਰਹਿ ਗਏ ਹਨ। ਇਮੀਗ੍ਰੇਸ਼ਨ ਡਾਟਾ ਅਨੁਸਾਰ, ਜੁਲਾਈ-ਅਗਸਤ 2025 ਵਿੱਚ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਵਿੱਚ 44.5% ਤੱਕ ਦੀ ਗਿਰਾਵਟ ਆਈ, ਜੋ ਕਿ ਪਿਛਲੇ ਸਾਲ ਨਾਲੋਂ ਲਗਭਗ ਅੱਧੀ ਹੈ। ਇਹ ਗਿਰਾਵਟ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਜਿਵੇਂ ਵੀਜ਼ਾ ਇੰਟਰਵਿਊਜ਼ ਨੂੰ ਮੁਅੱਤਲ ਕਰਨ ਅਤੇ ਵਧੇਰੇ ਜਾਂਚ ਕਾਰਨ ਹੋਈ। ਯੂਨੀਵਰਸਿਟੀਆਂ ਨੇ ਰਿਪੋਰਟ ਕੀਤਾ ਕਿ 96% ਸੰਸਥਾਵਾਂ ਵਿੱਚ ਨਵੇਂ ਵਿਦਿਆਰਥੀਆਂ ਦੀ ਗਿਰਾਵਟ ਵੀਜ਼ਾ ਚਿੰਤਾਵਾਂ ਕਾਰਨ ਹੈ।

### ਸਟੂਡੈਂਟ ਵੀਜ਼ਾ ਰੱਦ ਹੋਣ ਦਾ ਸੰਕਟ

ਦਸੰਬਰ 2025 ਤੱਕ ਲਗਭਗ 8,000 ਸਟੂਡੈਂਟ ਵੀਜ਼ਾ ਰੱਦ ਕੀਤੇ ਜਾਣ ਦੀਆਂ ਖ਼ਬਰਾਂ ਨੇ ਭਾਰਤੀ ਕਮਿਊਨਿਟੀ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ। ਕਈ ਵਿਦਿਆਰਥੀਆਂ ਨੂੰ ਅਚਾਨਕ ਈਮੇਲ ਰਾਹੀਂ ਦੇਸ਼ ਛੱਡਣ ਦੇ ਹੁਕਮ ਮਿਲੇ, ਜਿਸ ਨਾਲ ਉਨ੍ਹਾਂ ਦਾ ਅਕਾਦਮਿਕ ਭਵਿੱਖ ਅਧ ਵਿੱਚ ਲਟਕ ਗਿਆ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਕਾਰਵਾਈਆਂ ਪੁਰਾਣੇ ਜਾਂ ਮਮੂਲੀ ਤਕਨੀਕੀ ਕਾਰਨਾਂ 'ਤੇ ਕੀਤੀਆਂ ਗਈਆਂ। ਕੁਝ ਮਾਮਲਿਆਂ ਵਿੱਚ ਕਾਨੂੰਨੀ ਦਖਲ ਨਾਲ ਰਾਹਤ ਮਿਲੀ, ਪਰ ਇਸ ਅਸਥਿਰਤਾ ਨੇ ਟੌਪ ਅਮਰੀਕੀ ਯੂਨੀਵਰਸਿਟੀਆਂ ਪ੍ਰਤੀ ਆਕਰਸ਼ਣ ਨੂੰ ਬਹੁਤ ਘਟਾ ਦਿੱਤਾ ਹੈ। ਰਿਪੋਰਟਾਂ ਅਨੁਸਾਰ, ਫਾਲ 2025 ਵਿੱਚ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ 17% ਦੀ ਗਿਰਾਵਟ ਆਈ, ਜਿਸ ਵਿੱਚ ਭਾਰਤੀ ਵਿਦਿਆਰਥੀ ਮੁੱਖ ਕਾਰਨ ਹਨ। ਇਹ ਗਿਰਾਵਟ ਯੂਨੀਵਰਸਿਟੀਆਂ ਲਈ ਵਿੱਤੀ ਝਟਕਾ ਹੈ, ਕਿਉਂਕਿ ਅੰਤਰਰਾਸ਼ਟਰੀ ਵਿਦਿਆਰਥੀ ਅਮਰੀਕੀ ਅਰਥਵਿਵਸਥਾ ਵਿੱਚ ਬਿਲੀਅਨਾਂ ਡਾਲਰ ਦਾ ਯੋਗਦਾਨ ਪਾਉਂਦੇ ਹਨ।

### ਐਚ1ਬੀ ਵੀਜ਼ਾ ਅਤੇ ਪੇਸ਼ੇਵਰਾਂ ਦੀਆਂ ਚੁਣੌਤੀਆਂ

ਭਾਰਤੀ ਆਈਟੀ ਪੇਸ਼ੇਵਰਾਂ ਲਈ ਰੀੜ੍ਹ ਦੀ ਹੱਡੀ ਮੰਨੇ ਜਾਣ ਵਾਲੇ ਐਚ1ਬੀ ਵੀਜ਼ਾ ਪ੍ਰੋਗਰਾਮ 'ਤੇ ਅਨਿਸ਼ਚਿਤਤਾ ਦੇ ਬੱਦਲ ਛਾਏ ਹੋਏ ਹਨ। ਫੀਸ ਵਿੱਚ ਵੱਡੀ ਵਾਧਾ (ਜਿਵੇਂ ਨਵੇਂ ਐਚ1ਬੀ ਲਈ 100,000 ਡਾਲਰ ਫੀਸ) ਅਤੇ ਵੀਜ਼ਾ ਨੰਬਰਾਂ ਨੂੰ ਸੀਮਤ ਕਰਨ ਦੇ ਪ੍ਰਸਤਾਵਾਂ ਨੇ 72% ਭਾਰਤੀ ਹਿੱਸੇਦਾਰੀ ਵਾਲੇ ਇਸ ਸੈਕਟਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਵਰਕ ਪਰਮਿਟ ਦੇ ਸਖ਼ਤ ਨਿਯਮ ਅਤੇ ਆਟੋਮੈਟਿਕ ਐਕਸਟੈਂਸ਼ਨ ਦੀ ਸਹੂਲਤ ਖਤਮ ਹੋਣ ਨਾਲ ਪੇਸ਼ੇਵਰ ਹੁਣ ਅਮਰੀਕਾ ਦੀ ਬਜਾਏ ਕੈਨੇਡਾ, ਜਰਮਨੀ ਜਾਂ ਸਵਦੇਸ਼ ਵਾਪਸੀ ਨੂੰ ਸੁਰੱਖਿਅਤ ਵਿਕਲਪ ਵਜੋਂ ਵੇਖ ਰਹੇ ਹਨ। ਬਹੁਤ ਸਾਰੇ ਪੇਸ਼ੇਵਰਾਂ ਨੇ ਵਾਪਸ ਭਾਰਤ ਆਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਨਾਲ 'ਰਿਵਰਸ ਬ੍ਰੇਨ ਡਰੇਨ' ਦੀ ਸੰਭਾਵਨਾ ਵਧ ਗਈ ਹੈ।

### ਜੌਬ ਮਾਰਕੀਟ ਦੀ ਸੁਸਤੀ ਅਤੇ ਅਨਿਸ਼ਚਿਤ ਭਵਿੱਖ

ਅਮਰੀਕੀ ਬਾਜ਼ਾਰ ਵਿੱਚ ਆਈ ਸੁਸਤੀ ਨੇ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। 2025 ਵਿੱਚ ਨੌਕਰੀਆਂ ਦਾ ਵਾਧਾ ਸਭ ਤੋਂ ਘੱਟ ਰਿਹਾ, ਜੋ ਕਿ ਪੋਸਟ-ਕੋਵਿਡ ਸਮੇਂ ਤੋਂ ਬਾਅਦ ਸਭ ਤੋਂ ਕਮਜ਼ੋਰ ਸਾਲ ਸੀ। ਕੰਪਨੀਆਂ ਨੇ ਨਾ ਸਿਰਫ਼ ਨਵੀਆਂ ਭਰਤੀਆਂ ਰੋਕੀਆਂ ਹਸਨ, ਸਗੋਂ ਪਹਿਲਾਂ ਦਿੱਤੇ ਜੌਬ ਆਫਰਾਂ ਅਤੇ ਵੀਜ਼ਾ ਟ੍ਰਾਂਸਫਰ 'ਤੇ ਵੀ ਰੋਕ ਲਗਾ ਦਿੱਤੀ ਸੀ।

ਬਿਊਰੋ ਆਫ ਲੇਬਰ ਸਟੈਟਿਸਟਿਕਸ ਅਨੁਸਾਰ, 2025 ਵਿੱਚ ਸਿਰਫ਼ 584,000 ਨੌਕਰੀਆਂ ਵਧੀਆਂ, ਜੋ ਕਿ 2024 ਨਾਲੋਂ ਬਹੁਤ ਘੱਟ ਸਨ। ਬੇਰੁਜ਼ਗਾਰੀ ਦਰ ਵਧ ਕੇ 4.4% ਤੱਕ ਪਹੁੰਚ ਗਈ ਸੀ, ਅਤੇ 2026 ਵਿੱਚ ਇਹ 4.5% ਤੱਕ ਪਹੁੰਚਣ ਦੀ ਸੰਭਾਵਨਾ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਨਿਯਮਾਂ ਵਿੱਚ ਲਚਕ ਨਾ ਆਈ ਤਾਂ ਭਾਰਤੀ ਪ੍ਰਤਿਭਾਵਾਂ ਦਾ ਅਮਰੀਕਾ ਨਾਲ ਮੋਹ-ਭੰਗ ਹੋਣਾ ਤੈਅ ਹੈ। ਬਹੁਤ ਸਾਰੇ ਵਿਦਿਆਰਥੀ ਅਤੇ ਪੇਸ਼ੇਵਰ ਹੁਣ ਜਰਮਨੀ, ਕੈਨੇਡਾ ਜਾਂ ਆਸਟ੍ਰੇਲੀਆ ਵਰਗੇ ਦੇਸ਼ਾਂ ਵੱਲ ਰੁਖ਼ ਕਰ ਰਹੇ ਹਨ, ਜਿੱਥੇ ਵੀਜ਼ਾ ਨਿਯਮ ਵਧੇਰੇ ਆਸਾਨ ਅਤੇ ਸਥਿਰ ਹਨ।

ਇਸ ਸੰਕਟ ਨੇ ਭਾਰਤ ਵਿੱਚ ਵੀ ਚਰਚਾ ਛੇੜ ਦਿੱਤੀ ਹੈ। ਬਿਟਸ ਪਿਲਾਨੀ ਦੇ ਵਾਈਸ ਚਾਂਸਲਰ ਵੀ. ਰਾਮਗੋਪਾਲ ਰਾਓ ਨੇ ਇਸ ਨੂੰ 'ਸਟ੍ਰਕਚਰਲ ਸਿਗਨਲ' ਦੱਸਿਆ ਹੈ, ਜਿਸ ਲਈ ਭਾਰਤ ਨੂੰ ਲੰਬੇ ਸਮੇਂ ਦੀ ਨੀਤੀ ਬਣਾਉਣੀ ਪਵੇਗੀ। ਯੂਨੀਵਰਸਿਟੀਆਂ ਵਿੱਚ ਰਿਸਰਚ ਫੰਡਿੰਗ ਵਧਾਉਣਾ, ਫੈਕਲਟੀ ਨੂੰ ਮਜ਼ਬੂਤ ਕਰਨਾ ਅਤੇ ਗਲੋਬਲ ਪਾਰਟਨਰਸ਼ਿਪਾਂ ਨੂੰ ਵਧਾਉਣਾ ਜ਼ਰੂਰੀ ਹੋ ਗਿਆ ਹੈ। ਇਸ ਤਰ੍ਹਾਂ, ਅਮਰੀਕਾ ਵਿੱਚ ਭਾਰਤੀਆਂ ਦੀ ਗਿਣਤੀ ਵਿੱਚ ਇਹ ਭਾਰੀ ਗਿਰਾਵਟ ਸਿਰਫ਼ ਇੱਕ ਅੰਕੜਾ ਨਹੀਂ, ਸਗੋਂ ਇੱਕ ਬਦਲਦੇ ਵਿਸ਼ਵ ਵਿੱਚ ਨਵੇਂ ਰਾਹ ਲੱਭਣ ਦੀ ਚੁਣੌਤੀ ਹੈ।

## ਲੁਧਿਆਣਾ ਵਿੱਚ ਖੁਸਰਿਆਂ ਨੇ ਇੱਕ ਨੌਜਵਾਨ ਨੂੰ ਅਗਵਾ ਕਰਕੇ ਉਸ ਦਾ ਗੁਪਤ ਅੰਗ ਕੱਟਿਆ

ਲੁਧਿਆਣਾ-ਇਥੇ ਇੱਕ ਨੌਜਵਾਨ ਨੂੰ ਅਗਵਾ ਕਰਕੇ ਉਸ ਦਾ ਗੁਪਤ ਅੰਗ ਕੱਟ ਦਿੱਤਾ ਗਿਆ। ਪੀੜਤ ਨੌਜਵਾਨ ਮਨਪ੍ਰੀਤ ਸਿੰਘ (ਕਰੀਬ 30 ਸਾਲ), ਪਿੰਡ ਬੱਲੋਕੀ ਦਾ ਵਾਸੀ ਹੈ। ਉਹ ਪਿਛਲੇ ਛੇ ਮਹੀਨਿਆਂ ਤੋਂ ਵਿਦਿਆਰਥੀ ਰਾਉ ਦੇ ਡੇਰੇ ਵਿੱਚ ਮਹੰਤਾਂ ਲਈ ਰੋਟੀ ਪਕਾਉਣ ਦਾ ਕੰਮ ਕਰ ਰਿਹਾ ਸੀ। ਵਾਰਦਾਤ ਵਾਲੇ ਦਿਨ ਸਵੇਰੇ ਮਨਪ੍ਰੀਤ ਨਾਸ਼ਤਾ ਬਣਾ ਕੇ ਸੈਰ ਲਈ ਬਾਹਰ ਗਿਆ ਅਤੇ ਵਾਪਸ ਨਾ ਮੁੜਿਆ। ਦੋ ਦਿਨ ਬਾਅਦ ਉਸ ਨੂੰ ਸਿਵਲ ਹਸਪਤਾਲ ਲੁਧਿਆਣਾ ਵਿੱਚ ਗੰਭੀਰ ਹਾਲਤ ਵਿੱਚ ਪਾਇਆ ਗਿਆ। ਰਾਹਗੀਰ ਨੇ ਉਸ ਨੂੰ ਸੜਕ 'ਤੇ ਪਏ ਵੇਖ ਕੇ ਹਸਪਤਾਲ ਪਹੁੰਚਾਇਆ। ਬਾਅਦ ਵਿੱਚ ਉਸ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕੀਤਾ ਗਿਆ। ਸ਼ਿਕਾਇਤ ਮੁਤਾਬਕ ਰਬੀਨਾ ਮਹੰਤ ਸਮੇਤ 9 ਵਿਅਕਤੀਆਂ ਨੇ ਵਧਾਈ ਦੇ ਇਲਾਕੇ ਨੂੰ ਲੈ ਕੇ ਹੋਏ ਵਿਵਾਦ ਕਾਰਨ ਮਨਪ੍ਰੀਤ ਨੂੰ ਅਗਵਾ ਕੀਤਾ, ਗੁਪਤ ਅੰਗ ਵੱਢ ਦਿੱਤਾ ਅਤੇ ਸੜਕ 'ਤੇ ਸੁੱਟ ਕੇ ਫਰਾਰ ਹੋ ਗਏ। ਥਾਣਾ ਡਿਵੀਜ਼ਨ ਨੰਬਰ 3 ਦੀ ਪੁਲਿਸ ਨੇ ਰਬੀਨਾ ਮਹੰਤ, ਮੋਨਾ, ਸੁਹਾਨਾ, ਸਿਮੀ, ਰਹਿਮਤ, ਕਨਿਕਾ, ਸਿਵ ਕੁਮਾਰ, ਹਿਫਾਜ਼ਤ, ਦਿਲਾਵਰ ਅਤੇ ਪੂਜਾ ਵਿਰੁੱਧ ਇਰਾਦਾ ਕਤਲ ਸਮੇਤ ਸੰਗੀਨ ਧਾਰਾਵਾਂ ਅਧੀਨ ਕੇਸ ਦਰਜ ਕਰ ਲਿਆ ਹੈ। ਪੁਲਿਸ ਮੁਲਜ਼ਮਾਂ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੀ ਹੈ।

## ਬਰਨਾਲਾ ਰੇਲਵੇ ਸਟੇਸ਼ਨ 'ਤੇ ਬਜ਼ੁਰਗ ਸਿੱਖ ਵੱਲੋਂ ਮੁਫਤ ਖਾਣਾ ਵੰਡਣ ਵਾਲਾ ਵੀਡੀਓ ਵਾਇਰਲ



ਨਵੀਂ ਦਿੱਲੀ-ਪੰਜਾਬ ਦੇ ਬਰਨਾਲਾ ਰੇਲਵੇ ਸਟੇਸ਼ਨ 'ਤੇ ਫਿਲਮਾਇਆ ਗਿਆ ਇੱਕ ਛੋਟਾ ਜਿਹਾ ਵੀਡੀਓ ਸੋਸ਼ਲ ਮੀਡੀਆ 'ਤੇ ਧੂਮ ਮਚਾ ਰਿਹਾ ਹੈ। ਇਸ ਵਿੱਚ ਇੱਕ ਬਜ਼ੁਰਗ ਸਿੱਖ ਵਿਅਕਤੀ ਨੂੰ ਟਰੇਨ ਦੇ ਰੁਕਣ 'ਤੇ ਯਾਤਰੀਆਂ ਨੂੰ ਮੁਫਤ ਖਾਣਾ ਅਤੇ ਪਾਣੀ ਵੰਡਦੇ ਵੇਖਿਆ ਜਾ ਸਕਦਾ ਹੈ। ਵੀਡੀਓ ਵਿੱਚ ਉਹ ਨੀਲੀ ਪੱਗ ਬੰਨ੍ਹੇ ਹੋਏ ਟਰੇ ਲੈ ਕੇ ਆਰਾਮ ਨਾਲ ਇੱਕ ਇੱਕ ਕਰਕੇ ਯਾਤਰੀਆਂ ਕੋਲ ਜਾਂਦੇ ਹਨ ਅਤੇ ਉਨ੍ਹਾਂ ਨੂੰ ਖਾਣਾ ਦਿੰਦੇ ਹਨ। ਲੋਕ ਇਸ ਕੰਮ ਨੂੰ ਸਿੱਖ ਧਰਮ ਵਿੱਚ 'ਸੇਵਾ' ਨਾਲ ਜੋੜ ਰਹੇ ਹਨ - ਯਾਨੀ ਬਿਨਾਂ ਸਵਾਰਥ ਤੋਂ ਦੂਜਿਆਂ ਦੀ ਮੱਦਦ ਕਰਨਾ। ਲੋਕ ਇਸ ਨੂੰ ਮਨੁੱਖਤਾ ਅਤੇ ਦਇਆ ਦੀ ਮਿਸਾਲ ਦੱਸ ਰਹੇ ਹਨ। ਐਕਸ ਉਪਰ ਇੱਕ ਯੂਜ਼ਰ ਨੇ ਲਿਖਿਆ ਕਿ ਸਿੱਖ ਭਾਈਚਾਰੇ ਵਿੱਚ ਲੰਗਰ ਅਤੇ ਸੇਵਾ ਦੀ ਪਰੰਪਰਾ ਹਮੇਸ਼ਾ ਤੋਂ ਚੱਲੀ ਆ ਰਹੀ ਹੈ, ਅਤੇ ਇਹ ਵੀਡੀਓ ਉਸੇ ਨੂੰ ਦਰਸਾਉਂਦਾ ਹੈ।

# ਬਰਤਾਨੀਆ ਵਿੱਚ 68 ਲੱਖ ਦੇ ਕਰੀਬ ਲੋਕ ਗਰੀਬੀ ਦਾ ਸਾਹਮਣਾ ਕਰ ਰਹੇ ਹਨ- ਰਿਪੋਰਟ ਗਰੀਬੀ ਦਾ 30 ਸਾਲਾਂ ਦਾ ਟੁੱਟਿਆ ਰਿਕਾਰਡ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਦੇ ਵਿਕਸਿਤ ਦੇਸ਼ਾਂ ਵਿੱਚ ਜਾਣੇ ਜਾਂਦੇ ਬਰਤਾਨੀਆ ਵਿੱਚ ਗਰੀਬ ਲੋਕਾਂ ਬਾਬਤ ਛਪੀ ਇੱਕ ਰਿਪੋਰਟ ਨੇ ਹੈਰਾਨੀਜਨਕ ਅੰਕੜੇ ਜਾਰੀ ਕੀਤੇ। ਇਹ ਅੰਕੜੇ ਪਿਛਲੇ 30 ਸਾਲਾਂ ਵਿੱਚ ਸਭ ਤੋਂ ਵੱਧ ਦੱਸੇ ਜਾ ਰਹੇ ਹਨ। ਰਿਪੋਰਟ ਮੁਤਾਬਿਕ 68 ਲੱਖ ਦੇ ਕਰੀਬ ਲੋਕ ਗਰੀਬੀ ਨਾਲ ਜੁੜਦੇ ਹੋਏ ਜ਼ਿੰਦਗੀ ਬਤੀਤ ਕਰ ਰਹੇ ਹਨ।

ਰਿਪੋਰਟ ਮੁਤਾਬਿਕ ਬਰਤਾਨੀਆ ਦਾ ਹਰ ਦਸਵਾਂ ਵਿਅਕਤੀ ਅੱਤ ਦੀ ਗਰੀਬੀ ਵਿੱਚ ਜੀਵਨ ਬਤੀਤ ਕਰ ਰਿਹਾ ਹੈ।

ਜੋਸੇਫ ਰਾਊਂਟਰੀ ਫਾਊਂਡੇਸ਼ਨ ਦੀ ਨਵੀਂ ਰਿਪੋਰਟ ਅਨੁਸਾਰ ਬਰਤਾਨੀਆ ਦੀ ਲਗਭਗ 6 ਕਰੋੜ 92 ਲੱਖ ਦੀ ਕੁੱਲ ਆਬਾਦੀ ਵਿੱਚੋਂ 68 ਲੱਖ ਲੋਕ ਅੱਤ ਦੀ ਗਰੀਬੀ ਦਾ ਸਾਹਮਣਾ ਕਰ ਰਹੇ ਹਨ। ਰਿਪੋਰਟ ਵਿੱਚ 'ਅੱਤ ਦੀ ਗਰੀਬੀ' ਨੂੰ ਵਿਖਿਆਨ ਕਰਦਿਆਂ ਦੱਸਿਆ ਗਿਆ ਹੈ ਕਿ ਇਹ ਉਹ ਪਰਿਵਾਰ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ (ਘਰ ਦਾ ਕਿਰਾਇਆ ਕੱਢਣ ਤੋਂ ਬਾਅਦ) ਦੇਸ਼ ਦੀ ਔਸਤ ਆਮਦਨ ਦੇ 40 ਫੀਸਦੀ ਤੋਂ ਵੀ ਘੱਟ ਰਹਿ ਜਾਂਦੀ ਹੈ। ਦੋ ਬੱਚਿਆਂ ਵਾਲੇ ਪਰਿਵਾਰ ਦੀ ਸਾਲਾਨਾ ਆਮਦਨ ਲਗਭਗ ਸਿਰਫ਼ 16,400 ਪੌਂਡ ਤੋਂ ਵੀ ਘੱਟ ਹੈ।

ਦੇਸ਼ ਵਿੱਚ ਬੱਚਿਆਂ ਦੀ ਹਾਲਤ ਵੀ ਕਾਫ਼ੀ ਚਿੰਤਾਜਨਕ ਹੈ। ਕਰੀਬ 45 ਲੱਖ ਬੱਚੇ ਗਰੀਬੀ ਵਿੱਚ ਰਹਿ ਰਹੇ ਹਨ ਅਤੇ ਇਹ ਲਗਾਤਾਰ ਤੀਜਾ ਸਾਲ ਹੈ ਜਦੋਂ ਬਾਲ ਗਰੀਬੀ ਦੇ ਅੰਕੜਿਆਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂਕਿ 1994-95 ਦੇ ਮੁਕ-ਾਬਲੇ ਕੁੱਲ ਗਰੀਬੀ ਦਰ 24 ਫ਼ੀਸਦੀ ਤੋਂ ਘਟ ਕੇ 21 ਫ਼ੀਸਦੀ ਹੋਈ ਹੈ, ਪਰ ਬੇਹੱਦ ਡੂੰਘੀ ਗਰੀਬੀ ਦਾ ਪੱਧਰ 8 ਫ਼ੀਸਦੀ ਤੋਂ ਵਧ ਕੇ 10 ਫ਼ੀਸਦੀ ਤੱਕ ਪਹੁੰਚ ਗਿਆ ਹੈ।

ਰਿਪੋਰਟ ਦੇ ਅਨੁਸਾਰ, ਬਰਤਾਨੀਆ ਵਿੱਚ ਰਹਿਣ ਵਾਲੇ ਘੱਟ ਗਿਣਤੀ ਭਾਈਚਾਰਿਆਂ ਵਿੱਚੋਂ ਬੰਗਲਾਦੇਸ਼ੀ ਅਤੇ ਪਾਕਿਸਤਾਨੀ ਭਾਈਚਾਰਿਆਂ ਵਿੱਚ ਗਰੀਬੀ ਦੀ ਦਰ ਦੂਜੇ ਭਾਈਚਾਰਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ। ਇਸ ਦੇ ਨਾਲ ਹੀ ਦਿਵਿਆਂਗ ਲੋਕ ਵੀ ਇਸ ਆਰਥਿਕ ਮੰਦਹਾਲੀ ਦੀ ਮਾਰ ਹੇਠ ਹਨ। ਧਰਮ ਦੇ ਆਧਾਰਿਤ ਅੰਕੜਿਆਂ ਅਨੁਸਾਰ ਸਭ ਤੋਂ ਵੱਧ ਪ੍ਰਭਾਵਿਤ ਮੁਸਲਿਮ ਭਾਈਚਾਰਾ ਹੈ। ਬਰਤਾਨੀਆ ਦੀ ਮਹਿੰਗਾਈ ਦੀ ਦਰ ਕਦੇ ਵੀ ਲੰਮਾ ਸਮਾਂ ਸਥਿਰ ਨਹੀਂ ਰਹੀ।

ਵਿਆਜ਼ ਦਰਾਂ ਵਿੱਚ ਫੇਰ ਬਦਲ ਨਾਲ ਲੋਕਾਂ ਤੇ ਗੰਭੀਰ ਅਸਰ ਪੈਂਦਾ ਹੈ। ਦਸੰਬਰ ਮਹੀਨੇ ਵਿੱਚ ਮਹਿੰਗਾਈ ਦਰ ਵਧ ਕੇ 3.4 ਫ਼ੀਸਦੀ ਤੱਕ ਪਹੁੰਚਣ ਕਾਰਨ ਆਮ ਲੋਕਾਂ ਤੇ ਡੂੰਘਾ ਅਸਰ ਪਿਆ ਹੈ। ਬਰਤਾਨੀਆ ਦੀ ਵਿੱਤ ਮੰਤਰੀ ਰੇਚਲ ਰੀਵਜ਼ ਨੇ ਕਿਹਾ ਕਿ ਗਰੀਬੀ ਨਾਲ ਨਜਿੱਠਣ ਲਈ ਸਰਕਾਰ ਠੋਸ ਯੋਜਨਾਵਾਂ ਬਣਾ ਰਹੀ ਹੈ। ਅਪ੍ਰੈਲ ਤੋਂ 'ਟੂ-ਚਾਈਲਡ ਲਿਮਿਟ' (ਦੋ ਬੱਚਿਆਂ ਦੀ ਸੀਮਾ) ਵਾਲਾ ਨਿਯਮ ਖਤਮ ਕਰ ਦਿੱਤਾ ਜਾਵੇਗਾ। ਇਹ ਨਿਯਮ 2017 ਵਿੱਚ ਲਾਗੂ ਕੀਤਾ ਗਿਆ ਸੀ, ਜਿਸ ਤਹਿਤ ਤੀਜੇ ਬੱਚੇ 'ਤੇ ਵਾਧੂ ਵਿੱਤੀ ਭੱਤਾ ਨਹੀਂ ਮਿਲਦਾ ਸੀ। ਸਰਕਾਰ ਨੂੰ ਉਮੀਦ ਹੈ ਕਿ 3.1 ਅਰਬ ਪੌਂਡ ਦੇ ਇਸ ਫੈਸਲੇ ਨਾਲ ਬਾਲ ਗਰੀਬੀ ਘਟੇਗੀ, ਪਰ ਮਾਹਿਰਾਂ ਦਾ ਮੰਨਣਾ ਹੈ ਕਿ ਗਰੀਬੀ ਨੂੰ ਜੜ੍ਹੋਂ ਖਤਮ ਕਰਨ ਲਈ ਹੋਰ ਸਖ਼ਤ ਨੀਤੀਆਂ ਦੀ ਲੋੜ ਹੈ।

# ਬਰਤਾਨਵੀ ਸੰਸਦ ਮੈਂਬਰ ਜਿਨਸੀ ਅਪਰਾਧਾਂ ਦੇ ਸ਼ੱਕ ਵਿੱਚ ਦੂਜੀ ਵਾਰ ਗ੍ਰਿਫਤਾਰ


ਐਮ ਪੀ ਡੈਨ ਨੌਰਿਸ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦਾ ਸਾਬਕਾ ਲੇਬਰ ਸੰਸਦ ਮੈਂਬਰ ਡੈਨ ਨੌਰਿਸ (66) ਇੱਕ ਔਰਤ ਨਾਲ ਕਥਿਤ ਬਲਾਤਕਾਰ ਕਰਨ ਦੇ ਮਾਮਲੇ ਵਿੱਚ ਜਾਂਚ ਦੇ ਅਧੀਨ ਹੈ ਅਤੇ ਉਸਨੂੰ ਇੱਕ ਦੂਜੀ ਔਰਤ ਨਾਲ ਬਲਾਤਕਾਰ ਕਰਨ, ਤੀਜੀ ਔਰਤ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਹਨਾਂ ਪਹਿਲੀ ਵਾਰ ਅਪ੍ਰੈਲ 2025 ਵਿੱਚ ਇੱਕ ਲੜਕੀ, ਬੱਚੇ ਨੂੰ ਅਗਵਾ ਕਰਨ ਅਤੇ ਇੱਕ ਔਰਤ ਨਾਲ ਬਲਾਤਕ-ਾਰ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਪੁਲਿਸ ਹੁਣ ਕਥਿਤ ਬਾਲ ਜਿਨਸੀ ਅਪਰਾਧਾਂ ਜਾਂ ਅਗਵਾ ਦੀ ਜਾਂਚ ਨਹੀਂ ਕਰ ਰਹੀ ਹੈ। ਇਹ ਸਾਰੇ ਅਪਰਾਧ 2000 ਤੋਂ 2020 ਦੇ ਦਹਾਕੇ ਦਰਮਿਆਨ ਹੋਏ ਹੋਣ ਦਾ ਦੋਸ਼ ਹੈ।

ਨੌਰਿਸ ਦੀ ਇੱਕ ਜਨਤਕ ਦਫਤਰ ਵਿੱਚ ਆਪਣੀ ਮੁਅੱਤਲੀ ਦੇ ਬਾਵਜੂਦ, ਨੌਰਿਸ ਨੇ ਸੰਸਦ ਮੈਂਬਰ ਵਜੋਂ ਆਪਣੇ ਅਹੁਦੇ ਤੋਂ ਹਟਣ ਤੋਂ ਇਨਕਾਰ ਕਰ ਦਿੱਤਾ ਸੀ। ਉਹ ਹੁਣ ਇੱਕ ਆਜ਼ਾਦ ਮੈਂਬਰ ਦੇ ਤੌਰ 'ਤੇ ਵਿਚਰਦਾ ਹੈ ਪਰ ਗ੍ਰਿਫਤਾਰੀ ਤੋਂ ਬਾਅਦ ਉਹ ਹਾਊਸ ਆਫ ਕਾਮਨਜ਼ ਵਿੱਚ ਹਾਜ਼ਰ ਨਹੀਂ ਹੋਇਆ।

ਜਿਕਰਯੋਗ ਹੈ ਕਿ ਦੋਸ਼ੀ ਠਹਿਰਾਏ ਜਾਣ ਜਾਂ ਜੇਲ ਭੇਜੇ ਜਾਣ ਤੇ ਕੋਈ ਵੀ ਸੰਸਦ ਮੈਂਬਰ ਅਹੁਦੇ ਤੇ ਬਣਿਆ ਨਹੀਂ ਰਹਿ ਸਕਦਾ।

ਕਥਿਤ ਦੁਰਵਿਹਾਰ ਨੂੰ ਲੈ ਕੇ ਵੀ ਜਾਂਚ ਕੀਤੀ ਜਾ ਰਹੀ ਹੈ। ਉਹ ਸ਼ਰਤੀਆ ਜ਼ਮਾਨਤ 'ਤੇ ਹੈ। ਨੌਰਥ ਈਸਟ ਸਮਰਸੈਟ ਅਤੇ ਹੈਨਹੈਮ ਤੋਂ ਲੇਬਰ ਐਮ ਪੀ ਨੌਰਸ ਨੂੰ

ਲੇਬਰ ਪਾਰਟੀ ਨੇ ਅਪ੍ਰੈਲ ਵਿੱਚ ਉਸਦੀ ਗ੍ਰਿਫਤਾਰੀ ਬਾਰੇ ਪਤਾ ਲੱਗਣ ਤੇ ਮੁਅੱਤਲ ਕਰ ਦਿੱਤਾ ਸੀ।

# ਬਰਤਾਨਵੀ ਪ੍ਰਧਾਨ ਮੰਤਰੀ ਸਟਾਰਮਰ ਦੀ ਚੀਨ ਯਾਤਰਾ ਸਮਾਪਤ

## ਪ੍ਰਧਾਨ ਮੰਥਰੀ ਸਟਾਰਮਰ ਨੇ ਅਰਬਾਂ ਪੌਂਡ ਦੇ ਨਿਰਯਾਤ ਅਤੇ ਨਿਵੇਸ਼ ਸੌਦਿਆਂ 'ਤੇ ਕੀਤੇ ਦਸਤਖਤ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਚੀਨ ਦੀ ਆਪਣੀ ਫੇਰੀ ਦੌਰਾਨ ਅਰਬਾਂ ਪੌਂਡ ਦੇ ਨਿਰਯਾਤ ਅਤੇ ਨਿਵੇਸ਼ ਸੌਦਿਆਂ 'ਤੇ ਦਸਤਖਤ ਕੀਤੇ ਅਤੇ ਚੀਨ ਨਾਲ ਕਾਫੀ ਦੇਰ ਤੋਂ ਚੱਲੇ ਆ ਰਹੇ ਤਣਾਅਪੂਰਨ ਸਬੰਧਾਂ ਵਿੱਚ "ਸਥਿਰਤਾ" ਲਿਆਂਦੀ ਹੈ। ਚੀਨ ਦੀ ਆਪਣੀ ਫੇਰੀ ਦੇ ਅੰਤ 'ਤੇ, ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਅਸੀਂ ਚੀਨ ਨਾਲ ਆਪਣੇ ਸਬੰਧਾਂ ਨੂੰ ਸਥਿਰਤਾ, ਸਪੱਸ਼ਟਤਾ ਅਤੇ ਕਾਰੋਬਾਰਾਂ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਇਸਦੇ ਲਾਭਾਂ ਨੂੰ ਯਕੀਨੀ ਬਣਾਉਣ ਲਈ ਇੱਕ ਲੰਬੇ ਸਮੇਂ ਦੀ ਰਣਨੀਤੀ ਨਾਲ ਅੱਗੇ ਵਧਾ ਰਹੇ ਹਾਂ। ਬਰਤਾਨਵੀ ਪ੍ਰਧਾਨ ਮੰਤਰੀ ਦੇ ਨਿਵਾਸ ਅਤੇ ਦਫਤਰ, 10 ਡਾਊਨਿੰਗ ਸਟ੍ਰੀਟ ਨੇ ਲੰਡਨ ਤੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਸਟਾਰਮਰ ਦੀ ਤਿੰਨ ਦਿਨਾਂ ਫੇਰੀ ਦੌਰਾਨ, ਬਰਤਾਨੀਆਂ ਅਤੇ ਚੀਨ ਨੇ 2.2 ਬਿਲੀਅਨ ਪੌਂਡ ਦੇ ਨਿਰਯਾਤ ਸੌਦਿਆਂ, ਪੰਜ ਸਾਲਾਂ ਵਿੱਚ ਲਗਭਗ 2.3 ਬਿਲੀਅਨ ਪੌਂਡ ਦੇ ਸਮਝੌਤੇ, ਅਤੇ ਨਵੇਂ ਨਿਵੇਸ਼ ਸਮਝੌਤਿਆਂ 'ਤੇ ਹਸਤਾਖਰ ਕੀਤੇ।

ਉਹਨਾਂ ਕਿਹਾ ਕਿ ਅਸੀਂ ਦੁਨੀਆ ਦੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਨਾਲ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਹੈ, ਯੂ ਕੇ ਲਈ ਅਰਬਾਂ ਡਾਲਰ ਦੇ ਲਾਭਾਂ ਦੇ ਰਾਹਾਂ ਨੂੰ ਖੋਲ੍ਹਿਆ ਹੈ ਅਤੇ ਨਵੀਆਂ ਵਪਾਰਕ ਭਾਈਵਾਲੀ ਲਈ ਰਾਹ ਪੱਧਰਾ ਕੀਤਾ ਹੈ। ਯੂ ਕੇ ਦੇ ਵਪਾਰ ਅਤੇ ਵਣਜ ਮੰਤਰੀ ਪੀਟਰ ਕਾਇਲ ਨੇ ਕਿਹਾ ਕਿ ਇਕਸਾਰ ਅਤੇ ਸਪੱਸ਼ਟ ਪਹੁੰਚ ਨਾਲ ਇਹ ਦਰਸਾਉਂਦਾ ਹੈ ਕਿ ਗੱਲਬਾਤ ਹੀ ਸਹੀ ਪਹੁੰਚ ਹੈ। ਜੋ ਇਹ ਵੀ ਸਾਬਤ ਕਰਦੀ ਹੈ ਕਿ ਯੂ ਕੇ ਨੂੰ ਆਪਣੇ ਵਪਾਰਕ ਭਾਈਵਾਲਾਂ ਵਿੱਚੋਂ ਸਿਰਫ ਕਿਸੇ ਇੱਕ ਦੀ ਚੋਣ ਕਰਨ ਦੀ ਜ਼ਰੂਰਤ ਨਹੀਂ ਹੈ।

# ਪੰਜਾਬੀ ਸਾਹਿਤ ਨੂੰ ਸਮਰਪਿਤ ਅਦਬੀ ਮੇਲਾ 2026 ਮੁਲਤਵੀ


ਅਜ਼ੀਮ ਸ਼ੇਖ਼ਰ, ਰਾਜਿੰਦਰਜੀਤ ਅਤੇ ਅਬੀਰ ਬੁੱਟਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਸਮਰਪਿਤ ਲੰਡਨ ਵਿੱਚ ਹੋਣ ਵਾਲਾ ਸਾਲਾਨਾ ਅੰਤਰਰਾਸ਼ਟਰੀ ਅਦਬੀ ਮੇਲਾ 2026 ਇਸ ਵਾਰ ਮੁਲਤਵੀ ਕਰ ਦਿੱਤਾ ਗਿਆ ਹੈ। ਮੇਲੇ ਦੇ ਮੁੱਖ ਪ੍ਰਬੰਧ ਸ਼ਾਇਰ ਅਜ਼ੀਮ ਸ਼ੇਖ਼ਰ, ਰਾਜਿੰਦਰਜੀਤ ਅਤੇ ਅਬੀਰ ਬੁਟਰ ਨੇ ਕਿਹਾ ਕਿ ਏਸ਼ੀਅਨ ਲਿਟਰੇਰੀ ਐਂਡ ਕਲਚਰਲ ਫੌਰਮ ਯੂ ਕੇ ਦੇ ਬੈਨਰ ਹੇਠ ਕਰਵਾਇਆ ਜਾਣ ਵਾਲਾ ਸਾਲਾਨਾ ਸਾਹਿਤ ਮੇਲਾ ਇਸ ਵਾਰ ਨਹੀਂ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਬੀਤੇ ਦੋ ਵਰ੍ਹਿਆਂ ਵਿੱਚ ਯੂ ਕੇ ਤੋਂ ਇਲਾਵਾ ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ, ਆਸਟਰੇਲੀਆ ਅਤੇ ਯੂਰਪ ਦੇ ਵੱਖ ਵੱਖ ਦੇਸ਼ਾਂ ਤੋਂ ਪੰਜਾਬੀ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ ਸੀ। ਲੇਕਨ ਕੁਝ ਕਾਰਨਾਂ ਕਰਕੇ 2026 ਵਾਲਾ ਮੇਲਾ ਨਹੀਂ ਕਰਵ-ਾਇਆ ਜਾਵੇਗਾ ਅਤੇ 2027 ਵਿੱਚ ਬਕਾਇਦਾ ਤੌਰ ਤੇ ਹੋਵੇਗਾ।

# ਉੱਤਰੀ ਲੰਡਨ ਵਿੱਚ ਅੱਗ ਲੱਗਣ ਕਾਰਨ ਰੇਲਵੇ ਸੇਵਾਵਾਂ ਪ੍ਰਭਾਵਿਤ


ਲੰਡਨ- (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਉੱਤਰੀ ਲੰਡਨ ਵਿੱਚ ਅੱਗ ਲੱਗਣ ਕਾਰਨ ਯੂਸਟਨ ਸਟੇਸ਼ਨ ਅਤੇ ਵਾਟਫੋਰਡ ਜੰਕਸ਼ਨ ਵਿਚਕਾਰ ਸਾਰੀਆਂ ਵੈਸਟ ਕੋਸਟ ਮੇਨ ਲਾਈਨ ਰੇਲਵੇ ਸੇਵਾਵਾਂ ਵਿੱਚ ਵੱਡਾ ਵਿਘਨ ਪਿਆ ਹੈ, ਜਿਸ ਕਾਰਨ ਬਰਮਿੰਘਮ, ਮੈਨਚੈਸਟਰ, ਲਿਵਰਪੂਲ ਅਤੇ ਗਲਾਸਗੋ ਸਮੇਤ ਸ਼ਹਿਰਾਂ ਦੀਆਂ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ। ਲੰਡਨ ਫਾਇਰ ਬ੍ਰਿਗੇਡ (ਲ਼ਫਭ) ਨੇ ਕਿਹਾ ਕਿ ਚਾਕ ਫਾਰਮ ਵਿੱਚ ਰੀਜੈਂਟਸ ਪਾਰਕ ਰੋਡ 'ਤੇ ਇੱਕ ਵਪਾਰਕ ਇਮਾਰਤ ਵਿੱਚ ਸਵੇਰੇ 09:30 ਵਜੇ ਸ਼ੁਰੂ ਹੋਈ ਅੱਗ 'ਤੇ ਲਗਭਗ 70 ਫਾਇਰਫਾਈਟਰਾਂ ਨੇ ਕਾਬੂ ਪਾਇਆ। ਇਸ ਨੂੰ ਲਗਭਗ 13:00 ਵਜੇ ਤੱਕ ਕਾਬੂ ਵਿੱਚ ਲਿਆਂਦਾ ਗਿਆ ਸੀ। ਅਵੰਤੀ ਵੈਸਟ ਕੋਸਟ ਨੇ ਕਿਹਾ ਕਿ ਰੇਲਗੱਡੀਆਂ ਰੱਦ ਜਾਂ ਇੱਕ ਘੰਟੇ ਤੱਕ ਦੇਰੀ ਨਾਲ ਹੋ ਸਕਦੀਆਂ ਹਨ, ਦਿਨ ਦੇ ਅੰਤ ਤੱਕ ਵਿਘਨ ਪੈਣ ਦੀ ਉਮੀਦ ਹੈ। ਇਸਨੇ ਯਾਤਰੀਆਂ ਨੂੰ ਹੋਰ ਬਾਹਰੀ ਆਪਰੇਟਰਾਂ ਨਾਲ ਟਿਕਟਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ। ਯੂਸਟਨ ਤੋਂ ਲੰਡਨ ਨੌਰਥਵੈਸਟਰਨ ਰੇਲਵੇ ਟ੍ਰੇਨਾਂ ਨੂੰ ਵੀ ਮੁਅੱਤਲ ਕਰ ਦਿੱਤਾ ਗਿਆ ਹੈ। ਓਪਰੇਟਰਾਂ ਨੇ ਕਿਹਾ ਕਿ ਸ਼ੁੱਕਰਵਾਰ ਲਈ ਟਿਕਟਾਂ ਵਾਲੇ ਲੋਕ ਬਿਨਾਂ ਕਿਸੇ ਵਾਧੂ ਕੀਮਤ ਦੇ ਸ਼ਨੀਵਾਰ ਨੂੰ ਉਹਨਾਂ ਦੀ ਵਰਤੋਂ ਕਰ ਸਕਦੇ ਹਨ। ਨੈੱਟਵਰਕ ਰੇਲ ਨੇ ਕਿਹਾ: "ਜਦੋਂ ਕਿ ਕੁਝ ਲਾਈਨਾਂ ਸੁਰੱਖਿਅਤ ਢੰਗ ਨਾਲ ਦੁਬਾਰਾ ਖੁੱਲ੍ਹ ਗਈਆਂ ਹਨ, ਬਾਕੀ ਬੰਦ ਹਨ ਕਿਉਂਕਿ ਅਸੀਂ ਅੱਗ ਨੂੰ ਪੂਰੀ ਤਰ੍ਹਾਂ ਬੁਝਾਉਣ ਲਈ ਲੰਡਨ ਫਾਇਰ ਬ੍ਰਿਗੇਡ ਦਾ ਉਨ੍ਹਾਂ ਦੇ ਕੰਮ ਵਿੱਚ ਸਮਰਥਨ ਕਰਦੇ ਹਾਂ।"

# ਮੋਹਾਲੀ ਵਿਚ ਡਰੱਗ ਤਸਕਰੀ ਅਤੇ ਕਤਲ ਦੇ ਮੁਲਜ਼ਮ ਗੁਰਵਿੰਦਰ ਸਿੰਘ ਗੁਰੀ ਦਾ ਬੇਰਹਿਮ ਕਤਲ

ਮੋਹਾਲੀ-ਇੱਕ ਸਨਸਨੀਖੇਜ਼ ਵਾਰਦਾਤ ਵਿੱਚ ਮੋਹਾਲੀ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੇੜੇ ਡਰੱਗ ਤਸਕਰੀ ਦੇ ਮੁਲਜ਼ਮ ਗੁਰਵਿੰਦਰ ਸਿੰਘ ਉਰਫ਼ ਗੁਰੀ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਘਟਨਾ ਬੀਤੇ ਦਿਨੀਂ ਵਾਪਰੀ ਜਦੋਂ ਗੁਰਵਿੰਦਰ ਆਪਣੀ ਪਤਨੀ ਨਾਲ ਅਦਾਲਤ ਵਿੱਚ 4 ਕਿੱਲੋ ਅਫੀਮ ਬਰਾਮਦ ਕੇਸ ਦੀ ਪੇਸ਼ੀ ਤੋਂ ਬਾਅਦ ਆਪਣੀ ਕਾਰ ਕੋਲ ਖੜ੍ਹਾ ਸੀ।

ਦੋ ਨੌਜਵਾਨਾਂ ਨੇ ਕਾਲੇ ਰੰਗ ਦੇ ਪਲਸਰ ਮੋਟਰਸਾਈਕਲ 'ਤੇ ਆ ਕੇ ਉਸ 'ਤੇ 14-15 ਰਾਊਂਡ ਫਾਇਰ ਕੀਤੇ। ਗੁਰਵਿੰਦਰ ਨੂੰ ਤਿੰਨ ਗੋਲੀਆਂ ਲੱਗੀਆਂ ਅਤੇ ਮੌਕੇ 'ਤੇ ਹੀ ਮੌਤ ਹੋ ਗਈ। ਉਸ ਦੀ ਪਤਨੀ ਵਾਲ-ਵਾਲ ਬਚ ਗਈ, ਜਿਸ ਦੇ ਸਿਰ ਨੂੰ ਇੱਕ ਗੋਲੀ ਛੋਹ ਕੇ ਲੰਘ ਗਈ।

## ✪ ਗੈਂਗਸਟਰ ਗੋਲਡੀ ਬਰਾੜ ਨੇ ਲਈ ਜ਼ਿੰਮੇਵਾਰੀ


ਗੋਲਡੀ ਬਰਾੜ

ਗੁਰਵਿੰਦਰ ਉੱਤਰਾਖੰਡ ਦੇ ਰੁੜਕੀ ਦਾ ਰਹਿਣ ਵਾਲਾ ਸੀ ਅਤੇ ਉਹ ਗੁਰਲਾਲ ਬਰਾੜ (ਗੈਂਗਸਟਰ ਗੋਲਡੀ ਬਰਾੜ ਦੇ ਭਰਾ) ਦੇ ਕਤਲ ਕੇਸ ਵਿੱਚ ਵੀ ਨਾਮਜ਼ਦ ਸੀ। ਹਮਲੇ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਗੈਂਗ ਨੇ ਜ਼ਿੰਮੇਵਾਰੀ ਲੈਂਦਿਆਂ ਇਸ ਨੂੰ ਗੁਰਲਾਲ ਬਰਾੜ ਦੇ ਕਤਲ ਦਾ ਬਦਲਾ ਦੱਸਿਆ। ਮ੍ਰਿਤਕ ਦੀ ਪਤਨੀ ਦੇ ਬਿਆਨ 'ਤੇ ਥਾਣਾ ਸੋਹਾਣਾ ਵਿੱਚ ਗੋਲਡੀ ਬਰਾੜ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਰੂਪਨਗਰ ਰੇਂਜ ਦੇ ਡੀਆਈਜੀ ਨਾਨਕ ਸਿੰਘ ਅਤੇ ਐੱਸਐੱਸਪੀ ਹਰਮਨਦੀਪ ਸਿੰਘ ਹੰਸ ਨੇ ਦੱਸਿਆ ਕਿ ਪੁਲਿਸ ਨੇ ਸੀਸੀਟੀਵੀ ਫੁਟੇਜ ਕਬਜ਼ੇ ਵਿੱਚ ਲਈ ਹੈ ਅਤੇ ਮੁਲਜ਼ਮਾਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਨਾਭਾ ਵਿੱਚ ਪੁਲਿਸ ਕਾਂਸਟੇਬਲ ਦਾ ਕਿਰਚਾਂ ਨਾਲ ਕਤਲ



ਨਾਭਾ-ਨਾਭਾ ਦੇ ਮੈਹਸ ਗੇਟ ਇਲਾਕੇ ਵਿੱਚ ਬੀਤੇ ਦਿਨੀਂ ਪੰਜਾਬ ਪੁਲਿਸ ਦੇ ਹੈੱਡ ਕਾਂਸਟੇਬਲ ਅਮਨਦੀਪ ਸਿੰਘ (30) ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਪਟਿਆਲਾ ਦੇ ਸਿਵਲ ਲਾਈਨ ਥਾਣੇ ਵਿੱਚ ਤਾਇਨਾਤ ਸੀ ਅਤੇ ਨਾਭਾ ਦੀ ਹੀਰਾ ਇੰਕਲੇਵ ਜਾਂ ਪੁੱਡਾ ਕਲੋਨੀ ਦਾ ਰਹਿਣ ਵਾਲਾ ਸੀ। ਵਾਰਦਾਤ ਦੌਰਾਨ ਬਿਜਲੀ ਗੁਲ ਸੀ ਅਤੇ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ 5-6 ਅਣਪਛਾਤੇ ਹਮਲਾਵਰਾਂ ਨੇ ਕਿਰਚਾਂ ਨਾਲ ਅਮਨਦੀਪ 'ਤੇ ਹਮਲਾ ਕੀਤਾ। ਇਸ ਦੌਰਾਨ ਉਸਦਾ ਭਰਾ ਨਵਦੀਪ ਸਿੰਘ ਵੀ ਗੰਭੀਰ ਜ਼ਖਮੀ ਹੋ ਗਿਆ। ਮੌਕੇ 'ਤੇ ਪਹੁੰਚੀ ਪੁਲਿਸ ਨੇ ਇਲਾਕੇ ਨੂੰ ਸੀਲ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਅਤੇ ਸੀਸੀਟੀਵੀ ਫੁਟੇਜ ਦੀ ਬਾਰੀਕੀ ਨਾਲ ਪੜਤਾਲ ਕੀਤੀ ਜਾ ਰਹੀ ਹੈ।

ਐਸ.ਐਚ.ਓ. ਸੌਰਭ ਸੱਭਰਵਾਲ ਨੇ ਦੱਸਿਆ ਕਿ ਪੁਲਿਸ ਨੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਇਹ ਕਤਲ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਝਗੜੇ ਨੂੰ ਕਤਲ ਦਾ ਕਾਰਨ ਦੱਸਿਆ ਗਿਆ।

# ਡੇਰਾ ਬਾਬਾ ਨਾਨਕ ਵਿੱਚ ਮੈਡੀਕਲ ਸਟੋਰ ਮਾਲਕ ਦੀ ਗੋਲੀਆਂ ਮਾਰ ਕੇ ਹੱਤਿਆ



ਡੇਰਾ ਬਾਬਾ ਨਾਨਕ-ਸਰਹੱਦੀ ਕਸਬੇ ਡੇਰਾ ਬਾਬਾ ਨਾਨਕ ਵਿੱਚ ਬੀਤੇ ਦਿਨੀਂ ਬੇਦੀ ਮੈਡੀਕਲ ਸਟੋਰ ਦੇ ਮਾਲਕ ਰਣਦੀਪ ਸਿੰਘ ਬੇਦੀ (ਪੁੱਤਰ ਰਘੁਬੀਰ ਸਿੰਘ) 'ਤੇ ਅਣਪਛਾਤੇ ਹਮਲਾਵਰਾਂ ਨੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ। ਘਟਨਾ ਉਸ ਸਮੇਂ ਵਾਪਰੀ ਜਦੋਂ ਰਣਦੀਪ ਸਿੰਘ ਸਵੇਰੇ ਆਪਣੀ ਦੁਕਾਨ ਖੋਲ੍ਹ ਰਿਹਾ ਸੀ। ਗੋਲੀਆਂ ਸਿੱਧੀਆਂ ਉਸ ਦੇ ਸਿਰ ਵਿੱਚ ਲੱਗੀਆਂ, ਜਿਸ ਨਾਲ ਉਹ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਿਆ। ਉਸ ਨੂੰ ਤੁਰੰਤ ਅੰਮ੍ਰਿਤਸਰ ਹਸਪਤਾਲ ਲਿਜਾਇਆ ਗਿਆ ਪਰ ਰਸਤੇ ਵਿੱਚ ਹੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਰਣਦੀਪ ਸਿੰਘ ਨੂੰ ਕੁਝ ਮਹੀਨੇ ਪਹਿਲਾਂ ਵੀ 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ ਅਤੇ ਇੱਕ ਹਮਲੇ ਵਿੱਚ ਉਹ ਵਾਲ-ਵਾਲ ਬਚ ਗਿਆ ਸੀ। ਪੁਲਿਸ ਨੇ ਪਹਿਲਾਂ ਉਸ ਨੂੰ ਸੁਰੱਖਿਆ ਵੀ ਮੁਹੱਈਆ ਕਰਵਾਈ ਸੀ ਪਰ ਹਾਲ ਹੀ ਵਿੱਚ ਇਹ ਹਟਾ ਲਈ ਗਈ ਸੀ। ਘਟਨਾ ਤੋਂ ਬਾਅਦ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਹੱਤਿਆ ਦੇ ਰੋਸ ਵਜੋਂ ਕਸਬੇ ਵਾਸੀਆਂ ਨੇ ਡੇਰਾ ਬਾਬਾ ਨਾਨਕ ਨੂੰ ਮੁਕੰਮਲ ਬੰਦ ਕਰ ਦਿੱਤਾ ਅਤੇ ਬਾਜ਼ਾਰ ਪੂਰਾ ਦਿਨ ਬੰਦ ਰਹੇ। ਲੋਕਾਂ ਨੇ ਸਰਕਾਰ ਅਤੇ ਪੁਲਿਸ ਤੋਂ ਸਖ਼ਤ ਮੰਗ ਕੀਤੀ ਹੈ ਕਿ ਗੈਂਗਸਟਰਵਾਦ ਨੂੰ ਰੋਕਿਆ ਜਾਵੇ, ਕਸਬੇ ਵਾਸੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਮ੍ਰਿਤਕ ਦੇ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇ।

# ਬੈਂਕ ਮੈਨੇਜਰ ਨਾਲ 4.20 ਲੱਖ ਰੁਪਏ ਦੀ ਠੱਗੀ ਹੋਈ, ਯੂ.ਪੀ. ਤੋਂ ਠੱਗ ਗ੍ਰਿਫਤਾਰ

ਲੁਧਿਆਣਾ-ਲੁਧਿਆਣਾ ਪੁਲਿਸ ਦੇ ਸਾਈਬਰ ਸੈੱਲ ਨੇ ਬੈਂਕ ਧੋਖਾਧੜੀ ਦੇ ਇੱਕ ਅੰਤਰਰਾਜੀ ਠੱਗ ਨੂੰ ਉੱਤਰ ਪ੍ਰਦੇਸ਼ ਤੋਂ ਗ੍ਰਿਫਤਾਰ ਕਰਕੇ ਸਫਲਤਾ ਹਾਸਲ ਕੀਤੀ ਹੈ। ਮੁਲਜ਼ਮ ਵਿਸ਼ਾਲ ਵਰਮਾ ਨੇ ਆਪਣੇ ਸਾਥੀ ਨਾਲ ਮਿਲ ਕੇ ਬੈਂਕ ਮੈਨੇਜਰ ਨੂੰ ਫਰਜ਼ੀ ਦਸਤਾਵੇਜ਼ ਭੇਜ ਕੇ ਗੁੰਮਰਾਹ ਕੀਤਾ ਅਤੇ ਸ਼ਿਕਾਇਤਕਰਤਾ ਦੇ ਖਾਤੇ ਵਿੱਚੋਂ ਕਰੀਬ 4 ਲੱਖ 20 ਹਜ਼ਾਰ ਰੁਪਏ ਉਡਾ ਲਏ। ਇਸ ਠੱਗੀ ਦੇ ਮਾਮਲੇ ਵਿੱਚ ਥਾਣਾ ਸਾਈਬਰ ਕ੍ਰਾਈਮ ਵਿੱਚ ਕੇਸ ਦਰਜ ਹੋਇਆ ਸੀ।




ਇੰਚਾਰਜ ਸਤਬੀਰ ਸਿੰਘ ਅਤੇ ਐੱਸ.ਆਈ. ਹਰਿੰਦਰਪਾਲ ਦੀ ਅਗਵਾਈ ਵਾਲੀ ਟੀਮ ਨੇ ਤਕਨੀਕੀ ਜਾਂਚ ਅਤੇ ਡਿਜੀਟਲ ਸਬੂਤਾਂ ਦੇ ਆਧਾਰ 'ਤੇ ਜਾਲ ਵਿਛਾਇਆ। ਬੀਤੇ ਦਿਨੀਂ ਪੀਲੀਭੀਤ (ਯੂ.ਪੀ.) ਤੋਂ ਵਿਸ਼ਾਲ ਵਰਮਾ ਨੂੰ ਦਬੋਚ ਲਿਆ ਗਿਆ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਠੱਗੀ ਦੇ ਕਈ ਹੋਰ ਵੱਡੇ ਖੁਲਾਸੇ ਕੀਤੇ ਹਨ। ਪੁਲਿਸ ਨੇ ਗਿਰੋਹ ਦੇ ਬਾਕੀ ਮੈਂਬਰਾਂ ਨੂੰ ਫੜਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

# ਅੰਮ੍ਰਿਤਸਰ ਵਿਚ ਸੋਨੇ ਦੀ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼, ਔਰਤ ਸਮੇਤ ਤਿੰਨ ਗ੍ਰਿਫਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸੁਨਿਆਰੇ ਦੀ ਦੁਕਾਨ ਤੋਂ ਸੋਨਾ ਚੋਰੀ ਕਰਨ ਵਾਲੇ ਇੱਕ ਸਰਗਰਮ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਥਾਣਾ ਬੀ-ਡਿਵੀਜ਼ਨ ਦੀ ਪੁਲਿਸ ਨੇ ਤੇਜ਼ ਜਾਂਚ ਕਰਕੇ ਔਰਤ ਸਮੇਤ ਤਿੰਨ ਮੁਲਜ਼ਮਾਂ ਭੁਪਿੰਦਰ ਸਿੰਘ , ਹੁਸ਼ਿਆਰਪੁਰ, ਹਰਪ੍ਰੀਤ ਕੌਰ ਗੰਗਾ ਨਗਰ, ਰਾਜਸਥਾਨ ਅਤੇ ਜਸ਼ਨਪ੍ਰੀਤ ਸਿੰਘ ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਪਾਸੋਂ 152 ਗ੍ਰਾਮ ਚੋਰੀ ਕੀਤਾ ਗਿਆ ਸੋਨਾ, 4 ਲੱਖ ਰੁਪਏ ਨਕਦ ਅਤੇ ਇੱਕ ਡਬਲ ਬੈਰਲ ਗੈਰ-ਕਾਨੂੰਨੀ ਗੰਨ ਬਰਾਮਦ ਕੀਤੀ ਗਈ ਹੈ। ਡੀਸੀਪੀ ਸਿਟੀ ਜਗਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਰਾਕੇਸ਼ ਕੁਮਾਰ ਵਾਸੀ ਸੁਲਤਾਨਵਿੰਡ ਰੋਡ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਦੀ ਦੁਕਾਨ ਵਿੱਚ ਸ਼ਾਮ 5 ਵਜੇ ਚਾਰ ਅਣਪਛਾਤੇ ਵਿਅਕਤੀ ਸੋਨਾ ਖਰੀਦਣ ਆਏ ਸਨ। ਇੱਕ ਨੇ ਸੋਨਾ ਵਿਖਾਉਣ ਲਈ ਵਿਜ਼ਿਟਰ ਨੂੰ ਭਰਮਾਇਆ ਅਤੇ ਦੂਜੇ ਨੇ ਕਾਊਂਟਰ ਤੋਂ ਕਰੀਬ 200 ਗ੍ਰਾਮ ਸੋਨਾ (ਜਿਸ ਵਿੱਚੋਂ 190 ਗ੍ਰਾਮ ਖਰਾ ਸੀ) ਚੋਰੀ ਕਰ ਲਿਆ ਅਤੇ ਫਰਾਰ ਹੋ ਗਏ। ਤਿੰਨ ਗ੍ਰਿਫਤਾਰੀਆਂ 25 ਅਤੇ 26 ਜਨਵਰੀ ਨੂੰ ਹੋਈਆਂ ਸਨ। ਪੁਲਿਸ ਨੇ ਦੱਸਿਆ ਕਿ ਗਿਰੋਹ ਦੇ ਤਿੰਨ ਹੋਰ ਸਾਥੀਆਂ ਦੀ ਭਾਲ ਜਾਰੀ ਹੈ ਅਤੇ ਉਨ੍ਹਾਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

### -ਮਾਮਲਾ ਚਚੇਰੀ ਭੈਣ ਨਾਲ ਛੇੜਛਾੜ ਕਰਨ ਦਾ -

# ਚਚੇਰੇ ਭਰਾ ਦੀ ਦਿਨ-ਦਿਹਾੜੇ ਗੋਲੀ ਮਾਰ ਕੇ ਗੁੰਡਿਆਂ ਵਲੋਂ ਹੱਤਿਆ



ਤਰਨਤਾਰਨ-ਤਰਨਤਾਰਨ ਵਿੱਚ ਬਕੀਪੁਰ ਪਿੰਡ ਨੇੜੇ ਬਾਈਕ ਸਵਾਰ 15 ਨੌਜਵਾਨਾਂ ਨੇ ਰਣਜੀਤ ਸਿੰਘ ਉਰਫ਼ ਰਾਣਾ (21), ਇੱਕ ਪੇਂਟ ਡੀਲਰ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਇਹ ਹੱਤਿਆ ਲੜਕੀ ਨਾਲ ਛੇੜਛਾੜ ਦੇ ਪੁਰਾਣੇ ਮਾਮਲੇ ਕਾਰਨ ਰੰਜਿਸ਼ ਵਜ੍ਹਾ ਬਣੀ। ਲਗਪਗ ਡੇਢ ਸਾਲ ਪਹਿਲਾਂ ਮੇਲੇ ਵਿੱਚ ਰਾਣਾ ਦੀ ਚਚੇਰੀ ਭੈਣ ਨਾਲ ਕਥਿਤ ਛੇੜਛਾੜ ਹੋਈ ਸੀ, ਜਿਸ ਤੋਂ ਬਾਅਦ ਮਾਫ਼ੀ ਮੰਗਵਾਈ ਗਈ ਪਰ ਹਮਲਾਵਰਾਂ ਨੇ ਰੰਜਿਸ਼ ਰੱਖ ਲਈ। ਰਾਣਾ ਆਪਣੇ ਚਚੇਰੇ ਭਰਾ ਸਾਜਨਪ੍ਰੀਤ ਸਿੰਘ ਨੂੰ ਮਿਲਣ ਜਾ ਰਿਹਾ ਸੀ ਜਦੋਂ ਹਮਲਾਵਰਾਂ ਨੇ ਸੜਕ ਰੋਕ ਕੇ ਉਨ੍ਹਾਂ 'ਤੇ ਹਮਲਾ ਕੀਤਾ। ਰਾਣਾ ਨੇ ਝਗੜਾ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਵੰਸ਼ਦੀਪ ਸਿੰਘ ਨੇ ਪਿਸਤੌਲ ਨਾਲ ਛਾਤੀ ਵਿੱਚ ਗੋਲੀ ਮਾਰ ਦਿੱਤੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਮ੍ਰਿਤਕ ਐਲਾਨ ਕਰ ਦਿੱਤਾ। ਪੁਲਿਸ ਨੇ ਲਾਸ਼ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਲੁਧਿਆਣਾ ਵਿੱਚ ਵਿਦੇਸ਼ ਭੇਜਣ ਦੇ ਨਾਂ 'ਤੇ 16 ਲੱਖ ਰੁਪਏ ਦੀ ਠੱਗੀ ਮਾਰੀ




ਲੁਧਿਆਣਾ-ਲੁਧਿਆਣਾ ਵਿੱਚ ਵਿਦੇਸ਼ ਭੇਜਣ ਦੇ ਨਾਂ 'ਤੇ 16 ਲੱਖ ਰੁਪਏ ਦੀ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਡਿਵੀਜ਼ਨ ਨੰਬਰ 8 ਨੇ ਰਾਜਾ ਗਾਰਡਨ ਵਾਸੀ ਪ੍ਰਿੰਸ ਮਹਾਜਨ ਦੀ ਸ਼ਿਕਾਇਤ 'ਤੇ ਪਿਓ-ਧੀ ਜਗਸੀਰ ਸਿੰਘ ਅਤੇ ਕਮਲਦੀਪ ਕੌਰ (ਬਠਿੰਡਾ ਦੇ ਪਿੰਡ ਦੁੱਲੇ ਵਾਲਾ) ਵਿਰੁੱਧ ਅਪਰਾਧਿਕ ਸਾਜ਼ਿਸ਼ ਤੇ ਧੋਖਾਧੜੀ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ। ਸ਼ਿਕਾਇਤਕਰਤਾ ਪ੍ਰਿੰਸ ਨੇ ਅਗਲੇਰੀ ਪੜ੍ਹਾਈ ਲਈ ਯੂਕੇ ਜਾਣ ਲਈ ਮੁਲਜ਼ਮਾਂ ਨਾਲ ਸੰਪਰਕ ਕੀਤਾ ਸੀ। ਉਨ੍ਹਾਂ ਨੇ ਵੀਜ਼ਾ ਲਗਵਾ ਕੇ ਭੇਜਣ ਦਾ ਭਰੋਸਾ ਦਿੱਤਾ ਅਤੇ 16 ਲੱਖ ਰੁਪਏ ਵਸੂਲ ਲਏ ਸਨ। ਕਈ ਮਹੀਨੇ ਬੀਤਣ 'ਤੇ ਵੀ ਨਾ ਵੀਜ਼ਾ ਮਿਲਿਆ, ਨਾ ਪੈਸੇ ਵਾਪਸ ਹੋਏ ਤਾਂ ਪੁਲਿਸ ਨੂੰ ਸ਼ਿਕਾਇਤ ਕੀਤੀ। ਪੁਲਿਸ ਨੇ ਜਾਂਚ ਤੋਂ ਬਾਅਦ ਐਫਆਈਆਰ ਦਰਜ ਕੀਤੀ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।

# ਵਿਸ਼ਵ ਵਿਵਸਥਾ ਵਿੱਚ ਵੱਡੀ ਹਲਚਲ, ਟਰੰਪ ਦੀਆਂ ਨੀਤੀਆਂ ਨੇ ਪੱਛਮੀ ਦੇਸ਼ਾਂ ਨੂੰ ਚੀਨ ਵੱਲ ਧੱਕਿਆ ?

## ✪ ਮਾਹਿਰਾਂ ਅਨੁਸਾਰ ਗਲੋਬਲਾਈਜੇਸ਼ਨ ਯੁਗ ਅਮਰੀਕਾ ਦੀ ਥਾਂ ਏਸ਼ੀਆ ਵਲ ਪਰਤਿਆ

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**



ਦੂਜੀ ਵਿਸ਼ਵ ਜੰਗ ਤੋਂ ਬਾਅਦ ਬਣੀ ਅਮਰੀਕੀ ਅਗਵਾਈ ਵਾਲੀ ਵਿਸ਼ਵ ਵਿਵਸਥਾ ਅੱਜ ਇੱਕ ਇਤਿਹਾਸਕ ਮੋੜ 'ਤੇ ਖੜ੍ਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ 'ਅਮਰੀਕਾ ਫਸਟ' ਨੀਤੀ ਨੇ ਨਾ ਸਿਰਫ਼ ਅਮਰੀਕਾ ਦੇ ਰਵਾਇਤੀ ਸਹਿਯੋਗੀਆਂ ਨੂੰ ਪਰੇਸ਼ਾਨ ਕੀਤਾ ਹੈ, ਬਲਕਿ ਉਨ੍ਹਾਂ ਨੂੰ ਚੀਨ ਵੱਲ ਨਵੇਂ ਰਿਸ਼ਤੇ ਬਣਾਉਣ ਲਈ ਮਜਬੂਰ ਵੀ ਕਰ ਦਿੱਤਾ ਹੈ। ਹਾਲ ਦੇ ਮਹੀਨਿਆਂ ਵਿੱਚ ਕੈਨੇਡਾ, ਬ੍ਰਿਟੇਨ, ਫਿਨਲੈਂਡ ਅਤੇ ਜਰਮਨੀ ਵਰਗੇ ਦੇਸ਼ਾਂ ਦੇ ਨੇਤਾਵਾਂ ਨੇ ਬੀਜਿੰਗ ਦਾ ਦੌਰਾ ਕੀਤਾ ਸੀ, ਜੋ ਇੱਕ ਵੱਡੇ ਭੂ-ਰਾਜਨੀਤਕ ਬਦਲਾਅ ਨੂੰ ਦਰਸਾਉਂਦਾ ਹੈ। ਇਹ ਸਭ ਟਰੰਪ ਦੀਆਂ ਟੈਰਿਫ ਨੀਤੀਆਂ ਅਤੇ ਅਸਥਿਰ ਵਿਦੇਸ਼ ਨੀਤੀ ਦਾ ਨਤੀਜਾ ਮੰਨਿਆ ਜਾ ਰਿਹਾ ਹੈ, ਜਿਸ ਨੇ ਅਮਰੀਕਾ ਨੂੰ ਵਿਸ਼ਵ ਮੰਚ 'ਤੇ ਇਕੱਲਾ ਕਰ ਦਿੱਤਾ ਹੈ।

ਪਿਛਲੇ ਕੁਝ ਮਹੀਨਿਆਂ ਵਿੱਚ ਪੱਛਮੀ ਨੇਤਾਵਾਂ ਨੇ ਚੀਨ ਨਾਲ ਰਿਸ਼ਤੇ ਮਜ਼ਬੂਤ ਕਰਨ ਲਈ ਕਈ ਕਦਮ ਚੁੱਕੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਹਾਲ ਹੀ ਵਿੱਚ ਬੀਜਿੰਗ ਦਾ ਦੌਰਾ ਕੀਤਾ ਅਤੇ ਚੀਨ ਨੂੰ ਇੱਕ 'ਸਥਿਰ ਸਹਿਭਾਗੀ' ਕਰਾਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਦੀਆਂ ਅਸਥਿਰ ਨੀਤੀਆਂ ਕਾਰਨ ਕੈਨੇਡਾ ਨੂੰ ਨਵੇਂ ਵਪਾਰਕ ਸਹਿਯੋਗੀਆਂ ਦੀ ਭਾਲ ਕਰਨੀ ਪੈ ਰਹੀ ਹੈ। ਇਸੇ ਤਰ੍ਹਾਂ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ 8 ਸਾਲਾਂ ਬਾਅਦ ਚੀਨ ਦਾ ਦੌਰਾ ਕੀਤਾ ਸੀ ਅਤੇ ਬ੍ਰਿਟਿਸ਼ ਮੀਡੀਆ ਅਨੁਸਾਰ, ਉਹ ਮੰਨਦੇ ਹਨ ਕਿ ਚੀਨ ਨਾਲ ਰਿਸ਼ਤੇ ਤੋੜਨਾ ਇੱਕ ਵੱਡੀ ਗਲਤੀ ਸੀ। ਜਰਮਨੀ ਦੇ ਚਾਂਸਲਰ ਫ੍ਰੈਡਰਿਕ ਮਰਜ਼ ਵੀ ਅਗਲੇ ਮਹੀਨੇ ਚੀਨ ਜਾਣ ਵਾਲੇ ਹਨ, ਕਿਉਂਕਿ ਅਮਰੀਕੀ ਟੈਰਿਫਾਂ ਨੇ ਜਰਮਨ ਆਟੋ ਉਦਯੋਗ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ।

ਅਮਰੀਕਾ ਨੇ ਆਪਣੇ ਸਹਿਯੋਗੀਆਂ 'ਤੇ ਵੀ ਭਾਰੀ ਟੈਰਿਫ ਲਗਾਏ ਹਨ, ਜਿਸ ਨਾਲ ਯੂਰਪ ਅਤੇ ਕੈਨੇਡਾ ਵਰਗੇ ਦੇਸ਼ ਅਮਰੀਕਾ ਤੋਂ ਨਿਰਾਸ਼ ਹੋ ਗਏ ਹਨ। ਨਾਟੋ ਅਤੇ ਹੋਰ ਅੰਤਰਰਾਸ਼ਟਰੀ ਸੰਗਠਨਾਂ ਵਿੱਚ ਟਰੰਪ ਦੀ ਆਲੋਚਨਾ ਨੇ ਇਨ੍ਹਾਂ ਦੇਸ਼ਾਂ ਨੂੰ ਚੀਨ ਵੱਲ ਵੇਖਣ ਲਈ ਮਜਬੂਰ ਕੀਤਾ ਹੈ। ਚੀਨ ਨੇ ਆਪਣੇ ਨੂੰ ਇੱਕ ਸਥਿਰ ਅਤੇ ਆਰਥਿਕ ਤੌਰ 'ਤੇ ਭਰੋਸੇਮੰਦ ਹਿਸੇਦਾਰ ਵਜੋਂ ਪੇਸ਼ ਕੀਤਾ ਹੈ, ਜੋ ਗ੍ਰੀਨ ਟੈਕਨਾਲੋਜੀ ਅਤੇ ਨਿਵੇਸ਼ ਵਿੱਚ ਵੱਡੀ ਪੇਸ਼ਕਸ਼ ਕਰ ਰਿਹਾ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਵੀ ਮੰਨਿਆ ਹੈ ਕਿ ਵਿਸ਼ਵ ਅਰਥਵਿਵਸਥਾ ਨੂੰ ਸਥਿਰ ਰੱਖਣ ਲਈ ਚੀਨ ਨਾਲ ਸਹਿਯੋਗ ਜ਼ਰੂਰੀ ਹੈ।

ਇਸ ਵਿਸ਼ਵ ਬਦਲਾਅ ਵਿੱਚ ਭਾਰਤ ਦੀ ਭੂਮਿਕਾ ਵੀ ਅਹਿਮ ਹੈ। ਤਾਜ਼ਾ ਨਿਊਜ਼ ਅਨੁਸਾਰ, ਭਾਰਤ ਅਮਰੀਕਾ-ਚੀਨ ਵਿਵਾਦ ਵਿੱਚ ਆਪਣੀ 'ਸਟ੍ਰੈਟਿਜਿਕ ਆਟੋਨਮੀ' ਨੂੰ ਬਰਕਰਾਰ ਰੱਖ ਰਿਹਾ ਹੈ। ਅਮਰੀਕੀ ਪੈਂਟਾਗਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੀਨ ਭਾਰਤ ਨਾਲ ਘੱਟ ਤਣਾਅ ਵਾਲੇ ਰਿਸ਼ਤੇ ਨੂੰ ਇਸਤੇਮਾਲ ਕਰ ਕੇ ਅਮਰੀਕਾ-ਭਾਰਤ ਵਿਚਾਲੇ ਰਿਸ਼ਤੇ ਨੂੰ ਗਹਿਰਾ ਹੋਣ ਤੋਂ ਰੋਕਣਾ ਚਾਹੁੰਦਾ ਹੈ। ਪਰ ਭਾਰਤ ਆਪਣੇ ਨਿੱਜੀ ਹਿੱਤਾਂ ਨੂੰ ਪਹਿਲ ਦੇ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਚੀਨ ਨਾਲ ਬਾਰਡਰ ਤਣਾਅ ਘੱਟ ਕਰਨ ਵਾਲੇ ਸਮਝੌਤੇ ਕੀਤੇ ਹਨ, ਜਿਸ ਨਾਲ ਦੋਹਾਂ ਦੇਸ਼ਾਂ ਵਿੱਚ ਵਪਾਰ ਵਧ ਰਿਹਾ ਹੈ।

ਭਾਰਤ ਰੂਸ ਅਤੇ ਚੀਨ ਨਾਲ ਵੀ ਰਿਸ਼ਤੇ ਮਜ਼ਬੂਤ ਕਰ ਰਿਹਾ ਹੈ, ਖਾਸ ਕਰਕੇ ਬ੍ਰਿਕਸ ਵਰਗੇ ਸੰਗਠਨਾਂ ਵਿੱਚ। ਤਾਜ਼ਾ ਆਰਥਿਕ ਸਰਵੇ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਅਮਰੀਕਾ-ਚੀਨ ਵਿਵਾਦ ਵਿੱਚ ਭਾਰਤ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਭਾਰਤ ਚੀਨ ਨਾਲ ਵਪਾਰ ਵਧਾਉਣਾ ਚਾਹੁੰਦਾ ਹੈ ਪਰ ਅਮਰੀਕਾ ਨਾਲ ਵੀ ਰਣਨੀਤਕ ਸਹਿਯੋਗ ਜਾਰੀ ਰੱਖ ਰਿਹਾ ਹੈ।

ਅੰਤਰਰਾਸ਼ਟਰੀ ਮਾਹਿਰਾਂ ਅਨੁਸਾਰ, ਟਰੰਪ ਦੀ 'ਅਮਰੀਕਾ ਫਸਟ' ਨੀਤੀ ਅਮਰੀਕਾ ਲਈ ਘਾਤਕ ਸਾਬਤ ਹੋ ਸਕਦੀ ਹੈ। ਟੈਰਿਫਾਂ ਨੇ ਅਮਰੀਕੀ ਖਪਤਕਾਰਾਂ ਲਈ ਕੀਮਤਾਂ ਵਧਾ ਦਿੱਤੀਆਂ ਹਨ, ਜਿਸ ਨਾਲ ਮਹਿੰਗਾਈ ਵਧ ਰਹੀ ਹੈ। ਇੱਕ ਫੋਕਸ ਗਰੁੱਪ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬਹੁਤ ਸਾਰੇ ਟਰੰਪ ਵੋਟਰ ਹੁਣ ਪਛਤਾ ਰਹੇ ਹਨ, ਕਿਉਂਕਿ ਟੈਰਿਫਾਂ ਨੇ ਰੋਜ਼ਾਨਾ ਜ਼ਿੰਦਗੀ ਮਹਿੰਗੀ ਕਰ ਦਿੱਤੀ ਹੈ। ਅਮਰੀਕੀ ਅਰਥ ਵਿਵਸਥਾ ਨੂੰ ਨੁਕਸਾਨ ਪਹੁੰਚ ਰਿਹਾ ਹੈ ਅਤੇ ਸਹਿਯੋਗੀ ਦੇਸ਼ ਚੀਨ ਵੱਲ ਜਾ ਰਹੇ ਹਨ।

ਬਰੂਕਿੰਗਸ ਇੰਸਟੀਟਿਊਟ ਵਰਗੇ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਨੀਤੀ ਅਮਰੀਕਾ ਨੂੰ ਵਿਸ਼ਵ ਵਿੱਚ ਇਕੱਲਾ ਕਰ ਰਹੀ ਹੈ। ਜੇਕਰ ਟਰੰਪ ਨੇ ਆਪਣੀਆਂ ਨੀਤੀਆਂ ਨੂੰ ਨਹੀਂ ਬਦਲਿਆ ਤਾਂ ਅਮਰੀਕਾ ਨੂੰ ਆਰਥਿਕ ਅਤੇ ਰਾਜਨੀਤਕ ਨੁਕਸਾਨ ਹੋ ਸਕਦਾ ਹੈ।

ਇਕਨਾਮਿਸਟ ਅਤੇ ਵਾਸ਼ਿੰਗਟਨ ਪੋਸਟ ਵਰਗੇ ਅਖਬਾਰਾਂ ਵਿੱਚ ਵਿਸ਼ਲੇਸ਼ਣ ਕਹਿੰਦੇ ਹਨ ਕਿ ਟੈਰਿਫਾਂ ਨੇ ਵਪਾਰ ਨੂੰ ਹੌਲੀ ਕੀਤਾ ਹੈ ਪਰ ਗਲੋਬਲ ਵੈਲਿਊ ਚੇਨਾਂ ਅਜੇ ਵੀ ਕੰਮ ਕਰ ਰਹੀਆਂ ਹਨ। ਗਲੋਬਲਾਈਜੇਸ਼ਨ ਨਵੇਂ ਰੂਪ ਵਿੱਚ ਏਸ਼ੀਆ ਵੱਲ ਖਿਸਕ ਰਿਹਾ ਹੈ, ਜਿੱਥੇ ਚੀਨ ਅਤੇ ਭਾਰਤ ਵਰਗੇ ਦੇਸ਼ ਨਵੇਂ ਵਪਾਰਕ ਸਮਝੌਤੇ ਕਰ ਰਹੇ ਹਨ।

ਲੇਵੀ ਇਕਨਾਮਿਕਸ ਇੰਸਟੀਟਿਊਟ ਨੇ ਕਿਹਾ ਹੈ ਕਿ ਟੈਰਿਫਾਂ ਨੇ ਅਮਰੀਕੀ ਉਤਪਾਦਨ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਗਲੋਬਲ ਅਰਥ ਵਿਵਸਥਾ ਨੂੰ ਰਿਸੈਸ਼ਨ ਵੱਲ ਧੱਕਿਆ ਹੈ। ਪਰ ਚੈਥਮ ਹਾਊਸ ਵਰਗੇ ਸੰਸਥਾਵਾਂ ਨੇ ਕਿਹਾ ਹੈ ਕਿ ਗਲੋਬਲਾਈਜੇਸ਼ਨ ਪੂਰਬ ਵੱਲ ਬਦਲ ਰਿਹਾ ਹੈ ਅਤੇ ਟਰੰਪ ਦੀ ਨੀਤੀ ਇਸ ਨੂੰ ਤੇਜ਼ ਕਰ ਰਹੀ ਹੈ।

ਵਿਸ਼ਵ ਅਖਬਾਰਾਂ ਵਿੱਚ ਟਰੰਪ ਨੂੰ ਚੀਨ ਦੇ ਉਭਾਰ ਲਈ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। 'ਦਿ ਇਕਨਾਮਿਸਟ' ਨੇ ਲਿਖਿਆ ਹੈ ਕਿ ਅਮਰੀਕਾ ਨੂੰ ਚੁਣੌਤੀ ਦੇਣ ਲਈ ਚੀਨ ਲਈ ਗੋਲਡਨ ਚਾਂਸ ਹੈ। 'ਦਿ ਗਾਰਡੀਅਨ' ਨੇ ਲਿਖਿਆ ਹੈ ਕਿ ਟਰੰਪ ਚੀਨ ਨੂੰ ਮਹਾਨ ਬਣਾ ਰਿਹਾ ਹੈ, ਨਾ ਕਿ ਅਮਰੀਕਾ ਨੂੰ। ਯੂਰਪੀਅਨ ਕਾਊਂਸਲ ਆਨ ਫਾਰੇਨ ਰਿਲੇਸ਼ਨਜ਼ ਦੇ ਸਰਵੇ ਵਿੱਚ ਵੀ ਚੀਨ ਨੂੰ ਵਧਦੀ ਤਾਕਤ ਵਜੋਂ ਵੇਖਿਆ ਗਿਆ ਹੈ

ਅਲ ਜਜ਼ੀਰਾ ਅਤੇ ਐਨਬੀਸੀ ਨਿਊਜ਼ ਨੇ ਵੀ ਟਰੰਪ ਨੂੰ ਅਮਰੀਕੀ ਸਹਿਯੋਗੀਆਂ ਨੂੰ ਚੀਨ ਵੱਲ ਧੱਕਣ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਵਿਸ਼ਵ ਰਾਜਨੀਤੀ ਦਾ ਕੇਂਦਰ ਵਾਸ਼ਿੰਗਟਨ ਤੋਂ ਬੀਜਿੰਗ ਵੱਲ ਖਿਸਕ ਸਕਦਾ ਹੈ। ਟਰੰਪ ਦੀ ਨੀਤੀ ਅਮਰੀਕਾ ਨੂੰ ਵਿਸ਼ਵ ਵਿੱਚ ਇਕੱਲਾ ਕਰ ਰਹੀ ਹੈ ਅਤੇ ਚੀਨ ਨੂੰ ਨਵੇਂ ਮੌਕੇ ਦੇ ਰਹੀ ਹੈ। ਭਾਰਤ ਵਰਗੇ ਦੇਸ਼ਾਂ ਲਈ ਇਹ ਇੱਕ ਚੁਣੌਤੀ ਅਤੇ ਮੌਕਾ ਦੋਵੇਂ ਹੈ। ਵਿਸ਼ਵ ਨੂੰ ਨਵੀਂ ਵਿਵਸਥਾ ਵਿੱਚ ਆਰਥਿਕ ਅਤੇ ਰਾਜਨੀਤਕ ਸੰਤੁਲਨ ਬਣਾਉਣਾ ਪਵੇਗਾ, ਜਿੱਥੇ ਚੀਨ ਦੀ ਭੂਮਿਕਾ ਵਧੇਰੇ ਅਹਿਮ ਹੋ ਜਾਵੇਗੀ। ਇਹ ਬਦਲਾਅ ਨਾ ਸਿਰਫ਼ ਅਮਰੀਕਾ ਲਈ ਚਿੰਤਾ ਦਾ ਵਿਸ਼ਾ ਹੈ ਬਲਕਿ ਪੂਰੇ ਵਿਸ਼ਵ ਲਈ ਇੱਕ ਨਵਾਂ ਅਧਿਆਏ ਹੈ।

# ਪਾਸਟਰ ਵੱਲੋਂ 21 ਸਾਲਾ ਕੁੜੀ ਨੂੰ 3 ਹਫ਼ਤੇ ਤੱਕ ਬੰਧਕ ਬਣਾਇਆ, ਨਿਹੰਗ ਸਿੰਘਾਂ ਨੇ ਛੁਡਵਾਈ ਕੁੜੀ

## ✪ ਸਤਸੰਗ ਦੇ ਬਹਾਨੇ ਲਿਜਾ ਕੇ ਮਾਛੀਵਾੜਾ ਵਿੱਚ ਰੱਖਿਆ ਸੀ ਕੈਦ; ਮੁੱਖ ਦੋਸ਼ੀ ਚਮਨ ਲਾਲ ਗ੍ਰਿਫਤਾਰ



ਖੰਨਾ ਪੁਲੀਸ ਨੇ ਇੱਕ ਅਜਿਹੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਹੈ ਜਿੱਥੇ ਚਮਨ ਲਾਲ ਨਾਮੀ ਇੱਕ ਪਾਸਟਰ 'ਤੇ ਕਰਤਾਰ ਨਗਰ ਇਲਾਕੇ ਦੀ 21 ਸਾਲਾ ਕੁੜੀ ਨੂੰ ਤਿੰਨ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਣ ਦੇ ਇਲਜ਼ਾਮ ਲੱਗੇ ਹਨ। ਪੀੜਤ ਕੁੜੀ ਦੇ ਪਿਤਾ ਸਤਪਾਲ ਮਸੀਹ ਨੇ ਦੱਸਿਆ ਕਿ 7 ਜਨਵਰੀ ਨੂੰ ਚਮਨ ਲਾਲ ਉਨ੍ਹਾਂ ਦੀ ਧੀ ਨੂੰ 'ਸਤਸੰਗ' 'ਤੇ ਲੈ ਜਾਣ ਦੇ ਬਹਾਨੇ ਨਾਲ ਆਪਣੇ ਨਾਲ ਲੈ ਗਿਆ ਸੀ ਪਰ ਬਾਅਦ ਵਿੱਚ ਉਸ ਨੂੰ ਮਾਛੀਵਾੜਾ ਦੇ ਕਿਸੇ ਗੁਪਤ ਟਿਕਾਣੇ 'ਤੇ ਕੈਦ ਕਰ ਲਿਆ।

ਕਾਫੀ ਕੋਸ਼ਿਸ਼ਾਂ ਦੇ ਬਾਵਜੂਦ ਜਦੋਂ ਕੁੜੀ ਵਾਪਸ ਨਾ ਆਈ ਤਾਂ ਤਰਨਾ ਦਲ ਦੇ ਨਿਹੰਗ ਸਿੰਘਾਂ ਦੀ ਮਦਦ ਲਈ ਗਈ, ਜਿਨ੍ਹਾਂ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਵੀਰਵਾਰ ਨੂੰ ਕੁੜੀ ਨੂੰ ਮੁਲਜ਼ਮ ਦੇ ਚੁੰਗਲ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ।

ਡੀ.ਐਸ.ਪੀ. ਖੰਨਾ ਵਿਨੋਦ ਕੁਮਾਰ ਨੇ ਦੱਸਿਆ ਕਿ ਸਤਪਾਲ ਮਸੀਹ ਦੇ ਬਿਆਨਾਂ ਦੇ ਆਧਾਰ 'ਤੇ ਐਫ. ਆਈ. ਆਰ. ਦਰਜ ਕਰਕੇ ਮੁੱਖ ਮੁਲਜ਼ਮ ਚਮਨ ਲਾਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਸੋਸ਼ਲ ਮੀਡੀਆ 'ਤੇ ਇਸ ਘਟਨਾ ਅਤੇ ਨਿਹੰਗ ਜੱਥੇਬੰਦੀ ਵੱਲੋਂ ਦਿੱਤੀਆਂ ਚੇਤਾਵਨੀਆਂ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲੀਸ ਹਰਕਤ ਵਿੱਚ ਆਈ। ਜਾਂਚ ਟੀਮ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਅਗਵਾ ਪਿੱਛੇ ਅਸਲ ਮਕਸਦ ਕੀ ਸੀ ਅਤੇ ਕੀ ਇਸ ਵਿੱਚ ਮੁਲਜ਼ਮ ਦੀ ਪਤਨੀ ਵੀ ਸ਼ਾਮਲ ਸੀ।

# ਸੰਸਦ ਮੈਂਬਰਾਂ ਦੀ ਜਾਇਦਾਦ ਵਿਚ ਛੜੱਪੇ ਮਾਰ 110 ਫੀਸਦ ਵਾਧਾ

## ✪ ਸਭ ਤੋਂ ਵੱਧ ਜਾਇਦਾਦ ਵਧਾਉਣ ਵਾਲੇ ਨੇਤਾ ਭਾਜਪਾ ਦੇ ✪ ਸਰਕਾਰ ਨੂੰ ਪਾਰਦਰਸ਼ਤਾ ਅਤੇ ਸਖ਼ਤ ਕਾਨੂੰਨ ਬਣਾਉਣ ਦੀ ਲੋੜ

ਭਾਰਤੀ ਸੰਸਦ ਵਿਚ ਬੈਠੇ ਹਜ਼ਾਰਾਂ ਨੇਤਾਵਾਂ ਦੀ ਜਾਇਦਾਦ ਪਿਛਲੇ ਦਸ ਸਾਲਾਂ ਵਿਚ ਛੜੱਪੇ ਮਾਰ ਕੇ ਵਧੀ ਹੈ। ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਤਾਜ਼ਾ ਰਿਪੋਰਟ ਅਨੁਸਾਰ, 2014 ਤੋਂ 2024 ਤੱਕ ਮੁੜ ਚੁਣੇ ਗਏ 102 ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 110 ਫੀਸਦ ਵਧੀ ਹੈ। ਇਹ ਵਾਧਾ ਆਮ ਆਦਮੀ ਦੀ ਕਮਾਈ ਨਾਲੋਂ ਕਿਤੇ ਜ਼ਿਆਦਾ ਹੈ, ਜਿਸ ਨੇ ਪੂਰੇ ਦੇਸ਼ ਵਿਚ ਇੱਕ ਵੱਡੀ ਚਰਚਾ ਛੇੜ ਦਿੱਤੀ ਹੈ। ਏ.ਡੀ.ਆਰ. ਦੀ ਰਿਪੋਰਟ ਅਨੁਸਾਰ, 2014 ਵਿਚ ਇਨ੍ਹਾਂ 102 ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 15.76 ਕਰੋੜ ਰੁਪਏ ਸੀ, ਜੋ 2019 ਵਿਚ ਵਧ ਕੇ 24.21 ਕਰੋੜ ਅਤੇ 2024 ਵਿਚ 33.13 ਕਰੋੜ ਰੁਪਏ ਹੋ ਗਈ ਸੀ। ਇਸ ਤਰ੍ਹਾਂ, ਦਸ ਸਾਲਾਂ ਵਿਚ ਔਸਤ ਵਾਧਾ 17.36 ਕਰੋੜ ਰੁਪਏ ਰਿਹਾ ਹੈ, ਜੋ 110 ਫੀਸਦ ਬਣਦਾ ਹੈ। ਇਹ ਅੰਕੜੇ ਚੋਣ ਕਮਿਸ਼ਨ ਨੂੰ ਦਿੱਤੇ ਗਏ ਹਲਫੀਆ ਬਿਆਨਾਂ 'ਤੇ ਅਧਾਰਿਤ ਹਨ, ਜਿਨ੍ਹਾਂ ਵਿਚ ਉਮੀਦਵਾਰਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਦੇ ਵੇਰਵੇ ਦੱਸਣੇ ਲਾਜ਼ਮੀ ਹੁੰਦੇ ਹਨ।

ਸਭ ਤੋਂ ਵੱਧ ਵਾਧਾ ਵਾਲੇ ਨੇਤਾਵਾਂ ਵਿਚ ਭਾਜਪਾ ਦੇ ਉਦੈਨਰਾਜੇ ਪ੍ਰਤਾਪਸਿੰਘ ਮਹਾਰਾਜ ਭੌਂਸਲੇ ਸ਼ਾਮਲ ਹਨ, ਜਿਨ੍ਹਾਂ ਦੀ ਜਾਇਦਾਦ 2014 ਵਿਚ 60.60 ਕਰੋੜ ਤੋਂ ਵਧ ਕੇ 2024 ਵਿਚ 223.12 ਕਰੋੜ ਰੁਪਏ ਹੋ ਗਈ ਸੀ - ਭਾਵ 268 ਫੀਸਦ ਵਾਧਾ। ਇਸੇ ਤਰ੍ਹਾਂ, ਭਾਜਪਾ ਦੀ ਪੂਨਮਬੇਨ ਮੈਡਮ ਦੀ ਜਾਇਦਾਦ 17.43 ਕਰੋੜ ਤੋਂ 147.70 ਕਰੋੜ,



ਵਾਈ.ਐਸ.ਆਰ.ਸੀ.ਪੀ. ਦੇ ਪੀ.ਵੀ. ਮਿਧੁਨ ਰੈੱਡੀ ਦੀ 22.59 ਕਰੋੜ ਤੋਂ 146.85 ਕਰੋੜ ਅਤੇ ਨਾਮਵਰ ਅਦਾਕਾਰਾ ਹੇਮਾ ਮਾਲਿਨੀ ਦੀ 178 ਕਰੋੜ ਤੋਂ 278 ਕਰੋੜ ਰੁਪਏ ਹੋ ਗਈ ਸੀ। ਇਸ ਸੂਚੀ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ (108 ਕਰੋੜ ਤੋਂ 198 ਕਰੋੜ), ਟੀ. ਐੱਮ. ਸੀ. ਦੇ ਸ਼ਤਰੂਘਨ ਸਿਨਹਾ ਅਤੇ ਐੱਨ. ਸੀ. ਪੀ. ਦੀ ਸੁਪ੍ਰਿਆ ਸੁਲੇ ਵੀ ਸ਼ਾਮਲ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਾਇਦਾਦ ਵੀ 82 ਫੀਸਦ ਵਧੀ ਹੈ - 2014 ਵਿਚ 1 ਕਰੋੜ ਤੋਂ 2024 ਵਿਚ 3 ਕਰੋੜ ਰੁਪਏ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਜਾਇਦਾਦ 117 ਫੀਸਦ ਵਧ ਕੇ 9 ਕਰੋੜ ਤੋਂ 20 ਕਰੋੜ ਰੁਪਏ ਹੋ ਗਈ ਹੈ। ਪੰਜਾਬ ਦੇ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਦੀ ਜਾਇਦਾਦ ਵਿਚ 64 ਫੀਸਦ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਭਾਜਪਾ ਦੇ ਗੁੜਗਾਓਂ ਤੋਂ ਰਾਓ ਇੰਦਰਜੀਤ ਸਿੰਘ ਦੀ ਜਾਇਦਾਦ 25 ਕਰੋੜ ਤੋਂ 121 ਕਰੋੜ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਦੀ ਜਾਇਦਾਦ ਵਿਚ 8 ਕਰੋੜ ਦਾ ਵਾਧਾ ਹੋਇਆ ਹੈ। ਇਕਲੌਤਾ ਅਜਿਹਾ ਨੇਤਾ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਹਨ, ਜਿਨ੍ਹਾਂ ਦੀ ਜਾਇਦਾਦ 74 ਕਰੋੜ ਤੋਂ ਘਟ ਕੇ 39 ਕਰੋੜ ਰਹਿ ਗਈ ਹੈ।

ਹਾਲਾਂਕਿ ਭਾਰਤ ਵਿਚ ਆਮ ਆਦਮੀ ਦੀ ਔਸਤ ਆਮਦਨੀ ਪਿਛਲੇ ਦਸ ਸਾਲਾਂ ਵਿਚ ਬਹੁਤ ਘੱਟ ਵਧੀ ਹੈ, ਜਦਕਿ ਮਹਿੰਗਾਈ ਨੇ ਲੋਕਾਂ ਨੂੰ ਤੰਗ ਕੀਤਾ ਹੈ। ਟਰਾਂਸਪੈਰੰਸੀ ਇੰਟਰਨੈਸ਼ਨਲ ਦੀ 2024 ਕਰੱਪਸ਼ਨ ਪਰਸੈਪਸ਼ਨ ਇੰਡੈਕਸ ਅਨੁਸਾਰ, ਭਾਰਤ 180 ਦੇਸ਼ਾਂ ਵਿਚੋਂ 96ਵੇਂ ਨੰਬਰ 'ਤੇ ਹੈ, ਜਿਸ ਨਾਲ ਸਾਫ਼ ਜ਼ਾਹਿਰ ਹੁੰਦਾ ਹੈ ਕਿ ਭ੍ਰਿਸ਼ਟਾਚਾਰ ਵਧ ਰਿਹਾ ਹੈ। ਮਾਹਿਰਾਂ ਦੀ ਰਾਇ ਵਿਚ, ਬਹੁਤੇ ਸਿਆਸਤਦਾਨਾਂ ਦੀ ਚਲ ਅਚਲ ਜਾਇਦਾਦ ਵਿਚ ਵਾਧਾ ਅਕਸਰ ਭ੍ਰਿਸ਼ਟਾਚਾਰ ਨਾਲ ਜੁੜਿਆ ਹੋਇਆ ਹੈ।

ਮਾਹਿਰਾਂ ਅਨੁਸਾਰ, ਈਡੀ ਏਜੰਸੀਆਂ ਅਕਸਰ ਸਿਆਸੀ ਨੇਤਾਵਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ ਜੋ ਵਿਰੋਧੀ ਧਿਰ ਨਾਲ ਸਬੰਧਤ ਹੁੰਦੀਆਂ ਹਨ, ਪਰ ਸੱਤਾਧਾਰੀ ਪਾਰਟੀ ਦੇ ਨੇਤਾਵਾਂ ਨੂੰ ਛੱਡ ਦਿੰਦੀਆਂ ਹਨ। ਸੋਸ਼ਲ ਮੀਡੀਆ ਦੀਆਂ ਚਰਚਾਵਾਂ ਅਨੁਸਾਰ, ਭ੍ਰਿਸ਼ਟਾਚਾਰ ਅਤੇ ਪਾਰਟੀ ਚੰਦੇ ਨਾਲ ਨੇਤਾਵਾਂ ਦੀ ਜਾਇਦਾਦ ਵਧਦੀ ਹੈ। ਚੋਣ ਕਮਿਸ਼ਨ ਭ੍ਰਿਸ਼ਟਾਚਾਰ ਮੁਕਤ ਭਾਰਤ ਬਣਾਉਣ ਵਿਚ ਭੂਮਿਕਾ ਨਿਭਾ ਸਕਦਾ ਹੈ। ਪਰ ਉਸ ਉਪਰ ਸੱਤਾ ਦਾ ਪ੍ਰਭਾਵ ਹੈ। ਉਹ ਅਜਾਦ ਨਹੀ ਹੈ। ਉਮੀਦਵਾਰਾਂ ਨੂੰ ਅਪਰਾਧੀ ਕੇਸਾਂ ਦੀ ਜਾਣਕਾਰੀ ਦੇਣੀ ਲਾਜ਼ਮੀ ਹੈ, ਪਰ ਅਜੇ ਵੀ ਅਪਰਾਧੀ ਨੇਤਾਵਾਂ 'ਤੇ ਪਾਬੰਦੀ ਨਹੀਂ ਹੈ। ਸੁਪਰੀਮ ਕੋਰਟ ਨੇ ਇਹ ਮਾਮਲਾ ਸਰਕਾਰ 'ਤੇ ਛੱਡ ਦਿੱਤਾ ਹੈ, ਪਰ ਸੰਸਦ ਅਜਿਹੇ ਕਾਨੂੰਨ ਨੂੰ ਪਾਸ ਨਹੀਂ ਕਰੇਗੀ।

ਆਖਿਰ ਵਿਚ, ਸਿਆਸਤਦਾਨਾਂ ਦੀ ਜਾਇਦਾਦ ਤੇ ਪੂੰਜੀ ਵਿਚ ਇਹ ਵਾਧਾ ਭ੍ਰਿਸ਼ਟਾਚਾਰ ਨੂੰ ਦਰਸਾਉਂਦਾ ਹੈ । ਮਾਹਿਰਾਂ ਨੇ ਸਖ਼ਤ ਕਾਨੂੰਨ ਅਤੇ ਪਾਰਦਰਸ਼ਤਾ ਦੀ ਮੰਗ ਕੀਤੀ ਹੈ। ਮਾਹਿਰਾਂ ਅਨੁਸਾਰ ਭਾਰਤ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਸਮੂਹਿਕ ਯਤਨ ਚਾਹੀਦੇ ਹਨ।

# ਮੋਗਾ ਵਿਚ ਇਸ਼ਕ ਦਾ ਖੂਨੀ ਅੰਤ

## ✪ ਪ੍ਰੇਮੀ ਨੂੰ ਪਿਤਾ ਨੇ ਕੁੱਟ-ਕੁੱਟ ਮੌਤ ਦੇ ਘਾਟ ਉਤਾਰਿਆ

ਮੋਗਾ-ਜ਼ਿਲ੍ਹੇ ਦੇ ਪਿੰਡ ਹਿੰਮਤਪੁਰਾ (ਨਿਹਾਲ ਸਿੰਘ ਵਾਲਾ) ਵਿੱਚ ਇੱਕ ਦਰਦਨਾਕ ਘਟਨਾ ਵਾਪਰੀ ਹੈ। ਰੇਸ਼ਮ ਸਿੰਘ ਨਾਂ ਦੇ ਨੌਜਵਾਨ ਨੇ ਆਪਣੀ ਪ੍ਰੇਮਿਕਾ ਨੂੰ ਮਿਲਣ ਲਈ ਰਾਤ ਵੇਲੇ ਉਸ ਦੇ ਘਰ ਜਾ ਕੇ ਧੀ ਨੂੰ ਪ੍ਰੇਮੀ ਨਾਲ ਦੇਖ ਪਿਤਾ ਬੇਅੰਤ ਸਿੰਘ ਗੁੱਸੇ ਵਿੱਚ ਆ ਗਿਆ। ਉਸ ਨੇ ਆਪਣੇ ਦੋਸਤ ਪਰਮਜੀਤ ਸਿੰਘ ਨਾਲ ਮਿਲ ਕੇ ਰੇਸ਼ਮ ਸਿੰਘ ਨੂੰ ਬੇਰਹਿਮੀ ਨਾਲ ਕੁੱਟ-ਕੁੱਟ ਕੇ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਨੌਜਵਾਨ ਨੂੰ ਸਿਵਲ ਹਸਪਤਾਲ ਮੋਗਾ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਕਰਨੈਲ ਸਿੰਘ ਦੇ ਬਿਆਨ 'ਤੇ ਪੁਲਸ ਨੇ ਬੇਅੰਤ ਸਿੰਘ ਅਤੇ ਪਰਮਜੀਤ ਸਿੰਘ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ ਅਤੇ ਦੋਸ਼ੀਆਂ ਦੀ ਭਾਲ ਵਿੱਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

# ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ ਜਰਨੈਲ ਹਰੀ ਸਿੰਘ ਨਲਵਾ ਦਾ ਬੁੱਤ ਸਥਾਪਿਤ



ਕਰਤਾਰਪੁਰ-ਪਾਕਿਸਤਾਨ ਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਗੈਲਰੀ ਵਿੱਚ 'ਸਿੱਖਜ਼ ਇਨ ਅਮਰੀਕਾ' ਜਥੇਬੰਦੀ ਵੱਲੋਂ ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲਵਾ ਦਾ ਬੁੱਤ ਸਥਾਪਿਤ ਕੀਤਾ ਗਿਆ। ਇਹ 3 ਫੁੱਟ ਉੱਚਾ ਬੁੱਤ ਮੂਰਤੀਕਾਰ ਜਗਦੀਪ ਸਿੰਘ ਬਿੰਲੀਗ ਨੇ ਤਿਆਰ ਕੀਤਾ। ਡਾ. ਗੁਰਿੰਦਰ ਪਾਲ ਸਿੰਘ ਜੋਸਨ ਸਮੇਤ ਵੱਖ-ਵੱਖ ਵਿਅਕਤੀਆਂ ਨੇ ਇਸ ਮੌਕੇ ਹਾਜ਼ਰੀ ਭਰੀ। ਪ੍ਰਧਾਨ ਡਾ. ਜੋਸਨ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਨਲਵਾ ਜੀ ਦੇ ਬਣਾਏ ਕਿਲ੍ਹੇ ਅਤੇ ਯਾਦਗਾਰਾਂ ਅੱਜ ਵੀ ਮੌਜੂਦ ਹਨ। ਹਰੀਪੁਰ ਯੂਨੀਵਰਸਿਟੀ ਵਿੱਚ ਉਨ੍ਹਾਂ ਦਾ ਮਿਊਜ਼ੀਅਮ ਬਣ ਰਿਹਾ ਹੈ, ਜਿੱਥੇ ਦੁਰਲੱਭ ਤਸਵੀਰਾਂ, ਹਥਿਆਰ ਅਤੇ ਸਿੱਕੇ ਪ੍ਰਦਰਸ਼ਿਤ ਹੋਣਗੇ।

# 11 ਸਾਲਾਂ ਬਾਅਦ ਵਿਆਹੀ ਔਰਤ ਦੀ ਸ਼ੱਕੀ ਮੌਤ

## ✪ ਪਤੀ ਗ੍ਰਿਫ਼ਤਾਰ; ਪਰਿਵਾਰ ਨੇ ਲਾਏ ਕਤਲ ਦੇ ਗੰਭੀਰ ਦੋਸ਼



ਖਰੜ-ਖਰੜ ਵਿੱਚ 11 ਸਾਲ ਪਹਿਲਾਂ ਵਿਆਹੀ ਅਨੀਤਾ ਰਾਣੀ ਸੈਣੀ ਦੀ ਸ਼ੱਕੀ ਹਾਲਤ ਵਿੱਚ ਮੌਤ ਹੋ ਗਈ। ਪਰਿਵਾਰ ਨੇ ਖੁਦਕੁਸ਼ੀ ਰੱਦ ਕਰਦਿਆਂ ਸੱਸ-ਸਹੁਰੇ ਵੱਲੋਂ ਗਲਾ ਘੋਟ ਕੇ ਕਤਲ ਦਾ ਦੋਸ਼ ਲਾਇਆ। ਪਤੀ ਕੁਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪਰਿਵਾਰ ਨੇ ਬਾਕੀ ਮੈਂਬਰਾਂ ਦੀ ਗ੍ਰਿਫ਼ਤਾਰੀ ਤੱਕ ਅੰਤਿਮ ਸਸਕਾਰ ਨਾ ਕਰਨ ਅਤੇ ਥਾਣਾ ਘਿਰਾਓਣ ਦੀ ਚਿਤਾਵਨੀ ਦਿੱਤੀ।

# ਲੋਹੀਆਂ ਖਾਸ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ

## ✪ ਮਾਮਲਾ ਦਰਜ, ਬੇਅਦਬੀ ਦੀ ਘਟਨਾ ਕਾਰਣ ਰੋਸ

ਲੋਹੀਆਂ ਖਾਸ (ਜਲੰਧਰ)-ਲੋਹੀਆਂ ਖਾਸ ਵਿੱਚ ਟੀ-ਪੁਆਇੰਟ ਨੇੜੇ ਮਨਜੀਤ ਸਿੰਘ ਖਰਾਦੀਆਂ ਦੀ ਵਰਕਸ਼ਾਪ ਤੋਂ ਪੈਟਰੋਲ ਪੰਪ ਤੱਕ ਸੜਕ 'ਤੇ ਗੁਟਕਾ ਸਾਹਿਬ ਜੀ ਦੇ ਪਵਿੱਤਰ ਅੰਗ ਪਾੜ ਕੇ ਸੁੱਟੇ ਮਿਲੇ। ਦੁਕਾਨਦਾਰਾਂ ਅਤੇ ਲੋਕਾਂ ਨੇ ਇਹ ਵੇਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਆਗੂ ਭਾਈ ਸੁਖਜੀਤ ਸਿੰਘ ਖੋਸਾ ਨੂੰ ਸੂਚਿਤ ਕੀਤਾ। ਭਾਈ ਖੋਸਾ ਨੇ ਕਿਹਾ ਕਿ ਮਾੜੇ ਅਨਸਰ ਧਾਰਮਿਕ ਭਾਵਨਾਵਾਂ ਭੜਕਾਉਣ ਲਈ ਅਜਿਹਾ ਕਰ ਰਹੇ ਹਨ, ਪਰ ਸਭ ਪਹਿਲਾਂ ਕਾਨੂੰਨੀ ਕਾਰਵਾਈ ਹੋਵੇਗੀ। ਥਾਣਾ ਲੋਹੀਆਂ ਦੇ ਐੱਸ.ਐੱਚ.ਓ. ਗੁਰਸ਼ਰਨ ਸਿੰਘ ਨੇ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਤਾਮਿਲਨਾਡੂ ਵਿੱਚ ਅਨੰਦ ਕਾਰਜ ਨੂੰ ਰਜਿਸਟਰ ਕਰਨ ਲਈ ਨਿਯਮ ਜਾਰੀ ਕੀਤੇ ਗਏ

ਚੇਨਈ-ਤਾਮਿਲਨਾਡੂ ਸਰਕਾਰ ਨੇ "ਤਾਮਿਲਨਾਡੂ ਅਨੰਦ ਮੈਰਿਜ ਰਜਿਸਟ੍ਰੇਸ਼ਨ ਰੂਲਜ਼, 2026" ਨੂੰ ਨੋਟਿਫਾਈ ਕਰ ਦਿੱਤਾ ਹੈ। ਇਹ ਨਿਯਮ ਰਾਜ ਵਿੱਚ ਅਨੰਦ ਕਾਰਜ ਮੁਤਾਬਕ ਸਿੱਖ ਵਿਆਹਾਂ ਨੂੰ ਰਜਿਸਟਰ ਕਰਨਗੇ । ਇਹ ਸੁਪਰੀਮ ਕੋਰਟ ਦੇ 2025 ਵਿੱਚ ਦਿੱਤੇ ਹੁਕਮਾਂ ਤੋਂ ਬਾਅਦ ਹੋਇਆ ਹੈ, ਜਿਸ ਵਿੱਚ ਸਾਰੇ ਰਾਜਾਂ ਨੂੰ ਅਜਿਹੇ ਨਿਯਮ ਬਣਾਉਣ ਲਈ ਕਿਹਾ ਗਿਆ ਸੀ।



# ਅਜੀਤ ਦੇ ਸੰਪਾਦਕ ਹਮਦਰਦ ਨੂੰ ਜੰਗ-ਏ-ਆਜ਼ਾਦੀ ਯਾਦਗਾਰ ਕੇਸ ਵਿਚ ਵੱਡੀ ਰਾਹਤ

ਜਲੰਧਰ-ਜਲੰਧਰ ਅਦਾਲਤ ਨੇ ਵਿਜੀਲੈਂਸ ਵਿਭਾਗ ਦੀ ਐੱਫਆਈਆਰ ਰੱਦ ਕਰ ਦਿੱਤੀ। ਡਾ. ਬਰਜਿੰਦਰ ਸਿੰਘ ਹਮਦਰਦ ਸਮੇਤ 26 ਵਿਰੁੱਧ ਕਥਿਤ ਧਾਂਦਲੀਆਂ ਦੇ ਦੋਸ਼ ਸਾਬਤ ਨਹੀਂ ਹੋਏ। ਵਿਸ਼ੇਸ਼ ਜਾਂਚ ਟੀਮ ਨੇ ਕੋਈ ਸਬੂਤ ਨਾ ਮਿਲਣ 'ਤੇ ਰੱਦ ਕਰਨ ਦੀ ਸਿਫਾਰਸ਼ ਕੀਤੀ। ਹਮਦਰਦ ਨੇ ਫੈਸਲੇ 'ਤੇ ਸੰਤੁਸ਼ਟੀ ਜ਼ਾਹਰ ਕੀਤੀ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਜਨਵਰੀ ਮਹੀਨਾ 2026

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਇਸ ਸਮੇਂ ਨਵੇਂ ਕਾਰੋਬਾਰ ਦੀ ਤਰਕੀਬ ਬਣੇਗੀ। ਵਿਦੇਸ਼ ਯਾਤਰਾ ਆਦਿ ਵਿੱਚ ਕੋਈ ਮਸਲਾ ਉਲਝ ਸਕਦਾ ਹੈ। ਥੋੜ੍ਹੀ ਗਲਤੀ ਨਾਲ ਵੀ ਨੁਕਸਾਨ ਹੋ ਸਕਦਾ ਹੈ, ਸੁਚੇਤ ਰਹਿਣ ਦੀ ਲੋੜ ਹੈ। ਕਈ ਕੰਮਾਂ ਵਿੱਚ ਰੁਕਾਵਟਾਂ ਅਤੇ ਬਣਦੇ ਕੰਮਾਂ ਵਿੱਚ ਦੇਰੀ ਦੀ ਆਸ਼ੰਕਾ ਹੈ। ਕਿਸੇ ਧਾਰਮਿਕ ਸਥਾਨ ਦੀ ਯਾਤਰਾ ਅਤੇ ਪਰਿਵਾਰ ਵਿੱਚ ਕੋਈ ਖੁਸ਼ੀ ਦੀ ਖਬਰ ਮਿਲੇਗੀ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਧਰਮ-ਕਰਮ ਵੱਲ ਰੁਝਾਨ ਅਤੇ ਸੰਘਰਸ਼ ਭਰੇ ਹਾਲਾਤ ਦੇ ਬਾਵਜੂਦ ਆਮਦਨ ਦੇ ਗੁਜ਼ਾਰੇਯੋਗ ਵਸੀਲੇ ਬਣਦੇ ਰਹਿਣਗੇ। ਪਰਿਵਾਰ ਵਿੱਚ ਸ਼ੁੱਭ ਮੰਗਲ ਕੰਮਾਂ 'ਤੇ ਖਰਚ ਵੀ ਵਧੇਰੇ ਹੋਵੇਗਾ, ਪਰ ਸਿਹਤ ਸਬੰਧੀ ਪ੍ਰੇਸ਼ਾਨੀ, ਸੰਤਾਨ ਪੱਖੋਂ ਚਿੰਤਾ ਅਤੇ ਸੋਚੀ ਯੋਜਨਾਵਾਂ ਵਿੱਚ ਰੁਕਾਵਟਾਂ ਦੇ ਯੋਗ ਹਨ। ਪਰਿਵਾਰ ਵਿੱਚ ਫਜ਼ੂਲ ਝਗੜਾ ਅਤੇ ਪ੍ਰੇਸ਼ਾਨੀ ਰਹੇਗੀ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੁੰਗਲ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਆਰਥਿਕ ਪੱਖੋਂ ਇਸ ਸਮੇਂ ਦੌਰਾਨ ਬੇਵਜ੍ਹਾ ਹੀ ਝਗੜੇ ਵਿੱਚ ਉਲਝੇ ਰਹੋਗੇ। ਸ਼ਰੀਰਕ ਕਸ਼ਟ ਵੀ ਰਹੇਗਾ। ਵਪਾਰ ਵਿੱਚ ਉਤਾਰ ਚੜ੍ਹਾਅ ਅਤੇ ਪ੍ਰੇਸ਼ਾਨੀਆਂ ਵਧੇਰੇ ਰਹਿਣਗੀਆਂ। ਉੱਚੇ ਅਹੁਦੇ ਦੇ ਅਫਸਰਾਂ ਨਾਲ ਮੇਲ-ਜੋਲ ਵਧੇਗਾ। ਕਿਸੇ ਖਾਸ ਕੰਮ ਵਿੱਚ ਦੇਰੀ ਹੋਣ ਨਾਲ ਦਿਮਾਗੀ ਤਣਾਅ ਅਤੇ ਪ੍ਰੇਸ਼ਾਨੀ ਹੋਵੇਗੀ। ਮਿਹਨਤ ਕਰਨ 'ਤੇ ਲਾਭ ਅਤੇ ਪ੍ਰੇਸ਼ਾਨੀਆਂ ਘੱਟਣਗੀਆਂ। ਸਾਂਝੇਦਾਰੀ ਦੇ ਕੰਮ ਵਿੱਚ ਫਾਇਦਾ ਹੋ ਸਕਦਾ ਹੈ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰਨੀ, ਕਮਾਈ ਵਿੱਚ ਬਰਕਤ ਹੋਵੇਗੀ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਨੌਕਰੀ/ਵਪਾਰ ਵਿੱਚ ਮਿਹਨਤ ਤੋਂ ਬਾਅਦ ਲਾਭ ਦੀ ਉਮੀਦ ਵਧੇਗੀ। ਐਸ਼ੋ-ਆਰਾਮ 'ਤੇ ਖਰਚ ਜ਼ਿਆਦਾ ਹੋਵੇਗਾ। ਪਰਿਵਾਰ ਵਿੱਚ ਧਾਰਮਿਕ ਉਤਸਵ ਅਤੇ ਸ਼ੁੱਭ ਕੰਮ ਹੋਣਗੇ। ਜ਼ਮੀਨ ਅਤੇ ਸਵਾਰੀ ਆਦਿ ਦੀ ਖਰੀਦ ਜਾਂ ਵੇਚਣ ਦੀ ਯੋਜਨਾ ਬਣੇਗੀ। ਇਸਤਰੀ ਸੁੱਖ ਅਤੇ ਪਰਿਵਾਰ ਵਿੱਚ ਖੁਸ਼ੀ ਦਾ ਮੌਕਾ ਮਿਲੇਗਾ। ਵਿਗੜੇ ਕੰਮ ਬਣਨਗੇ। ਕਿਸੇ ਗਰੀਬ ਜਾਂ ਜਰੂਰਤਮੰਦ ਨੂੰ ਖਾਨਾ ਜਰੂਰ ਖਿਲਾਉ ਜਾਂ ਕਿਸੇ ਗਰੀਬ ਪਰਿਵਾਰ ਦੇ ਬੱਚੇ ਨੂੰ ਪੰਜਾਬੀ ਜਾਂ ਧਾਰਮਿਕ ਕਿਤਾਬਾਂ ਲੈ ਕੇ ਦਿਉ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਇਸ ਸਮੇਂ ਦੌਰਾਨ ਫਜ਼ੂਲ ਦੀ ਦੌੜ-ਭੱਜ ਜ਼ਿਆਦਾ ਰਹੇਗੀ। ਧਨ ਲਾਭ ਮੱਧਮ ਰਹੇਗਾ, ਪਰ ਗੁਜ਼ਾਰੇਯੋਗ ਹੋਵੇਗਾ। ਗੁੱਸੇ ਅਤੇ ਉਤੇਜਨਾ ਨਾਲ ਕੋਈ ਬਣਿਆ ਕੰਮ ਵਿਗੜ ਸਕਦਾ ਹੈ। ਫਜ਼ੂਲ ਖਰਚ ਹੋਣ ਨਾਲ ਪ੍ਰੇਸ਼ਾਨੀ ਵਧੇਗੀ। ਪਰਿਵਾਰ ਵਿੱਚ ਤਣਾਅ ਅਤੇ ਸੰਤਾਨ ਸਬੰਧੀ ਫਿਕਰ-ਚਿੰਤਾ ਰਹੇਗੀ। ਸਾਂਝੇਦਾਰੀ ਦੇ ਕੰਮਾਂ ਵਿੱਚ ਠੀਕ ਲਾਭ ਨਹੀਂ ਹੋਵੇਗਾ। ਮਾਣ-ਇੱਜ਼ਤ ਬਣੀ ਰਹੇਗੀ ਅਤੇ ਧਾਰਮਿਕ ਕੰਮਾਂ ਵਿੱਚ ਰੁਝਾਨ ਵਧੇਗਾ। ਕੋਸ਼ਿਸ਼ ਕਰੋ ਕਿ ਕਿਸੇ ਦਾ ਦਿਲ ਨਾ ਦੁਖੇ ਜਾਂ ਨੁਕਸਾਨ ਨਾ ਹੋਵੇ, ਜ਼ਿੰਦਗੀ ਖੁਸ਼ਹਾਲ ਬਣੀ ਰਹੇਗੀ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਇਹ ਸਮਾਂ ਮਿਲਿਆ-ਜੁਲਿਆ ਫਲ ਦੇਵੇ-ਗਾ। ਵਪਾਰ-ਨੌਕਰੀ ਵਿੱਚ ਸੰਘਰਸ਼ ਜ਼ਿਆਦਾ ਹੋਣ ਦੇ ਬਾਵਜੂਦ ਗੁਜ਼ਾਰੇਯੋਗ ਧਨ ਮਿਲਦਾ ਰਹੇਗਾ। ਪਰਿਵਾਰ ਵਿੱਚ ਮਨ-ਮੁਟਾਵ ਅਤੇ ਬੰਧੂਆਂ ਨਾਲ ਟਕਰਾਅ ਵੀ ਹੋ ਸਕਦਾ ਹੈ। ਖਰਚ ਆਮਦਨ ਤੋਂ ਜ਼ਿਆਦਾ ਹੋਵੇਗਾ। ਸਿਹਤ ਵੱਲੋਂ ਪ੍ਰੇਸ਼ਾਨੀ ਅਤੇ ਦੁਸ਼ਮਣ ਅਣਹੋਣੀ ਚਾਲ ਚੱਲ ਕੇ ਨੁਕਸਾਨ ਦੇ ਸਕਦਾ ਹੈ। ਗੁਰੂ ਘਰ ਜਾ ਕੇ ਗੁਰਬਾਣੀ ਸਰਵਣ ਕਰੋ ਅਤੇ ਲੰਗਰ ਦੀ ਸੇਵਾ ਕਰੋ, ਮਨ ਨੂੰ ਸ਼ਾਂਤੀ ਮਿਲੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਸਵਾਰੀ ਅਤੇ ਹੋਰ ਸੁੱਖ-ਸਾਧਨਾਂ 'ਤੇ ਖਰਚ ਜ਼ਿਆਦਾ ਹੋਵੇਗਾ। ਘਰ ਵਿੱਚ ਕੋਈ ਮੰਗਲ ਕੰਮ ਹੋਵੇਗਾ। ਉੱਚੇ ਅਹੁਦੇ ਵਾਲੇ ਲੋਕਾਂ ਨਾਲ ਮੇਲ-ਜੋਲ ਵਧੇਗਾ। ਅਚਾਨਕ ਯਾਤਰਾ ਵੀ ਹੋ ਸਕਦੀ ਹੈ। ਧਨ ਪ੍ਰਾਪਤੀ ਦੇ ਮੌਕੇ ਮਿਲਣਗੇ। ਆਮਦਨ ਅਤੇ ਮਨੋਰੰਜਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਵਿੱਦਿਆਰਥੀ ਵਰਗ ਨੂੰ ਕਾਫੀ ਸੰਘਰਸ਼ ਕਰਨਾ ਪਵੇਗਾ, ਸਵਾਰੀ ਆਦਿ ਧਿਆਨ ਨਾਲ ਚਲਾਉ, ਸੱਟ ਲੱਗਣ ਦਾ ਡਰ ਹੈ। ਕਿਸੇ ਨੂੰ ਗਲਤ ਨਾ ਬੋਲੋ, ਹਮੇਸ਼ਾ ਸਭ ਨੂੰ ਪਿਆਰ ਅਤੇ ਇੱਜ਼ਤ ਦਿਉ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਪਹਿਲਾਂ ਕੀਤੀਆਂ ਗਈਆਂ ਕੋਸ਼ਿਸ਼ਾਂ ਵਿੱਚ ਕਾਮਯਾਬੀ ਮਿਲੇਗੀ। ਵਪਾਰ ਜਾਂ ਨੌਕਰੀ ਵਿੱਚ ਕੁਝ ਬਦਲਾਅ ਦਾ ਵਿਚਾਰ ਵੀ ਬਣੇਗਾ। ਚੰਗੇ ਲਾਭ ਅਤੇ ਸ਼ੁੱਭ ਸਮਾਚਾਰਾਂ ਦਾ ਮਿਲਣਾ ਜਾਰੀ ਰਹੇਗਾ। ਪਰਿਵਾਰ ਸਬੰਧੀ ਚਿੰਤਾ ਬਣੀ ਰੇਹਗੀ। ਇਸ ਸਮੇਂ ਦੌਰਾਨ ਸਵਾਰੀ ਆਦਿ ਖਰੀਦਣ ਦੇ ਵੀ ਯੋਗ ਹਨ। ਨਸ਼ਿਆਂ ਤੋਂ ਆਪਣੇ ਆਪ ਨੂੰ ਹਮੇਸ਼ਾ ਦੂਰ ਰੱਖੋ ਅਤੇ ਆਪਣੇ ਬੱਚਿਆਂ, ਦੋਸਤਾਂ ਜਾਂ ਰਿਸ਼ਤੇਦਾਰਾਂ ਨੂੰ ਵੀ ਨਸ਼ੇ ਦੇ ਕਹਿਰ ਸੰਬੰਧੀ ਜਾਗਰੂਕ ਕਰੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਫਜ਼ੂਲ ਦੇ ਕੰਮਾਂ 'ਤੇ ਧਨ ਦਾ ਖਰਚ ਹੋਵੇਗਾ। ਵਧੇਰੇ ਮਿਹਨਤ ਕਰਨ 'ਤੇ ਵੀ ਲਾਭ ਘੱਟ ਹੀ ਮਿਲੇਗਾ। ਕਿਸੇ ਦੋਸਤ ਜਾਂ ਰਿਸ਼ਤੇਦਾਰ ਨਾਲ ਝਗੜਾ ਜਾਂ ਅਣਬਣ ਹੋ ਸਕਦੀ ਹੈ, ਫਜ਼ੂਲ ਦੀ ਬਹਿਸਬਾਜ਼ੀ ਵਿੱਚ ਨਾ ਪਵੋ। ਫਜ਼ੂਲ ਦੇ ਝਗੜਿਆਂ ਕਰਕੇ ਇਹ ਸਮਾਂ ਜ਼ਿਆਦਾ ਖਰਚ ਵਾਲਾ ਰਹੇਗਾ। ਮਾਨਸਿਕ ਤਣਾਅ ਅਤੇ ਉਲਝਣਾਂ ਵੱਧਣਗੀਆਂ। ਯਾਤਰਾ ਕਰਦੇ ਸਮੇਂ ਸਾਵਧਾਨੀ ਵਰਤੋ। ਕਿਸੇ ਨਵੇਂ ਕੰਮ ਦੀ ਯੋਜਨਾ ਵੀ ਬਣ ਸਕਦੀ ਹੈ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਇਹ ਸਮਾਂ ਵਪਾਰ ਵਿੱਚ ਸੰਘਰਸ਼ ਅਤੇ ਭੱਜ-ਦੌੜ ਵਾਲਾ ਰਹੇਗਾ। ਫਜ਼ੂਲ ਦੀ ਫਿਕਰ ਅਤੇ ਬਣਦੇ ਕੰਮਾਂ ਵਿੱਚ ਦੇਰੀ ਹੋਣ ਦੇ ਯੋਗ ਹਨ। ਪਰਿਵਾਰ ਵਿੱਚ ਕੋਈ ਖੁਸ਼ੀ ਦਾ ਸਮਾਚਾਰ ਮਿਲੇਗਾ। ਗੁਰੂ ਦੀ ਨਜ਼ਰ ਸਦਕਾ ਧਰਮ-ਕਰਮ ਵਿੱਚ ਖਾਸ ਦਿਲਚਸਪੀ ਬਣੀ ਰਹੇਗੀ। ਸਮਾਜ ਵਿੱਚ ਮਾਣ-ਇੱਜ਼ਤ ਵਿੱਚ ਵਾਧਾ ਅਤੇ ਸ਼ੁੱਭ ਯਾਤਰਾ ਦੇ ਵੀ ਯੋਗ ਹਨ। ਆਰਥਿਕ ਅਤੇ ਵਪਾਰਕ ਉਲਝਣਾਂ ਦੂਰ ਕਰਨ ਲਈ ਨਿੱਤਨੇਮ ਦਾ ਪਾਠ ਕਰਨਾ ਸ਼ੁੱਭ ਰਹੇਗਾ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਪੂਰਵਕ ਪੇਸ਼ ਆਉ, ਕਾਰੋਬਾਰ ਠੀਕ ਹੋਣਗੇ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਵਪਾਰ ਦੀ ਸਥਿਤੀ ਮੱਧਮ ਰਹੇਗੀ। ਕਿਸੇ ਖਾਸ ਆਦਮੀ ਨਾਲ ਝਗੜਾ ਹੋਵੇਗਾ। ਫਜ਼ੂਲ ਦੀ ਭੱਜ-ਦੌੜ ਕਰਕੇ ਪ੍ਰੇਸ਼ਾਨੀ ਹੋਵੇਗੀ। ਆਮਦਨ ਘੱਟ ਅਤੇ ਖਰਚ ਜ਼ਿਆਦਾ ਹੋਣਗੇ। ਇਸ ਸਮੇਂ ਦੌਰਾਨ ਇਸਤਰੀ ਜਾਂ ਸੰਤਾਨ ਵੱਲੋਂ ਸ਼ੁੱਭ ਖਬਰ ਮਿਲ ਸਕਦੀ ਹੈ। ਵਧੇਰੇ ਖਰਚ ਤੋਂ ਬਚਣ ਵਿੱਚ ਹੀ ਭਲਾਈ ਹੈ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਹੋ ਸਕਦਾ ਹੈ, ਇਸ ਲਈ ਕਿਸੇ ਵੀ ਦਸਤਾਵੇਜ਼ ਨੂੰ ਬਿਨਾਂ ਪੜ੍ਹੇ ਹਸਤਾਖਰ ਨਾ ਕਰੋ। ਮਨ ਅੰਦਰ ਪ੍ਰਮਾਤਮਾ ਨੂੰ ਯਾਦ ਕਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਇਸ ਸਮੇਂ ਦੌਰਾਨ ਭੱਜ-ਦੌੜ ਵਧੇਰੇ ਰਹੇਗੀ। ਸੁਭਾਅ ਵਿੱਚ ਤੇਜ਼ੀ ਜ਼ਿਆਦਾ ਰਹੇਗੀ। ਵਧੇਰੇ ਮਿਹਨਤ ਕਰਨ 'ਤੇ ਕੰਮ-ਕਾਜ ਵਿੱਚ ਰੁਕਾਵਟਾਂ ਦੇ ਬਾਵਜੂਦ ਵਪਾਰ ਵਿੱਚ ਲਾਭ ਦੀ ਸੰਭਾਵਨਾ ਬਣੀ ਰਹੇਗੀ। ਕਿਸੇ ਖਾਸ ਅਤੇ ਉੱਚ ਪੱਧਰ ਦੇ ਲੋਕਾਂ ਦੀ ਮਦਦ ਨਾਲ ਲਾਭ ਦੇ ਮੌਕੇ ਮਿਲਣਗੇ। ਸੰਤਾਨ ਸਬੰਧੀ ਪ੍ਰੇਸ਼ਾਨੀ ਅਤੇ ਚਿੰਤਾ ਹੋਵੇਗੀ। ਵਿੱਦਿਆਰਥੀ ਵਰਗ ਨੂੰ ਪੜ੍ਹਾਈ ਵਿੱਚ ਸਫਲਤਾ ਮਿਲੇਗੀ। ਹਮੇਸ਼ਾ ਨੇਕ ਕਮਾਈ ਕਰੋ ਅਤੇ ਇਸ ਨੇਕ ਕਮਾਈ ਨੂੰ ਨੇਕ ਕਾਰਜਾਂ ਵਿੱਚ ਹੀ ਖਰਚ ਕਰੋ, ਜ਼ਿੰਦਗੀ ਵਿੱਚ ਖੁਸ਼ੀਆਂ ਭਰਪੂਰ ਮਿਲਣਗੀਆਂ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉੱਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ


ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com


## ਸੜਕ ਹਾਦਸੇ ਵਿੱਚ ਤਿੰਨ ਹਾਕੀ ਖਿਡਾਰੀਆਂ ਦੀ ਮੌਤ -ਖੇਡ ਜਗਤ ਚ ਸੋਗ ਦੀ ਲਹਿਰ

ਵੈਨਕੂਵਰ-ਕੈਨੇਡਾ ਦੇ ਸੂਬੇ ਅਲਬਰਟਾ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਨੇ ਪੂਰੇ ਹਾਕੀ ਭਾਈਚਾਰੇ ਨੂੰ ਗਹਿਰੇ ਸੋਗ ਵਿੱਚ ਡੁੱਬੋ ਦਿੱਤਾ ਹੈ। ਇਸ ਹਾਦਸੇ ਵਿੱਚ ਤਿੰਨ ਨੌਜਵਾਨ ਜੂਨੀਅਰ ਹਾਕੀ ਖਿਡਾਰੀਆਂ ਦੀ ਦਰਦਨਾਕ ਮੌਤ ਹੋ ਜਾਣ ਦੀ ਦੁਖਦਾਈ ਸੂਚਨਾ ਹੈ ਜਿਸ ਕਾਰਨ ਖੇਡ ਜਗਤ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਮ੍ਰਿਤਕ ਖਿਡਾਰੀ ਅਲਬਰਟਾ ਦੀ ਇੱਕ ਜੂਨੀਅਰ ਹਾਕੀ ਟੀਮ ਨਾਲ ਸਬੰਧਿਤ ਸਨ ਅਤੇ ਭਵਿੱਖ ਦੇ ਉਭਰਦੇ ਸਿਤਾਰੇ ਮੰਨੇ ਜਾਂਦੇ ਸਨ। ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਹ ਸੜਕ ਰਾਹੀਂ ਯਾਤਰਾ ਕਰ ਰਹੇ ਸਨ। ਪੁਲਿਸ ਅਨੁਸਾਰ ਹਾਦਸੇ ਦੇ ਕਾਰਨਾਂ ਦੀ ਜਾਂਚ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾ ਰਹੀ ਹੈ।ਹਾਕੀ ਸੰਸਥਾਵਾਂ, ਖਿਡਾਰੀਆਂ, ਕੋਚਾਂ ਅਤੇ ਪ੍ਰਸ਼ੰਸਕਾਂ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਕਈ ਹਾਕੀ ਕਲੱਬਾਂ ਨੇ ਇਸ ਦੁੱਖਦਾਈ ਘਟਨਾ ਨੂੰ "ਹਾਕੀ ਪਰਿਵਾਰ ਲਈ ਦਿਲ ਤੋੜਨ ਵਾਲਾ ਦਿਨ" ਕਰਾਰ ਦਿੱਤਾ ਹੈ।ਸੂਬੇ ਭਰ ਵਿੱਚ ਮ੍ਰਿਤਕ ਖਿਡਾਰੀਆਂ ਦੀ ਯਾਦ ਵਿੱਚ ਸਮਾਗਮ ਅਤੇ ਮੌਨ ਧਾਰਨ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

# ਵਿਸ਼ਵ ਕੈਂਸਰ ਦਿਵਸ-ਇੱਕ ਵਿਸ਼ਵਵਿਆਪੀ ਜਾਗਰੂਕਤਾ

**ਸੰਦੀਪ ਕੁਮਾਰ**
7009807121
ਐਮ.ਸੀ.ਏ, ਐਮ.ਏ
ਮਨੋਵਿਗਿਆਨ ਰੂਪਨਗਰ
liberalthinker1621@gmial.com



**ਭਾਰਤ ਵਿਚ ਅਜੇ ਵੀ ਕੈਂਸਰ ਨਾਲ ਜੁੜੇ ਬਹੁਤ ਸਾਰੇ ਮਿਥ ਹਨ। ਲੋਕ ਅਕਸਰ ਸੋਚਦੇ ਹਨ ਕਿ ਕੈਂਸਰ ਹੋਣਾ ਮੌਤ ਦਾ ਫੈਸਲਾ ਹੈ, ਜਾਂ ਇਹ ਸਿਰਫ਼ ਅਮੀਰ ਲੋਕਾਂ ਦੀ ਬਿਮਾਰੀ ਹੈ। ਪਰ ਅਸਲੀਅਤ ਇਹ ਹੈ ਕਿ ਸਮੇਂ ਸਿਰ ਜਾਂਚ ਨਾਲ 30-50% ਕੈਂਸਰਾਂ ਨੂੰ ਰੋਕਿਆ ਜਾ ਸਕਦਾ ਹੈ ਅਤੇ ਬਹੁਤ ਸਾਰੇ ਠੀਕ ਵੀ ਹੋ ਜਾਂਦੇ ਹਨ। ਤੰਬਾਕੂ, ਸਿਗਰਟ, ਸ਼ਰਾਬ, ਜ਼ਿਆਦਾ ਲਾਲ ਮੀਟ, ਮੋਟਾਪਾ, ਸੂਰਜ ਦੀਆਂ ਖਤਰਨਾਕ ਕਿਰਨਾਂ ਵਰਗੀਆਂ ਇਨਫੈਕਸ਼ਨਾਂ ਤੋਂ ਬਚਾਅ ਕਰਕੇ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਕਰ ਸਕਦੇ ਹਾਂ। ਔਰਤਾਂ ਵਿਚ ਬ੍ਰੈਸਟ ਅਤੇ ਸਰਵਾਈਕਲ ਕੈਂਸਰ ਦੀ ਜਾਂਚ (ਮੈਮੋਗ੍ਰਾਫੀ ਅਤੇ ਪੈਪ ਸਮੀਅਰ) ਅਤੇ ਮਰਦਾਂ ਵਿਚ ਪ੍ਰੋਸਟੇਟ ਜਾਂ ਮੂੰਹ ਦੇ ਕੈਂਸਰ ਦੀ ਜਾਂਚ ਬਹੁਤ ਜ਼ਰੂਰੀ ਹੈ। ਵਿਸ਼ਵ ਕੈਂਸਰ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਸੀਂ ਇਕੱਲੇ ਨਹੀਂ ਹਾਂ। ਜੇ ਇੱਕ ਵਿਅਕਤੀ ਦੀ ਕਹਾਣੀ ਸੁਣੀ ਜਾਵੇ, ਸਮਝੀ ਜਾਵੇ ਅਤੇ ਉਸ ਅਨੁਸਾਰ ਇਲਾਜ ਦਿੱਤਾ ਜਾਵੇ ਤਾਂ ਨਤੀਜੇ ਬਹੁਤ ਵਧੀਆ ਹੁੰਦੇ ਹਨ।**

ਹਰ ਸਾਲ 4 ਫਰਵਰੀ ਨੂੰ ਪੂਰੀ ਦੁਨੀਆ ਵਿਚ ਵਿਸ਼ਵ ਕੈਂਸਰ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਸਿਰਫ਼ ਇੱਕ ਤਾਰੀਖ ਨਹੀਂ, ਸਗੋਂ ਇੱਕ ਵਿਸ਼ਵਵਿਆਪੀ ਜਾਗਰੂਕਤਾ ਅਤੇ ਕਾਰਵਾਈ ਦਾ ਪ੍ਰਤੀਕ ਹੈ। ਇਸ ਦਿਨ ਦਾ ਮਕਸਦ ਕੈਂਸਰ ਬਾਰੇ ਲੋਕਾਂ ਵਿਚ ਸਹੀ ਜਾਣਕਾਰੀ ਫੈਲਾਉਣਾ, ਰੋਕਥਾਮ ਨੂੰ ਉਤਸ਼ਾਹਿਤ ਕਰਨਾ, ਸਮੇਂ ਸਿਰ ਜਾਂਚ ਅਤੇ ਇਲਾਜ ਨੂੰ ਸੰਭਵ ਬਣਾਉਣਾ ਅਤੇ ਉਹਨਾਂ ਲੋਕਾਂ ਨੂੰ ਸਹਿਯੋਗ ਦੇਣਾ ਹੈ ਜੋ ਇਸ ਰੋਗ ਨਾਲ ਜੂਝ ਰਹੇ ਹਨ। ਯੂਨੀਅਨ ਫਾਰ ਇੰਟਰਨੈਸ਼ਨਲ ਕੈਂਸਰ ਕੰਟਰੋਲ ਵੱਲੋਂ ਚਲਾਈ ਜਾਂਦੀ ਇਹ ਮੁਹਿੰਮ ਹਰ ਸਾਲ ਲੱਖਾਂ ਲੋਕਾਂ ਨੂੰ ਜਿਸ ਵਿੱਚ ਡਾਕਟਰਾਂ, ਮਰੀਜ਼ਾਂ, ਪਰਿਵਾਰਾਂ, ਸਰਕਾਰਾਂ ਅਤੇ ਆਮ ਨਾਗਰਿਕਾਂ ਨੂੰ ਇੱਕ ਮੰਚ ਤੇ ਲਿਆਉਂਦੀ ਹੈ।

2025 ਤੋਂ 2027 ਤੱਕ ਚੱਲ ਰਹੀ ਤਿੰਨ ਸਾਲਾਂ ਦੀ ਮੁਹਿੰਮ ਦਾ ਥੀਮ ਹੈ "ਯੂਨਾਈਟਡ ਬਾਏ ਯੂਨੀਕ" ਜਿਸ ਦਾ ਪੰਜਾਬੀ ਵਿਚ ਅਰਥ ਬਣਦਾ ਹੈ "ਵਿਲੱਖਣਤਾ ਵਿਚ ਜੁੜੇ ਹੋਏ" ਜਾਂ "ਵਿਅਕਤੀਗਤ ਵਿਲੱਖਣਤਾ ਨਾਲ ਇੱਕਜੁਟ" । ਇਸ ਥੀਮ ਦਾ ਮੁੱਖ ਸੰਦੇਸ਼ ਬਹੁਤ ਸਾਫ਼ ਹੈ, ਹਰ ਕੈਂਸਰ ਮਰੀਜ਼ ਦੀ ਕਹਾਣੀ ਵੱਖਰੀ ਹੁੰਦੀ ਹੈ। ਉਸ ਦੀ ਉਮਰ, ਜੀਵਨ-ਸ਼ੈਲੀ, ਪਰਿਵਾਰਕ ਪਿਛੋਕੜ, ਆਰਥਿਕ ਹਾਲਤ, ਭਾਵਨਾਵਾਂ ਅਤੇ ਜ਼ਰੂਰਤਾਂ, ਸਭ ਕੁਝ ਵਿਲੱਖਣ ਹੁੰਦਾ ਹੈ। ਪਰ ਇਹਨਾਂ ਸਾਰੀਆਂ ਵਿਲੱਖਣਤਾਵਾਂ ਦੇ ਬਾਵਜੂਦ ਅਸੀਂ ਸਾਰੇ ਇੱਕ ਆਮ ਟੀਚੇ ਲਈ ਜੁੜੇ ਹਾਂ, ਕੈਂਸਰ ਨੂੰ ਹਰਾਉਣ ਲਈ, ਇਸ ਤੋਂ ਪੀੜਤ ਵਿਅਕਤੀਆਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਅਤੇ ਇੱਕ ਅਜਿਹੀ ਦੁਨੀਆ ਬਣਾਉਣ ਲਈ ਜਿੱਥੇ ਮਰੀਜ਼ ਨੂੰ ਸਿਰਫ਼ ਰੋਗ ਵਜੋਂ ਨਹੀਂ, ਸਗੋਂ ਇੱਕ ਪੂਰਨ ਵਿਅਕਤੀ ਵਜੋਂ ਵੇਖਿਆ ਜਾਵੇ ਤਾਂ ਜੋ ਪੀੜਤ ਵੀ ਆਪਣੇ-ਆਪ ਨੂੰ ਸਮਾਜ ਦਾ ਹਿੱਸਾ ਮੰਨ ਸਕੇ।

ਪਿਛਲੇ ਸਾਲਾਂ ਵਿਚ ਕੈਂਸਰ ਦੇ ਇਲਾਜ ਵਿਚ ਬਹੁਤ ਤਰੱਕੀ ਹੋਈ ਹੈ। ਟਾਰਗੇਟਿਡ ਥੈਰੇਪੀ, ਇਮਿਊਨੋਥੈਰੇਪੀ, ਜੀਨ ਐਡਿਟਿੰਗ, ਰੋਬੋਟਿਕ ਸਰਜਰੀ ਅਤੇ ਪ੍ਰਿਸੀਜ਼ਨ ਮੈਡੀਸਨ ਵਰਗੀਆਂ ਤਕਨੀਕਾਂ ਨੇ ਬਹੁਤ ਸਾਰੇ ਕੈਂਸਰਾਂ ਨੂੰ ਬਿਲਕੁਲ ਠੀਕ ਕਰਨਾ ਜਾਂ ਲੰਬੇ ਸਮੇਂ ਤੱਕ ਕੰਟਰੋਲ ਵਿਚ ਰੱਖਣਾ ਸੰਭਵ ਬਣਾ ਦਿੱਤਾ ਹੈ। ਪਰ ਇਹ ਸਾਰੀਆਂ ਤਰੱਕੀਆਂ ਤਾਂ ਸਿਰਫ਼ ਉਹਨਾਂ ਤੱਕ ਪਹੁੰਚਦੀਆਂ ਹਨ ਜਿੱਥੇ ਸਿਹਤ ਸੇਵਾਵਾਂ ਮਜ਼ਬੂਤ ਹਨ। ਅਜੇ ਵੀ ਦੁਨੀਆ ਦੇ ਵੱਡੇ ਹਿੱਸੇ ਵਿਚ, ਖਾਸ ਕਰਕੇ ਨਿਮਨ ਅਤੇ ਮੱਧਮ ਆਮਦਨ ਵਾਲੇ ਦੇਸ਼ਾਂ ਵਿਚ, ਕੈਂਸਰ ਦੀ ਜਾਂਚ, ਇਲਾਜ ਅਤੇ ਦਵਾਈਆਂ ਤੱਕ ਪਹੁੰਚ ਬਹੁਤ ਘੱਟ ਹੈ। ਭਾਰਤ ਵਿਚ ਵੀ ਸਥਿਤੀ ਚਿੰਤਾਜਨਕ ਹੈ। ਹਰ ਸਾਲ ਲਗਭਗ 14-15 ਲੱਖ ਨਵੇਂ ਕੇਸ ਅਤੇ 9-10 ਲੱਖ ਮੌਤਾਂ ਹੁੰਦੀਆਂ ਹਨ। ਪੰਜਾਬ, ਹਰਿਆਣਾ ਅਤੇ ਉੱਤਰੀ ਭਾਰਤ ਦੇ ਕਈ ਇਲਾਕਿਆਂ ਵਿਚ ਖੇਤੀਬਾੜੀ ਵਿਚ ਵਰਤੇ ਜਾਂਦੇ ਕੀਟਨਾਸ਼ਕਾਂ ਅਤੇ ਪ੍ਰਦੂਸ਼ਣ ਕਾਰਨ ਖਾਸ ਕਿਸਮਾਂ ਦੇ ਕੈਂਸਰ (ਜਿਵੇਂ ਗਲੇ, ਫੇਫੜੇ ਅਤੇ ਗਰਦਨ ਦਾ ਕੈਂਸਰ) ਵਧ ਰਹੇ ਹਨ।

ਇਸ ਥੀਮ "ਯੂਨਾਈਟਡ ਬਾਏ ਯੂਨੀਕ" ਨੂੰ ਸਮਝਣ ਲਈ ਸਭ ਤੋਂ ਵੱਡੀ ਗੱਲ ਇਹ ਹੈ ਕਿ ਕੈਂਸਰ ਨੂੰ ਸਿਰਫ਼ ਸਰੀਰਕ ਬਿਮਾਰੀ ਨਹੀਂ ਸਮਝਿਆ ਜਾਣਾ ਚਾਹੀਦਾ। ਇਹ ਇੱਕ ਵਿਅਕਤੀ ਦੀ ਪੂਰੀ ਜ਼ਿੰਦਗੀ ਨੂੰ ਭਾਵ ਉਸ ਦੀ ਨੌਕਰੀ, ਪਰਿਵਾਰਕ ਰਿਸ਼ਤੇ, ਮਾਨਸਿਕ ਸਿਹਤ, ਆਰਥਿਕ ਹਾਲਤ ਅਤੇ ਸਮਾਜ ਵਿਚ ਸਥਿਤੀ ਨੂੰ ਪ੍ਰਭਾਵਿਤ ਕਰਦਾ ਹੈ। ਇੱਕ ਔਰਤ ਜਿਸ ਨੂੰ ਆਖਰੀ ਸਟੇਜ ਦਾ ਬ੍ਰੈਸਟ ਕੈਂਸਰ ਹੋਵੇ, ਉਸ ਲਈ ਸਿਰਫ਼ ਕੀਮੋਥੈਰੇਪੀ ਜਾਂ ਰੇਡੀਏਸ਼ਨ ਕਾਫ਼ੀ ਨਹੀਂ। ਉਸ ਨੂੰ ਆਪਣੇ ਬੱਚਿਆਂ ਦੀ ਚਿੰਤਾ, ਪਤੀ ਦਾ ਸਹਿਯੋਗ, ਨੌਕਰੀ ਦੀ ਸੁਰੱਖਿਆ ਅਤੇ ਸਮਾਜ ਵਿਚ ਨਜ਼ਰਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇੱਕ ਨੌਜਵਾਨ ਨੂੰ ਜੇ ਲਿਊਕੇਮੀਆ ਹੋਵੇ ਤਾਂ ਉਸ ਲਈ ਬੋਨ ਮੈਰੋ ਟ੍ਰਾਂਸਪਲਾਂਟ ਤੋਂ ਇਲਾਵਾ ਭਵਿੱਖ ਦੀ ਬੇਚੈਨੀ ਵੀ ਬਹੁਤ ਵੱਡੀ ਚੁਣੌਤੀ ਹੁੰਦੀ ਹੈ। ਇਸੇ ਤਰ੍ਹਾਂ ਬਜ਼ੁਰਗ ਵਿਅਕਤੀ ਲਈ ਪੈਲੀਏਟਿਵ ਕੇਅਰ ਅਤੇ ਦਰਦ ਨਿਵਾਰਣ ਵਧੇਰੇ ਮਹੱਤਵਪੂਰਨ ਹੋ ਜਾਂਦਾ ਹੈ। ਇਸ ਲਈ ਲੋੜ ਹੈ ਪੀਪਲ-ਸੈਂਟਰਡ ਕੇਅਰ ਦੀ, ਯਾਨੀ ਵਿਅਕਤੀ-ਕੇਂਦਰਿਤ ਇਲਾਜ ਪ੍ਰਣਾਲੀ ਦੀ। ਇਸ ਵਿਚ ਡਾਕਟਰ ਸਿਰਫ਼ ਰਿਪੋਰਟਾਂ ਨਹੀਂ ਵੇਖਦੇ, ਸਗੋਂ ਮਰੀਜ਼ ਦੀਆਂ ਭਾਵਨਾਵਾਂ, ਉਸ ਦੀਆਂ ਚਿੰਤਾਵਾਂ ਅਤੇ ਉਸ ਦੇ ਪਰਿਵਾਰ ਨੂੰ ਵੀ ਸੁਣਦੇ ਹਨ। ਮਰੀਜ਼ ਨੂੰ ਆਪਣੇ ਇਲਾਜ ਵਿਚ ਸ਼ਾਮਲ ਕੀਤਾ ਜਾਂਦਾ ਹੈ, ਉਸ ਨੂੰ ਸਾਰੇ ਵਿਕਲਪ ਸਮਝਾਏ ਜਾਂਦੇ ਹਨ, ਉਸ ਦੀ ਸਹਿਮਤੀ ਲਈ ਜਾਂਦੀ ਹੈ ਅਤੇ ਉਸ ਦੀ ਜ਼ਿੰਦਗੀ ਦੀ ਗੁਣਵੱਤਾ ਨੂੰ ਪਹਿਲ ਦਿੱਤੀ ਜਾਂਦੀ ਹੈ। ਇਹ ਸਿਰਫ਼ ਹਸਪਤਾਲਾਂ ਤੱਕ ਸੀਮਤ ਨਹੀਂ, ਸਮੁੱਚੀ ਸਿਹਤ ਪ੍ਰਣਾਲੀ, ਨੀਤੀਆਂ, ਸਰਕਾਰੀ ਯੋਜਨਾਵਾਂ ਅਤੇ ਸਮਾਜ ਨੂੰ ਵੀ ਇਸੇ ਦਿਸ਼ਾ ਵਿਚ ਬਦਲਣ ਦੀ ਲੋੜ ਹੈ।

ਭਾਰਤ ਵਿਚ ਅਜੇ ਵੀ ਕੈਂਸਰ ਨਾਲ ਜੁੜੇ ਬਹੁਤ ਸਾਰੇ ਮਿਥ ਹਨ। ਲੋਕ ਅਕਸਰ ਸੋਚਦੇ ਹਨ ਕਿ ਕੈਂਸਰ ਹੋਣਾ ਮੌਤ ਦਾ ਫੈਸਲਾ ਹੈ, ਜਾਂ ਇਹ ਸਿਰਫ਼ ਅਮੀਰ ਲੋਕਾਂ ਦੀ ਬਿਮਾਰੀ ਹੈ। ਪਰ ਅਸਲੀਅਤ ਇਹ ਹੈ ਕਿ ਸਮੇਂ ਸਿਰ ਜਾਂਚ ਨਾਲ 30-50% ਕੈਂਸਰਾਂ ਨੂੰ ਰੋਕਿਆ ਜਾ ਸਕਦਾ ਹੈ ਅਤੇ ਬਹੁਤ ਸਾਰੇ ਠੀਕ ਵੀ ਹੋ ਜਾਂਦੇ ਹਨ। ਤੰਬਾਕੂ, ਸਿਗਰਟ, ਸ਼ਰਾਬ, ਜ਼ਿਆਦਾ ਲਾਲ ਮੀਟ, ਮੋਟਾਪਾ, ਸੂਰਜ ਦੀਆਂ ਖਤਰਨਾਕ ਕਿਰਨਾਂ ਵਰਗੀਆਂ ਇਨਫੈਕਸ਼ਨਾਂ ਤੋਂ ਬਚਾਅ ਕਰਕੇ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਕਰ ਸਕਦੇ ਹਾਂ। ਔਰਤਾਂ ਵਿਚ ਬ੍ਰੈਸਟ ਅਤੇ ਸਰਵਾਈਕਲ ਕੈਂਸਰ ਦੀ ਜਾਂਚ (ਮੈਮੋਗ੍ਰਾਫੀ ਅਤੇ ਪੈਪ ਸਮੀਅਰ) ਅਤੇ ਮਰਦਾਂ ਵਿਚ ਪ੍ਰੋਸਟੇਟ ਜਾਂ ਮੂੰਹ ਦੇ ਕੈਂਸਰ ਦੀ ਜਾਂਚ ਬਹੁਤ ਜ਼ਰੂਰੀ ਹੈ। ਵਿਸ਼ਵ ਕੈਂਸਰ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਸੀਂ ਇਕੱਲੇ ਨਹੀਂ ਹਾਂ। ਜੇ ਇੱਕ ਵਿਅਕਤੀ ਦੀ ਕਹਾਣੀ ਸੁਣੀ ਜਾਵੇ, ਸਮਝੀ ਜਾਵੇ ਅਤੇ ਉਸ ਅਨੁਸਾਰ ਇਲਾਜ ਦਿੱਤਾ ਜਾਵੇ ਤਾਂ ਨਤੀਜੇ ਬਹੁਤ ਵਧੀਆ ਹੁੰਦੇ ਹਨ। ਇਸ ਲਈ ਸਾਨੂੰ ਆਪਣੇ ਆਲੇ-ਦੁਆਲੇ ਵਾਲੇ ਲੋਕਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ, ਚਾਹੇ ਉਹ ਆਪਣਾ ਪਰਿਵਾਰਕ ਮੈਂਬਰ ਹੋਵੇ, ਦੋਸਤ ਹੋਵੇ ਜਾਂ ਅਣਜਾਨ ਵਿਅਕਤੀ। ਸਰਕਾਰਾਂ ਨੂੰ ਚਾਹੀਦਾ ਹੈ ਕਿ ਕੈਂਸਰ ਦੀਆਂ ਦਵਾਈਆਂ ਨੂੰ ਸਸਤਾ ਬਣਾਇਆ ਜਾਵੇ, ਰੋਕਥਾਮ ਵਾਲੀਆਂ ਯੋਜਨਾਵਾਂ ਨੂੰ ਵਧਾਇਆ ਜਾਵੇ ਅਤੇ ਹਸਪਤਾਲਾਂ ਵਿਚ ਪੈਲੀਏਟਿਵ ਕੇਅਰ ਨੂੰ ਮਜ਼ਬੂਤ ਕੀਤਾ ਜਾਵੇ।

ਅੰਤ ਵਿਚ, "ਯੂਨਾਈਟਡ ਬਾਏ ਯੂਨੀਕ" ਸਾਨੂੰ ਇਹ ਸਿਖਾਉਂਦਾ ਹੈ ਕਿ ਵਿਲੱਖਣਤਾ ਕਮਜ਼ੋਰੀ ਨਹੀਂ, ਸਗੋਂ ਤਾਕਤ ਹੈ। ਜਦੋਂ ਅਸੀਂ ਹਰ ਵਿਅਕਤੀ ਦੀ ਵਿਲੱਖਣ ਕਹਾਣੀ ਨੂੰ ਸਤਿਕਾਰ ਦਿੰਦੇ ਹਾਂ ਅਤੇ ਉਸ ਨੂੰ ਕੇਂਦਰ ਵਿਚ ਰੱਖ ਕੇ ਇਲਾਜ ਕਰਦੇ ਹਾਂ ਤਾਂ ਅਸੀਂ ਇੱਕ ਅਜਿਹੀ ਦੁਨੀਆ ਬਣਾ ਸਕਦੇ ਹਾਂ ਜਿੱਥੇ ਕੈਂਸਰ ਨਾਲ ਲੜਨ ਵਾਲੇ ਲੋਕ ਇਕੱਲੇ ਮਹਿਸੂਸ ਨਾ ਕਰਨ। ਅਸੀਂ ਸਾਰੇ ਇੱਕ ਦੂਜੇ ਨਾਲ ਜੁੜੇ ਹਾਂ, ਇੱਕ ਆਸ, ਇੱਕ ਉਮੀਦ ਅਤੇ ਇੱਕ ਸੰਘਰਸ਼ ਨਾਲ।

ਆਓ, ਇਸ ਵਿਸ਼ਵ ਕੈਂਸਰ ਦਿਵਸ ਤੇ ਵਚਨ ਲਈਏ ਕਿ ਅਸੀਂ ਆਪਣੇ ਆਲੇ-ਦੁਆਲੇ ਵਾਲੇ ਹਰ ਵਿਅਕਤੀ ਨੂੰ ਸਿਰਫ਼ ਮਰੀਜ਼ ਵਜੋਂ ਨਹੀਂ, ਸਗੋਂ ਇੱਕ ਅਨਮੋਲ ਜ਼ਿੰਦਗੀ ਵਜੋਂ ਵੇਖਾਂਗੇ। ਅਸੀਂ ਉਹਨਾਂ ਦੀਆਂ ਕਹਾਣੀਆਂ ਸੁਣਾਂਗੇ, ਸਮਝਾਂਗੇ ਅਤੇ ਉਹਨਾਂ ਨਾਲ ਮਿਲ ਕੇ ਇਸ ਰੋਗ ਨੂੰ ਹਰਾਉਣ ਦੀ ਕੋਸ਼ਿਸ਼ ਕਰਾਂਗੇ। ਕਿਉਂਕਿ ਜਦੋਂ ਅਸੀਂ ਵਿਲੱਖਣ ਹਾਂ ਤਾਂ ਵੀ ਇੱਕਜੁਟ ਹਾਂ ਅਤੇ ਇਹੀ ਇੱਕਜੁਟਤਾ ਹੀ ਕੈਂਸਰ ਵਿਰੁੱਧ ਸਭ ਤੋਂ ਵੱਡੀ ਤਾਕਤ ਹੈ।

* * * * * * *

## ਸ੍ਰੀ ਗੁਰੂ ਰਵਿਦਾਸ ਸਭਾ ਡਰਬੀ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਲੋੜ

**ਕੰਮ - ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਕੀਰਤਨ ਕਰਨਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।**

**ਤਜ਼ਰਬਾ ਅਤੇ ਸ਼ਰਤਾਂ: ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।**

**ਤਨਖਾਹ: ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।**

**ਉਮੀਦਵਾਰ ਆਪਣੀ ਅਰਜ਼ੀਆਂ ਪੂਰੇ ਵੇਰਵੇ ਸਮੇਤ (ਰੈਫਰੈਂਸ ਨੰਬਰ SGRG23 ਲਿਖ ਕੇ) ਹੇਠਾਂ ਦਿੱਤੇ ਪਤੇ ਉੱਤੇ 6 ਮਾਰਚ 2026 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜੀ॥**

## VACANCY for Tier-5 Religious Worker

***1 Religious Worker Required:*** Role includes reciting from Guru Granth Sahib Ji. Perform Keertan (Singing Hymns), Serving Langer within gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have 3 years experience.

***Pay and Conditions:*** Required to be residing within the Gurdwara. Work 25 hours per week, pay is national living wage and Statuary holiday pay. ***Closing Date 6th March 2026***

**Please apply quoting Ref No. SGRG23 and send your application to Surinder Kumar president,**

**Sri Guru Ravidass Sabha Derby**
**DUNCAN ROAD, DERBY DE23 8TR (U.K.)**

For more information please contact :
**Surinder Kumar 07882 157963**
**Parkash Singh Ginday 07966 053881**

# ਗੁਰੂ ਬੈਠਾ ਅਮਰੁ ਸਰੂਪ ਹੋਇ


- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ-24**

ਸੁਨਿ ਗੁਰ ਕਹਯੋ 'ਪ੍ਰਾਤਿ ਜਬ ਹੋਇ।
(ਸੁਣ ਕੇ ਹਜ਼ੂਰ ਕਿਹਾ ਕਿ ਦਿਨ ਚੜ੍ਹੇ)
ਮਰਯੋ ਪੁੱਤ੍ਰ ਤਿਸ ਜੀਵਨ ਹੋਇ।
(ਮਰਿਆ ਪੁੱਤਰ ਜਿੰਦਾ ਹੋ ਜਾਵੇਗਾ)
ਅਬ ਕਹਿ ਦੇਹੁ ਨ ਕਰੈ ਬ੍ਰਿਲਾਪ।
(ਕਹਿ ਦਿਹੁ -ਹੁਣ ਵਿਰਲਾਪ ਨ ਕਰੇ)
ਬੰਧਹਿਂ ਕੈਦ ਜਿ ਤੇਈਆ ਤਾਪ'।6॥
(ਤੇਈਆ ਤਾਪ ਨੂੰ ਹੁਣ ਕੈਦ ਕਰ ਲਵਾਂਗੇ)
...ਉੱਠ ਸਤਿਗੁਰ ਤਿਹ ਚਰਨ ਲਗਾਯੋ।
(ਸਤਿਗੁਰਾਂ ਉੱਠ ਕੇ ਚਰਨ ਛੁਹਾਇਆ)
ਤੂਰਨ ਬਾਲਕ ਤਬਹਿ ਜਿਵਾਯੋ।7॥42॥
ਰਾਸ 1 (ਫ਼ੌਰਨ ਬੱਚਾ ਜ਼ਿੰਦਾ ਹੋ ਗਿਆ)

ਅਸਲ ਗੱਲ ਇਹ ਹੈ ਕਿ ਜਿੱਥੇ ਵੀ ਸਤਿਗੁਰੂ ਹੈ ਉੱਥੇ ਚਿੰਤਾ, ਰੋਗ ਤੇ ਆਫ਼ਤਾਂ ਨੇੜੇ ਨਹੀਂ ਆਉਂਦੀਆਂ:

'ਜਹਾ ਬਿਰਾਜੈ ਸਤਿਗੁਰ ਸਾਧ।
ਲਗੇ ਨ ਆਧ ਵਿਆਧ ਉਪਾਧ'।15॥
ਪੰਨਾ 100 ਪਰਬਤ ਮੇਰਾਣੂ

### ਜੋੜ-ਮੇਲੇ ਦਾ ਆਰੰਭ

ਡੱਲੇ ਫੇਰੀ ਦੀ ਸਫ਼ਲਤਾ ਨੇ ਭਾਈ ਪਾਰੋ ਜੀ ਨੂੰ ਖ਼ਾਸ ਉਤਸ਼ਾਹਤ ਕੀਤਾ। ਖ਼ਾਸ ਤੌਰ 'ਤੇ ਅਖ਼ੀਰਲੇ ਦਿਨ ਜਦੋਂ ਸਾਰੇ ਡੱਲਾ ਵਾਸੀ ਗੁਰੂ ਹਜ਼ੂਰੀ ਵਿਚ ਇਕੱਠੇ ਤਾਂ ਭਾਈ ਜੀ ਅੰਦਰ ਇਕ ਫ਼ੁਰਨਾ ਆਇਆ ਜੋ ਉਨ੍ਹਾਂ ਨੇ ਅੱਜ ਗੋਇੰਦਵਾਲ ਸਾਹਿਬ ਆਇਆਂ ਸਤਿਗੁਰਾਂ ਸਾਹਮਣੇ ਪਰਗਟ ਕੀਤਾ। ਨਾਲ ਇਨ੍ਹਾਂ ਦੇ ਭਾਈ ਲਾਲੂ ਵੀ ਸਨ। ਇਨ੍ਹਾਂ ਬੇਨਤੀ ਕੀਤੀ,

'ਗੁਰੂ ਪਾਤਸ਼ਾਹ ਜੀ! ਸਾਨੂੰ ਆਪ ਜੀ ਦਾ ਡੱਲੇ ਜਾ ਕੇ ਕੁਝ ਦਿਨ ਠਹਿਰਣਾ ਬੜਾ ਚੰਗਾ ਲੱਗਾ ਹੈ ਇਸ ਬਹਾਨੇ ਸਿੱਖੀ ਪ੍ਰਚਾਰ ਨੂੰ ਬਲ ਮਿਲਿਆ ਹੈ, ਅਨੇਕ ਜਗਿਆਸੂ ਗੁਰੂ ਕੇ ਸਿੱਖ ਬਣੇ। ਜੁੜਿਆਂ ਹੋਇਆਂ ਨੂੰ ਜੋ ਆਪ ਨੇ ਮਨੁਖਤਾ ਦੀ ਸੇਵਾ ਲਈ ਪ੍ਰੇਰਨਾ ਕੀਤੀ ਉਸ ਨੇ ਸਾਰਿਆਂ ਨੂੰ ਟੁੰਬਿਆ। ਅਸੀਂ ਮਹਿਸੂਸ ਕਰਦੇ ਹਾਂ ਕਿ ਜੇ ਆਪਾਂ ਕੋਈ ਦਿਨ ਨਿਯਤ ਕਰ ਲਈਏ ਜਿਸ ਦਿਨ ਦੂਰ-ਦੁਰਾਡਿਓਂ ਸਾਰੇ ਗੁਰੂ ਨਾਨਕ ਨਾਮ ਲੇਵਾ ਗੋਇੰਦਵਾਲ ਇਕੱਠੇ ਹੋਣ ਤਾਂ ਇਸ ਨਾਲ ਹੋਰ ਭਲਾ ਹੋਵੇਗਾ'।

'ਉਹ ਕੀਹ'? ਗੁਰਦੇਵ ਜੀ ਨੇ ਉਸ ਕੋਲੋਂ ਜਾਣਨਾ ਚਾਹਿਆ। ਭਾਈ ਜੀ ਨੇ ਕਿਹਾ,

'ਪਹਿਲਾ ਤਾਂ ਇਹ ਹੈ ਕਿ ਜਿਹੜੇ ਕਿੰਨੇ ਚਿਰ ਤੋਂ ਗੁਰੂ ਦਰਸ਼ਨਾਂ ਲਈ ਨਹੀਂ ਆ ਸਕੇ ਇਸ ਬਹਾਨੇ ਉਹ ਵੀ ਆ ਜਾਣਗੇ ਅਰ ਦੂਜਾ -ਸਾਰੇ ਜੁੜਿਆਂ ਵਿਚ ਆਪ ਜੀ ਦਾ ਸੁਨੇਹਾ ਦੂਰ ਤੱਕ ਚਲਾ ਜਾਏਗਾ, ਤੀਜਾ -ਸਾਰਿਆਂ ਦੇ ਇਕ ਸਮੇਂ ਇਥੇ ਇਕੱਠੇ ਹੋਣ ਨਾਲ ਸਾਰਿਆਂ ਦੀ ਆਪਸ ਵਿਚ ਸਾਂਝ ਵਧੇਰੇ ਬਣੇਗੀ ਜੋ ਦੂਜੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ -ਪਾਰਬ੍ਰਹਮ ਦਾ ਪੰਥ ਚਲਾਉਣ ਦੇ ਰਾਹ ਵਿਚ ਹੋਰ ਸਹਾਇਕ ਹੋਵੇਗੀ, ਅਗੇ ਆਪ ਜੀ ਦੀ ਖ਼ੁਸ਼ੀ'।

'ਹੇ ਦੀਨ ਦਿਆਲ ਜੋ ਆਗਿਆ ਹੋਇ।
ਬਰਖ ਮਾਹਿ ਦਿਨ ਕਹੀਐ ਜੋਇ।




ਸਰਬ ਸਿਖ ਗੁਰ ਦਰਸਨ ਆਵੈ।
ਗੁਰ ਦਰਸ ਪ੍ਰਤਾਪ ਭਵ ਪਾਰਿ ਪਰਾਵੈ'।2॥

ਇੰਨਾ ਕਹਿ ਕੇ ਭਾਈ ਪਾਰੋ ਰੁਕੇ ਤਾਂ ਪਾਤਸ਼ਾਹ ਜੀ ਨੇ ਬੜੀ ਸੰਤੁਸ਼ਟਤਾ ਵਾਲੇ ਨੇਤਰਾਂ ਨਾਲ ਭਾਈ ਜੀ ਤੱਕਦਿਆਂ ਕਿਹਾ, 'ਭਾਈ ਪਰਮਹੰਸਾ! ਸਾਨੂੰ ਤੇਰਾ ਇਹ ਸੁਝਾਅ ਬਹੁਤ ਚੰਗਾ ਲੱਗਾ ਹੈ, ਹੁਣ ਸਮਾਂ ਆ ਗਿਆ ਹੈ ਪਾਰਬ੍ਰਹਮ ਦੇ ਪੰਥ ਦੇ ਵਾਧੇ ਹਿਤ ਅਜਿਹਾ ਯਤਨ ਕਰਨ ਦਾ। ਤੁਸੀਂ ਅੱਜ ਹੀ ਸੰਗਤਾਂ ਤੱਕ ਸੁਨੇਹੇ ਲਿਖ ਭੇਜੋ ਕਿ ਸਾਰੇ ਗੁਰੂ ਪਿਆਰ ਵਾਲੇ ਵੱਧ ਤੋਂ ਵੱਧ ਵੈਸਾਖੀ ਦੇ ਦਿਹਾੜੇ 'ਤੇ ਗੋਇੰਦਵਾਲ ਪਹੁੰਚਣ'।

'ਜੋ ਤੁਮ ਚਿਤਵੀ ਮਮ ਚਿਤ ਸੋਈ।
ਬਿਸੋਏ ਕੇ ਦਿਨ ਆਵੈ ਸਭ ਕੋਈ।
ਸਭ ਸਿਖਨ ਲਿਖ ਦੇਹੁ ਪਠਾਇ।
ਸੁਨ ਸਭ ਆਵੈ ਪ੍ਰੇਮ ਬਢਾਇ'।4॥

'ਸਤਿਬਚਨ ਪਾਤਸ਼ਾਹ ਜੀ'!

ਭਾਈ ਪਾਰੋ ਜੀ ਨੇ ਕਿਹਾ ਅਰ ਲਿਖਾਰੀ ਰਾਹੀਂ ਸਤਿਗੁਰੂ ਹਜ਼ੂਰ ਵਲੋਂ ਇਤਿਹਾਸਕ ਪਹਿਲੇ ਹੁਕਮਨਾਮੇ ਸੰਗਤਾਂ ਦੇ ਨਾਂ ਲਿਖੇ ਗਏ।

ਸਰਦੀ ਲੰਘੀ, ਬਸੰਤ ਰੁੱਤ ਆਉਣ 'ਤੇ ਜਦੋਂ ਮੌਸਮ ਖੁੱਲ੍ਹਿਆ ਤਾਂ ਸੰਗਤਾਂ ਆਪਸ ਵਿਚ ਇਕੱਠੇ ਹੋ ਕੇ ਗੋਇੰਦਵਾਲ ਸਾਹਿਬ ਪਹੁੰਚਣਾ ਸ਼ੁਰੂ ਕੀਤਾ।

ਬੰਧੇ ਟੋਲ ਸੰਗਤਾਂ ਆਈ।
ਚਹੁੰ ਦਿਸ ਤੇ ਵਸਤੂ ਗਨ ਲਿਆਈ।10॥
ਆਨਿ ਸਭਿਨਿ ਗੁਰ ਦਰਸ਼ਨ ਹੇਰਾ।
ਮੇਲਾ ਮਿਲ ਕੈ ਭਯੋ ਬਡੇਰਾ।

ਵੈਸਾਖੀ ਵਾਲੇ ਦਿਨ ਬਹੁਤ ਹੀ ਭਾਰੀ ਇਕੱਠ ਹੋਇਆ। ਹਜ਼ੂਰ ਨੇ ਇਸ ਦਿਨ ਸੰਗਤਾਂ ਨੂੰ ਅਗੇ ਲਈ ਸਗੰਠਿਤ ਹੋ ਕੇ ਚੱਲਣ ਲਈ ਖ਼ਾਸ ਪ੍ਰੇਰਿਤ ਕੀਤਾ। ਇਸ ਦਾ ਨਤੀਜਾ ਮਹਾਂਕਵੀ ਜੀ ਲਿਖਦੇ ਹਨ:

ਬਹੁਤ ਸੰਗਤਾਂ ਭਈ ਇਕੱਤ੍ਰ।
(ਬਹੁਤ ਸੰਗਤਾਂ ਇਕੱਠੀਆਂ ਹੋਈਆਂ)
ਗੁਰ ਭਾਈ ਪ੍ਰੇਮੀ ਭਏ ਮਿੱਤ੍ਰ।25॥

**(ਸਾਰੇ ਗੁਰਸਿੱਖਾਂ ਦੀ ਆਪਸੀ ਮਿੱਤ੍ਰਤਾ ਬਣੀ)**

ਗੁਰ ਸਮ ਸਿਖ ਕੋ ਸਿਖ ਮਿਲਿ ਸੇਵਹਿਂ।
(ਸਾਰੇ ਹੀ ਗੁਰੂ ਕਾ ਰੂਪ ਜਾਣ ਦੂਜੇ ਦੀ ਸੇਵਾ ਕਰਦੇ)
ਚਰਨ ਧੋਇ ਚਰਨਾਂਮ੍ਰਿਤ ਲੇਵਹਿਂ।
(ਸਤਿਕਾਰ ਨਾਲ ਪੈਰ ਧੋ ਧੋ ਪੀਂਦੇ)
ਸਗਲ ਨਗਰ ਕੀਰਤਨ ਧੁਨਿ ਹੋਇ।
(ਨਗਰ ਵਿਚ ਕੀਰਤਨ ਦੀ ਧੁਨੀ ਗੂੰਜੀ)
ਵਾਹਿਗੁਰੂ ਸਿਮਰਹਿਂ ਸਭ ਕੋਇ।26॥
(ਸਾਰੇ ਹੀ ਵਾਹਿਗੁਰੂ ਸਿਮਰਨ ਲੱਗੇ)
ਤਿਸ ਦਿਨ ਤੇ ਮੇਲੇ ਕੀ ਰੀਤਿ।
(ਉਸ ਦਿਨ ਤੋਂ ਮੇਲੇ ਦੀ ਰੀਤ ਸ਼ੁਰੂ ਹੋਈ)
ਕਰੀ ਬਿਦਤ ਗੁਰ 'ਹੁਇ ਅਬ ਨੀਤਿ'।..27॥44॥ ਰਾਸ 1 (ਗੁਰਾਂ ਕਹਿਆ ਕਿ ਅਗੋਂ ਵੀ ਜੋੜ ਮੇਲਾ ਲਗੇਗਾ)

ਗੁਰੂ ਅਮਰਦਾਸ ਪਾਤਸ਼ਾਹ ਸਾਹਿਬ ਜੀ ਦੇ ਇਸ ਉਪਰਾਲੇ ਬਾਦ ਸਿੱਖ ਸਮਾਜ ਸੰਗਠਿਤ ਹੋ ਕੇ ਇਸ ਪਾਸੇ ਵੀ ਵਧਣ ਲੱਗਾ। ਅਜਿਹੇ ਉਪਰਾਲਿਆਂ ਨੂੰ ਧਿਆਨ ਵਿਚ ਰੱਖਦਿਆਂ ਮਾਨਯੋਗ ਭਾਈ ਗੁਰਦਾਸ ਜੀ ਨੇ ਆਖਿਆ ਹੈ:

ਕੁਰਬਾਣੀ ਤਿਨ੍ਹਾਂ ਗੁਰਸਿਖਾਂ
ਮਨਿ ਮੇਲੀ ਕਰਿ ਮੇਲਿ ਮਿਲੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ
ਭਾਇ ਭਗਤਿ ਗੁਰ ਪੁਰਬ ਕਰੰਦੇ।2॥
ਵਾਰ 12

ਸਾਡੀ ਜਾਚੇ, ਇਹ ਉਪਰਾਲਾ ਸੰਨ 1556-57 ਵਿਚ ਪਹਿਲੀ ਵਾਰ ਹੋਇਆ।

ਇਤਿਹਾਸਕ ਹਵਾਲੇ:

ਬਹੁਤ ਸੰਗਤ ਤਹਾ ਭਈ ਇਕਤ੍ਰ।
ਗੁਰ-ਭਾਈ ਪ੍ਰੇਮੀ ਬਡ ਮਿਤ੍ਰ।
ਸਿਖ ਸਿਖ ਕਉ ਗੁਰ-ਰੂਪ ਕਰਿ ਸੇਵੈਂ।
ਚਰਨ ਧੋਇ ਚਰਨਾਮ੍ਰਤ ਲੇਵੈਂ।27॥
ਸਗਲ ਨਗਰ ਕੀਰਤਨ ਧੁਨ ਹੋਇ।
ਵਾਹਿਗੁਰੂ ਜਪੁ ਜਪੈ ਸਭ ਕੋਇ।
..28॥88॥ ਮ.ਪ੍ਰ.

### ਗੁਰੂ-ਸੰਗਤ ਦੀ ਸੇਵਾ

ਜੋੜ-ਮੇਲੇ ਦੇ ਦਿਨਾਂ ਦੌਰਾਨ ਹਜ਼ੂਰ ਪਾਤਸ਼ਾਹ ਜੀ ਧਿਆਨ ਕੀਤਾ ਕਿ (ਸ੍ਰੀ) ਰਾਮਦਾਸ ਬਹੁਤ ਘੱਟ ਨਜ਼ਰ ਆ ਰਹੇ ਹਨ ਤਾਂ ਭਾਈ ਬੱਲੂ ਨੂੰ ਪੁੱਛ ਲਿਆ। ਉਸ ਦੱਸਿਆ ਕਿ ਹੈਨ ਤਾਂ ਇਥੇ ਹੀ ਪਰ, ਆ ਰਹੀ ਸੰਗਤ ਦੀ ਸੰਭਾਲ ਉਨ੍ਹਾਂ ਸਿਰ ਹੈ ਜਿਸ ਕਰ ਕੇ ਨੇਮ ਅਨੁਸਾਰ ਆਪ ਦੇ ਦਰਸ਼ਨ ਨਹੀਂ ਕਰ ਸੱਕੇ। ਇਹ ਜਾਣ ਕੇ ਗੁਰੂ-ਪਾਤਸ਼ਾਹ ਜੀ ਦਾ ਹਿਰਦਾ ਬੜਾ ਪ੍ਰਸੰਨ ਹੋਇਆ ਅਰ ਇਸ ਭਾਂਤ ਦੇ ਬਚਨ ਕੀਤੇਓਨੁ:

ਯਹ ਸੁਨਿ ਦਿਆਲ ਅਤ ਭਏ ਪ੍ਰਸੰਨ।
ਹੇ ਬਲੂ! ਜੇਠਾ ਜਗ ਧੰਨ।
ਸੰਤਾਨ ਪ੍ਰਜੰਤ ਜਗ ਤਿਸੈ ਪੁਜੈ ਹੈ।
ਦੇ ਸਰਬ ਪਦਾਰਥ ਤਨ ਮਨ ਦੈਹੈਂ।24॥
ਜੋ ਜਗ ਮੇ ਮਮ ਸਿਖਨ ਸੇਵੈ।
ਲੋਕ ਪ੍ਰਲੋਕ ਸਰਬ ਫਲੁ ਲੇਵੈ।
...25॥ ਮ.ਪ੍ਰ.

'ਜਿਨ ਸੰਗਤ ਕੀ ਸੇਵਾ ਕਰੀ।
(ਜਿਸ ਨੇ ਸੰਗਤ ਦੀ ਸੇਵਾ ਕੀਤੀ)
ਹਮਰੇ ਹਿਤ ਇਮਿ ਪ੍ਰੀਤੀ ਧਰੀ।
(ਸਾਡੇ ਕਹੇ ਅਨੁਸਾਰ ਭਾਵਨਾ ਨਾਲ ਕੀਤੀ)
ਦੁਲੱਭ ਪਦਾਰਥ ਹੋਇ ਨ ਕੋਇ।
(ਉਹ ਸਭ ਕੁਝ ਪ੍ਰਾਪਤ ਕਰੇਗਾ)
ਨੌਨਿਧਿ ਸਿਧਿ ਪਾਏ ਹੈ ਸੋਇ।21॥
(ਨਿਧੀਆਂ ਸਿਧੀਆਂ ਪਾ ਲਵੇਗਾ)
ਸਿਖ ਮੇਰੇ ਸੇਵੇ ਅਨੁਰਾਗ।
(ਮੇਰੇ ਸਿੱਖਾਂ ਨੂੰ ਪਿਆਰ ਨਾਲ ਸੇਵਨਾ)
ਅਪਰ ਨ ਇਸ ਤੇ ਕੋ ਬਡਿਭਾਗ।
(ਕਰਤਾਰੀ ਕਿਰਪਾ ਹੈ)
ਜੋ ਨਰ ਮਮ ਸੰਗਤ ਕੋ ਸੇਵਹਿ।
(ਜੋ ਵੀ ਗੁਰੂ-ਸੰਗਤ ਦੀ ਸੇਵਾ ਕਰਨਗੇ)
ਹਲਤ ਪਲਤ ਮਹਿਂ ਸ਼ੁਭ ਫ਼ਲ ਲੇਵਹਿ'।
..23॥43॥ ਰਾਸ 1 (ਲੋਕ ਪ੍ਰਲੋਕ ਦੇ ਸੁਖ ਮਾਣਨਗੇ)

ਬਿਨਾਂ ਕਿਸੇ ਵਿਤਕਰੇ -ਗੁਰਸਿੱਖਾਂ ਦੀ ਸੇਵਾ ਭਾਵਨੀ ਨਾਲ ਕਰਨੀ- ਵਾਲਾ ਧਰੂਵਾ ਤਾਂ ਪਰਮ-ਗੁਰੂ ਨਾਨਕ ਸਾਹਿਬ ਜੀ ਨੇ ਬੱਧਾ ਸੀ ਜੋ ਕਿ ਗੁਰੂ-ਆਸ਼ੇ ਦਾ ਮੂਲ ਹੈ। ਇਸ ਨੂੰ ਦ੍ਰਿੜ ਕਰਾਉਣ ਲਈ ਪਵਿੱਤ੍ਰ ਬਾਣੀ, ਸੰਗਤ ਅਤੇ ਪੰਗਤ ਆਦਿ ਸੰਸਥਾਵਾਂ ਮਨੁੱਖਤਾ ਦੀ ਝੋਲੀ ਪਾਈਆਂ; ਸ੍ਰੀ ਭਾਈ ਲਹਿਣਾ ਜੀ ਨੇ ਆਪਾ-ਭਾਵ ਸਮਰਪਤ ਕਰ ਕੇ ਇਸੇ ਦੀ ਘਾਲਣਾ ਘਾਲ ਕੇ ਉੱਤਮ ਪਦਵੀ ਪਾਈ ਅਰ ਇਸੇ ਤਰਹ ਤੀਜੇ ਪਾਤਸ਼ਾਹ ਜੀ ਨੇ ਵੀ। ਭਾਈ ਪਾਰੋ ਦੇ ਸੁਝਾਅ ਨੂੰ ਫ਼ੌਰਨ ਅਮਲ ਵਿਚ ਲਿਆਉਂਦਿਆਂ ਵੈਸਾਖੀ ਦਿਹਾੜੇ ਗੁਰਸਿੱਖਾਂ ਦਾ ਜੋੜ-ਮੇਲ ਕਰਨ ਦਾ ਆਪ ਜੀ ਨੇ ਫ਼ੈਸਲਾ ਕੀਤਾ ਤਾਂ ਪਰਮ-ਗੁਰੂ ਜੀ ਅਨੁਸਾਰ 'ਪਰਮੇਸ਼ੁਰ ਦੇ ਪੰਥ' ਲਈ ਇਹ ਵੱਡੀ ਪੁਲਾਂਘ ਸੀ। ਸਭਨਾਂ ਸਿੱਖਾਂ ਲਈ ਵੀ ਇਹ ਪਹਿਲਾ ਸਮਾਂ ਸੀ ਅਰ ਆਉਣ ਵਾਲੀਆਂ ਸੰਗਤਾਂ ਦੀ ਵੱਡੇ ਪੱਧਰ 'ਤੇ ਸੰਭਾਲ ਕਰਨੀ ਵੀ ਭਾਈ ਪਾਰੋ, ਭਾਈ ਬੁੱਢਾ, ਭਾਈ ਬੱਲੂ ਆਦਿ ਲਈ ਵੱਡਾ ਹੰਭਲਾ ਸੀ। ਰਸਦਾਂ ਲਿਆਉਣ ਵਾਲੇ ਰਸਦਾਂ ਲਿਆ ਰਹੇ ਸਨ, ਬਾਲਣ ਲਿਆਉਣ ਵਾਲੇ ਬਾਲਣ, ਅਰ ਇਸੇ ਤਰਹ ਬਾਕੀ ਵੀ ਪਰ, ਇਸ ਮੌਕੇ ਸਾਡੇ ਸਾਖੀਕਾਰ ਜਿਸ ਨੁਕਤੇ ਨੂੰ ਉਭਾਰਨ ਦੇ ਯਤਨ ਵਿਚ ਹਨ, ਸਾਡੀ ਜਾਚੇ, ਉਹ ਹੈ -ਗੁਰ ਸਿੱਖਾਂ ਦੀ ਸੇਵਾ ਦੀ ਮਹੱਤਤਾ ਨੂੰ ਉਭਾਰਨ ਦੀ। ਦੂਰ-ਦੁਰਾਡੇ ਵੱਸਣ ਵਾਲੇ ਆਪਸ ਵਿਚ ਬਿਲਕੁਲ ਓਪਰਿਆਂ ਨੂੰ ਗੁਰੂ-ਸ਼ਬਦ ਅਰ ਸੇਵਾ ਨਾਲ ਆਪਸ ਵਿਚ ਇਸ ਭਾਵਨਾ ਨੇ ਏਨਾ ਜੋੜ ਦਿੱਤਾ ਕਿ ਇਸ ਇਕਮੁੱਠਤਾ ਨੇ ਭਵਿੱਖ ਬਦਲ ਦੇਣ ਦਾ ਚਮਤਕਾਰ ਕਰ ਦਿੱਤਾ।

ਚਲਦਾ.....

ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 31'ਤੇ ਪੜ੍ਹੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**650. ਧਨਵੰਤ (ਧਨੀ) ਕੌਣ ਹਨ?**

ਹੇ ਨਾਨਕ! ਜਿਹੜੇ ਮਨੁੱਖ ਪਰਮਾਤਮਾ ਦੇ ਨਾਮ-ਰੰਗ ਵਿਚ ਰੰਗੇ ਰਹਿੰਦੇ ਹਨ, ਉਹ ਧਨਵੰਤ ਹਨ, ਬਾਕੀ ਸਾਰਾ ਸੰਸਾਰ ਕੰਗਾਲ ਹੈ। "ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥26॥ ਅੰਗ 1416"। ਜੋ ਸਤਿਗੁਰੂ ਦੀ ਸੇਵਾ (ਭਾਵ ਗੁਰ ਸ਼ਬਦ ਦੀ ਵਿਚਾਰ) ਕਰਦੇ ਹਨ ਉਹ ਧਨਵੰਤ ਹੁੰਦੇ ਹਨ ਤੇ ਲੋਕ ਪ੍ਰਲੋਕ ਵਿਚ ਉਹ ਨਾਮ 'ਚ ਸਮਾਏ ਰਹਿੰਦੇ ਹਨ। "ਸਤਿਗੁਰੁ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ ॥3॥ ਅੰਗ 112"। ਜੋ ਗੁਰੂ ਚਰਨਾਂ ਨਾਲ਼ ਮਨ ਲਾਉਂਦਾ ਹੈ ਉਹ ਧਨਵੰਤ ਤੇ ਵੱਡਾ ਸ਼ਾਹ ਹੁੰਦਾ ਹੈ। "ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ ॥5॥ ਅੰਗ 130"। ਹੇ ਭਾਈ! ਧਨਾਸਰੀ ਰਾਗ ਵਿਚ ਉਸ ਜੀਵ ਇਸਤਰੀ ਨੂੰ ਧਨਵੰਤੀ ਜਾਣੋ ਜੋ ਸਤਿਗੁਰੂ ਦੀ ਕਾਰ ਕਮਾਉਂਦੀ ਹੈ; ਭਾਵ ਗੁਰੂ ਦੇ ਦੱਸੇ (ਨਾਮ ਸਿਮਰਨ ਦੇ) ਮਾਰਗ ਤੇ ਚੱਲਦੀ ਹੈ। "ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥ ਅੰਗ 1419"।

ਜੋ ਪ੍ਰਭੂ ਦੀ ਕਥਾ ਸੁਣਦੇ ਹਨ ਉਹ ਜਗਤ ਵਿਚ ਧਨਵੰਤ ਦਿਸਦੇ ਹਨ। "ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥ ਅੰਗ 231"। ਜਿਸ ਮਨੁੱਖ ਦੇ ਹਿਰਦੇ ਵਿਚ ਭਗਵਾਨ ਵਸਦਾ ਹੈ, ਉਹ ਜਿਉਂਦੇ ਜੀ (ਮਾਇਆ ਦੇ ਬੰਧਨਾਂ ਤੋਂ) ਮੁਕਤ ਹੋ ਜਾਂਦਾ ਹੈ, ਉਹ ਧਨਵੰਤ (ਧਨ ਵਾਲ਼ਾ), ਕੁਲ ਵਾਲ਼ਾ ਤੇ ਇੱਜ਼ਤ ਵਾਲਾ ਬਣ ਜਾਂਦਾ ਹੈ। "ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥ ਅੰਗ 294"। ਜਿਸਦੇ ਮਨ ਵਿਚ ਹਰੀ ਭਗਵਾਨ ਵਸ ਜਾਂਦਾ ਹੈ ਉਹ ਇਜ਼ੱਤ ਵਾਲ਼ਾ ਤੇ ਧਨਵੰਤ ਹੁੰਦਾ ਹੈ। "ਸੋ ਪਤਿਵੰਤਾ ਸੋ ਧਨਵੰਤਾ ॥ ਜਿਸੁ ਮਨਿ ਵਸਿਆ ਹਰਿ ਭਗਵੰਤਾ ॥ ਅੰਗ 1071"। ਜਿਸ (ਮਨੁੱਖ) ਨੇ ਭਗਵਾਨ ਦਾ ਭਜਨ ਕੀਤਾ ਹੈ, ਉਹੀ ਸੂਰਮਾ ਹੈ, ਉਹੀ ਉੱਚੀ ਕੁਲ ਵਾਲਾ ਹੈ, ਉਹੀ ਪ੍ਰਭੂ ਵਿਚ ਸੁਰਤੀ ਜੋੜਨ ਵਾਲ਼ਾ ਹੈ, ਓਹੀ ਭਗਵਾਨ ਦਾ ਭਗਤ ਹੈ, ਉਹੀ ਬ੍ਰਹਮ ਦਾ ਗਿਆਨ ਰੱਖਣ ਵਾਲ਼ਾ ਹੈ ਤੇ ਉਹੀ ਧਨਵੰਤ ਹੈ। "ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥ ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥ ਅੰਗ 300"। ਜਿਹੜੇ ਮਨੁੱਖ ਪਰਮਾਤਮਾ ਦੀ ਸ਼ਰਨ ਵਿਚ ਟਿਕੇ ਰਹਿੰਦੇ ਹਨ, ਉਹ ਧਨਵੰਤ ਹਨ, ਉਹ ਇੱਜ਼ਤ ਵਾਲ਼ੇ ਹਨ। ਹੇ ਨਾਨਕ! ਗੁਰੂ ਦੀ ਮਿਹਰ ਨਾਲ ਉਹਨਾਂ ਨੇ ਜਗਤ (ਦੇ ਮੋਹ) ਨੂੰ ਜਿੱਤ ਲਿਆ ਹੁੰਦਾ ਹੈ, ਉਹ ਫਿਰ ਜੰਮਦੇ ਮਰਦੇ ਨਹੀਂ ਹਨ। "ਸੇ ਧਨਵੰਤੇ ਸੇ ਪਤਿਵੰਤੇ ਹਰਿ ਕੀ ਸਰਣਿ ਸਮਾਹਿ ॥ ਗੁਰ ਪ੍ਰਸਾਦਿ ਨਾਨਕ ਜਗੁ ਜੀਤਿਓ ਬਹੁਰਿ ਨ ਆਵਹਿ ਜਾਂਹਿ॥2॥88॥111॥ ਅੰਗ 1225"। ਪ੍ਰਭੂ ਧਨ ਤੋਂ ਸੱਖਣਿਆਂ ਨੂੰ ਧਨਵੰਤ ਬਣਾ ਦਿੰਦਾ ਹੈ ਤੇ ਰੋਗੀਆਂ ਦੇ ਰੋਗਾਂ ਦਾ ਨਾਸ ਕਰ ਦਿੰਦਾ ਹੈ। "ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ ॥ ਅੰਗ 1355"। ਜਿਹੜਾ ਇਸ (ਦੁਬਿਧਾ) ਨੂੰ ਮਾਰ ਲਵੇ ਉਹ ਧਨਵੰਤ ਹੈ। "ਜੋ ਇਸੁ ਮਾਰੇ ਸੋ ਧਨਵੰਤਾ॥ ਅੰਗ 238"। ਉਹ ਧਨਵੰਤ ਹੁੰਦਾ ਹੈ ਜਿਸਦੇ ਪਾਸ ਵਿਵੇਕ (ਗੱਲਤ ਤੇ ਸਹੀ ਦਾ ਨਿਰਨਾ ਕਰਨ ਵਾਲ਼ੀ) ਬੁੱਧੀ ਹੁੰਦੀ ਹੈ। "ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥ ਅੰਗ 1150"।

**651. ਕੀ ਦੂਜੇ ਭਾਉ 'ਚ ਪ੍ਰਭੂ ਦੀ ਸੇਵਾ ਹੋ ਸਕਦੀ ਹੈ?**

ਜੀ ਨਹੀਂ! ਮਾਇਆ ਮੋਹ (ਦੂਜੇ ਭਾਉ) ਵਿਚ ਪ੍ਰਭੂ ਵਿਸਰ (ਭੁੱਲ) ਜਾਂਦਾ ਹੈ, ਫੇਰ ਪ੍ਰਭੂ ਦੀ ਸੇਵਾ ਕਿੱਦਾਂ ਹੋਵੇ? ਯਥਾ ਗੁਰਵਾਕ, "ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ ਅੰਗ 920"। ਦੂਜੇ ਭਾਉ (ਮਾਇਆ ਮੋਹ) ਵਿਚ ਫਸੇ ਰਿਹਾਂ ਪਰਮਾਤਮਾ ਦੀ ਸੇਵਾ-ਭਗਤੀ ਨਹੀਂ ਹੋ ਸਕਦੀ। ਹਉਮੈ/ਮਾਇਆ ਮੋਹ ਵਿਚ ਆਦਮੀ ਇਕ ਵੱਡਾ ਜ਼ਹਿਰ ਖਾਂਦਾ ਹੈ (ਜੋ ਕਿ ਮਨੁੱਖ ਦੇ ਆਤਮਕ ਜੀਵਨ ਨੂੰ ਮਾਰ ਮੁਕਾਂਦਾ ਹੈ)। ਮਾਇਆ (ਮਨੁੱਖ ਨੂੰ) ਪੁੱਤਰ, ਪਰਵਾਰ ਤੇ ਘਰ ਦੇ ਮੋਹ ਵਿਚ ਫਸਾਈ ਰੱਖਦੀ ਹੈ। ਮਾਇਆ ਮੋਹ ਵਿਚ ਅੰਨ੍ਹਾ ਹੋਇਆ (ਗਿਆਨ ਹੀਨ) ਮਨਮੁਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। "ਦੂਜੈ ਭਾਇ ਨ ਸੇਵਿਆ ਜਾਇ ॥ ਹਉਮੈ ਮਾਇਆ ਮਹਾ ਬਿਖੁ ਖਾਇ ॥ ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਮਨਮੁਖਿ ਅੰਧਾ ਆਵੈ ਜਾਇ॥3॥ ਅੰਗ 161"। ਦੂਜਾ ਭਾਉ, ਜਿਸ ਨੇ ਸਾਨੂੰ ਪ੍ਰਭੂ ਦੇ ਚਰਨ ਭੁਲਾ ਦਿੱਤੇ ਹਨ, ਸਾਡਾ ਪ੍ਰਭੂ ਨਾਲ਼ ਅਟੁੱਟ ਪਿਆਰ ਨਹੀਂ ਪੈਣ ਦਿੰਦਾ। "ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਕੇ ਚਰਣ ਵਿਸਾਰੇ ॥ ਅੰਗ 796"।

ਇਸ ਕਰਕੇ ਸਤਿਗੁਰੂ ਜੀ ਸਾਨੂੰ ਦੂਜਾ ਭਾਉ ਵਿਸਾਰਨ ਦੀ ਨੇਕ ਸਲਾਹ ਦਿੰਦੇ ਹਨ, "ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ ॥2॥ ਅੰਗ 400"। ਅਤੇ "ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥ ਅੰਗ 763"। ਗੁਰੂ ਨੂੰ ਮਿਲਕੇ ਦੂਜਾ ਭਾਉ ਤਿਆਗਿਆ ਜਾ ਸਕਦਾ ਹੈ! "ਗੁਰ ਮਿਲਿ ਤਿਆਗਿਓ ਦੂਜਾ ਭਾਉ॥ ਅੰਗ 1147"। ਦੂਜਾ ਭਾਉ ਗਵਾਉਣ ਦਾ ਇਕ ਹੋਰ ਫਾਇਦਾ ਇਹ ਵੀ ਹੈ ਕਿ ਮਨ ਸੰਤੋਖ ਵਿਚ ਆ ਜਾਂਦਾ ਹੈ। "ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥ ਅੰਗ 560"। ਦੂਜੇ ਪਾਸੇ ਜੇਕਰ ਮਨ ਵਿਚ ਦੂਜਾ ਭਾਉ ਹੋਵੇ ਤਾਂ ਮਨੁੱਖ ਦਾ ਪਹਿਨਿਆ ਤੇ ਖਾਧਾ ਸਭ ਵਿਅਰਥ ਹੈ। "ਪੈਧਾ ਖਾਧਾ ਬਾਦਿ ਹੈ ਜਾਂ ਮਨਿ ਦੂਜਾ ਭਾਉ ॥ ਅੰਗ 1411"। ਦੂਜੇ ਭਾਉ 'ਚ ਬੰਨਿਆ ਹੋਇਆ ਸਾਰਾ ਜਗਤ ਕਾਲ ਦੇ ਕਾਬੂ ਵਿਚ ਹੈ। ਸੰਸਾਰ ਦੇ ਮਨਮੁਖ ਲੋਕ ਹਉਮੈ 'ਚ ਕਰਮ ਕਰਦੇ ਹਨ ਤੇ ਉਹਨਾਂ ਨੂੰ (ਜਮਾਂ ਦੀ) ਸਜ਼ਾ ਮਿਲਦੀ ਹੈ। "ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ ॥ ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥1॥ ਅੰਗ 162"॥

ਦੂਜਾ ਭਾਉ ਕੀ ਹੈ? ਇਕ ਪ੍ਰਮੇਸ਼ਰ ਤੋਂ ਬਿਨਾ ਹੋਰ ਕਿਸੇ ਵੀ ਮਾਇਕ ਜੀਵ ਜਾਂ ਪਦਾਰਥ ਦਾ ਮੋਹ ਦੂਜਾ ਭਾਉ ਹੈ (ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਅੰਗ 161" ਅਤੇ "ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ ਅੰਗ 920"।)।

ਚਲਦਾ...


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................................
ADDRESS....................................................................
..................................................POST CODE..............................
TEL...............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*


# ਯੂਕੇ ਦੀ ਚੀਨ ਨਾਲ ਵਿਸਕੀ ਟੈਰਿਫ 'ਚ ਕਟੌਤੀ ਲਾਗੂ






ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਯੂਕੇ ਦੇ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਦੀ ਚੀਨ ਯਾਤਰਾ ਦੌਰਾਨ ਹੋਏ ਇੱਕ ਨਵੇਂ ਸਮਝੌਤੇ ਤਹਿਤ ਵਿਸਕੀ 'ਤੇ ਆਯਾਤ ਟੈਕਸ 10% ਤੋਂ ਘਟਾ ਕੇ 5% ਕਰ ਦਿੱਤਾ ਹੈ। ਇਹ ਇੱਕ ਅਜਿਹਾ ਕਰਾਰ ਹੈ ਜੋ ਅਗਲੇ ਪੰਜ ਸਾਲਾਂ ਵਿੱਚ ਯੂਕੇ ਦੀ ਆਰਥਿਕਤਾ ਲਈ £250 ਮਿਲੀਅਨ ਦਾ ਫ਼ਾਇਦਾ ਹੋਵੇਗਾ। ਸਕਾਟਲੈਂਡ ਦੀ ਸਕਾਚ ਵਿਸਕੀ ਬ੍ਰਿਟੇਨ ਦੇ ਪੀਣ ਵਾਲੇ ਪਦਾਰਥਾਂ ਦੇ ਖੇਤਰ ਲਈ ਇੱਕ ਮੁੱਖ ਨਿਰਯਾਤ ਹੈ, ਜਿਸਦਾ ਸਾਲਾਨਾ ਨਿਰਯਾਤ £5 ਬਿਲੀਅਨ ਤੋਂ ਵੱਧ ਹੈ। ਹਾਲ ਹੀ ਦੇ ਸਾਲਾਂ ਵਿੱਚ ਚੀਨ ਇਸਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਬਾਜ਼ਾਰਾਂ ਵਿੱਚੋਂ ਇੱਕ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਇਸ ਖੇਤਰ ਲਈ ਬਹੁਤ ਚੰਗੀ ਖ਼ਬਰ ਹੈ ਜਿਸ ਨਾਲ ਦੌਲਤ ਅਤੇ ਨੌਕਰੀਆਂ ਲਈ ਅਵਸਰ ਪੈਦਾ ਹੋਣਗੇ। ਸਕਾਟਿਸ਼ ਚੈਂਬਰਜ਼ ਆਫ਼ ਕਾਮਰਸ ਦੇ ਮੁੱਖ ਕਾਰਜਕਾਰੀ ਚਰਨਦੀਪ ਸਿੰਘ ਨੇ ਕਿਹਾ ਕਿ ਵਿਸਕੀ ਡਿਊਟੀ ਘਟਾਉਣ ਨਾਲ ਸਾਨੂੰ ਇਸ ਦੀ ਮੰਗ ਨੂੰ ਆਪਣੇ ਫਾਇਦੇ ਲਈ ਵਰਤਣ ਦੀ ਇਜਾਜ਼ਤ ਮਿਲੇਗੀ, ਜਿਸ ਨਾਲ ਸਕਾਟਿਸ਼ ਡਿਸਟਿਲਰ ਇਸ ਬਾਜ਼ਾਰ ਵਿੱਚ ਵਧੇਰੇ ਪ੍ਰਤੀਯੋਗੀ ਬਣ ਜਾਣਗੇ।

**9 ਫਰਵਰੀ ਘੱਲੂਘਾਰਾ ਦਿਵਸ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ



ਸ਼ਹੀਦ ਕੌਮਾਂ ਦਾ ਸਰਮਾਇਆ ਹੁੰਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਪਿੱਛੋਂ ਸਮੇਂ ਦੀ ਹਕੂਮਤ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਰਾਹ ਤੁਰ ਪਈ। ਸਮੁੱਚੀ ਕੌਮ ਨੂੰ ਛੇ-ਸੱਤ ਦਹਾਕਿਆਂ ਤੱਕ ਜੰਗਲਾਂ ਵਿੱਚ ਰਹਿਣਾ ਪਿਆ। ਜਿਸ ਕੌਮ ਦੀਆਂ ਤਿੰਨ-ਚਾਰ ਪੀੜ੍ਹੀਆਂ ਨੂੰ ਘਰ-ਘਾਟ ਛੱਡ ਕੇ ਜੰਗਲਾਂ ਵਿੱਚ ਰਹਿਣਾ ਪਿਆ ਹੋਵੇਗਾ, ਉਸ ਕੌਮ ਦੇ ਪੁਰਖੇ ਕਿੰਨੇ ਸਖਤ ਜਾਨ ਹੋਣਗੇ। ਸਿੱਖ ਇਤਿਹਾਸ ਵਿੱਚ ਵੱਡੇ ਘੱਲੂਘਾਰੇ ਦੇ ਨਾਂਅ ਨਾਲ ਜਾਣਿਆਂ ਜਾਂਦਾ ਖ਼ੂਨੀ ਸਾਕਾ 18ਵੀਂ ਸਦੀ ਵਿੱਚ 1762 ਈ: ਵਿੱਚ ਕੁੱਪ-ਰੁਹੀੜੇ ਦੇ ਅਸਥਾਨ 'ਤੇ ਫਰਵਰੀ ਦੇ ਮਹੀਨੇ ਵਿੱਚ ਵਾਪਰਿਆ। ਇਸ ਖ਼ੂਨੀ ਸਾਕੇ ਤੋਂ ਪਹਿਲਾਂ ਇਕ ਛੋਟਾ ਘੱਲੂਘਾਰਾ ਵੀ ਵਾਪਰਿਆ। ਇਹ ਘੱਲੂਘਾਰਾ ਵੱਡੇ ਘੱਲੂਘਾਰੇ ਤੋਂ 16 ਸਾਲ ਪਹਿਲਾਂ 1746 ਈ: ਵਿੱਚ ਮਈ-ਜੂਨ ਦੇ ਮਹੀਨਿਆਂ ਵਿੱਚ ਕਾਹਨੂਵਾਨ ਦੇ ਛੰਭ ਵਿੱਚ ਵਾਪਰਿਆ ਸੀ। ਇਸ ਤੋਂ ਬਾਅਦ ਇਕ ਤੀਜਾ ਘੱਲੂਘਾਰਾ ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿੱਚ ਵਾਪਰਿਆ। ਇਸ ਖ਼ੂਨੀ ਸਾਕੇ ਨੂੰ ਜੂਨ-1984 ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਪਰ ਅਠਾਰਵੀਂ ਸਦੀ ਦੇ ਪੰਜਾਬ ਦਾ ਇਤਿਹਾਸ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਤੋਂ ਆਰੰਭ ਹੁੰਦਾ ਹੈ। ਇਸ ਅਠਾਰਵੀਂ ਸਦੀ ਵਿੱਚ ਮੁਗਲ ਹਕੂਮਤ ਵੱਲੋਂ ਕੀਤੇ ਤਸ਼ੱਦਦ ਨਾਲ ਪੰਜਾਬ ਦੇ ਇਤਿਹਾਸ ਦਾ ਕੋਈ ਪੰਨਾ ਅਜਿਹਾ ਨਹੀਂ ਜੋ ਸਿੱਖਾਂ ਨਾਲ ਹੋਏ ਟਕਰਾਅ ਦੀ ਦਾਸਤਾਨ ਤੋਂ ਖਾਲੀ ਹੋਵੇਗਾ। ਵੱਡਾ ਘੱਲੂਘਾਰਾ ਕੁੱਪ-ਰੁਹੀੜਾ (ਨੇੜੇ ਮਲੇਰਕੋਟਲਾ) ਦੇ ਅਸਥਾਨ 'ਤੇ ਜੋ ਲੁਧਿਆਣੇ ਤੋਂ ਮਲੇਰਕੋਟਲਾ ਜਾਣ ਵਾਲੀ ਸੜਕ ਦੇ ਪੱਛਮ ਵੱਲ ਮੌਜੂਦ ਹੈ, ਵਿਖੇ ਵਾਪਰਿਆ। ਅਹਿਮਦਸ਼ਾਹ ਅਬਦਾਲੀ ਨੇ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਦੀ ਕਸਮ ਖਾਧੀ ਹੋਈ ਸੀ। ਪਰ ਇਸ ਤੋਂ ਉਲਟ ਜਿਉਂ-ਜਿਉਂ ਜ਼ਬਰੋ-ਜ਼ੁਲਮ ਕਰ ਰਿਹਾ ਸੀ, ਤਿਉਂ-ਤਿਉਂ ਸਿੱਖਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਈ ਜਾ ਰਿਹਾ ਸੀ। ਇਹ ਗੱਲ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੱਖ ਸਬੂਤ ਸੀ।

1762 ਈ: ਵਿੱਚ ਬਾਤ-ਦਾ ਬਤੰਗੜ ਬਨਾਉਣ ਵਾਲੇ ਗੱਦਾਰਾਂ ਨੇ ਚੁਗਲੀਆਂ ਕਰ-ਕਰ ਅਬਦਾਲੀ ਨੂੰ ਛੇਵੇਂ ਹਮਲੇ ਲਈ ਉਕਸਾਇਆ। ਹਮਲੇ ਦੀ ਸੋਅ ਮਿਲਣ-ਸਾਰ ਸਿੱਖਾਂ ਨੇ ਯੁੱਧ ਨੀਤੀ ਅਨੁਸਾਰ ਖਿੰਡ-ਪੁੰਡ ਕੇ ਮਾਲਵੇ ਦੇ ਮਾਰੂਥਲ ਵਾਲੇ ਇਲਾਕੇ ਵੱਲ ਕੂਚ ਕਰ ਦਿੱਤਾ। ਕੁੱਪ-ਰੁਹੀੜੇ ਦੇ ਥੇਹ ਉੱਤੇ ਇਕ ਢਾਬ ਦੇ ਕਿਨਾਰੇ ਜਾ ਡੇਰੇ ਲਾਏ। ਤਕਰੀਬਨ ਸਿੱਖਾਂ ਦੀਆਂ ਸਾਰੀਆਂ ਵਹੀਰਾਂ ਜਿਨ੍ਹਾਂ ਦੀ ਗਿਣਤੀ ਵੱਖ-ਵੱਖ ਇਤਿਹਾਸਕਾਰਾਂ ਨੇ 50-60 ਹਜ਼ਾਰ ਦੱਸੀ ਹੈ। ਇਨ੍ਹਾਂ ਵਹੀਰਾਂ ਵਿੱਚ ਬੱਚੇ, ਬਜ਼ੁਰਗ ਅਤੇ ਬੀਬੀਆਂ ਵੀ ਸ਼ਾਮਿਲ ਸਨ। ਜਦੋਂ ਅਬਦਾਲੀ ਨੂੰ ਸਿੱਖਾਂ ਨੂੰ ਪਾਣੀ ਦੀ ਢਾਬ ਕਿਨਾਰੇ ਇਕੱਠੇ ਹੋਣ ਦੀ ਸੂਹ ਮਿਲੀ ਤਾਂ ਉਹ ਆਪਣੀਆਂ ਫੌਜਾਂ ਨੂੰ ਲੈ ਕੇ ਕੁੱਪ-ਰਹੀੜੇ ਨੂੰ ਚੱਲ ਪਿਆ। ਇਧਰ ਅਬਦਾਲੀ ਦੇ ਹੁਕਮ ਅਨੁਸਾਰ ਨਵਾਬ ਜੈਨ ਖਾਂ ਸਰਹੰਦ ਤੇ ਨਵਾਬ ਮਲੇਰਕੋਟਲਾ ਨੇ ਆਪਣੇ ਲਸ਼ਕਰ ਸਮੇਤ ਕੁੱਪ-ਰੁਹੀੜਾ ਦੇ ਥੇਹ ਉੱਤੇ ਬੈਠੇ ਸਿੱਖਾਂ ਦੀਆਂ ਵਹੀਰਾਂ ਨੂੰ ਘੇਰਾ ਪਾ ਲਿਆ। ਨੌਜਵਾਨ ਸਿੱਖਾਂ ਨੇ ਆਪਣੇ ਜਰਨੈਲਾਂ ਦੀ ਅਗਵਾਈ ਅਬਦਾਲੀ ਦੀਆਂ ਦੋ ਤੋਂ ਢਾਈ ਲੱਖ ਫੌਜਾਂ ਦਾ ਆਲੇ ਦੁਆਲੇ ਤੋਂ ਘੇਰਾ ਪਾ ਕੇ ਸਖ਼ਤ ਮੁਕਾਬਲਾ ਕੀਤਾ।

ਸਿੱਖ ਪਰਿਵਾਰਾਂ ਨੂੰ ਬਚਾਉਣ ਲਈ ਭਾਈ ਸ਼ੇਖ਼ੂ ਸਿੰਘ, ਭਾਈ ਸੱਗੂ ਸਿੰਘ ਭਾਈਕਾ ਜਾਨ ਹੂਲ ਕੇ ਪਰਿਵਾਰਾਂ ਨੂੰ ਬਚਾਉਣ ਲਈ ਜਾਨ ਹੂਲ ਕੇ ਲੜ ਰਹੇ ਸਨ। ਉਸ ਸਮੇਂ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ, ਸ. ਚੜਤ ਸਿੰਘ ਸ਼ੁਕਰਚਕੀਆ, ਸ. ਕਰੋੜਾ ਸਿੰਘ, ਸ. ਕਰਮ ਸਿੰਘ, ਸ. ਗੁਜਰ ਸਿੰਘ, ਸ. ਨਾਹਰ ਸਿੰਘ, ਸ. ਹਰੀ ਸਿੰਘ ਭੰਗੂ ਆਦਿ ਸਿੱਖਾਂ ਦੀਆਂ ਬਾਰਾਂ ਮਿਸਲਾਂ ਦੇ ਸਰਦਾਰ ਜੰਗ-ਏ-ਮੈਦਾਨ ਵਿੱਚ ਕੌਮ ਲਈ ਜੂਝ ਰਹੇ ਸਨ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਬੁੱਢਾ ਦੱਲ ਦੇ ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਉਪਰ ਛੋਟੇ-ਵੱਡੇ 22 ਫੱਟ ਲੱਗੇ ਸਨ। ਇਸ ਘੱਲੂਘਾਰੇ ਦੇ ਇਸ ਘਮਸਾਣ ਦੇ ਯੁੱਧ ਵਿੱਚ ਸਿੱਖ ਦੁਰਾਨੀ ਦੀ ਫੌਜ ਅੱਗੇ ਚਟਾਨ ਵਾਂਗ ਅੜ ਖਲੋਤੇ। ਇਸ ਘੱਲੂਘਾਰੇ ਪ੍ਰਤੀ ਇਤਿਹਾਸਕਾਰਾਂ ਮੁਤਾਬਿਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਬਾਟੇ ਦੇ ਅੰਮ੍ਰਿਤ ਕਲਾ ਵਰਤ ਰਹੀ ਸੀ। ਆਪਣੇ ਵਹੀਰ ਵਿੱਚ ਸ਼ਾਮਿਲ ਬਜ਼ੁਰਗਾਂ, ਬੱਚਿਆਂ ਅਤੇ ਬੀਬੀਆਂ ਨੂੰ ਬਚਾਉਂਦੇ ਅੱਗੇ ਵੱਧਦੇ ਗਏ।

ਥੋੜ੍ਹੇ ਸਮੇਂ ਵਿੱਚ ਹੀ ਇਸ ਲਹੂ ਡੋਲਵੀਂ ਲੜਾਈ ਵਿੱਚ ਜੰਗ-ਏ-ਮੈਦਾਨ ਵਿੱਚ ਲਾਸ਼ਾਂ ਦੇ ਢੇਰ ਲੱਗ ਗਏ। ਬਹਾਦਰੀ ਨਾਲ ਲੜਨ ਵਾਲੇ ਸਿੱਖ ਸਰਦਾਰਾਂ ਦੇ ਸਰੀਰ ਤੇਜ ਹਥਿਆਰਾਂ ਨਾਲ ਵਿਨ੍ਹੇ ਗਏ। ਸ. ਆਹਲੂਵਾਲੀਆ ਤੋਂ ਇਲਾਵਾ ਸ. ਸ਼ਾਮ ਸਿੰਘ ਦੇ ਸਰੀਰਾਂ ਉਪਰ ਅਨੇਕਾਂ ਡੂੰਘੇ ਤੇ ਗਹਿਰੇ ਫੱਟ ਲੱਗੇ ਸਨ। ਕੁੱਪ-ਰੁਹੀੜੇ ਦੀ ਇਸ ਰਣ-ਭੂਮੀ ਵਿੱਚ ਹੋਏ ਇਸ ਘਮਸਾਨ ਦੇ ਯੁੱਧ ਵਿੱਚ 9 ਫਰਵਰੀ, 1762 ਨੂੰ ਤਕਰੀਬਨ 30-35 ਹਜ਼ਾਰ ਸਿੰਘ ਸਿੰਘਣੀਆਂ ਅਤੇ ਭੁਜੰਗੀਆਂ ਨੇ ਸ਼ਹਾਦਤ ਦਾ ਜਾਮ ਪੀਤਾ। ਕੁਝ ਇਤਿਹਾਸਕਾਰਾਂ ਮੁਤਾਬਿਕ ਇਸ ਘੱਲੂਘਾਰੇ ਵਿੱਚ ਤਕਰੀਬਨ ਅੱਧੀ ਸਿੱਖ ਕੌਮ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਇਸ ਵੱਡੇ ਕੌਮੀ ਨੁਕਸਾਨ ਤੇ ਸ਼ਹੀਦੀਆਂ ਨੂੰ ਵੇਖਦਿਆਂ ਨੂੰ ਇਸ ਖ਼ੂਨੀ ਸਾਕੇ ਨੂੰ ਵੱਡੇ-ਘੱਲੂਘਾਰੇ ਵਜੋਂ ਜਾਣਿਆ ਜਾਂਦਾ ਹੈ। ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਕੁੱਪ-ਰੁਹੀੜੇ ਦੇ ਇਸ ਅਸਥਾਨ 'ਤੇ ਗੁ: ਵੱਡਾ ਘੱਲੂਘਾਰਾ ਅਤੇ ਸ਼ਹੀਦੀ ਯਾਦਗਾਰ ਨੂੰ ਵੇਖਣ ਲਈ ਅੱਜ ਵੀ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੁੰਦੀ ਹੈ। ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਾਡਾ ਪ੍ਰਣਾਮ।

* * * * * *

## ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ ਡਾਰਟਫੋਰਡ ਕੈਂਟ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

ਇਸ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ, ਜੋ ਕੀਰਤਨ ਅਤੇ ਤਬਲਾ ਚੰਗੀ ਤਰ੍ਹਾਂ ਜਾਣਦਾ ਹੋਵੇ। ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ ਜਿਹਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸ਼ਾਮਿਲ ਹਨ। ਉਸ ਦੇ ਕੋਲ ਸਿੱਖ ਧਰਮ ਬਾਰੇ ਗਿਆਨ ਹੋਣਾ ਲਾਜ਼ਮੀ ਹੈ। ਕੰਮ ਅਤੇ ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਦੇ ਮੁਤਾਬਕ ਤਨਖਾਹ, ਖਾਣਾ ਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਦਿੱਤੀ ਜਾਵੇਗੀ। ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ। ਹਫ਼ਤੇ ਦਾ ਘੱਟੋ-ਘੱਟ 23 ਘੰਟੇ ਕੰਮ ਹੋਵੇਗਾ। ਤਨਖਾਹ £12·71 ਪੌਂਡ ਘੰਟੇ ਦੀ ਹੋਵੇਗੀ।

ਆਪਣੇ ਪੂਰੇ ਵੇਰਵੇ ਸਮੇਤ ਅਰਜ਼ੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੇਠਾਂ ਦਿੱਤੇ ਪਤੇ 'ਤੇ 26 ਫਰਵਰੀ 2026 ਤੱਕ ਭੇਜੋ ਜੀ।

## VACANCY for RELIGIOUS WORKER at GURU HARGOBIND SAHIB GURDWARA, DARTFORD, KENT

Religious worker required at Guru Hargobind Sahib Gurdwara, Dartford, Kent. He Must have sufficient experience to do the Paath reciting Guru Granth Sahib with good command, and also they must know to do Kirtan and play Tabla. He would be performing all the Gurdwara duties as per our requirements. Must have right to work in uk. Accommodation and meals free and Salary £12.71 per hour.

**Minimum hours will be 23hrs. per week.**

**Please send your applications to Gurdwara management committee on address given below or Email: ghsdartford@outlook.com**

**CLOSING DATE: 26th FEBRUARY 2026**

**GURDWARA GURU HARGOBIND SAHIB**

8-10 Highfield Road, Dartford, Kent, DA1 2JJ (Charity No.1127047)

## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

# ਆਤਮ-ਰਸੀ ਆਤਮਾ – ਸੰਤ ਗਿਆਨੀ ਸੁੰਦਰ ਸਿੰਘ ਬੋਪਾਰਾਏ


**15 ਫ਼ਰਵਰੀ ਬਰਸੀ 'ਤੇ ਵਿਸ਼ੇਸ਼**

**ਭਗਵਾਨ ਸਿੰਘ ਜੌਹਲ**

ਰੱਬੀ ਰੰਗ ਵਿੱਚ ਰੰਗੀ ਆਤਮ-ਰਸੀ ਆਤਮਾ ਦੇ ਮਾਲਕ, ਪਰਉਪਕਾਰੀ, ਹਰ ਪਲ ਗੁਰਮਤਿ ਦੀ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਆਪਣਾ ਜੀਵਨ ਮਨੋਰਥ ਸਮਝਣ ਵਾਲੇ ਸੰਤ ਗਿਆਨੀ ਸੁੰਦਰ ਸਿੰਘ ਬੋਪਾਰਾਏ (ਸੰਪਰਦਾਇ ਭਿੰਡਰਾਂ) ਅਜਿਹੀ ਉੱਘੀ ਤੇ ਸਿੱਖ ਜਗਤ ਵਿੱਚ ਜਾਣੀ ਪਛਾਣੀ ਧਾਰਮਿਕ ਸ਼ਖ਼ਸੀਅਤ ਸਨ, ਜਿਨ੍ਹਾਂ ਆਪਣੇ ਜੀਵਨ ਦੌਰਾਨ ਸ੍ਰੀ ਗੁਰੂ ਸਾਹਿਬ ਜੀ ਦੀ ਪਾਵਨ ਗੁਰਬਾਣੀ ਦੀ ਉਨੀਂ ਸੰਪੂਰਨ ਕਥਾ ਕੀਤੀਆਂ। ਸਮੁੱਚੇ ਸੰਸਾਰ ਵਿੱਚ ਵੱਸਣ ਵਾਲੇ ਕਰੋੜਾਂ ਸਿੱਖਾਂ ਨੂੰ ਲਗਪਗ 1300 ਅਜਿਹੇ ਕਥਾ ਵਾਚਕ ਵਿੱਦਿਆਰਥੀ ਦਿੱਤੇ। ਜਿਨ੍ਹਾਂ ਦੁਨੀਆਂ ਭਰ ਵਿੱਚ ਸਿੱਖਾਂ ਵੱਲੋਂ ਸਥਾਪਤ ਸੰਸਥਾਵਾਂ, ਗੁਰਦੁਆਰਾ ਸਾਹਿਬਾਨ ਵਿੱਚ ਲੱਖਾਂ ਸਿੱਖ ਸੰਸਥਾਂ ਜੀਵਨ ਜੁਗਤਿ ਸਮਝਾਈ। ਇਨ੍ਹਾਂ ਕਥਾ-ਵਾਚਕਾਂ, ਟਕਸਾਲੀ ਗ੍ਰੰਥੀ ਸਿੰਘਾਂ ਨੂੰ ਸਿੱਖ ਜਗਤ ਨੇ ਪੂਰਾ ਮਾਣ ਸਨਮਾਨ ਦਿੱਤਾ। ਇਨ੍ਹਾਂ ਨੇ ਬਤੌਰ ਗੁਰਮਤਿ ਦੀ ਰੋਸ਼ਨੀ ਵਿੱਚ ਪ੍ਰਚਾਰ ਕਰਨ ਵਾਲੇ ਸੈਂਕੜੇ ਗੁਰਮੁੱਖਾਂ ਨੂੰ ਇਤਿਹਾਸਕ ਗੁਰਦੁਆਰਾ ਸਾਹਿਬ, ਤਖ਼ਤ ਸਾਹਿਬਾਨ ਤੇ ਗੁਰਮਤਿ ਦੀ ਟਕਸਾਲੀ ਸਿੱਖਿਆ ਨੂੰ ਪ੍ਰਚਾਰਨ ਲਈ ਯੋਗਦਾਨ ਪਾਇਆ। ਸੰਤ ਗਿਆਨੀ ਸੁੰਦਰ ਸਿੰਘ ਨੇ ਸੰਪਰਦਾਇ ਭਿੰਡਰਾਂ ਵੱਲੋਂ ਗੁਰਬਾਣੀ ਦੀ ਵਿਆਖਿਆ ਪ੍ਰਣਾਲੀ ਲਈ ਜਿਹੜਾ ਸ਼ਲਾਘਾਯੋਗ ਕਾਰਜ ਕੀਤਾ, ਉਸ ਨੂੰ ਹਮੇਸ਼ਾਂ ਲਈ ਯਾਦ ਕੀਤਾ ਜਾਂਦਾ ਰਹੇਗਾ।

ਇਸ ਮਹਾਨ ਹਸਤੀ ਦਾ ਜਨਮ ਪਿਤਾ ਸ. ਖ਼ਜ਼ਾਨ ਸਿੰਘ ਤੇ ਮਾਤਾ ਮਹਿਤਾਬ ਕੌਰ ਦੇ ਗ੍ਰਹਿ ਵਿਖੇ 18 ਅਗਸਤ, 1883 ਈ: ਨੂੰ ਉਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਭਿੰਡਰਕਲਾਂ ਵਿਖੇ ਹੋਇਆ। ਮੁੱਢਲੀ ਸਿੱਖਿਆ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਅਤੇ ਆਪਣੇ ਸਤਿਕਾਰਯੋਗ ਪਿਤਾ ਜੀ ਭਾਈ ਖਜ਼ਾਨ ਸਿੰਘ ਤੋਂ ਪ੍ਰਾਪਤ ਕੀਤੀ, ਜੋ ਆਪਣੇ ਸਮੇਂ ਉੱਘੇ ਟਕਸਾਲੀ ਵਿਦਵਾਨ ਸਨ। ਇਸ ਤੋਂ ਪਿੱਛੋਂ ਪਿੰਡ ਦਾਦ ਦੇ ਉਦਾਸੀ ਸੰਤ ਪੰਡਿਤ ਜਵਾਲਾ ਦਾਸ ਅਤੇ ਪੰਡਿਤ ਭਗਤ ਰਾਮ ਤੋਂ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਗੁਰਮਤਿ ਦੇ ਗਹਿਰ-ਗੰਭੀਰ ਅਧਿਐਨ ਲਈ ਸੰਤ ਗਿਆਨੀ ਸੁੰਦਰ ਸਿੰਘ ਨੇ ਸਮੁੱ-ਚੇ ਮਾਲਵੇ ਖੇਤਰ ਭਰਮਣ ਕੀਤਾ, ਆਪਣੇ ਸਮੇਂ ਕਈ ਵਿਦਵਾਨਾਂ ਦੀ ਸੰਗਤ ਕੀਤੀ। ਇਸ ਤੋਂ ਬਾਅਦ ਸਿੱਖੀ ਦੇ ਕੇਂਦਰ ਅੰਮ੍ਰਿਤਸਰ ਵੀ ਪੁੱਜੇ, ਪਰ ਅਜੇ ਅਜਿਹੇ ਮੁਰਸ਼ਦ ਦੀ ਤਲਾਸ਼ ਵਿੱਚ ਜੋ ਬੰਦਗੀ ਅਤੇ ਅਨੁਭਵੀ ਸਿੱਖਿਆ ਦਾ ਗਿਆਨ ਵੀ ਕਰਵਾ ਸਕੇ। ਆਖਰ 23-24 ਸਾਲ ਦੀ ਉਮਰ ਵਿੱਚ 1906 ਈ: ਵਿੱਚ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਗੁਜਰਾਤ ਦੇ ਕਸਬਾ ਮੁਰਾਲਾ (ਪਾਕਿਸਤਾਨ) ਵਿੱਚ ਉਸ ਸਮੇਂ ਦੀ ਉੱਘੀ ਸਿੱਖ ਧਾਰਮਿਕ ਸ਼ਖ਼ਸੀਅਤ ਸੰਤ ਬਾਬਾ ਬਿਸ਼ਨ ਸਿੰਘ ਮੁਰਾਲੇ ਵਾਲਿਆਂ ਦੀ ਸੇਵਾ ਵਿੱਚ ਜਾ ਹਾਜ਼ਰ ਹੋਏ। ਉਨ੍ਹਾਂ ਦੇ ਲਾਡਲੇ ਸ਼ਿਸ਼ ਵਜੋਂ ਦੋ ਸਾਲ ਇਥੇ ਰਹਿ ਕੇ ਗੁਰਮਤਿ ਦੀ ਟਕਸਾਲੀ ਵਿੱਦਿਆ ਦਾ ਡੂੰਘਾ ਅਧਿਐਨ ਕੀਤਾ।

ਜਦੋਂ ਗੁਰਮਤਿ ਵਿਚਾਰਧਾਰਾ ਵਿੱਚ ਪ੍ਰਪੱਕਤਾ ਹਾਸਲ ਹੋ ਗਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀਆਂ 19 ਕਥਾ ਕਰਨ ਤੋਂ ਇਲਾਵਾ ਦੋ ਵਾਰ ਸ੍ਰੀ ਦਸਮ ਗ੍ਰੰਥ ਦੀ ਸੰਪੂਰਨ ਕਥਾ ਕੀਤੀ। ਆਪਣੇ ਸੈਂਕੜੇ ਵਿੱਦਿਆਰਥੀਆਂ ਨੂੰ ਗੁਰਮਤਿ ਦੇ ਮਾਰਤੰਡ ਵਿਦਵਾਨ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਸਵੱਈਆਂ, ਕਬਿਤਾਂ ਦੇ ਅਰਥਾਂ ਵਿੱਚ ਵੀ ਨਿਪੁੰਨ ਕੀਤਾ। ਆਪ ਜੀ ਨੇ ਭਿੰਡਰਕਲਾਂ, ਬੋਪਾਰਾਏ, ਤਖ਼ਤੂਪੁਰਾ ਆਦਿ ਹੋਰ ਥਾਵਾਂ



'ਤੇ ਗੁਰਮਤਿ ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਇਨ੍ਹਾਂ ਕੇਂਦਰਾਂ ਤੋਂ ਹਜ਼ਾਰਾਂ ਵਿੱਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਤੋਂ ਇਲਾਵਾ ਸਿੱਖ ਧਰਮ, ਵੇਦਾਂਤ ਅਤੇ ਹੋਰ ਅਨੇਕਾਂ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਜੀ ਨੇ ਮੋਗੇ ਦੇ ਨੇੜੇ ਪਿੰਡ ਰੋਡੇ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂਅ 'ਤੇ ਸਕੂਲ ਦੀ ਸਥਾਪਨਾ ਕੀਤੀ, ਜੋ ਪਿੱਛੋਂ ਉੱਚ ਵਿੱਦਿ-ਆ ਲਈ ਕਾਲਜ ਦਾ ਰੂਪ ਧਾਰਨ ਕਰ ਗਿਆ। ਇਸ ਤੋਂ ਬਾਅਦ ਵਿੱਚ ਪੰਜਾਬ ਦੇ ਲੋਕਾਂ ਨੂੰ ਖਾਸ ਕਰਕੇ ਸਿੱਖਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਪਛੜਦਿਆਂ ਦੇਖ ਕੇ ਅੱਧੀ ਦਰਜਨ ਹੋਰ ਸਕੂਲ ਸਥਾਪਿਤ ਕੀਤੇ। ਜਿਨ੍ਹਾਂ ਵਿੱਚ ਭਿੰਡਰਕਲਾਂ, ਕੋਕਰੀਕਲਾਂ, ਬੋਪਾਰਾਏ ਕਲਾਂ, ਤਖ਼ਤੂ ਪੁਰਾ, ਰਾਏ ਕੋਟ ਵਰਗੇ ਵੱਡੇ ਪਿੰਡਾਂ ਵਿੱਚ ਸੰਗਤ ਦੇ ਸਹਿਯੋਗ ਨਾਲ ਇਹ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਇਨ੍ਹਾਂ ਦੇ ਜੀਵਨ ਕਾਲ ਦੇ ਇਨ੍ਹਾਂ ਵਰ੍ਹਿਆਂ ਵਿੱਚ ਗੁਰਧਾਮਾਂ ਦੀ ਅਜ਼ਾਦੀ ਲਈ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ। ਇਸ ਵੱਡੇ ਸੰਘਰਸ਼ ਵਿੱਚ ਸ਼ਾਮਿਲ ਹੋਣ ਲਈ ਹਕੂਮਤ ਦੀਆਂ ਵਧੀਕੀਆਂ ਦੇ ਵਿਰੋਧ ਵਿੱਚ ਸਿੱਖ ਪਰਿਵਾਰਾਂ ਵਿੱਚ ਸਖ਼ਤ ਰੋਹ ਦੀ ਲਹਿਰ ਚੱਲ ਰਹੀ ਸੀ। ਮਾਲਵੇ ਦੇ ਇਲਾਕੇ ਵਿੱਚ ਗੁਰਧਾਮਾਂ ਦੀ ਹੋ ਰਹੀ ਬੇਅਦਬੀ ਅਤੇ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਛੁਟਕਾਰਾ ਦਿਵਾਉਣ ਲਈ ਸੰਘਰਸ਼ ਕਰ ਰਹੇ ਸਿੱਖ ਯੋਧਿਆਂ ਨੂੰ ਵਿਸ਼ੇਸ਼ ਸਹਿਯੋਗ ਦੇ ਕੇ ਚਾਲੀ ਮੁਕਤਿਆਂ ਦੀ ਪਾਵਨ ਧਰਤੀ ਸ੍ਰੀ ਮੁਕਤਸਰ ਸਾਹਿਬ ਦੇ ਗੁਰਧਾਮਾਂ ਅਤੇ ਗੁਰਦੁਆਰਾ ਪਾਤਸ਼ਾਹ ਦੱਸਵੀਂ ਹੇਰਾਂ ਦੇ ਗੁਰੂ ਘਰਾਂ ਦੀ ਸੇਵਾ ਨਵੀਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿਵਾਉਣ ਵਿੱਚ ਆਪਣਾ ਯੋਗਦਾਨ ਪਾਇਆ।

ਆਪਣਾ ਪੂਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ, ਲੱਖਾਂ ਸਿੱਖ ਸੰਗਤ ਨੂੰ ਗੁਰਮਤਿ ਸਿੱਖਿਆ, ਗੁਰਬਾਣੀ ਵਿਆਖਿਆ ਨੂੰ ਸਮਰਪਿਤ ਕੀਤਾ। ਉਨ੍ਹਾਂ ਦਾ ਨਿਸ਼ਚਾ ਸੀ, ਦੇਸ਼ ਦੁਨੀਆਂ ਵਿੱਚ ਰਹਿਣ ਵਾਲਾ ਹਰ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਸ਼ਹੀਦਾਂ, ਮਰਜੀਵੜਿਆਂ ਦੇ ਇਤਿਹਾਸ ਤੋਂ ਜਾਣੂ ਹੋਵੇ। ਆਪਣੇ ਜੀਵਨ ਦੇ ਬੇਸ਼ਕੀਮਤੀ ਵਰ੍ਹੇ ਗੁਰੂ ਸਾਹਿਬਾਨ ਦੀ ਇਸ ਪਾਵਨ ਧਰਤੀ ਤੇ ਸਿੱਖ ਸੰਗਤ ਵਿੱਚ ਵਿਚਰਦਿਆਂ ਗੁਰਮਤਿ ਦਾ ਹੋਕਾ ਦਿੰਦਿਆਂ ਬਤੀਤ ਕੀਤੇ। 47-48 ਸਾਲ ਦੀ ਆਯੂ ਵਿੱਚ 15 ਫ਼ਰਵਰੀ, 1930 ਈ: ਨੂੰ ਗੁਰਦੁਆਰਾ ਸਚਖੰਡ ਸਾਹਿਬ ਬੋਪਾਰਾਏ ਕਲਾਂ ਵਿਖੇ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਅਭੇਦ ਹੋ ਗਏ। ਹਰ ਸਾਲ ਹੀ ਆਪ ਜੀ ਦੀ ਪਾਵਨ ਯਾਦ ਗੁ: ਸਚਖੰਡ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਆਯੋਜਿਤ ਕੀਤੇ ਜਾਂਦੇ ਹਨ। ਇਸ ਰਸੀ ਹੋਈ ਆਤਮਾ ਨੂੰ ਸਾਡਾ ਪ੍ਰਣਾਮ।

# ਨਸ਼ਾ ਤਸਕਰੀ ਤੇ ਹਥਿਆਰਾਂ ਦੇ ਗੁਪਤ ਸੌਦੇ ਦਾ ਪਰਦਾਫਾਸ਼, ਭਾਰਤੀ ਮੂਲ ਸਮੇਤ ਤਿੰਨ ਦੋਸ਼ੀਆਂ ਨੂੰ ਲੰਬੀ ਕੈਦ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਘਾਤਕ ਹਥਿਆਰਾਂ ਦੇ ਗੈਰ-ਕਾਨੂੰਨੀ ਸੌਦਿਆਂ ਨਾਲ ਜੁੜੇ ਇਕ ਬਹੁਤ ਹੀ ਗੰਭੀਰ ਮਾਮਲੇ ਵਿੱਚ ਅਦਾਲਤ ਨੇ ਭਾਰਤੀ ਮੂਲ ਦੇ ਇਕ ਵਿਅਕਤੀ ਸਮੇਤ ਤਿੰਨ ਦੋਸ਼ੀਆਂ ਨੂੰ ਲੰਬੀ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਇਸ ਗਿਰੋਹ ਨੂੰ ਸਮਾਜ ਲਈ ਬੇਹੱਦ ਖ਼ਤਰਨਾਕ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ ਦੀਆਂ ਸਰਗਰਮੀਆਂ ਦੇਸ਼ ਦੀ ਜਨਤਕ ਸੁਰੱਖਿਆ ਲਈ ਵੱਡਾ ਖ਼ਤਰਾ ਬਣ ਚੁੱਕੀਆਂ ਸਨ।**

ਅਦਾਲਤੀ ਦਸਤਾਵੇਜ਼ਾਂ ਮੁਤਾਬਕ 47 ਸਾਲਾ ਨਾਗੇਂਦਰ ਗਿੱਲ ਆਪਣੇ ਦੋ ਸਾਥੀਆਂ ਕਾਰਲ ਇਆਨ ਜੋਨਸ ਅਤੇ ਹਾਰਲੀ ਵਾਈਜ਼ ਨਾਲ ਮਿਲ ਕੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਫੌਜੀ ਕਿਸਮ ਦੇ ਹਥਿਆਰਾਂ ਦੀ ਖਰੀਦ-ਫਰੋਖ਼ਤ ਦੀਆਂ ਯੋਜਨਾਵਾਂ ਬਣਾਉਂਦਾ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਇਹ ਗਿਰੋਹ ਗੁਪਤ ਸੰਚਾਰ ਦੇ ਤਰੀਕਿਆਂ ਰਾਹੀਂ



ਆਪਸ ਵਿੱਚ ਸੰਪਰਕ ਕਰਦਾ ਸੀ ਅਤੇ ਅਪਰਾਧਿਕ ਲੈਣ-ਦੇਣ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਅੰਜਾਮ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ।

ਜਾਂਚ ਏਜੰਸੀਆਂ ਨੇ ਅਦਾਲਤ ਵਿੱਚ ਦੱਸਿਆ ਕਿ ਦੋਸ਼ੀ ਉੱਚ ਦਰਜੇ ਦੇ ਹਥਿਆਰਾਂ, ਖ਼ਾਸ ਕਰਕੇ ਅਸਾਲਟ ਰਾਈਫਲਾਂ ਅਤੇ ਵੱਡੀ ਮਾਤਰਾ ਵਿੱਚ ਗੋਲਾ-ਬਾਰੂਦ ਦੇ ਸੌਦਿਆਂ ਦੀ ਤਿਆਰੀ ਕਰ ਰਹੇ ਸਨ। ਇਸ ਦੇ ਨਾਲ ਹੀ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੇ ਜਾਲ ਨੂੰ ਫੈਲਾਉਣ ਦੀ ਵੀ ਯੋਜਨਾ ਬਣਾਈ ਜਾ ਰਹੀ ਸੀ, ਜਿਸ ਨਾਲ ਨੌਜਵਾਨ ਪੀੜ੍ਹੀ ਨੂੰ ਭਾਰੀ ਨੁਕਸਾਨ ਪਹੁੰਚ ਸਕਦਾ ਸੀ।

ਅਦਾਲਤ ਨੇ ਸੁਣਵਾਈ ਦੌਰਾਨ ਕਿਹਾ ਕਿ ਇਹ ਗਿਰੋਹ ਸਿਰਫ਼ ਨਫ਼ੇ ਲਈ ਕੰਮ ਨਹੀਂ ਕਰ ਰਿਹਾ ਸੀ, ਸਗੋਂ ਇਨ੍ਹਾਂ ਦੀਆਂ ਸਰਗਰਮੀਆਂ ਨਾਲ ਸਮਾਜ ਵਿੱਚ ਡਰ ਅਤੇ ਅਸਥਿਰਤਾ ਪੈਦਾ ਹੋ ਰਹੀ ਸੀ। ਇਸ ਮਾਮਲੇ ਵਿੱਚ ਅਦਾਲਤ ਨੇ ਨਾਗੇਂਦਰ ਗਿੱਲ ਨੂੰ 20 ਸਾਲ ਦੀ ਕੈਦ, ਜਦਕਿ ਉਸ ਦੇ ਸਾਥੀਆਂ ਨੂੰ ਇਸ ਤੋਂ ਵੀ ਵੱਧ ਮਿਆਦ ਦੀਆਂ ਸਜ਼ਾਵਾਂ ਸੁਣਾਈਆਂ।

ਬਰਤਾਨੀਆ ਦੀ ਰਾਸ਼ਟਰੀ ਅਪਰਾਧ ਰੋਕਥਾਮ ਏਜੰਸੀ ਦੇ ਅਧਿਕਾਰੀਆਂ ਨੇ ਕਿਹਾ ਕਿ ਇਸ ਕਾਰਵਾਈ ਨਾਲ ਇੱਕ ਵੱਡਾ ਅਪਰਾਧਿਕ ਜਾਲ ਟੁੱਟਿਆ ਹੈ। ਉਨ੍ਹਾਂ ਮੁਤਾਬਕ, ਇਨ੍ਹਾਂ ਦੋਸ਼ੀਆਂ ਦੇ ਜੇਲ੍ਹ ਜਾਣ ਨਾਲ ਨਸ਼ਾ ਤਸਕਰੀ ਅਤੇ ਹਥਿਆਰਾਂ ਦੇ ਗੈਰ-ਕਾਨੂੰਨੀ ਵਪਾਰ ਨੂੰ ਵੱਡਾ ਝਟਕਾ ਲੱਗਿਆ ਹੈ ਅਤੇ ਆਮ ਲੋਕਾਂ ਦੀ ਸੁਰੱਖਿਆ ਹੁਣ ਪਹਿਲਾਂ ਨਾਲੋਂ ਕਾਫ਼ੀ ਬਿਹਤਰ ਹੋਈ ਹੈ।

ਅਧਿਕਾਰੀਆਂ ਨੇ ਇਹ ਵੀ ਸਪਸ਼ਟ ਕੀਤਾ ਕਿ ਅਜਿਹੇ ਅਪਰਾਧਾਂ ਖ਼ਿਲਾਫ਼ ਸਖ਼ਤ ਕਾਰਵਾਈ ਅੱਗੇ ਵੀ ਜਾਰੀ ਰਹੇਗੀ ਅਤੇ ਕਿਸੇ ਵੀ ਕੀਮਤ 'ਤੇ ਸਮਾਜ ਨੂੰ ਖ਼ਤਰੇ ਵਿੱਚ ਪਾਉਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

**ਲੜੀਵਾਰ ਨਾਵਲ**



**ਸ਼ਿਵਚਰਨ ਜੱਗੀ (ਕੁੱਸਾ)**

**ਫੋਨ : 07853 317 891**

Email: jaggikussa@yahoo.de



**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 58**

# ਇੱਕ ਮੇਰੀ ਅੱਖ ਕਾਸ਼ਣੀ...

**–"ਪੁੱਤ, ਤੂੰ ਆਪਣੇ ਹੈਰੀ ਨੂੰ ਕਿਵੇਂ ਨਾ ਕਿਵੇਂ ਰਾਹ 'ਤੇ ਲਿਆ..। ਲਾਦੂ ਕੱਢ ਇਹਨੂੰ ਮੇਰੀ ਧੀ...। ਨਹੀਂ ਇਹਨੇ ਨੀ ਕੋਈ ਹੱਥ ਪੱਲਾ ਹਿਲਾਉਣਾ...। ਇਹ ਤਾਂ ਸਾਧ ਐ ਪੁੱਤ...!" ਸੱਸ ਨੇ ਮਾਣੋਂ ਨੂੰ ਸਿੱਧੀ ਸਪੱਸ਼ਟ ਗੱਲ ਨੂੰਹ ਦੇ ਮੱਥੇ ਮਾਰੀ, "ਜੇ ਸੰਖ ਪੂਰਨਾ ਹੋਵੇ ਤਾਂ ਉਹਦੇ 'ਚ ਦੱਬ ਕੇ ਫੂਕ ਮਾਰਨੀ ਪੈਂਦੀ ਐ, ਪੁੱਤ...! ਇਹਨੂੰ ਕਿਵੇਂ ਨਾ ਕਿਵੇਂ ਬੰਦਿਆਂ ਆਲ਼ੇ ਸਿੱਧੇ ਰਾਹ 'ਤੇ ਲਿਆ...। ਤੂੰ ਕੀ ਨੀ ਕਰ ਸਕਦੀ...? ਸੁੱਖ ਨਾ' ਕਿੰਨੀ ਜੁਆਨ ਜਹਾਨ ਤੇ ਸੋਹਣੀ ਸੁਣੱਖੀ ਤੂੰ ਹੈਗ੍ਹੀ ਆਂ...। ਸੋਹਣੀਆਂ ਤੀਮੀਆਂ ਨੂੰ ਦੇਖ ਕੇ ਤਾਂ ਰਿਸ਼ੀ ਮੁਨੀ ਡੋਲ ਗਏ, ਇਹ ਤਾਂ ਫੇਰ ਸਿੱਧੜ ਜਿਹਾ ਮੁੰਡੈ...। ਸਮਝਗੀ ਪੁੱਤ...?"**

**ਮਾਣੋਂ ਨੇ ਫ਼ਿਰ ਸਹਿਮਤੀ ਵਿੱਚ ਸਿਰ ਹਿਲਾਇਆ।**




## ਕਾਂਡ 26

ਬੱਸ, ਓਦੋਂ ਨਿੱਕੇ ਹੁੰਦੇ ਤੋਂ ਇਹਦੇ ਮਨ 'ਤੇ ਐਸਾ ਅਸਰ ਪਿਆ, ਆਹ ਦੇਖਲਾ, ਵਿਚਾਰਾ ਲੋਲ੍ਹਾ ਬਣ ਗਿਆ...। 'ਕੱਲਾ-'ਕੱਲਾ ਪੁੱਤ ਐ, ਦੁੱਖ ਤਾਂ ਆਉਂਦਾ ਈ ਐ ਪੁੱਤ...। ਪਰ ਵੱਸ ਕੋਈ ਨੀ...। ਕਦੇ-ਕਦੇ ਦਿਲ ਕਰਦੈ ਇਹਦੇ ਪਿਉ ਦੀ ਹੱਕ 'ਚ ਟੱਕਰ ਮਾਰ ਕੇ ਮਰਜਾਂ...।" ਮਲਕੀਤ ਕੌਰ ਡੁਸਕ ਪਈ। ਉਸ ਦੀਆਂ ਅੱਖਾਂ ਵਿੱਚੋਂ ਹੰਝੂ "ਪਰਲ-ਪਰਲ" ਵਹਿ ਤੁਰੇ। ਮਾਣੋਂ ਨੂੰ ਬੇਵੱਸ ਸੱਸ 'ਤੇ ਅਥਾਹ ਤਰਸ ਆਇਆ ਅਤੇ ਉਸ ਨੇ ਮਾਂ ਵਰਗੀ ਸੱਸ ਨੂੰ ਘੁੱਟ ਕੇ ਜੱਫ਼ੀ ਪਾ ਲਈ। ਸੱਸ ਨੂੰ ਰੋਂਦੀ ਦੇਖ ਕੇ ਮਾਣੋਂ ਦਾ ਵੀ ਰੋਣ ਨਿਕਲ਼ ਗਿਆ।

ਇੱਕ ਅਜੀਬ ਮਾਹੌਲ ਬਣ ਗਿਆ ਸੀ।

ਹੈਰੀ ਕਿਸੇ ਖਾਣੇ ਦਾ ਆਰਡਰ ਦੇਣ ਵਿੱਚ ਮਘਨ ਸੀ।

ਡਾਲੀ ਫ਼ੋਨ ਚਾਰਜ 'ਤੇ ਲਾ ਕੇ ਫ਼ੋਨ ਦੀ ਸੈਟਿੰਗ ਕਰ ਰਹੀ ਸੀ।

ਸੱਸ ਅਤੇ ਨੂੰਹ ਰੋ ਰਹੀਆਂ ਸਨ।

–"ਲੈ, ਮੈਂ ਵੀ ਕਮਲ਼ੀ ਕਿਹੜੀਆਂ ਗੱਲਾਂ ਲੈ ਕੇ ਬਹਿ ਗਈ...? ਗੱਲਾਂ ਤਾਂ ਆਪਾਂ ਖ਼ੁਸ਼ੀ ਦੀਆਂ ਕਰਨੀਆਂ ਸੀ, ਤੇ ਲੱਗ ਪਈਆਂ ਆਪਾਂ ਰੋਣ...। ਤੂੰ ਕੁਛ ਖਾਧਾ ਪੀਤਾ ਪੁੱਤ...?"

–"ਕੋਈ ਨੀ ਮੈਂ ਖਾ ਲਊਂਗੀ ਬੀਜੀ...।"

–"ਖਾ ਕਦੋਂ ਲਵੇਂਗੀ...? ਪਹਿਲਾਂ ਤੂੰ ਨਹਾ ਪੁੱਤ ਉਠ ਕੇ...। ਮੈਂ ਤੇਰੇ ਵਾਸਤੇ ਕੁਛ ਖਾਣ ਦਾ ਪ੍ਰਬੰਧ ਕਰਦੀ ਆਂ...। ਚੱਲ, ਤੂੰ ਨਹਾ ਗਰਮ ਗਰਮ ਪਾਣੀ ਨਾਲ਼, ਉਠ ਮੇਰਾ ਸ਼ੇਰ...!" ਸੱਸ ਨੇ ਬੁਸ਼ਕਾਰ ਕੇ ਜਿਹੇ ਮਾਣੋਂ ਨੂੰ ਨਹਾਉਣ ਤੋਰ ਦਿੱਤਾ।

ਫੁਆਰੇ ਹੇਠ ਨਹਾਉਂਦੀ ਮਾਣੋਂ ਨੂੰ ਆਪਣੇ ਹੇਠਲੇ ਹਿੱਸੇ 'ਚੋਂ ਅਜੀਬ ਬੂਅ ਆਈ।

ਉਸ ਨੇ ਸਾਹ ਥਾਂ 'ਤੇ ਹੀ ਰੋਕ ਲਿਆ।

ਉਸ ਨੇ ਬੰਦ ਅੱਖਾਂ ਖੋਲ੍ਹ ਕੇ 'ਬਾਥ ਟੱਬ' ਵਿੱਚ ਥੱਲੇ ਨਜ਼ਰ ਮਾਰੀ ਤਾਂ ਉਸ ਦੀਆਂ ਖਾਨਿਓਂ ਗੁਆਚ ਗਈਆਂ। ਬਾਥ ਟੱਬ ਦਾ ਪਾਣੀ ਲਾਲ ਸੀ। ਮਾਣੋਂ ਦਾ ਦਿਲ ਦਹਿਲ ਗਿਆ। ਉਸ ਦਾ ਦਿਲ ਕੀਤਾ ਕਿ ਆਪਣੀ ਸੱਸ ਨੂੰ ਅਵਾਜ਼ ਮਾਰ ਕੇ ਦਿਖਾਵੇ ਕਿ ਹੈਰੀ ਜੀ ਤਾਂ ਇਸ ਕਾਬਲ ਨਹੀਂ, ਤੇ ਆਹ ਖ਼ੂਨੋਂ ਖ਼ੂਨ ਮੈਨੂੰ ਕਿਸ ਨੇ ਕਰ ਦਿੱਤਾ...? ਉਸ ਦੇ ਹੇਠਲੇ ਹਿੱਸੇ ਵਿੱਚੋਂ ਇੱਕ ਚੀਸ ਉਠੀ, ਜਿਸ ਨੇ ਉਸ ਦਾ ਸਾਰਾ ਸਰੀਰ ਝੰਜੋੜ ਦਿੱਤਾ। ਉਹ ਕਸੀਸ ਵੱਟ ਕੇ ਗਰਮ-ਗਰਮ ਪਾਣੀ ਆਪਣੇ ਝਰੀਟੇ ਸਰੀਰ ਉਪਰ ਪਾਈ ਗਈ। ਕਈ ਜਗਾਹ ਉਪਰ ਗਰਮ ਪਾਣੀ ਮਿਰਚਾਂ ਵਾਂਗ ਲੱਗਦਾ ਸੀ। ਜਿਉਂ-ਜਿਉਂ ਉਹ ਨਹਾ ਰਹੀ ਸੀ, ਤਿਉਂ-ਤਿਉਂ ਉਸ ਨੂੰ ਆਪਣੇ ਸਰੀਰ ਵਿੱਚੋਂ ਹੋਰ ਬੂਅ ਜਿਹੀ ਆ ਰਹੀ ਸੀ। ਉਸ ਨੇ ਸੋਚਣਾ ਸ਼ੁਰੂ ਕਰ ਦਿੱਤਾ; ... ਜੇ ਹੁਣ ਕੰਜਰ ਨੇ ਮੈਨੂੰ ਪੀਣ ਵਾਸਤੇ ਕੁਛ ਦਿੱਤਾ, ਤਾਂ ਡੋਲ੍ਹ ਦੇਣਾ ਹੈ, ਪੀਣਾਂ ਨਹੀਂ...। ...ਤੇ ਨਾ ਹੀ ਕੁਛ ਖਾਣਾਂ ਹੈ...। ਮੇਰੀ ਭੋਲ਼ੀ ਭਾਲ਼ੀ ਸੱਸ ਵਿਚਾਰੀ ਨੇ ਕਿੰਨਾਂ ਇਸ ਬੁੱਚੜ ਦਾ ਤਸ਼ੱਦਦ ਜਰਿਆ...। ਇਹਦੇ ਤਸ਼ੱਦਦ ਕਾਰਨ ਹੈਰੀ ਜੀ ਦੀ ਦਿਮਾਗੀ ਹਾਲਤ ਖਰਾਬ ਹੋਈ...। ਅਜਿਹੇ ਦੈਂਤ ਨੂੰ ਤਾਂ ਫ਼ਾਹੇ ਲਾਉਣਾ ਚਾਹੀਦੈ...। ਚੰਗਾ ਹੋ ਗਿਆ ਮੇਰੀ ਸੱਸ ਵਿਚਾਰੀ ਪਾਸੇ ਹੋ ਗਈ...। ਇਹਦੇ ਵਰਗੇ ਕਸਾਈ ਦਾ ਕੀ ਪਤਾ ਕਿ ਗਲ਼ ਘੁੱਟ ਕੇ ਮਾਰ ਹੀ ਦੇਵੇ...?

ਉਹ ਨਹਾ ਕੇ ਬਾਹਰ ਆਈ ਤਾਂ ਸੱਸ ਉਸ ਲਈ ਆਂਡਿਆਂ ਦੀ ਭੁਰਜੀ ਲਈ ਖੜ੍ਹੀ ਸੀ।

ਮਾਣੋਂ ਦਾ ਸੰਦਲੀ ਚਿਹਰਾ ਸੱਸ ਨੂੰ ਹੋਰ ਮਣਮੋਹਣਾ ਲੱਗਿਆ। "ਨਜ਼ਰ ਨਾ ਲੱਗਜੇ!" ਸੋਚ ਕੇ ਸੱਸ ਨੇ ਪਾਸੇ ਝਾਕਣਾ ਸ਼ੁਰੂ ਕਰ ਦਿੱਤਾ।

–"ਲੈ ਖਾ ਪੁੱਤ...।" ਸੱਸ ਨੇ ਡਾਇਨਿੰਗ ਟੇਬਲ ਕੋਲ਼ ਬੈਠਦੀ ਨੇ ਕਿਹਾ। ਅਣਮੰਨੇ ਜਿਹੇ ਮਨ ਨਾਲ਼ ਉਸ ਨੇ ਭੁਰਜੀ ਖਾਣੀ ਸ਼ੁਰੂ ਕਰ ਦਿੱਤੀ।

–"ਤੂੰ ਵੀ ਬਹੂ ਦੇ ਨਾਲ਼ ਖਾ ਲੈ ਹੈਰੀ...।" ਮਾਂ ਨੇ ਤਰਲਾ ਜਿਹਾ ਲਿਆ। ਉਹ ਨੂੰਹ ਪੁੱਤ ਨੂੰ ਇਕੱਠਿਆਂ ਖਾਂਦਾ ਦੇਖਣਾ ਚਾਹੁੰਦੀ ਸੀ।

–"ਮੈਂ ਨੀ ਖਾਣਾ...! ਮੈਂ ਪੀਜ਼ਾ ਤੇ ਬਰਗਰ ਆਰਡਰ ਕੀਤੇ ਆ..।" ਉਹ ਅੱਕਰਾ ਜਿਹਾ ਬੋਲਿਆ।

ਮਾਣੋਂ ਨੇ ਭੁਰਜੀ ਅਤੇ ਟੋਸਟ ਮਸਾਂ, ਧੱਕੇ ਨਾਲ਼ ਅੰਦਰ ਸੁੱਟੇ।

ਡਾਲੀ ਨੇ ਫ਼ੋਨ ਦੀ ਸੈਟਿੰਗ ਕਰ ਦਿੱਤੀ ਸੀ। ਪਰ ਫ਼ੋਨ ਅਜੇ ਵੀ ਚਾਰਜਿੰਗ 'ਤੇ ਲੱਗਿਆ ਹੋਇਆ ਸੀ। ਡਾਲੀ ਆ ਕੇ ਉਹਨਾਂ ਦੋਹਾਂ ਕੋਲ਼ ਬੈਠ ਗਈ।

–"ਭਾਬੀ...!"

–"ਜੀ...?" ਮਾਣੋਂ "ਭਾਬੀ" ਕਹਿਣ 'ਤੇ ਮੁੜ ਤ੍ਰਭਕੀ।

–"ਮੇਰਾ ਨੰਬਰ ਤਾਂ ਡਾਲੀ ਦੇ ਨਾਂ ਹੇਠ ਹੀ ਸੇਵ ਕਰ ਦਿੱਤਾ, ਤੇ ਮੰਮ ਦਾ ਨੰਬਰ ਮੰਮ ਦੇ ਨਾਂ ਹੇਠ ਸੇਵ ਐ..।"

–"ਠੀਕ ਐ...।"

–"ਜਦੋਂ ਪੁੱਤ ਤੈਨੂੰ ਲੋੜ ਪਵੇ, ਬੱਸ ਇੱਕ ਘੰਟੀ ਮਾਰਨ ਦੀ ਲੋੜ ਐ, ਮੈਂ ਅੱਧੀ ਰਾਤੋਂ ਨੰਗੇ ਪੈਰੀਂ ਹਾਜ਼ਰ ਹੋਊਂ..।" ਸੱਸ ਨੇ ਕਿਹਾ।

ਡਾਲੀ ਬਾਥਰੂਮ ਚਲੀ ਗਈ।

–"ਪੁੱਤ, ਤੂੰ ਆਪਣੇ ਹੈਰੀ ਨੂੰ ਕਿਵੇਂ ਨਾ ਕਿਵੇਂ ਰਾਹ 'ਤੇ ਲਿਆ..। ਲਾਦੂ ਕੱਢ ਇਹਨੂੰ ਮੇਰੀ ਧੀ...। ਨਹੀਂ ਇਹਨੇ ਨੀ ਕੋਈ ਹੱਥ ਪੱਲਾ ਹਿਲਾਉਣਾ...। ਇਹ ਤਾਂ ਸਾਧ ਐ ਪੁੱਤ...!" ਸੱਸ ਨੇ ਮਾਣੋਂ ਨੂੰ ਸਿੱਧੀ ਸਪੱਸ਼ਟ ਗੱਲ ਨੂੰਹ ਦੇ ਮੱਥੇ ਮਾਰੀ, "ਜੇ ਸੰਖ ਪੂਰਨਾ ਹੋਵੇ ਤਾਂ ਉਹਦੇ 'ਚ ਦੱਬ ਕੇ ਫੂਕ ਮਾਰਨੀ ਪੈਂਦੀ ਐ, ਪੁੱਤ...! ਇਹਨੂੰ ਕਿਵੇਂ ਨਾ ਕਿਵੇਂ ਬੰਦਿਆਂ ਆਲ਼ੇ ਸਿੱਧੇ ਰਾਹ 'ਤੇ ਲਿਆ...। ਤੂੰ ਕੀ ਨੀ ਕਰ ਸਕਦੀ...? ਸੁੱਖ ਨਾ' ਕਿੰਨੀ ਜੁਆਨ ਜਹਾਨ ਤੇ ਸੋਹਣੀ ਸੁਣੱਖੀ ਤੂੰ ਹੈਗ੍ਹੀ ਆਂ...। ਸੋਹਣੀਆਂ ਤੀਮੀਆਂ ਨੂੰ ਦੇਖ ਕੇ ਤਾਂ ਰਿਸ਼ੀ ਮੁਨੀ ਡੋਲ ਗਏ, ਇਹ ਤਾਂ ਫੇਰ ਸਿੱਧੜ ਜਿਹਾ ਮੁੰਡੈ...। ਸਮਝਗੀ ਪੁੱਤ...?"

ਮਾਣੋਂ ਨੇ ਫ਼ਿਰ ਸਹਿਮਤੀ ਵਿੱਚ ਸਿਰ ਹਿਲਾਇਆ।

–"ਹੁਣ ਤਾਂ ਇਹ ਬੋਲਦੀ ਨੀ, ਰਾਤ ਤਾਂ ਬੜਾ ਬੋਲੀ ਜਾਂਦੀ ਸੀ, ਤੇ ਨਾਲ਼ੇ ਹੱਸੀ ਜਾਂਦੀ ਸੀ...।" ਬਰਗਰ ਖਾਂਦੇ ਹੈਰੀ ਨੇ ਮੂੰਹ 'ਚੋਂ ਬਾਣ ਚਲਾਇਆ।

ਮਾਣੋਂ ਦਾ ਮੱਥਾ ਠਣਕਿਆ। ... ਮੁਰਦਾ ਬੋਲੂ ਖੱਫਣ ਪਾੜੂ...। ਉਸ ਦਾ ਦਿਲ ਹਿੱਲਿਆ ਕਿ ਜਿਸ ਭੇਦ ਨੂੰ ਉਹ ਬਣਾਈ ਰੱਖਣਾ ਚਾਹੁੰਦੀ ਸੀ, ਉਹ ਹੁਣ ਸ਼ਾਇਦ ਖੁੱਲ੍ਹਣ ਲੱਗਿਆ ਸੀ।

–"ਰਾਤ...? ਕੀਹਦੇ ਨਾਲ਼...?" ਸੱਸ ਅਚੰਭੇ ਨਾਲ਼ ਮਾਣੋਂ ਵੱਲ ਝਾਕੀ।

–"ਪਤਾ ਨੀ...! ਡੈਡ ਸੀ ਘਰ, ਹੋਰ ਤਾਂ ਮੈਨੂੰ ਕੋਈ ਦਿਸਿਆ ਨੀ...। ਡੈਡ ਨਾਲ ਈ ਹੱਸਦੀ ਹੋਣੀ ਆਂ...?" ਉਹ ਪੀਜ਼ੇ ਨੂੰ ਮੱਝ ਵਾਂਗ ਬੁਰਕ ਜਿਹਾ ਮਾਰਦਾ ਬੋਲ ਰਿਹਾ ਸੀ।

ਮਾਂਵਾਂ-ਧੀਆਂ ਡਾਲੀ ਵੱਲ ਰਹੱਸਮਈ ਝਾਕੀਆਂ। ਸ਼ਾਇਦ ਉਹਨਾਂ ਨੂੰ ਮਾਣੋਂ ਵਿੱਚ ਹੀ ਕੋਈ 'ਕਾਣ' ਦਿਸਿਆ ਸੀ।

–"ਮਾਣੋਂ, ਸੱਚ ਦੱਸ ਪੁੱਤ, ਗੱਲ ਕੀ ਐ...?" ਸੱਸ ਨੇ ਉਸ ਦੇ ਮੋਢੇ 'ਤੇ ਹਮਦਰਦੀ ਭਰਿਆ ਹੱਥ ਰੱਖਿਆ।

ਮਾਣੋਂ ਰੋਣ ਲੱਗ ਪਈ।

ਜੋ ਜ਼ਖ਼ਮ ਉਸ ਦੀ ਰੂਹ 'ਤੇ ਹੋਏ ਸਨ, ਉਹ ਤਾਂ ਅਜੇ ਹਰੇ ਸਨ ਹੀ, ਪਰ ਆਹ ਪੋਲ ਖੁੱਲ੍ਹਣ ਨਾਲ਼ ਉਸ ਦੀ ਰੂਹ ਭਰਾੜ੍ਹ ਹੋ ਗਈ। ਉਸ ਨੇ ਸਾਰਾ ਬ੍ਰਿਤਾਂਤ ਆਪਣੀ ਸੱਸ ਅਤੇ ਨਣਾਨ ਅੱਗੇ ਰੱਖ ਦਿੱਤਾ ਅਤੇ ਪਹਿਲੀ ਰਾਤ ਤੋਂ ਲੈ ਕੇ ਹੁਣ ਵਾਲ਼ੀ ਰਾਤ ਤੱਕ ਦੇ ਸਾਰੇ ਕੱਚੇ ਚਿੱਠੇ ਬਗੈਰ ਕਿਸੇ ਭੂਮਿਕਾ ਤੋਂ ਫ਼ਰੋਲ਼ ਦਿੱਤੇ। ਉਸ ਦੇ ਦਿਲ ਵਿੱਚ ਸੀ ਕਿ ਜੇ ਮੈਂ ਇਹਨਾਂ ਨੂੰ ਇਹ ਸੱਚਾਈ ਨਾ ਦੱਸੀ, ਤਾਂ ਇਹ ਮੈਨੂੰ ਸ਼ੱਕ ਦੀ ਨਜ਼ਰ ਨਾਲ਼ ਦੇਖਣਗੀਆਂ, ਅਤੇ ਮੇਰੀ ਇੱਜ਼ਤ ਉਪਰ ਨਾ ਮਿਟਣ ਵਾਲ਼ਾ ਦਾਗ ਲੱਗ ਜਾਵੇਗਾ। ਇਸ ਲਈ ਉਸ ਨੇ ਸਾਰੀ ਕਹਾਣੀ ਕਹਿ ਸੁਣਾਈ।

ਇੱਕ ਸੰਨਾਟਾ ਛਾ ਗਿਆ ਸੀ।

–"ਬੂਹ ਮੈਂ ਮਰਜਾਂ...! ਮੈਨੂੰ ਚੱਕ ਲੈ ਵੇ ਡਾਢਿਆ ਰੱਬਾ....!" ਸੱਸ ਨੇ ਮੱਥਾ ਪਿੱਟ ਲਿਆ।

–"ਮੰਮ, ਜਿਹੜਾ ਬੰਦਾ ਆਪਣੀ ਸਕੀ ਧੀ ਨੂੰ ਨੀ ਬਖ਼ਸ਼ਦਾ, ਉਹ ਬਿਗਾਨੀ ਧੀ ਨੂੰ ਕੀ ਬਖ਼ਸ਼ੂਗਾ...?" ਆਖ ਕੇ ਡਾਲੀ ਨੇ ਹਾਲਾਤਾਂ ਦੀ ਹੋਰ ਜੱਖਣਾਂ ਪੱਟ ਦਿੱਤੀ। ਮਾਣੋਂ ਦੇ ਕੰਨਾਂ ਵਿੱਚ ਮੋਰ ਕੂਕ ਰਹੇ ਸਨ। ਅੱਖਾਂ ਅੱਗੇ ਭੰਮੀਰੀਆਂ ਘੁਕ ਰਹੀਆਂ ਸਨ।

ਸੱਸ ਮੱਥਾ ਫੜੀ ਬੈਠੀ ਸੀ।

ਡਾਲੀ ਨੇ ਮਾਣੋਂ ਦੇ ਕੋਲ਼ ਬੈਠ ਕੇ ਮਾਣੋਂ ਦੀ ਪਿੱਠ ਪਲੋਸਣੀ ਸ਼ੁਰੂ ਕਰ ਦਿੱਤੀ। ਹਮਦਰਦੀ ਜਤਾਈ।

–"ਆਪਣੀ ਡਾਲੀ ਦਾ ਰਿਸ਼ਤਾ ਇਹ ਆਪਦੇ ਸਕੇ ਮਾਮੇਂ ਦੇ ਮੁੰਡੇ ਨਾਲ਼ ਕਰਵਾਉਣਾ ਚਾਹੁੰਦਾ ਸੀ, ਬਈ ਕਿਵੇਂ ਨਾ ਕਿਵੇਂ ਉਹ ਇੰਡੀਆ ਤੋਂ ਕੈਨਡਾ ਪਹੁੰਚੇ...। ਜੇ ਡਾਲੀ ਤਕੜੇ ਡੰਡੇ ਵਾਲ਼ੀ ਨਾ ਹੁੰਦੀ, ਤਾਂ ਇਹਨੇ ਤਾਂ ਨਰੜ ਦੇਣੀ ਸੀ ਓਸ ਬੁੱਢ ਵਲ੍ਹੇਟ ਨਾਲ਼...। ਡਾਲੀ ਨੇ ਪੁਲੀਸ ਤੇ ਕਾਨੂੰਨ ਦਾ ਡਰ ਦਿੱਤਾ, ਤਾਂ ਜਾ ਕੇ ਟਿਕਿਆ ਇਹ ਦੁਸ਼ਟ...!" ਸੱਸ ਨੇ ਅਸਲ ਗੱਲ ਕਹਿ ਸੁਣਾਈ, "ਮੈਂ ਗੁਜਰਾਤੀ ਜਾਂ ਹਰਿਆਣੇ ਆਲ਼ੇ ਐਹੋ ਜੇ ਰਿਸ਼ਤੇ ਕਰਦੇ ਕਦੇ ਨੀ ਦੇਖੇ, ਤੇ ਆਪਣੇ ਪੰਜਾਬੀ...? ਸਕੀਆਂ ਭੈਣਾਂ ਨਾਲ਼ ਵਿਆਹ ਕਰਵਾ-ਕਰਵਾ ਕੇ ਕੈਨੇਡਾ ਸੈੱਟ ਹੋਏ ਮੈਂ ਅੱਖੀਂ ਦੇਖੇ ਐ, ਫ਼ੇਰ ਕਹਿਣਗੇ ਅਸੀਂ ਅਣਖੀ ਬੜੇ ਆਂ...। ਆਹ ਅਣਖ ਐ ਇਹਨਾਂ ਗਿਆਂ ਗੁਜਰਿਆਂ ਦੀ...! ਥੁੱਕਦੀ ਆਂ ਮੈਂ ਇਹੋ ਜੀ ਅਣਖ ਤੇ ਵੱਡੇ ਅਣਖੀਲਿਆਂ 'ਤੇ, ਜਿਹੜੇ ਆਬਦੇ ਸੁਆਰਥ ਵਾਸਤੇ ਸਕੀਆਂ ਭੈਣਾਂ ਨੂੰ ਆਬਦੀ 'ਰੰਨ' ਬਣਾ ਲੈਂਦੇ ਐ...!" ਸੱਸ ਨੇ ਪਤਾ ਨਹੀਂ ਕਦੋਂ ਕੁ ਦੀ ਦਿਲ 'ਤੇ ਜੰਮੀ ਕਰੋਧ ਦੀ ਜਿਲਬ ਅੱਜ ਨੂੰਹ ਮੂਹਰੇ ਸੱਪ ਦੀ ਕੁੰਜ ਵਾਂਗੂੰ ਲਾਹੀ ਸੀ।


ਹੈਰੀ ਦੇ ਮਨ 'ਤੇ ਕੋਈ ਅਸਰ ਨਹੀਂ ਸੀ।

(ਚਲਦਾ)....

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**–ਸੰਪਾਦਕ**

# *ਭਾਰਤ ਨੂੰ ਗਣਤੰਤਰ ਬਣਾਉਣ ਲਈ 26 ਜਨਵਰੀ ਨੂੰ ਲਾਗੂ ਹੋਇਆ ਦੇਸ਼ ਦਾ ਸੰਵਿਧਾਨ ਸਿੱਖਾਂ ਦੇ ਗਲ਼ ਹਿੰਦੂਵਾਦੀ ਗ਼ੁਲਾਮੀ ਦਾ ਜੂਲ਼ਾ ਬਣਿਆ*

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477





**26 ਜਨਵਰੀ ਨੂੰ ਜਿਸ ਸੰਵਿਧਾਨ ਨੂੰ ਲਾਗੂ ਕਰਨ ਦੀ ਖ਼ੁਸ਼ੀ ਵਿੱਚ ਭਾਰਤ ਸਰਕਾਰ ਜਸ਼ਨ ਮਨਾਉਂਦੀ ਹੈ, ਇਸੇ ਸੰਵਿਧਾਨ ਦੇ ਤਹਿਤ ਹੀ ਲੱਖਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਚੁੱਕਾ ਹੈ। ਇਸੇ ਵਿਧਾਨ ਦੇ ਤਹਿਤ ਹੀ 1984 ਵਿੱਚ ਹੋਏ ਸਿੱਖ ਕਤਲੇਆਮ ਦਾ 30 ਸਾਲ ਬਾਅਦ ਵੀ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲ਼ਿਆ। ਇਸੇ ਸੰਵਿਧਾਨ ਦੇ ਤਹਿਤ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਟੈਂਕਾਂ, ਤੋਪਾਂ ਨਾਲ ਢਹਿ-ਢੇਰੀ ਕੀਤਾ ਗਿਆ। ਸੰਤ ਜਰਨੈਲ ਸਿੰਘ ਨੇ ਜਦੋਂ 'ਸਿੱਖ ਇੱਕ ਵੱਖਰੀ ਕੌਮ' ਦਾ ਨਾਹਰਾ ਬੁਲੰਦ ਕੀਤਾ ਤਾਂ ਭਾਰਤ ਸਰਕਾਰ ਵੱਲੋਂ ਸਾਰੇ ਦੇਸ਼ ਵਿੱਚ ਤੂਫਾਨ ਖੜ੍ਹਾ ਕਰ ਦਿੱਤਾ ਗਿਆ ਅਤੇ ਸੰਤ ਜਰਨੈਲ ਸਿੰਘ ਅਤੇ ਉਸ ਦੇ ਸਾਥੀਆਂ ਤੇ ਅੱਤਵਾਦੀ-ਵੱਖਵਾਦੀ ਲੇਬਲ ਲਾ ਕੇ ਉਹਨਾਂ ਨੂੰ ਦੇਸ਼-ਧ੍ਰੋਹੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ।**

ਹਰ ਸਾਲ ਦੀ ਤਰ੍ਹਾਂ ਭਾਰਤ ਸਰਕਾਰ 26 ਜਨਵਰੀ 2015 ਨੂੰ ਭਾਰਤੀ ਸੰਵਿਧਾਨ ਲਾਗੂ ਹੋਣ ਦੀ ਖ਼ੁਸ਼ੀ ਵਿੱਚ ਵੱਡੀ ਪੱਧਰ 'ਤੇ ਜਸ਼ਨ ਮਨਾਉਣ ਦੀ ਤਿਆਰੀ ਕਰਦੀ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਉਚੇਚਾ ਸੱਦਾ ਪੱਤਰ ਭੇਜ ਕੇ ਇਹਨਾਂ ਜਸ਼ਨਾਂ ਵਿੱਚ ਹਿੱਸਾ ਲੈਣ ਲਈ ਬੁਲਾਇਆ ਗਿਆ। ਦੂਜੇ ਪਾਸੇ ਪੰਥਕ ਜਥੇਬੰਦੀਆਂ ਵੱਲੋਂ ਇੱਕ ਲੱਖ ਤੋਂ ਉੱਪਰ ਸਿੱਖਾਂ ਦੇ ਦਸਤਖ਼ਤਾਂ ਵਾਲ਼ੀ ਪਟੀਸ਼ਨ ਮੰਗ-ਪੱਤਰ ਵਜੋਂ ਸੌਂਪੀ ਗਈ, ਜਿਸ ਵਿੱਚ ਮੰਗ ਕੀਤੀ ਗਈ ਕਿ ਬਰਾਕ ਓਬਾਮਾ ਭਾਰਤ ਸਰਕਾਰ ਨੂੰ ਆਖ ਕੇ ਭਾਰਤੀ ਸੰਵਿਧਾਨ ਦੀ ਧਾਰਾ 25-ਬੀ ਵਿੱਚ ਸੋਧ ਕਰਵਾਉਣ, ਜਿਸ ਵਿੱਚ ਸਿੱਖਾਂ ਨੂੰ ਹਿੰਦੂਆਂ ਦਾ ਹੀ ਇੱਕ ਅੰਗ ਮੰਨਿਆ ਗਿਆ ਹੈ ਅਤੇ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਸ਼ਾਖਾ ਹੀ ਦਰਸਾਇਆ ਗਿਆ ਹੈ; ਜਦ ਕਿ ਸਿੱਖ ਧਰਮ ਇੱਕ ਵਿਲੱਖਣ ਤੇ ਸੰਪੂਰਨ ਧਰਮ ਹੈ ਅਤੇ ਸਿੱਖ ਇੱਕ ਵੱਖਰੀ ਕੌਮ ਹਨ। ਭਾਜਪਾ ਸਰਕਾਰ ਦੀ ਭਾਈਵਾਲ ਆਰ. ਐੱਸ. ਐੱਸ. ਸ਼ਰੇਆਮ ਐਲਾਨ ਕਰ ਰਹੀ ਹੈ ਕਿ 'ਸਿੱਖ ਹਿੰਦੂ ਧਰਮ ਦਾ ਅੰਗ ਹਨ ਅਤੇ ਜੋ ਸਿੱਖ ਇਸ ਨੂੰ ਪ੍ਰਵਾਨ ਨਹੀਂ ਕਰਦੇ ਉਹ ਦੇਸ਼-ਧ੍ਰੋਹੀ ਤੇ ਅੱਤਵਾਦੀ ਹਨ।

26 ਜਨਵਰੀ ਦਾ ਦਿਨ ਸਿੱਖ ਕੌਮ ਲਈ ਨਿਰਸੰਦੇਹ ਧੋਖਾ ਦਿਵਸ ਹੈ ਕਿਉਂਕਿ ਇਸ ਦਿਨ ਲਾਗੂ ਹੋਏ ਭਾਰਤੀ ਸੰਵਿਧਾਨ ਦੀ ਧਾਰਾ 25-ਬੀ ਰਾਹੀਂ ਸਿੱਖਾਂ ਨੂੰ ਉਹਨਾਂ ਦੀ ਰਾਜਸੀ ਪਛਾਣ ਅਤੇ ਸੱਭਿਆਚਾਰ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ ਗਿਆ ਅਤੇ ਸਿੱਖਾਂ ਨੂੰ ਰਾਜਸੀ ਤੌਰ 'ਤੇ ਖ਼ਤਮ ਕਰ ਕੇ ਗ਼ੁਲਾਮੀ ਦਾ ਜੀਵਨ ਜਿਊਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਦੁਨੀਆਂ ਚ ਮਾਰਸ਼ਲ ਮੰਨੀ ਜਾਂਦੀ ਸਿੱਖ ਕੌਮ ਦੀ ਮਾਨਸਿਕਤਾ ਭੁੱਖ ਹੜਤਾਲਾਂ ਤਕ ਸਿਮਟ ਕੇ ਰਹਿ ਗਈ ਹੈ। ਸਿੱਖਾਂ ਨੂੰ ਜਿਸ ਹਿੰਦੂ ਧਰਮ ਦਾ ਅੰਗ ਪ੍ਰਚਾਰਿਆ ਜਾ ਰਿਹਾ ਹੈ ਹੁਣ ਇਸ ਬੇ-ਸਿਰ-ਪੈਰ ਹਿੰਦੂ ਧਰਮ ਬਾਰੇ ਸਵਾਮੀ ਰਾਮ ਤੀਰਥ ਸੰਨਿਆਸੀ ਜੀ ਕੀ ਲਿਖਦੇ ਹਨ, ਉਸ ਦੇ ਵਿਚਾਰ ਪੜ੍ਹਦੇ ਹਾਂ।

ਧਰਮ ਪ੍ਰਚਾਰ ਕਮੇਟੀ ਨੇ ਸਵਾਮੀ ਜੀ ਦੇ ਦੋ ਕਿਤਾਬਚੇ 1. ਸਰਵੋਤਮ ਧਰਮ ਗ੍ਰੰਥ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ 2. ਸਰਵੋਤਮ ਧਰਮ 'ਖ਼ਾਲਸਾ ਪੰਥ' ਭੇਟਾ ਰਹਿਤ ਛਾਪ ਕੇ ਵੰਡੇ ਸਨ। ਸਵਾਮੀ ਜੀ ਇਸ ਕਿਤਾਬਚੇ ਦੇ ਪੰਨਾ 84 ਉੱਤੇ ਲਿਖਦੇ ਹਨ ਕਿ ਜੇਕਰ ਗੁਰੂ ਜੀ ਹਿੰਦੂ ਰਹਿਣਾ ਪਸੰਦ ਕਰਦੇ ਤਾਂ ਉਹ 'ਹਿੰਦੂ ਤੁਰਕ ਤੇ ਰਹੇ ਨਿਆਰਾ' ਹਿੰਦੂ ਤੇ ਮੁਸਲਮਾਨ ਤੋਂ ਵੱਖਰਾ ਕਰਨ ਵਾਲ਼ਾ ਉਪਦੇਸ਼ ਆਪਣੇ ਸਿੱਖਾਂ ਨੂੰ ਨਾ ਦਿੰਦੇ ਅਤੇ ਜੇਕਰ ਗੁਰੂ ਘਰ ਹਿੰਦੂ ਧਰਮ ਅਰਥਾਤ ਬ੍ਰਾਹਮਣ ਗ੍ਰੰਥਾਂ ਦੇ ਧਰਮ ਨੂੰ ਅਸਲੀ ਧਰਮ ਮੰਨਦਾ ਹੁੰਦਾ ਤਾਂ ਗੁਰੂ ਸਾਹਿਬਾਨ ਇਸ ਦਾ ਤਿਆਗ ਨਾ ਕਰਦੇ ਅਤੇ ਜੇਕਰ ਹਿੰਦੂ ਰਹਿੰਦੇ ਹੋਏ ਵੀ ਅਸਲੀ ਧਰਮ ਦੀ ਰੱਖਿਆ ਹੋ ਸਕਦੀ ਤਾਂ ਗੁਰੂ ਜੀ ਹਿੰਦੂ ਅਤੇ ਮੁਸਲਮਾਨਾਂ ਤੋਂ ਵੱਖਰੇ 'ਤੀਸਰੇ ਸਿੱਖ ਪੰਥ' ਨਾਂ ਵਾਲ਼ੇ ਪੰਥ ਦਾ ਨਿਰਮਾਣ ਨਾ ਕਰਦੇ। ਇਸ ਲਈ ਹਿੰਦੂ ਧਰਮ ਤੋਂ ਵੱਖਰੇ ਧਰਮ ਵਾਲ਼ੇ ਸਿੱਖਾਂ ਨੂੰ ਹਿੰਦੂ ਮੰਨਣਾ ਮਹਾਂ-ਮੂਰਖਤਾ ਹੈ।

ਇਸ ਕਿਤਾਬਚੇ ਦੇ ਆਖ਼ਰੀ ਪੰਨੇ ਉੱਤੇ ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ ਦੀ ਸਿੱਖੀ ਮੰਡਲ ਵਿੱਚ ਆਉਣ ਤੋਂ ਬਾਅਦ ਸਿੱਖੀ ਸਰੂਪ ਵਾਲ਼ੀ ਫੋਟੋ ਹੈ (ਕਿਤਾਬਚੇ ਦੇ ਪਹਿਲੇ ਪੰਨੇ ਉੱਤੇ ਸਿੱਖੀ ਮੰਡਲ ਵਿੱਚ ਆਉਣ ਤੋਂ ਪਹਿਲਾਂ ਮੁੰਡਤ ਚਿਹਰੇ ਵਾਲ਼ੀ ਫੋਟੋ ਹੈ)। ਸਰਵੋਤਮ ਧਰਮ ਗ੍ਰੰਥ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਸਰਵੋਤਮ ਧਰਮ 'ਖ਼ਾਲਸਾ ਪੰਥ' ਦੇ ਆਖਰੀ ਪੰਨੇ ਉੱਤੇ ਸਵਾਮੀ ਜੀ ਲਿਖਦੇ ਹਨ ਕਿ 'ਵੇਦਾਂ ਦਾ ਸ਼ਾਸਤਰਾਂ ਦਾ, ਸਿਮ੍ਰਤੀਆਂ, ਸਮਾਰਤ ਸੂਤਰਾਂ ਨੂੰ ਤੰਤਰ ਤਥਾ ਪੁਰਾਣਾਂ ਦਾ ਪੂਰਵੇਵਾਦ ਅਨੇਕਾਂ ਦੇਸ਼ਾਂ ਤੋਂ ਭ੍ਰਿਸ਼ਟ ਹੋਏ ਜਾਣ ਕੇ ਮੈਨੇ ਬਹੁਤ ਸਾਰੇ ਅੰਸ਼ਾਂ ਵਿੱਚ ਇਹਨਾਂ ਗ੍ਰੰਥ ਨੂੰ ਛੋੜ ਦਿੱਤਾ ਹੈ। ਕੇਵਲ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਬਿਲਕੁਲ ਹੀ ਨਿਰਦੋਸ਼ ਜਾਣ ਕੇ ਅਤੇ ਮਨੁੱਖ ਮਾਤਰ ਦਾ ਹਿਤੈਸ਼ੀ ਮੰਨ ਕੇ ਮੈਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮ ਮੰਨ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਮੰਨਦਾ ਹਾਂ, ਇਸ ਲਈ ਮੈਂ ਗੁਰੂ ਦਾ ਸਿੱਖ ਹਾਂ (ਅਕਤੂਬਰ 1974)।

ਭਾਵੇਂ ਦਾਸ ਦੇ ਹਥਲੇ ਲੇਖ ਦਾ ਵਿਸ਼ਾ ਭਾਰਤੀ ਸੰਵਿਧਾਨ ਦੀ ਧਾਰਾ 25-ਬੀ ਬਾਰੇ ਹੈ, ਫਿਰ ਵੀ ਇਹ ਕੁਝ ਸਤਰਾਂ ਲਿਖਣੀਆਂ ਕੁਥਾਂ ਨਹੀਂ ਹੋਣਗੀਆਂ ਕਿ ਇਤਿਹਾਸ ਗਵਾਹ ਹੈ ਕਿ ਤ੍ਰੈਕਾਲਦਰਸ਼ੀ ਗੁਰੂ ਨਾਨਕ ਪਾਤਸ਼ਾਹ ਨੇ ਦਸ ਜਾਮੇ ਧਾਰ ਕੇ ਹਿੰਦੂਆਂ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਗ਼ੁਲਾਮੀ ਤੋਂ ਅਜ਼ਾਦ ਕਰਾਉਣ ਲਈ ਦੋ ਸਦੀਆਂ ਤੋਂ ਉੱਤੇ ਸੰਘਰਸ਼ ਕੀਤਾ ਅਤੇ ਦੋ ਜਾਮਿਆਂ ਵਿੱਚ ਸ਼ਾਂਤਮਈ ਸ਼ਹਾਦਤ ਦਿੱਤੀ (ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਸਾਹਿਬ) ਗੁਰੂ ਨਾਨਕ ਪਾਤਸ਼ਾਹ ਵੱਲੋਂ ਤੀਸਰੇ ਪੰਥ ਰਾਹੀਂ ਚਲਾਈ ਸਿੱਖ ਇਨਕਲਾਬੀ ਲਹਿਰ ਤੋਂ ਪਹਿਲਾਂ ਭਾਰਤੀ ਚਿੰਤਨ ਵਿੱਚ ਸ਼ਹੀਦੀ ਦਾ ਸੰਕਲਪ ਹੀ ਨਹੀਂ ਸੀ। ਹਿੰਦੂ ਧਰਮ ਦਾ ਦੂਜਾ ਨਾਂ ਵਰਣ ਆਸ਼ਰਮ ਸੀ। ਹਿੰਦੂਆਂ ਵਿੱਚ ਵੰਡੀਆਂ ਏਨੀਆਂ ਹਨ ਕਿ ਹਿੰਦੂ ਧਰਮ ਦੀ ਪ੍ਰੀਭਾਸ਼ਾ ਅਜੇ ਤਕ ਨਹੀਂ ਮਿਲ਼ਦੀ। ਸਿੱਖ ਗੁਰੂ ਸਾਹਿਬਾਨ ਤੋਂ ਬਿਨਾਂ ਕੌਣ ਸਿਰ-ਧੜ ਦੀ ਬਾਜ਼ੀ ਲਾਉਂਦਾ ਅਤੇ ਕਿਹੜੇ ਧਰਮ ਲਈ? ਇਸ ਕਰਕੇ ਗੁਰੂ ਨਾਨਕ ਪਾਤਸ਼ਾਹ ਵੱਲੋਂ ਚਲਾਏ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹੀ ਹਿੱਸਾ ਬਣਾ ਕੇ ਪ੍ਰਚਾਰਨਾ ਤੀਰਥ ਰਾਮ ਦੰਡੀ ਸੰਨਿਆਸੀ ਦੇ ਕਹਿਣ ਅਨੁਸਾਰ ਵਾਕਿਆ ਹੀ ਮਹਾਂ-ਮੂਰਖਤਾ ਹੈ।

1947 ਤੋਂ ਬਾਅਦ ਅੱਜ ਤਕ ਪੰਜਾਬ ਵਿੱਚ ਕੇਵਲ ਕੇਂਦਰ ਦੀ ਕਠਪੁਤਲੀ ਸਰਕਾਰ ਨੂੰ ਬਰਦਾਸ਼ਤ ਕੀਤਾ ਗਿਆ ਹੈ। ਬਰਾਇਨਾਮ ਸਿੱਖ ਨੁਮਾਇੰਦਾ ਸਰਕਾਰ ਨੂੰ ਵਾਰ ਵਾਰ ਤੋੜ ਕੇ ਕੇਂਦਰੀ ਹਕੂਮਤ ਨੂੰ ਲਾਗੂ ਕੀਤਾ ਜਾ ਚੁੱਕਿਆ ਹੈ। ਸਿੱਖ ਵਿਰੋਧੀ ਸੋਚ ਵਾਲ਼ੀ ਕਾਂਗਰਸੀ ਸਰਕਾਰ ਨੇ ਆਮ ਤੌਰ 'ਤੇ ਆਪਣਾ ਪੰਜ ਸਾਲ ਦਾ ਸਮਾਂ ਰਾਜ ਕੀਤਾ ਹੈ। ਨਵੇਂ ਸੰਵਿਧਾਨ ਤਹਿਤ ਸਭ ਤੋਂ ਪਹਿਲਾਂ ਗਵਰਨਰੀ ਰਾਜ ਪੰਜਾਬ (ਪੈਪਸੂ) ਦੀ ਅਕਾਲੀ ਵਜ਼ਾਰਤ ਨੂੰ ਤੋੜਨ ਲਈ ਵਰਤਿਆ ਗਿਆ। ਜ਼ਾਹਿਰ ਹੈ ਕਿ ਪੰਜਾਬ ਦੇ ਲੋਕਾਂ ਨੂੰ ਜੇ ਉਹ ਗੈਰ-ਕਾਂਗਰਸੀ ਸਰਕਾਰ ਚੁਣ ਲੈਣ ਤਾਂ ਉਹਨਾਂ ਨੂੰ ਭਰੋਸੇਯੋਗ ਨਹੀਂ ਸਮਝਿਆ ਜਾਂਦਾ। ਇਸ ਕਰਕੇ ਹੀ ਪੰਜਾਬ ਵਿੱਚ ਸੱਤਾ ਹੰਢਾਉਣ ਦੇ ਲਾਲਚ ਤਹਿਤ ਅਕਾਲੀਆਂ ਨੇ ਅਕਾਲੀਅਤ ਦਾ ਤਿਆਗ ਕਰ ਦਿੱਤਾ ਅਤੇ 'ਪੰਥ' ਦਾ ਝੰਡਾ ਛੱਡ ਕੇ 'ਪੰਜਾਬੀਅਤ' ਦੇ ਝੰਡੇ ਹੇਠਾਂ ਸਿੱਖੀ ਅਤੇ ਸਿੱਖਾਂ ਦੀ ਕੱਟੜ ਵਿਰੋਧੀ ਰਾਜਨੀਤਿਕ ਪਾਰਟੀ ਭਾਜਪਾ ਨਾਲ ਰਾਜਨੀਤਿਕ ਗੱਠਜੋੜ ਕਰ ਕੇ ਨਹੁੰ-ਮਾਸ ਦਾ ਰਿਸ਼ਤਾ ਗੰਢ ਲਿਆ। (ਅੱਜ ਭਾਵੇਂ ਨਹੁੰ-ਮਾਸ ਵੱਖ ਵੱਖ ਹੋਏ ਵਿਖਾਈ ਦੇ ਰਹੇ ਹਨ)। ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨਾਲ ਬੇ-ਅਸੂਲਾ ਗੱਠਜੋੜ ਕਰ ਕੇ ਦਸਮ ਪਾਤਸ਼ਾਹ ਦੇ ਉਲੀਕੇ ਹੋਏ ਪੰਥਕ ਨਿਸ਼ਾਨੇ ਨੂੰ ਛੱਡ ਕੇ ਸੈਕੂਲਰ ਧਰਮ ਨਿਰਪੱਖਤਾ ਦਾ ਸਬਕ ਪੜ੍ਹਿਆ ਹੈ, ਓਦੋਂ ਤੋਂ ਹੀ ਸਿੱਖੀ ਦੀ ਗੱਲ ਕਰਨੀ ਮਾਨੋ ਜ਼ੁਰਮ ਅਤੇ ਗਾਲ੍ਹ ਬਣ ਗਈ ਹੈ। ਪੰਜਾਬੀ ਬੋਲੀ, 'ਪੰਜਾਬੀ ਸੂਬੀ' ਦੇ ਕੁਝ ਹਿੱਸਿਆਂ ਵਿੱਚ ਹੀ ਸੀਮਤ ਹੋ ਕੇ, ਰਾਸ਼ਟਰੀ ਭਾਸ਼ਾ ਅਤੇ ਸ਼ਹਿਰੀ ਹਿੰਦੂਆਂ ਦੇ ਹਮਲਿਆਂ ਤੋਂ ਦੁਖੀ ਹੋ ਕੇ ਸਹਿਮੀ ਤੇ ਕਿਲ੍ਹਾਬੰਦ ਹੋਈ ਬੈਠੀ ਹੈ ਅਤੇ ਹੋ ਸਕਦਾ ਹੈ ਇਸ ਨੂੰ ਛੇਤੀ ਹੀ ਹਥਿਆਰ ਸੁੱਟਣੇ ਪੈ ਜਾਣ। ਅਖੌਤੀ ਅਕਾਲੀਆਂ ਨੇ ਹਿੰਦੂ-ਸਿੱਖ ਏਕਤਾ ਦਾ ਝੰਡਾ ਹਿੰਦੂ ਫ਼ਿਰਕਿਆਂ ਤੋਂ ਭੈ-ਭੀਤ ਹੋ ਕੇ ਕਾਇਰਾਂ ਵਾਂਗ ਪੰਥਕ ਏਜੰਡੇ ਨੂੰ ਤਿਆਗ ਕੇ ਫੜਿਆ ਸੀ ਅਤੇ ਜਿਸ ਦਾ ਨਤੀਜਾ ਇਹ ਹੈ ਕਿ 'ਅੱਜ ਇੱਕ ਹਿੰਦੂ ਵੀ ਕਿਸੇ ਪੰਥਕ ਸਿੱਖ ਨੂੰ ਵੋਟ ਪਾਉਣ ਲਈ ਤਿਆਰ ਨਹੀਂ ਹੈ, ਕਾਲੇ ਚੋਰ ਨੂੰ ਭਾਵੇਂ ਵੋਟ ਪਾ ਦੇਵੇ'।

ਇੱਥੇ ਇੱਕ ਗੱਲ ਹੋਰ ਵਰਣਨਯੋਗ ਹੈ ਕਿ ਉਕਤ ਭਵਿੱਖਬਾਣੀ ਸਿਰਦਾਰ ਕਪੂਰ ਸਿੰਘ ਨੇ ਢੇਰ ਚਿਰ ਪਹਿਲਾਂ ਕਰ ਦਿੱਤੀ ਸੀ ਜਿਸ ਦਾ ਅੱਖਰ-ਅੱਖਰ ਅੱਜ ਸੱਚ ਸਾਬਿਤ ਹੋ ਰਿਹਾ ਹੈ। ਅਖੌਤੀ ਅਕਾਲੀਆਂ ਦੀ ਜ਼ਮੀਰ ਟੁੰਬਣ ਲਈ ਭਾਈ ਨਰਾਇਣ ਸਿੰਘ ਨੇ ਆਪਣੀ ਪੁਸਤਕ 'ਲਲਕਾਰ' ਵਿੱਚ ਹੇਠ ਲਿਖੀਆਂ ਕੁਝ ਸਤਰਾਂ ਅੰਕਿਤ ਕੀਤੀਆਂ ਹਨ:

"ਐ ਅਕਾਲੀਓ, ਪੰਥ ਦੀ ਨੁਮਾਇੰਦਾ ਤੇ ਸ਼ਹੀਦਾਂ ਦੀ ਜਥੇਬੰਦੀ ਅਖਵਾਉਣ ਵਾਲਿਓ! ਕੀ ਤੁਸੀਂ ਪੰਥ ਦੀ ਨੁਮਾਇੰਦਗੀ ਕਰ ਰਹੇ ਹੋ ਜਾਂ ਗੰਗੂਆਂ ਦਾ ਪਾਣੀ ਭਰ ਰਹੇ ਹੋ? ਜਿਸ ਸੰਵਿਧਾਨ ਦਾ ਤੁਸੀਂ ਖਹਿੜਾ ਹੈ ਕੀਤਾ, ਕੀ ਪੰਥ ਨੇ ਕਦੇ ਇਹ ਪ੍ਰਵਾਨ ਵੀ ਹੈ ਕੀਤਾ? ਕੀ ਪੰਥ ਦੀ ਅਖੰਡਤਾ ਤੋਂ ਹਿੰਦ ਦੀ ਅਖੰਡਤਾ ਹੈ ਉੱਚੀ, ਕੀ ਖ਼ਾਲਸੇ ਦੀ ਏਕਤਾ ਤੋਂ ਗੈਰਾਂ ਨਾਲ ਏਕਤਾ ਹੈ ਸੁੱਚੀ?"

'ਸ਼ਹੀਦ ਬਿਲਾਸ – ਸੰਤ ਜਰਨੈਲ ਸਿੰਘ' ਨਾਮੀ ਪੁਸਤਕ ਦੇ ਪੰਨਾ 61 ਉੱਤੇ ਦਰਜ ਹੈ ਕਿ ਪੱਤਰਕਾਰਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਨੂੰ ਸਵਾਲ ਕੀਤਾ ਕਿ "ਧਰਮ ਯੁੱਧ ਮੋਰਚੇ ਕਾਰਨ ਹਿੰਦੂ-ਸਿੱਖ ਏਕਤਾ ਨੂੰ ਭਾਰੀ ਸੱਟ ਵੱਜੀ ਹੈ ਅਤੇ ਆਪ ਜੀ ਦੀ ਰਾਇ ਵਿੱਚ ਹਿੰਦੂ-ਸਿੱਖ ਏਕਤਾ ਨੂੰ ਕਿਵੇਂ ਬਰਕਰਾਰ ਰੱਖਿਆ ਜਾ ਸਕਦਾ ਹੈ?"

**ਬਾਕੀ ਹਿਸਾ ਅਗਲੇ ਸਫ਼ਾ 32 ਤੇ ਪੜ੍ਹੋ**

# ਚੀਨੀ ਡੋਰ ਦਾ ਕਹਿਰ

**ਬਲਰਾਜ ਸਿੰਘ ਬਰਾੜ**
(ਦਿਉਣ ਖੇੜਾ)
ਹਾਲ ਅਬਾਦ ਮੰਡੀ ਡੱਬਵਾਲੀ ਜ਼ਿਲਾ
ਫੋਨ ਨੰਬਰ 9914740184

ਪੰਜਾਬ ਨੂੰ ਤਿਉਹਾਰਾਂ ਦਾ ਦੇਸ਼ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਕੁਝ ਤਿਉਹਾਰ ਸਾਡੀਆਂ ਬਦਲਦੀਆਂ ਰੁੱਤਾਂ



ਨਾਲ ਸਬੰਧਤ ਹਨ ਕੁਝ ਸਾਡੀ ਫ਼ਸਲ ਬਾੜੀ ਮੁਤਾਬਕ ਹਨ ਅਤੇ ਕਈ ਇਤਿਹਾਸਕ ਅਤੇ ਮਿਥਿਹਾਸਕ ਤੰਦਾਂ ਨਾਲ ਬੱਝੇ ਹੁੰਦੇ ਹਨ। ਇਸੇ ਤਰਾਂ ਲੋਹੜੀ ਤੋਂ ਬਾਅਦ ਬਸੰਤ ਪੰਚਮੀ ਬਹੁਤ ਹੀ ਖੂਬਸੂਰਤ ਤਿਉਹਾਰ ਹੈ ਇਹ ਬਦਲਦੇ ਮੌਸਮ ਨਾਲ ਹੀ ਸਬੰਧਤ ਹੈ ਅਤੇ ਕਹਿਰਾਂ ਦੀ ਸਰਦੀ ਤੋਂ ਬਾਅਦ ਖੂਬਸੂਰਤ ਨਿੱਘ ਭਰੇ ਦਿਨਾਂ ਦੀ ਆਮਦ ਦਾ ਸੂਚਕ ਮੰਨਿਆ ਜਾਂਦਾ ਹੈ। ਇਸ ਦਿਨ ਪਤੰਗ ਬਾਜ਼ੀ ਦੇ ਸ਼ੌਕੀਨ ਖੂਬ ਪਤੰਗ ਬਾਜ਼ੀ ਕਰਦੇ ਹਨ ਅਤੇ ਇਕ ਦੂਜੇ ਦੀਆਂ ਗੁੱਡੀਆਂ (ਪਤੰਗ) ਲੁੱਟ ਕੇ ਬਹੁਤ ਅਨੰਦਿਤ ਮਹਿਸੂਸ ਕਰਦੇ ਹਨ ਅਤੇ ਇਹ ਪਤੰਗ ਬਾਜ਼ੀ ਦਾ ਰੁਮਾਂਸ ਕਈ ਦਿਨਾਂ ਤੱਕ ਚੱਲਦਾ ਰਹਿੰਦਾ ਹੈ। ਪਰ ਪਿਛਲੇ ਕਈ ਸਾਲਾਂ ਤੋਂ ਇਕ ਬੇਹੱਦ ਹਿਰਦੇ ਵੇਧਕ ਵਰਤਾਰਾ ਚੱਲ ਰਿਹਾ ਕਿ ਪਤੰਗ ਬਾਜ ਇਕ ਦੂਜੇ ਦੀ ਗੁੱਡੀ ਲੁੱਟਣ ਲਈ ਬਹੁਤ ਖਤਰਨਾਕ ਡੋਰ ਚੀਨੀ ਡੋਰ ਦਾ ਇਸਤੇਮਾਲ ਕਰਦੇ ਹਨ ਅਤੇ ਜੇ ਇਸਨੂੰ ਮੌਤ ਦਾ ਫੰਧਾ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਪਹਿਲਾਂ ਜਿਥੇ ਪਤੰਗ ਚੜ੍ਹਾਉਣ ਵਾਲੀ ਡੋਰ ਨੂੰ ਲੇਟੀ ਵਗੈਰਾ ਲਾ ਕੇ ਜਾ ਕੋਈ ਹੋਰ ਤਰੀਕੇ ਨਾਲ ਪਕਾਇਆ ਜਾਂਦਾ ਸੀ ਜਿਸ ਨਾਲ ਉਹ ਆਪਣੇ ਪਤੰਗ ਲੁਟਣ ਦਾ ਲੁਤਫ਼ ਲੈਂਦੇ ਸਨ ਪਰ ਪਿਛਲੇ ਬਹੁਤ ਸਾਲਾਂ ਤੋਂ ਇਸ ਸਧਾਰਨ ਡੋਰ ਨੂੰ ਕੱਚ ਲਾਕੇ ਪਕਾਇਆ ਜਾਂਦਾ ਹੈ ਅਤੇ ਬਹੁਤ ਮਜ਼ਬੂਤੀ ਨਾਲ ਨੁਕੀਲੀ ਧਾਰ ਬਣਾਈ ਜਾਂਦੀ ਹੈ ਅਤੇ ਜਦੋਂ ਇਹ ਕਿਸੇ ਮਨੁੱਖ ਜਾਂ ਕਿਸੇ ਜਾਨਵਰ ਦੇ ਸਰੀਰ ਨਾਲ ਟਕਰਾ ਕੇ ਰਗੜ ਖਾਂਦੀ ਹੈ ਤਾਂ ਮਾਸ ਨੂੰ ਚੀਰਾ ਦੇਕੇ ਕਾਫ਼ੀ ਅੰਦਰ ਤੱਕ ਚਲੀ ਜਾਂਦੀ ਹੈ। ਇਸ ਤਰ੍ਹਾਂ ਇਹ ਰਾਹਗੀਰਾਂ ਅਤੇ ਪਸ਼ੂ ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ। ਖ਼ਾਸ ਕਰ ਸਾਈਕਲ ਸਵਾਰ ਜਾ ਕਿਸੇ ਦੁਪੱਹੀਆ ਸਵਾਰ ਦੇ ਗਲੇ ਨਾਲ ਖਹਿੰਦੀ ਹੈ ਤਾਂ ਉਸ ਦੀ ਸਾਹ ਰੰਗ ਨੂੰ ਚੀਰ ਕੇ ਉਸ ਦੀ ਮੌਤ ਦਾ ਕਾਰਨ ਬਣਦੀ ਹੈ। ਉਡਦੇ ਪੰਖੇਰੂਆਂ ਦੇ ਪਰ ਅਤੇ ਪੈਰ ਵਗੈਰਾ ਕੱਟ ਦਿੰਦੀ ਹੈ ਜਿਸ ਨਾਲ ਉਹ ਗੰਭੀਰ ਜ਼ਖਮੀਂ ਜਾ ਗਰਦਨ ਵਗੈਰਾ ਕੱਟਣ ਕਰਕੇ ਮਰ ਵੀ ਜਾਂਦੇ ਹਨ ਇਸੇ ਤਰਾ ਪਸ਼ੂ ਵਗੈਰਾ ਵੀ ਇਸ ਦੀ ਲਪੇਟ ਵਿੱਚ ਆ ਜਾਂਦੇ ਹਨ ਇਸ ਲਈ ਬਹੁਤ ਹੀ ਸੰਜੀਦਾ ਅਤੇ ਗੰਭੀਰ ਮਸਲਾ ਹੈ ਜੋ ਪਤੰਗ ਬਾਜ਼ੀ ਦੀ ਖੇਡ ਨੂੰ ਮੌਤ ਦਾ ਫੰਧਾ ਬਣਾ ਰਿਹਾ। ਪਿਛਲੇ ਕੁਝ ਹੀ ਦਿਨਾਂ ਚ ਇਕ ਨੌਜਵਾਨ ਜੋ ਆਪਣੇ ਮਾਪਿਆਂ ਇੱਕਲੌਤਾ ਪੁੱਤਰ ਸੀ ਅਤੇ ਇਕ ਔਰਤ ਸਰਬਜੀਤ ਕੌਰ ਇਸ ਦੀ ਲਪੇਟ ਵਿਚ ਆ ਕੇ ਆਪਣੇ ਪਰਾਣ ਤਿਆ.ਗ ਗਏ। ਸੋਚੇ ਉਹਨਾਂ ਪਰਿਵਾਰਾਂ ਦਾ ਕੀ ਹਾਲ ਹੋਵੇਗਾ ਜਿਹਨਾ ਦੇ ਜੀਅ ਕਿਸੇ ਦੇ ਮਾਮੂਲੀ ਸ਼ੁੱਗਲ ਕਰਕੇ ਅਣਆਈ ਮੌਤ ਮਾਰੇ ਗਏ। ਬੇਸ਼ੱਕ ਸਰਕਾਰੀ ਕਾਗਜ਼ਾਂ ਵਿੱਚ ਚੀਨੀ ਡੋਰ ਉਪਰ ਪਾਬੰਦੀ ਲਗਾਈ ਹੋਈ ਪਰ ਇਹ ਧੜੱਲੇ ਨਾਲ ਵਰਤੀ ਜਾ ਰਹੀ ਹੈ। ਮਨੁੱਖ ਅੱਜ ਇੰਨਾ ਗਿਰ ਗਿਆ ਹੈ ਕਿ ਚੰਦ ਛਿੱਲੜਾਂ ਦੀ ਖਾਤਰ ਲੋਕਾਂ ਦੇ ਘਰੀਂ ਸੱਥਰ ਵਿਛਾ ਰਿਹਾ ਹੈ ਅਤੇ ਕਿੰਨੇ ਬੇਕਸੂਰ ਲੋਕ ਅਤੇ ਪਸ਼ੂ ਪੰਛੀ ਜ਼ਖਮੀ ਹੋ ਕੇ ਦੋਜਕ ਉਠਾ ਰਹੇ ਹਨ।

ਆਖਰ ਕੌਣ ਜਿਵੇਂ ਨਹੀਂ ਵਾਰ ਹੈ ਇਸ ਕਰੂਰ ਵਰਤਾਰੇ ਦਾ। ਸੱਭ ਤੋਂ ਪਹਿਲਾਂ ਤਾਂ ਸਰਕਾਰ ਹੀ ਜਿਵੇਂ ਵਾਰ ਹੈ ਜਦੋਂ ਆਪਣੇ ਹੀ ਪਾਸ ਕੀਤੇ ਕਾਨੂੰਨਾਂ ਨੂੰ ਲਾਗੂ ਕਰ ਸਕਦੀ। ਜੇ ਕਿਸਾਨਾਂ ਦੇ ਖੇਤਾਂ ਚੋਂ ਉਠਦਾ ਧੂਆਂ ਇਹਨਾਂ ਦੀ ਸੈਟੇਲਾਈਟ ਮਿੰਟਾਂ ਸਕਿੰਟਾ ਵਿੱਚ ਵੇਖ ਸਕਦੀ ਤਾਂ ਇਹੋ ਜਿਹੇ ਉਪਕਰਨ ਕਿਉਂ ਨਹੀਂ ਲੱਭੇ ਜਾ ਰਹੇ ਹੋ ਚੀਨੀ ਡੋਰ ਦੀ ਪੈੜ ਦੱਬ ਸਕਣ ? ਸੋ ਜੇ ਸਰਕਾਰ ਸੰਜ਼ੀਦਗੀ ਨਾਲ ਕਾਨੂੰਨ ਲਾਗੂ ਕਰੇ ਤਾਂ ਕੀ ਨਹੀਂ ਹੋ ਸਕਦਾ ਪਰ ਹਰ ਜਗ੍ਹਾ ਮਨੁੱਖ ਦਾ ਲਾਲਚ ਭਾਰੂ ਹੈ ਮਾਨੁਖੱਤਾ ਮਨਫੀ ਹੋ ਰਹੀ ਹੈ। ਸਾਨੂੰ ਸੱਭ ਨੂੰ ਸਿਰਜੋੜ ਕੇ ਇਸ ਅਣਮਨੁੱਖੀ ਵਰਤਾਰੇ ਦਾ ਹੱਲ ਲੱਭਣਾ ਚਾਹੀਦਾ ਹੈ। ਪਹਿਲਾਂ ਤਾਂ ਉਹ ਦਰਿੰਦਿਆਂ ਨੂੰ ਲੱਭਕੇ,ਜਿਹੜੇ ਆਪਣੇ ਤੁੱਛ ਜਿਹੇ ਮੁਨਾਫੇ ਖਾਤਰ ਇਸ ਘਣੌਨਾ ਅਪਰਾਧ ਨੂੰ ਅੰਜਾਮ ਦੇ ਰਹੇ ਹਨ, ਸੱਖਤ ਸਜ਼ਾ ਦਿਵਾਈ ਜਾਵੇ।ਜਿਸ ਵੀ ਦੁਕਾਨਦਾਰ ਤੋਂ ਇਹ ਖੂਨੀ ਡੋਰ ਫੜੀ ਜਾਵੇ ਉਸ ਉਪਰ 307 ਦੀ ਧਾਰਾ ਤਹਿਤ ਮਾਮਲਾ ਦਰਜ ਕੀਤਾ ਜਾਵੇ।

ਸਰਕਾਰ ਵਲੋਂ ਜਨਵਰੀ ਤੋਂ ਅਖੀਰ ਮਾਰਚ ਤੱਕ ਸਪੈਸ਼ਲ ਟਾਸਕ ਫੋਰਸ ਕਾਇਮ ਕੀਤੀ ਜਾਵੇ ਜਿਹੜੀ ਹਰ ਪਤੰਗ ਬਾਜ ਨੂੰ ਚੈਕ ਕਰ ਸਕੇ ਬੇਸ਼ੱਕ ਉਹ ਆਪਣੇ ਘਰ ਦੀ ਛੱਤ ਉਪਰ ਜਾ ਖੁੱਲੇ ਮੈਦਾਨ ਵਿੱਚ ਪਤੰਗ ਉਡਾ ਰਿਹਾ ਹੋਵੇ। ਜਿਸ ਬੱਚੇ ਤੋਂ ਚੀਨੀ ਡੋਰ ਫੜੀ ਜਾਵੇ ਉਸਦੇ ਮਾਂ ਬਾਪ ਤੇ ਪਰਚਾ ਦਰਜ ਕੀਤਾ ਜਾਵੇ ਅਤੇ ਸੱਖਤੀ ਨਾਲ ਇਹ ਪਤਾ ਲਾਇਆ ਜਾਵੇ ਕਿ ਇਹ ਡੋਰ ਕਿਸ ਤੋਂ ਖਰੀਦੀ ਹੈ ਅਤੇ ਉਸ ਦੁਕਾਨਦਾਰ ਉਪਰ ਵੀ ਮੁਕੱਦਮਾ ਦਰਜ ਕਰਕੇ ਉਸ ਪਾਸ ਜਮ੍ਹਾਂ ਡੋਰ ਜਬਤ ਕੀਤੀ ਜਾਵੇ।

ਕੁੱਝ ਗ੍ਰਾਮ ਪੰਚਾਇਤਾਂ ਨੇ ਪਤੰਗ ਉਡਾਉਣ ਤੇ ਪਾਬੰਦੀ ਦੇ ਮਤੇ ਪਾਸ ਕੀਤੇ ਹਨ ਜੋ ਸ਼ਲਾਘਾਯੋਗ ਕਦਮ ਹੈ। ਹਰ ਪੰਚਾਇਤ ਨੂੰ ਆਪਣੇ ਪਿੰਡ ਦੀ ਗ੍ਰਾਮ ਸਭਾ ਬੁਲਾਕੇ ਇਸ ਗੰਭੀਰ ਮਸਲੇ ਤੇ ਵਿਚਾਰ ਕਰਨਾ ਚਾਹੀਦਾ। ਹਰ ਪੁਲਿਸ ਦੇ ਐਸ ਐਚ ਨੂੰ ਪੰਚਾਇਤਾਂ ਨਾਲ ਇਸ ਮਸਲੇ ਨੂੰ ਵਿਚਾਰ ਕੇ ਲੋਕਾਂ ਤੋਂ ਸਹਿਯੋਗ ਮੰਗਿਆ ਜਾਵੇ ਅਤੇ ਸਾਰੀਆਂ ਪੰਚਾਇਤਾਂ ਚੀਨੀ ਡੋਰ ਦੀ ਵਰਤੋਂ ਨਾ ਕਰਨ ਦੀ ਪਿੰਡ ਵਾਸੀਆਂ ਨੂੰ ਅਪੀਲ ਕਰਨ ਅਤੇ ਚੀਨੀ ਡੋਰ ਵਰਤਣਾ ਮਨ੍ਹਾ ਕੀਤਾ ਜਾਵੇ ਅਤੇ ਹੋ ਸਕੇ ਚੀਨੀ ਡੋਰ ਵਰਤਣ ਵਾਲਿਆਂ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ। ਸਕੂਲ ਮੁੱਖੀਆਂ ਨੂੰ ਚਾਹੀਦਾ ਹੈ ਕਿ ਪਰ ਸਮੇਂ ਕਿਸੇ ਅਧਿਆਪਕ ਤੋਂ ਬੱਚਿਆਂ ਲਈ ਵਿਸ਼ੇਸ਼ ਲੈਕਚਰ ਦਿਵਾਇਆ ਜਾਵੇ ਸੋ ਚੀਨੀ ਡੋਰ ਦੀ ਭਿਆਣਕਤਾ ਬਾਰੇ ਬੱਚਿਆਂ ਨੂੰ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਨ। ਬੱਚਿਆਂ ਦੇ ਕੋਰੇ ਮਨ ਆਪਣੇ ਅਧਿਆਪਕਾਂ ਦੀ ਗੱਲ ਬਹੁਤ ਮੰਨਦੇ ਹਨ। ਅਖੀਰ ਤੇ ਮੈਂ ਸਾਰੇ ਮਾਪਿਆਂ ਅਤੇ ਬੱਚਿਆਂ ਅਪੀਲ ਕਰਾਂਗਾ ਕਿ ਆਪਣੇ ਥੋਹੜੇ ਜਿਹੇ ਸੁੱਗਲ ਲਈ ਕਿਸੇ ਘਰ ਦਾ ਚਿਰਾਗ ਨਾ ਬੁਝਾਓ। ਆਪਣੇ ਦਿਲ ਤੇ ਹੱਥ ਰੱਖ ਕੇ ਸੋਚਿਓ ਜੇਕਰ ਤੁਹਾਡੇ ਪਰਵਾਰ ਚ ਇਹ ਅਣਹੋਣੀ ਘਟਨਾ ਵਰਤ ਜਾਵੇ ਤਾਂ ਤੁਸੀਂ ਕਿਵੇਂ ਮਹਿਸੂਸ ਕਰੋਗੇ। ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਆਪਣਿਆਂ ਬੱਚਿਆਂ ਨੂੰ ਕਦੇ ਵੀ ਇਹ ਮੌਤ ਦਾ ਫੰਧਾ ਵਰਤਣ ਦੀ ਇਜਾਜ਼ਤ ਨਾ ਦੇਵੋ।

ਬਚਾਓ ਵਿੱਚ ਹੀ ਬਚਾਓ ਹੈ ਇਸ ਲਈ ਸੱਭ ਟੂ ਵੀਲਰ ਭਰਾਵਾਂ ਭੈਣਾਂ ਨੂੰ ਬੇਨਤੀ ਹੈ ਕਿ ਇਹਨਾਂ ਦਿਨਾਂ ਵਿੱਚ ਸ.ਫਰ ਦੁਰਾਨ ਆਪਣੀ ਗਰਦਨ ਨੂੰ ਕਿਸੇ ਮੋਟੇ ਮਫਲਰ ਨਾਲ ਲਪੇਟ ਕੇ ਸ.ਫਰ ਕਰੋ। ਵੈਸੇ ਅੱਜ ਸੰਵੇਦਨਸ਼ੀਲ ਲੋਕਾਂ ਨੂੰ ਵੀ ਬੇਨਤੀ ਹੈ ਕਿ ਮਨੁੱਖਤਾਵਾਦੀ ਸੋਚ ਅਪਨਾਓ ਅਤੇ ਸਰਬੱਤ ਦਾ ਭਲਾ ਮੰਗੋ। ਆਮੀਨ !

**31 ਸਫ਼ੇ ਦੀ ਬਾਕੀ**

ਤਾਂ ਜਵਾਬ ਵਿੱਚ ਸੰਤ ਜਰਨੈਲ ਸਿੰਘ ਜੀ ਨੇ ਆਖਿਆ ਕਿ “ਜੇ ਤੁਸੀਂ ਸਮਝਦੇ ਹੋ ਕਿ ਧਰਮ ਯੁੱਧ ਮੋਰਚੇ ਨਾਲ ਹਿੰਦੂ-ਸਿੱਖ ਏਕਤਾ ਨੂੰ ਸੱਟ ਵੱਜੀ ਹੈ ਤਾਂ ਇਸ ਲਈ ਅਸੀਂ ਨਹੀਂ ਸਰਕਾਰ ਜ਼ਿੰਮੇਵਾਰ ਹੈ। ਜਿੰਨਾ ਚਿਰ ਸਰਕਾਰ ਹਿੰਦੂ-ਸਿੱਖਾਂ ਵਿਚਾਲੇ ਵਿਤਕਰਾ ਰੱਖੇਗੀ, ਏਕਤਾ ਨੂੰ ਸੱਟ ਵੱਜਦੀ ਰਹੇਗੀ, ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਮੰਨ ਕੇ ਏਕਤਾ ਮਜ਼ਬੂਤ ਰੱਖੀ ਜਾ ਸਕਦੀ ਹੈ..।” (ਭਾਵ ਭਾਰਤੀ ਸੰਵਿਧਾਨ ਦੀ ਧਾਰਾ 25-ਬੀ ਵਿੱਚ ਸੋਧ ਕਰਕੇ ਸਿੱਖਾਂ ਨੂੰ ਇੱਕ ਵੱਖਰੀ ਕੌਮ ਵਜੋਂ ਤਸਲੀਮ ਕੀਤਾ ਜਾਵੇ)। ਧਰਮ ਯੁੱਧ ਮੋਰਚੇ ਦੌਰਾਨ ਸੰਤ ਜਰਨੈਲ ਸਿੰਘ ਜੀ ਦੀ ਦੂਸਰੀ ਮੰਗ ਸੀ 'ਅਨੰਦਪੁਰ ਦਾ ਮਤਾ'। ਸਿਰਦਾਰ ਕਪੂਰ ਸਿੰਘ ਨੇ ਅਨੰਦਪੁਰ ਦੇ ਖਰੜੇ ਵਿੱਚ ਇਹ ਸਪਸ਼ਟ ਕੀਤਾ ਸੀ ਕਿ “ਇਸ ਖ਼ੁਦਮੁਖ਼ਤਿਆਰ ਸਿੱਖ ਖਿੱਤੇ ਨੂੰ ਵਿਦੇਸ਼ੀ ਮਾਮਲੇ, ਸੁਰੱਖਿਆ, ਕਰੰਸੀ ਅਤੇ ਆਮ ਸੰਚਾਰ ਦੇ ਮਹਿਕਮਿਆਂ ਨੂੰ ਫੈਡਰਲ ਭਾਰਤ ਸਰਕਾਰ ਦੇ ਅਧਿਕਾਰ ਵਿੱਚ ਛੱਡ ਕੇ ਸੰਪੂਰਨ ਸੱਤਾ ਨੂੰ ਆਪਣੇ ਹੱਥ ਵਿੱਚ ਰੱਖਣ ਖ਼ਾਤਿਰ ਆਪਣਾ ਅੰਦਰੂਨੀ ਸੰਵਿਧਾਨ ਆਪ ਘੜਨ ਦਾ ਅਧਿਕਾਰੀ ਐਲਾਨ ਕੀਤਾ ਜਾਵੇ ਕਿਉਂਕਿ ਸਿੱਖ ਜੋ ਭਾਰਤ ਦੇ ਉੱਤਰ-ਪੱਛਮ ਖੇਤਰ ਵਿੱਚ ਸਿੱਖ ਪੰਥ ਦੇ ਵਿਅਕਤੀਤਵ ਦੀ ਵਿਧਾਨਕ ਰੱਖਿਆ ਨੂੰ ਸੁਰੱਖਿਅਤ ਕਰਨਾ ਲੋਚਦੇ ਹਨ ਤਾਂ ਉਹਨਾਂ ਦੀ ਸ਼ੁੱਧ ਕਾਮਨਾ ਇਹੋ ਹੈ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਕਾਇਮ ਰਹੇ।”

ਇਸ ਕਰਕੇ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਨੇ ਇਹ ਬਚਨ ਕੀਤੇ ਸਨ ਕਿ “ਇਹ ਭਾਰਤ ਸਰਕਾਰ ਦੀ ਮਰਜ਼ੀ ਹੈ ਕਿ ਸਾਨੂੰ ਨਾਲ ਰੱਖਣਾ ਚਾਹੁੰਦੀ ਹੈ ਜਾਂ ਵੱਖ ਕਰਨਾ ਚਾਹੁੰਦੀ ਹੈ” ਅਤੇ ਅੰਤ ਵਿੱਚ ਇਹ ਵੀ ਅਤਿਕਥਨੀ ਨਹੀਂ ਹੋਵੇਗੀ ਕਿ 26 ਜਨਵਰੀ ਨੂੰ ਜਿਸ ਸੰਵਿਧਾਨ ਨੂੰ ਲਾਗੂ ਕਰਨ ਦੀ ਖ਼ੁਸ਼ੀ ਵਿੱਚ ਭਾਰਤ ਸਰਕਾਰ ਜਸ਼ਨ ਮਨਾਉਂਦੀ ਹੈ, ਇਸੇ ਸੰਵਿਧਾਨ ਦੇ ਤਹਿਤ ਹੀ ਲੱਖਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਚੁੱਕਾ ਹੈ। ਇਸੇ ਵਿਧਾਨ ਦੇ ਤਹਿਤ ਹੀ 1984 ਵਿੱਚ ਹੋਏ ਸਿੱਖ ਕਤਲੇਆਮ ਦਾ 30 ਸਾਲ ਬਾਅਦ ਵੀ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲ਼ਿਆ। ਇਸੇ ਸੰਵਿਧਾਨ ਦੇ ਤਹਿਤ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਟੈਂਕਾਂ, ਤੋਪਾਂ ਨਾਲ ਢਹਿ-ਢੇਰੀ ਕੀਤਾ ਗਿਆ। ਸੰਤ ਜਰਨੈਲ ਸਿੰਘ ਨੇ ਜਦੋਂ ‘ਸਿੱਖ ਇੱਕ ਵੱਖਰੀ ਕੌਮ’ ਦਾ ਨਾਹਰਾ ਬੁਲੰਦ ਕੀਤਾ ਤਾਂ ਭਾਰਤ ਸਰਕਾਰ ਵੱਲੋਂ ਸਾਰੇ ਦੇਸ਼ ਵਿੱਚ ਤੂਫਾਨ ਖੜ੍ਹਾ ਕਰ ਦਿੱਤਾ ਗਿਆ ਅਤੇ ਸੰਤ ਜਰਨੈਲ ਸਿੰਘ ਅਤੇ ਉਸ ਦੇ ਸਾਥੀਆਂ ਤੇ ਅੱਤਵਾਦੀ-ਵੱਖਵਾਦੀ ਲੇਬਲ ਲਾ ਕੇ ਉਹਨਾਂ ਨੂੰ ਦੇਸ਼-ਧ੍ਰੋਹੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ। ਹੁਣ ਵੇਖਣਾ ਇਹ ਹੈ ਕਿ ਸਿੱਖਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਨ ਵਾ਼ਲੀਆਂ ਸਿੱਖ ਸੰਸਥਾਵਾਂ, ਸੱਤਾਧਾਰੀ ਅਕਾਲੀ ਦਲ ਦੀ ਹਮਾਇਤ ਕਰਨ ਵਾ਼ਲੀਆਂ ਸੰਸਥਾਵਾਂ 26 ਜਨਵਰੀ ਨੂੰ ਮਨਾਏ ਜਾਣ ਵਾ਼ਲੇ ਜਸ਼ਨਾਂ ਦਾ ਵਿਰੋਧ ਕਰਦੀਆਂ ਹਨ ਜਾਂ ਸਿੱਖ ਕੌਮ ਨੂੰ ਹਰ ਪੱਖੋਂ ਜ਼ਲੀਲ ਕਰਨ ਵਾ਼ਲੀ ਮੌਜੂਦਾ ਭਾਜਪਾ ਸਰਕਾਰ ਨੂੰ ਖ਼ੁਸ਼ ਕਰਨ ਲਈ ਸਿੱਖ ਕੌਮ ਨੂੰ ਹਰ ਪੱਖੋਂ ਜ਼ਲੀਲ ਕਰਨ ਵਾ਼ਲੀ ਮੌਜੂਦਾ ਭਾਜਪਾ ਸਰਕਾਰ ਨੂੰ ਖ਼ੁਸ਼ ਕਰਨ ਲਈ ਸਿੱਖ ਵਿਰੋਧੀ ਤਾਕਤਾਂ ਦਾ ਸਾਥ ਦਿੰਦੀਆਂ ਹਨ। ਹਰ ਸਾਲ 26 ਜਨਵਰੀ ਸਿੱਖਾਂ ਕੋਲੋਂ ਕੁਝ ਖੋਹ ਕੇ ਲੰਘਦੀ ਹੈ। ਇਸ ਸਾਲ ਵੀ ਇਹੀ ਹੋਵੇਗਾ ਕਿਉਂਕਿ ਭਾਰਤੀ ਸੰਵਿਧਾਨ ਨੂੰ ਮੰਨਣ ਵਾ਼ਲੇ ਸਿੱਖ ਖ਼ਾਲਸਾ ਕੌਮ ਦਾ ਦਰਦ ਨਹੀਂ ਵੰਡਾਉਣਾ ਚਾਹੁੰਦੇ ਕਿਉਂਕਿ ਉਹਨਾਂ ਨੂੰ ਗ਼ੁਲਾਮੀ ਹੰਢਾਉਣ ਦੀ ਆਦਤ ਪੈ ਚੁੱਕੀ ਹੈ।

(ਨੋਟ: ਇਹ ਲੇਖ ਜਨਵਰੀ 2015 ਵਿੱਚ ਲਿਖਿਆ ਗਿਆ ਸੀ, ਜਦੋਂ ਅਮਰੀਕਾ ਦਾ ਰਾਸ਼ਟਰਪਤੀ ਬਰਾਕ ਓਬਾਮਾ ਭਾਰਤ ਦੇ ਦੌਰੇ ’ਤੇ ਆਇਆ ਸੀ)

**ਹਵਾਲੇ :**

1) ਲਲਕਾਰ (ਕਾਵਿ ਸੰਗ੍ਰਹਿ), ਲੇਖਕ ਨਰਾਇਣ ਸਿੰਘ
2) ਸਿੰਘ ਨਾਦ : ਲੇਖਕ ਗੁਰਤੇਜ ਸਿੰਘ ਆਈ.ਏ.ਐਸ.
3) ਬਿਖੁ ਮਹਿ ਅੰਮ੍ਰਿਤੁ : ਲੇਖਕ ਸਿਰਦਾਰ ਕਪੂਰ ਸਿੰਘ

# ਯੂਜੀਸੀ ਐਕਟ 2026 ਬਨਾਮ ਸੁਪਰੀਮ ਕੋਰਟ ਦੀ ਰੋਕ, ਸਹੀ ਜਾਂ ਗਲਤ...?

ਸੰਦੀਪ ਕੁਮਾਰ
7009807121



ਭਾਰਤ ਵਿੱਚ ਉੱਚ ਸਿੱਖਿਆ ਪ੍ਰਣਾਲੀ ਵਿੱਚ ਵਿਤਕਰੇ ਨੂੰ ਰੋਕਣ ਅਤੇ ਸਮਾਨਤਾ ਨੂੰ ਯਕੀਨੀ ਬਣਾਉਣ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ 13 ਜਨਵਰੀ 2026 ਨੂੰ ਨਵੇਂ ਨਿਯਮਾਂ ਨੂੰ ਨੋਟੀਫਾਈ ਕੀਤਾ ਸੀ। ਇਹ ਨਿਯਮ ਯੂਜੀਸੀ (ਉੱਚ ਸਿੱਖਿਆ ਸੰਸਥਾਵਾਂ ਵਿੱਚ ਸਮਾਨਤਾ ਨੂੰ ਉਤਸ਼ਾਹਿਤ ਕਰਨ ਵਾਲੇ ਨਿਯਮ) ਰੈਗੂਲੇਸ਼ਨਜ਼ 2026 ਵਜੋਂ ਜਾਣੇ ਜਾਂਦੇ ਹਨ। ਭਾਜਪਾ ਸਰਕਾਰ ਵੱਲੋਂ ਲਾਗੂ ਕੀਤੇ ਗਏ ਇਸ ਐਕਟ ਦਾ ਮੁੱਖ ਉਦੇਸ਼ ਅਨੁਸੂਚਿਤ ਜਾਤੀਆਂ (ਐਸਸੀ), ਅਨੁਸੂਚਿਤ ਜਨਜਾਤੀਆਂ (ਐਸਟੀ) ਅਤੇ ਹੋਰ ਪੱਛੜੀਆਂ ਜਮਾਤਾਂ (ਓਬੀਸੀ) ਨਾਲ ਸਬੰਧਤ ਵਿਦਿਆਰਥੀਆਂ ਨੂੰ ਵਿਤਕਰੇ ਤੋਂ ਬਚਾਉਣਾ ਸੀ। ਪਰ 28 ਜਨਵਰੀ 2026 ਨੂੰ ਸੁਪਰੀਮ ਕੋਰਟ ਨੇ ਇਸ ਐਕਟ ਉੱਤੇ ਰੋਕ ਲਗਾ ਦਿੱਤੀ।

ਅਦਾਲਤ ਨੇ ਇਸ ਨੂੰ ਬਹੁਤ ਵਿਆਪਕ ਅਤੇ ਅਸਪੱਸ਼ਟ ਮੰਨਦੇ ਹੋਏ ਕਿਹਾ ਕਿ ਇਹ ਨਿਯਮ ਦੁਰਵਰਤੋਂ ਲਈ ਸੰਭਾਵੀ ਹਨ ਅਤੇ ਆਮ ਵਰਗ ਨੂੰ ਸੁਰੱਖਿਆ ਨਹੀਂ ਪ੍ਰਦਾਨ ਕਰਦੇ। ਇਸ ਫੈਸਲੇ ਨੇ ਦੇਸ਼ ਭਰ ਵਿੱਚ ਚਰਚਾ ਛੇੜ ਦਿੱਤੀ ਹੈ। ਇੱਕ ਪਾਸੇ ਇਸ ਐਕਟ ਦੀ ਨੀਅਤ ਨੂੰ ਸਲਾਹੁੰਦੇ ਹੋਏ ਇਸ ਨੂੰ ਸਮਾਜ ਵਿੱਚ ਸਮਾਨਤਾ ਲਿਆਉਣ ਵਾਲਾ ਮੰਨਿਆ ਜਾ ਰਿਹਾ ਹੈ, ਜਦਕਿ ਦੂਜੇ ਪਾਸੇ ਇਸ ਦੀ ਦੁਰਵਰਤੋਂ ਦੇ ਖਦਸੇ ਕਾਰਨ ਵਿਰੋਧ ਨੂੰ ਵਾਜਬ ਠਹਿਰਾਇਆ ਜਾ ਰਿਹਾ ਹੈ।

ਯੂਜੀਸੀ ਐਕਟ 2026 ਦੀ ਨੀਅਤ ਬੇਹੱਦ ਚੰਗੀ ਹੈ। ਭਾਰਤ ਵਿੱਚ ਉੱਚ ਸਿੱਖਿਆ ਸੰਸਥਾਵਾਂ ਵਿੱਚ ਵਿਤਕਰਾ ਇੱਕ ਗੰਭੀਰ ਮਸਲਾ ਰਿਹਾ ਹੈ। ਅਨੁਸੂਚਿਤ ਜਾਤੀਆਂ, ਜਨਜਾਤੀਆਂ ਅਤੇ ਪੱਛੜੀਆਂ ਜਮਾਤਾਂ ਨਾਲ ਸਬੰਧਤ ਵਿਦਿਆਰਥੀ ਅਕਸਰ ਜਾਤੀਵਾਦੀ ਵਿਤਕਰੇ ਦਾ ਸ਼ਿਕਾਰ ਹੁੰਦੇ ਹਨ। ਇਹ ਵਿਤਕਰਾ ਨਾ ਸਿਰਫ਼ ਉਨ੍ਹਾਂ ਦੀ ਸਿੱਖਿਆ ਨੂੰ ਪ੍ਰਭਾਵਿਤ ਕਰਦਾ ਹੈ ਬਲਕਿ ਉਨ੍ਹਾਂ ਦੇ ਮਾਨਸਿਕ ਸਿਹਤ ਅਤੇ ਸਮਾਜਿਕ ਵਿਕਾਸ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਰਾਸ਼ਟਰੀ ਵਿਦਿਅਕ ਨੀਤੀ 2020 ਦੇ ਅਧਾਰ ਤੇ ਬਣਾਏ ਗਏ ਇਸ ਐਕਟ ਵਿੱਚ ਕਈ ਮਹੱਤਵਪੂਰਨ ਪ੍ਰਬੰਧ ਕੀਤੇ ਗਏ ਹਨ। ਮਿਸਾਲ ਵਜੋਂ, ਹਰ ਉੱਚ ਸਿੱਖਿਆ ਸੰਸਥਾ ਨੂੰ ਵਿਤਕਰੇ ਵਿਰੋਧੀ ਸੈੱਲ ਬਣਾਉਣਾ ਲਾਜ਼ਮੀ ਹੈ ਜੋ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਨੂੰ ਸੁਣੇਗਾ ਅਤੇ ਨਿਆਂ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਓਮਬਡਸਪਰਸਨ ਨੂੰ ਨਿਯੁਕਤ ਕਰਨਾ ਭਾਵ ਇੱਕ ਅਧਿਕਾਰੀ ਨੂੰ ਨਿਯੁਕਤ ਕਰਨਾ ਅਤੇ ਵਿਤਕਰੇ ਨੂੰ ਰੋਕਣ ਲਈ ਜਾਗਰੂਕਤਾ ਪ੍ਰੋਗਰਾਮ ਚਲਾਉਣੇ ਵੀ ਜ਼ਰੂਰੀ ਹਨ। ਇਹ ਨਿਯਮ ਵਿਦਿਆਰਥੀਆਂ ਨੂੰ ਪ੍ਰਵੇਸ਼, ਮੁਲਾਂਕਣ, ਹੋਸਟਲ ਅਲਾਟਮੈਂਟ ਅਤੇ ਸਕਾਲਰਸ਼ਿਪ ਵਿੱਚ ਵਿਤਕਰੇ ਤੋਂ ਬਚਾਉਣ ਲਈ ਤਿਆਰ ਕੀਤੇ ਗਏ ਹਨ। ਇਸ ਐਕਟ ਨਾਲ ਉਮੀਦ ਕੀਤੀ ਜਾਂਦੀ ਹੈ ਕਿ ਪਿਛੜੇ ਵਰਗਾਂ ਨੂੰ ਸਿੱਖਿਆ ਵਿੱਚ ਵਧੇਰੇ ਮੌਕੇ ਮਿਲਣਗੇ ਅਤੇ ਸਮਾਜ ਵਿੱਚ ਸਮਾਨਤਾ ਵਧੇਗੀ। ਭਾਜਪਾ ਸਰਕਾਰ ਨੇ ਇਸ ਨੂੰ ਲਾਗੂ ਕਰਕੇ ਆਪਣੀ ਵਚਨਬੱਧਤਾ ਨੂੰ ਦਰਸਾਇਆ ਹੈ ਕਿ ਉਹ ਵਿਕਾਸਸ਼ੀਲ ਭਾਰਤ ਵਿੱਚ ਸਭ ਨੂੰ ਬਰਾਬਰ ਮੌਕੇ ਪ੍ਰਦਾਨ ਕਰਨਾ ਚਾਹੁੰਦੀ ਹੈ।

ਹਾਲਾਂਕਿ, ਇਸ ਐਕਟ ਦੀ ਨੀਅਤ ਚੰਗੀ ਹੋਣ ਨਾਲ ਵੀ ਇਸ ਵਿੱਚ ਕਈ ਕਮੀਆਂ ਹਨ ਜੋ ਇਸ ਨੂੰ ਵਿਵਾਦਾਸਪਦ ਬਣਾਉਂਦੀਆਂ ਹਨ। ਸਭ ਤੋਂ ਵੱਡੀ ਕਮੀ ਇਹ ਹੈ ਕਿ ਇਸ ਵਿੱਚ ਗਲਤ ਜਾਂ ਜਾਲੀ ਸ਼ਿਕਾਇਤਾਂ ਵਿਰੁੱਧ ਕੋਈ ਪ੍ਰਬੰਧ ਨਹੀਂ ਹੈ। ਐਕਟ ਵਿੱਚ ਵਿਤਕਰੇ ਨੂੰ ਪਰਿਭਾਸ਼ਿਤ ਕਰਨ ਵਾਲੇ ਨਿਯਮ ਬਹੁਤ ਅਸਪੱਸ਼ਟ ਹਨ ਅਤੇ ਇਹ ਸਿਰਫ਼ ਐਸਸੀ, ਐਸਟੀ ਅਤੇ ਓਬੀਸੀ ਨੂੰ ਹੀ ਸੁਰੱਖਿਆ ਪ੍ਰਦਾਨ ਕਰਦੇ ਹਨ, ਜਦਕਿ ਆਮ ਵਰਗ ਨੂੰ ਅਣਗੌਲਿਆ ਕੀਤਾ ਗਿਆ ਹੈ। ਅੱਜ ਦੇ ਸਮੇਂ ਵਿੱਚ ਸਮਾਜ ਵਿੱਚ ਆਮ ਵਰਗ ਵੀ ਪੀੜਤ ਹੈ, ਆਮ ਵਰਗ ਨਾਲ ਵੀ ਵਿਤਕਰਾ,ਭੇਦਭਾਵ ਅਤੇ ਸ਼ੋਸ਼ਣ ਹੋ ਰਿਹਾ ਹੈ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਇਹ ਨਿਯਮ ਬਹੁਤ ਵਿਆਪਕ ਹਨ ਅਤੇ ਦੁਰਵਰਤੋਂ ਲਈ ਆਸਾਨੀ ਨਾਲ ਵਰਤੇ ਜਾ ਸਕਦੇ ਹਨ। ਇਹ ਐਕਟ ਐਸਸੀ/ਐਸਟੀ (ਅੱਤਿਆਚਾਰ ਰੋਕਥਾਮ) ਐਕਟ 1989 ਦੀ ਤਰਜ਼ ਤੇ ਬਣਾਇਆ ਗਿਆ ਹੈ, ਜਿਸ ਵਿੱਚ ਵੀ ਜਾਲੀ ਸ਼ਿਕਾਇਤਾਂ ਵਿਰੁੱਧ ਕੋਈ ਸਖ਼ਤ ਕਾਰਵਾਈ ਦਾ ਪ੍ਰਬੰਧ ਨਹੀਂ ਹੈ। ਐਸਸੀ/ਐਸਟੀ ਐਕਟ ਨੂੰ ਬਣਾਉਣ ਵੇਲੇ ਵੀ ਚੰਗੀ ਨੀਅਤ ਸੀ ਕਿ ਪਿਛੜੇ ਵਰਗਾਂ ਨੂੰ ਅੱਤਿਆਚਾਰ ਤੋਂ ਬਚਾਇਆ ਜਾਵੇ, ਪਰ ਅੱਜ ਇਸ ਦੀ ਦੁਰਵਰਤੋਂ ਨੇ ਸਮਾਜ ਵਿੱਚ ਤਨਾਅ ਵਧਾ ਦਿੱਤਾ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨਸੀਆਰਬੀ) ਦੇ ਅੰਕੜੇ ਦੱਸਦੇ ਹਨ ਕਿ ਐਸਸੀ/ਐਸਟੀ ਐਕਟ ਅਧੀਨ ਦਰਜ ਹੋਣ ਵਾਲੀਆਂ ਜਿਆਦਾਤਰ ਸ਼ਿਕਾਇਤਾਂ ਗਲਤ ਜਾਂ ਰਾਜਨੀਤੀ ਤੋਂ ਪ੍ਰੇਰਿਤ ਹੁੰਦੀਆਂ ਹਨ। ਇਸ ਨਾਲ ਨਿਰਦੋਸ਼ ਲੋਕਾਂ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਸਮਾਜ ਵਿੱਚ ਵਿਭਾਜਨ ਵਧਦਾ ਹੈ।

ਇਸ ਤਰ੍ਹਾਂ ਦੀ ਦੁਰਵਰਤੋਂ ਦੀ ਇੱਕ ਮਿਸਾਲ ਵਿਸ਼ਨੂੰ ਤਿਵਾੜੀ ਦਾ ਕੇਸ ਹੈ। ਉੱਤਰ ਪ੍ਰਦੇਸ਼ ਦੇ ਲਲਿਤਪੁਰ ਜ਼ਿਲ੍ਹੇ ਵਿੱਚ ਰਹਿਣ ਵਾਲਾ ਵਿਸ਼ਨੂੰ ਤਿਵਾੜੀ ਸਾਲ 2000 ਵਿੱਚ 23 ਸਾਲਾਂ ਦੀ ਉਮਰ ਵਿੱਚ ਗ੍ਰਿਫ਼ਤਾਰ ਹੋਇਆ ਸੀ। ਉੱਤੇ ਇੱਕ ਔਰਤ ਨੇ ਬਲਾਤਕਾਰ, ਅਪਰਾਧਿਕ ਧਮਕੀ ਅਤੇ ਐਸਸੀ/ਐਸਟੀ ਐਕਟ ਅਧੀਨ ਅੱਤਿਆਚਾਰ ਦੇ ਆਰੋਪ ਲਗਾਏ ਸਨ। ਟ੍ਰਾਇਲ ਕੋਰਟ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਉਹ 20 ਸਾਲ ਆਗਰਾ ਸੈਂਟਰਲ ਜੇਲ ਵਿੱਚ ਰਿਹਾ। ਸਾਲ 2021 ਵਿੱਚ ਅਲਾਹਾਬਾਦ ਹਾਈ ਕੋਰਟ ਨੇ ਉਸ ਨੂੰ ਬਰੀ ਕਰ ਦਿੱਤਾ ਜਦੋਂ ਪਤਾ ਚੱਲਿਆ ਕਿ ਆਰੋਪ ਜਾਲੀ ਸਨ ਅਤੇ ਮੈਡੀਕਲ ਸਬੂਤਾਂ ਵਿੱਚ ਵੀ ਵਿਵਾਦ ਸੀ। ਜਦੋਂ ਉਹ 43 ਸਾਲਾਂ ਦੀ ਉਮਰ ਵਿੱਚ ਜੇਲ ਤੋਂ ਬਾਹਰ ਆਇਆ ਤਾਂ ਉਸ ਨੂੰ ਪਤਾ ਚੱਲਿਆ ਕਿ ਉਸ ਦੇ ਪਰਿਵਾਰ ਦੇ ਸਾਰੇ ਮੈਂਬਰ, ਪਿਤਾ ਅਤੇ ਦੋ ਭਰਾ ਮਰ ਚੁੱਕੇ ਸਨ। ਉਸ ਨੇ ਆਪਣੀ ਜਵਾਨੀ ਜੇਲ ਵਿੱਚ ਗਵਾ ਦਿੱਤੀ ਅਤੇ ਉਸ ਨੂੰ ਕੋਈ ਮੁਆਵਜ਼ਾ ਵੀ ਨਹੀਂ ਮਿਲਿਆ। ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਉਸ ਦੇ ਪੁਨਰਵਾਸ ਲਈ ਯੂਪੀ ਸਰਕਾਰ ਤੋਂ ਜਵਾਬ ਮੰਗਿਆ ਸੀ ਪਰ ਮੌਜੂਦਾ ਸਮੇਂ ਵਿੱਚ ਕਿਸੇ ਵੀ ਤਰ੍ਹਾਂ ਉਸ ਦੇ ਨੁਕਸਾਨ ਦੀ ਪੂਰਤੀ ਕਰਨਾ ਅਸੰਭਵ ਹੈ। ਇਹ ਕੇਸ ਐਸਸੀ/ਐਸਟੀ ਐਕਟ ਦੀ ਦੁਰਵਰਤੋਂ ਨੂੰ ਉਜਾਗਰ ਕਰਦਾ ਹੈ ਜਿੱਥੇ ਇੱਕ ਨਿਰਦੋਸ਼ ਵਿਅਕਤੀ ਨੂੰ ਜਾਲੀ ਆਰੋਪਾਂ ਕਾਰਨ ਜ਼ਿੰਦਗੀ ਬਰਬਾਦ ਕਰਨੀ ਪਈ ਅਤੇ ਇਸ ਤਰ੍ਹਾਂ ਦੀ ਜਾਲੀ ਸ਼ਿਕਾਇਤਾਂ ਦੀਆਂ ਹਜ਼ਾਰਾਂ ਮਿਸਾਲਾਂ ਦੇਖਣ ਨੂੰ ਮਿਲ ਚੁੱਕੀਆਂ ਹਨ। ਐਨਸੀਆਰਬੀ ਦੇ ਅੰਕੜੇ ਦੱਸਦੇ ਹਨ ਕਿ 2016 ਵਿੱਚ ਐਸਸੀ/ਐਸਟੀ ਐਕਟ ਅਧੀਨ ਦਰਜ 11060 ਕੇਸਾਂ ਵਿੱਚੋਂ 5347 ਜਾਲੀ ਸਾਬਤ ਹੋਏ। ਇਹ ਅੰਕੜੇ ਦਰਸਾਉਂਦੇ ਹਨ ਕਿ ਐਕਟ ਦੀ ਦੁਰਵਰਤੋਂ ਨਾਲ ਨਿਰਦੋਸ਼ ਲੋਕਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ ਅਤੇ ਸਮਾਜ ਵਿੱਚ ਤਨਾਅ ਵਧ ਰਿਹਾ ਹੈ। ਐਸਸੀ/ਐਸਟੀ ਐਕਟ ਵਿੱਚ ਵੀ ਜਾਲੀ ਸ਼ਿਕਾਇਤਾਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਹੈ ਜਿਸ ਨਾਲ ਲੋਕ ਇਸ ਨੂੰ ਹਥਿਆਰ ਵਜੋਂ ਵਰਤ ਰਹੇ ਹਨ।

ਯੂਜੀਸੀ ਐਕਟ 2026 ਵਿੱਚ ਵੀ ਇਹੀ ਕਮੀ ਹੈ ਜੋ ਇਸ ਨੂੰ ਵਿਵਾਦਾਸਪਦ ਬਣਾਉਂਦੀ ਹੈ। ਦੇਸ਼ ਭਰ ਵਿੱਚ ਇਸ ਦਾ ਵਿਰੋਧ ਹੋ ਰਿਹਾ ਹੈ ਕਿਉਂਕਿ ਆਮ ਵਰਗ ਦੇ ਲੋਕਾਂ ਨੂੰ ਡਰ ਹੈ ਕਿ ਇਹ ਐਕਟ ਵੀ ਐਸਸੀ/ਐਸਟੀ ਐਕਟ ਵਾਂਗ ਦੁਰਵਰਤੋਂ ਕਰਨ ਦਾ ਹਥਿਆਰ ਬਣ ਜਾਵੇਗਾ। ਵਿਰੋਧੀ ਕਹਿ ਰਹੇ ਹਨ ਕਿ ਇਹ ਨਿਯਮ ਆਮ ਵਰਗ ਨੂੰ ਅਣਗੌਲਿਆ ਕਰਦੇ ਹਨ ਅਤੇ ਵਿਤਕਰੇ ਨੂੰ ਵਧਾਉਣ ਵਾਲੇ ਹਨ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਇਹੀ ਕਿਹਾ ਕਿ ਨਿਯਮ ਅਸਪੱਸ਼ਟ ਹਨ ਅਤੇ ਦੁਰਵਰਤੋਂ ਲਈ ਯੋਗ ਹਨ। ਇਸ ਵਿਰੋਧ ਨੂੰ ਵਾਜਬ ਠਹਿਰਾਉਂਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵੀ ਕਾਨੂੰਨ ਨੂੰ ਬਣਾਉਣ ਵੇਲੇ ਉਸ ਵਿੱਚ ਸੰਤੁਲਨ ਹੋਣਾ ਚਾਹੀਦਾ ਹੈ। ਪਿਛੜੇ ਵਰਗਾਂ ਨੂੰ ਸੁਰੱਖਿਆ ਦੇਣਾ ਚੰਗੀ ਗੱਲ ਹੈ ਪਰ ਜੇ ਉਹੀ ਸੁਰੱਖਿਆ ਦੂਜੇ ਵਰਗਾਂ ਵਿਰੁੱਧ ਹਥਿਆਰ ਬਣ ਜਾਵੇ ਤਾਂ ਇਹ ਸਮਾਜ ਲਈ ਘਾਤਕ ਹੈ। ਅਜਿਹੇ ਨਿਯਮਾਂ ਵਿੱਚ ਜਾਲੀ ਸ਼ਿਕਾਇਤਾਂ ਵਿਰੁੱਧ ਸਖ਼ਤ ਕਾਰਵਾਈ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਲੋਕ ਇਸ ਨੂੰ ਸਕਾਰਾਤਮਕ ਰੂਪ ਵਿੱਚ ਵਰਤਣ ਅਤੇ ਇੱਕ ਚੰਗੇ ਸਮਾਜ ਦੀ ਸਿਰਜਣਾ ਹੋ ਸਕੇ।

ਅੰਤ ਵਿੱਚ, ਯੂਜੀਸੀ ਐਕਟ 2026 ਦੀ ਨੀਅਤ ਨੂੰ ਸਲਾਹੁੰਦੇ ਹੋਏ ਵੀ ਇਸ ਨੂੰ ਸੰਸ਼ੋਧਨ ਦੀ ਲੋੜ ਹੈ। ਸੁਪਰੀਮ ਕੋਰਟ ਨੇ ਇਸ ਉੱਤੇ ਰੋਕ ਲਗਾ ਕੇ ਸਹੀ ਕੀਤਾ ਹੈ ਕਿਉਂਕਿ ਬਿਨਾਂ ਸੰਤੁਲਨ ਵਾਲੇ ਕਾਨੂੰਨ ਨਾਲ ਸਮਾਜ ਵਿੱਚ ਵਿਭਾਜਨ ਵਧਦਾ ਹੈ। ਸਰਕਾਰ ਨੂੰ ਇਸ ਵਿੱਚ ਜਾਲੀ ਸ਼ਿਕਾਇਤਾਂ ਵਿਰੁੱਧ ਸਖਤ ਪ੍ਰਬੰਧ ਸ਼ਾਮਲ ਕਰਨੇ ਚਾਹੀਦੇ ਹਨ ਤਾਂ ਜੋ ਇਹ ਐਕਟ ਸੱਚਮੁੱਚ ਸਮਾਨਤਾ ਲਿਆਉਣ ਵਿੱਚ ਸਫਲ ਹੋ ਸਕੇ। ਇਸ ਨਾਲ ਨਾ ਸਿਰਫ਼ ਪਿਛੜੇ ਵਰਗਾਂ ਨੂੰ ਫਾਇਦਾ ਹੋਵੇਗਾ ਬਲਕਿ ਪੂਰੇ ਸਮਾਜ ਵਿੱਚ ਸਦਭਾਵਨਾ ਵਧੇਗੀ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com




**ਯੂਜੀਸੀ ਐਕਟ 2026 ਵਿੱਚ ਵੀ ਇਹੀ ਕਮੀ ਹੈ ਜੋ ਇਸ ਨੂੰ ਵਿਵਾਦਾਸਪਦ ਬਣਾਉਂਦੀ ਹੈ। ਦੇਸ਼ ਭਰ ਵਿੱਚ ਇਸ ਦਾ ਵਿਰੋਧ ਹੋ ਰਿਹਾ ਹੈ ਕਿਉਂਕਿ ਆਮ ਵਰਗ ਦੇ ਲੋਕਾਂ ਨੂੰ ਡਰ ਹੈ ਕਿ ਇਹ ਐਕਟ ਵੀ ਐਸਸੀ/ਐਸਟੀ ਐਕਟ ਵਾਂਗ ਦੁਰਵਰਤੋਂ ਕਰਨ ਦਾ ਹਥਿਆਰ ਬਣ ਜਾਵੇਗਾ। ਵਿਰੋਧੀ ਕਹਿ ਰਹੇ ਹਨ ਕਿ ਇਹ ਨਿਯਮ ਆਮ ਵਰਗ ਨੂੰ ਅਣਗੌਲਿਆ ਕਰਦੇ ਹਨ ਅਤੇ ਵਿਤਕਰੇ ਨੂੰ ਵਧਾਉਣ ਵਾਲੇ ਹਨ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਇਹੀ ਕਿਹਾ ਕਿ ਨਿਯਮ ਅਸਪੱਸ਼ਟ ਹਨ ਅਤੇ ਦੁਰਵਰਤੋਂ ਲਈ ਯੋਗ ਹਨ। ਇਸ ਵਿਰੋਧ ਨੂੰ ਵਾਜਬ ਠਹਿਰਾਉਂਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵੀ ਕਾਨੂੰਨ ਨੂੰ ਬਣਾਉਣ ਵੇਲੇ ਉਸ ਵਿੱਚ ਸੰਤੁਲਨ ਹੋਣਾ ਚਾਹੀਦਾ ਹੈ।**

# ਵਿਗਿਆਨਕ ਸੋਚ ਨੂੰ ਪੁੱਠਾ ਗੇੜਾ

ਗੁਰਮੀਤ ਸਿੰਘ ਪਲਾਹੀ
9815802070



ਦੇਸ਼ ਭਾਰਤ ਫਿਰਕੂ ਵਰਤਾਰਿਆਂ ਦੀ ਲਪੇਟ ਵਿੱਚ ਹੈ। ਅਜ਼ਾਦੀ ਦੀ ਪੌਣੀ ਸਦੀ ਅਤੇ ਸਵਾ ਤਿੰਨ ਵਰ੍ਹੇ ਬੀਤਣ ਬਾਅਦ ਵੀ ਆਰਥਿਕਸਮਾਜਿਕ ਪ੍ਰਬੰਧ ਦੀ ਉਪਜ ਵਜੋਂ ਦੇਸ਼ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਦੇਣ ਦੀ ਸਰਦਲ 'ਤੇ ਹੈ। ਅੰਧ ਵਿਸ਼ਵਾਸੀ ਸੋਚ ਅਤੇ ਮਾਨਸਿਕ ਰੋਗ ਭਾਰਤੀ ਸਮਾਜ ਉੱਤੇ ਹਾਵੀ ਹੋਏ ਦਿਸਦੇ ਹਨ। ਆਮ ਲੋਕ ਧਰਮਾਂਫਿਰਕਿਆਂ ਵਿੱਚ ਵੰਡੇ ਹੋਏ, ਗੁਰੂਬਾਬਿਆਂ ਦੀ ਸ਼ਰਨ ਵਿੱਚ ਜਾ ਕੇ ਆਪਣਾ ਆਤਮ-ਵਿਸਵਾਸ ਤਾਂ ਗੁਆ ਹੀ ਰਹੇ ਹਨ, ਸਗੋਂ ਵੱਡੀ ਆਰਥਿਕ ਲੁੱਟ ਦਾ ਵੀ ਸ਼ਿਕਾਰ ਹੋ ਰਹੇ ਹਨ।

ਦੇਸ਼ ਦੀ ਹਾਕਮ ਧਿਰ ਇਸ ਸਮੁੱਚੀ ਸਥਿਤੀ ਵਿੱਚ, ਲੋਕਾਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਦੀ ਥਾਂ ਉਨ੍ਹਾਂ ਦੇ ਪੱਲੇ ਗ਼ਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਪਾਈ ਰੱਖਣ ਦਾ ਸ਼ਰਮਨਾਕ ਰੋਲ ਅਦਾ ਕਰਦੀ ਦਿਸਦੀ ਹੈ। ਇੱਕ ਪਾਸੇ ਸਰਕਾਰ ਅਤੇ ਨੀਤੀ-ਘਾੜੇ ਭਾਰਤ ਨੂੰ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ਼ ਵਧਦੀ ਅਰਥਵਿਵਸਥਾ ਦੱਸਣ ਵਿੱਚ ਲੱਗੇ ਹਨ, ਦੂਜੇ ਪਾਸੇ ਪੜ੍ਹੇ-ਲਿਖੇ ਯੁਵਕਾਂ ਵਿੱਚ ਵਧਦੀ ਬੇਰੁਜ਼ਗਾਰੀ, ਅਸਥਿਰ ਰੋਜ਼ਗਾਰ ਅਤੇ ਘੱਟ ਆਮਦਨ ਗਹਿਰੀ ਚਿੰਤਾ ਪੈਦਾ ਕਰ ਰਹੀ ਹੈ।

ਵਿਗਿਆਨਕ ਸੋਚ ਮਨੁੱਖ ਦੇ ਵਿਕਾਸ ਦਾ ਧੁਰਾ ਹੈ, ਪਰ ਜਦੋਂ ਸਰਕਾਰ ਲੋਕਾਂ ਦੇ ਪੱਲੇ ਮੰਦਰਾਂ ਦੇ ਨਿਰਮਾਣ, ਗਊ-ਮੂਤਰ ਵਿੱਚੋਂ ਇਲਾਜ ਦੇ ਗੁਣ, ਪੁਰਾਤਨ ਸਮਿਆਂ ਵਿੱਚ ਉੱਡਣ-ਖਟੋਲੇ ਚੱਲਣ ਦੀਆਂ ਗੱਲਾਂ ਪਾ ਕੇ, ਗੁਰੂਬਾਬਿਆਂ ਦੇ ਦਰਸ਼ਨਾਂ ਨੂੰ ਚਮਕਾ ਕੇ ਆਪਣਾ ਵੋਟ-ਬੈਂਕ ਹਥਿਆਉਂਦੀ ਹੈ, ਤਾਂ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਵੱਜਣਾ ਹੀ ਹੈ। ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਤਦ ਵੀ ਲੱਗਦਾ ਹੈ ਜਦੋਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘਟਦੀ ਹੈ ਅਤੇ ਸਰਕਾਰ ਸਕੂਲ ਬੰਦ ਕਰਦੀ ਹੈ। ਸਾਲ 2014 ਤੋਂ 2024 ਤੱਕ 89,441 ਸਰਕਾਰੀ ਸਕੂਲ ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਕਰ ਦਿੱਤੇ ਗਏ। ਮੱਧ ਪ੍ਰਦੇਸ਼ ਵਿੱਚ 29,410 ਅਤੇ ਉੱਤਰ ਪ੍ਰਦੇਸ਼ ਵਿੱਚ 25,126 ਸਕੂਲ ਬੰਦ ਹੋਏ-ਉੱਥੇ ਹੀ ਪਿਛਲੇ ਸਾਲਾਂ ਵਿੱਚ ਫਿਰਕਾਪ੍ਰਸਤੀ ਨੇ ਜ਼ੋਰ ਫੜਿਆ। ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 24.2 ਕਰੋੜ ਤੱਕ ਸਿਮਟ ਗਈ ਹੈ, ਜੋ ਕੁਝ ਵਰ੍ਹੇ ਪਹਿਲਾਂ 26 ਕਰੋੜ ਤੋਂ ਵੱਧ ਸੀ। ਦੇਸ਼ ਦੇ ਮੌਜੂਦਾ ਸਰਕਾਰੀ ਸਕੂਲਾਂ ਦੀ ਸਥਿਤੀ ਇਹ ਹੈ ਕਿ 7 ਲੱਖ ਸਕੂਲਾਂ ਵਿੱਚ ਇੰਟਰਨੈਟ ਸੁਵਿਧਾਵਾਂ ਨਹੀਂ ਹਨ,1 ਲੱਖ ਸਕੂਲਾਂ ਵਿੱਚ ਟਾਇਲਟ ਨਹੀਂ ਹਨ ਅਤੇ 3 ਲੱਖ ਸਕੂਲਾਂ ਵਿੱਚ ਬਿਜਲੀ ਸੁਵਿਧਾ ਨਹੀਂ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਬੱਚਿਆਂ ਦੇ ਪੱਲੇ ਪੜ੍ਹਾਈ ਹੀ ਨਹੀਂ ਹੋਵੇਗੀ, ਤਾਂ ਉਨ੍ਹਾਂ ਦੀ ਵਿਗਿਆਨਕ ਸੋਚ ਕਿਵੇਂ ਨਿਖਰੇਗੀ? ਜੇਕਰ ਹਾਕਮ ਡਾਰਵਿਨ ਦੇ ਸਿਧਾਂਤ ਉੱਤੇ ਸਵਾਲ ਉਠਾਉਣਗੇ, ਤਾਂ ਵਿਗਿਆਨਕ ਸੋਚ ਨੂੰ ਖੋਰਾ ਲੱਗਣਾ ਹੀ ਹੈ। ਸਰਕਾਰਾਂ ਅਤੇ ਸਰਕਾਰਾਂ ਦੇ ਕਾਬਜ਼ ਸਿਆਸਤਦਾਨਾਂ ਦੇ ਕਾਰੇ ਅਤੇ ਕਾਰਨਾਮੇ ਸਾਰਥਕ ਮਨੁੱਖੀ ਸੋਚ ਨੂੰ ਸ਼ਰਮਸਾਰ ਕਰਦੇ ਹਨ।

ਜਦੋਂ ਰਾਜਸਥਾਨ ਦਾ ਸਿੱਖਿਆ ਮੰਤਰੀ 29 ਨਵੰਬਰ ਤੋਂ 6 ਦਸੰਬਰ 2025 ਤੱਕ ਬਾਬਰੀ ਮਸਜਿਦ ਢਾਹੇ ਜਾਣ ਦੀਆਂ ਤਾਰੀਖਾਂ ਨੂੰ 'ਸ਼ੌਰਿਆ ਦਿਵਸ' (ਭਾਵ ਬਹਾਦਰੀ ਦਿਵਸ) ਵਜੋਂ ਮਨਾਉਣ ਦੀ ਗੱਲ ਕਰਦਾ ਹੈ; ਜਦੋਂ 'ਵੰਦੇ ਮਾਤਰਮ' ਗੀਤ ਵਿੱਚੋਂ ਦੇਵੀ-ਦੇਵਤਿਆਂ ਦੀ ਪੂਜਾ ਸੰਬੰਧੀ ਕੱਢੇ ਗਏ ਪੈਰਿਆਂ ਨੂੰ ਮੁੱਦਾ ਬਣਾ ਕੇ ਹਾਕਮ ਧਿਰ ਵੱਲੋਂ ਦੇਸ਼ ਦੀ ਸੰਸਦ ਦੀ ਕਾਰਵਾਈ ਦਾ ਇੱਕ ਦਿਨ ਬਰਬਾਦ ਕੀਤਾ ਜਾਂਦਾ ਹੈ; ਜਦੋਂ ਦੇਸ਼ ਵਿੱਚ ਧਾਰਮਿਕ ਕੱਟੜਤਾ ਅਤੇ ਫਿਰਕੂ ਜਨੂੰਨ ਭੜਕਾਉਣ ਵਾਲੀਆਂ ਕਾਰਵਾਈਆਂ ਪ੍ਰਤੀ ਹਾਕਮ ਧਿਰ ਚੁੱਪ ਵੱਟੀ ਰੱਖਦੀ ਹੈ; ਅਤੇ ਜਦੋਂ ਸੂਫੀ ਸ਼ਾਇਰ ਬੁੱਲੇ ਸ਼ਾਹ ਦੀ ਮਜ਼ਾਰ ਮਸੂਰੀ ਵਿਖੇ ਹਿੰਦੂਤਵਵਾਦੀ ਲੋਕਾਂ ਵੱਲੋਂ ਢਾਹ ਦਿੱਤੀ ਜਾਂਦੀ ਹੈ-ਤਾਂ ਇਹ ਸਾਰੇ ਵਰਤਾਰੇ ਵਿਗਿਆਨਕ ਸੋਚ ਦੇ ਵਿਰੁੱਧ ਜਾਂਦੇ ਹਨ।

ਅੱਜ ਜਦੋਂ ਸੰਸਾਰ ਏਕਤਾ ਵੱਲ ਵੱਧ ਰਿਹਾ ਹੈ, ਬਹੁਤੇ ਦੇਸ਼ਾਂ ਦੇ ਲੋਕ ਸੈਕੂਲਰਿਜ਼ਮ ਅਤੇ ਨਾਸਤਿਕ ਵਿਚਾਰਾਂ ਵੱਲ ਅੱਗੇ ਵਧ ਰਹੇ ਹਨ। ਉਨ੍ਹਾਂ ਵਿੱਚ ਦੇਵੀਦੇਵਤਿਆਂ ਜਾਂ ਰੱਬ ਵਿੱਚ ਵਿਸ਼ਵਾਸ ਨਾ ਹੋਣ ਦਾ ਰੁਝਾਨ ਵਧ ਰਿਹਾ ਹੈ। ਇਹ ਉਨ੍ਹਾਂ ਦੇਸ਼ਾਂ ਦੀ ਪ੍ਰਫੁੱਲਿਤ ਹੋ ਰਹੀ ਸਮਾਜਿਕ, ਸੱਭਿਆਚਾਰਕ ਅਤੇ ਸਿਆਸੀ ਪਹੁੰਚ ਦਾ ਨਤੀਜਾ ਹੈ, ਜਿੱਥੇ ਸਿੱਖਿਆ ਦਾ ਮਿਆਰ ਉੱਚਾ ਹੈ, ਅਜ਼ਾਦ-ਖ਼ਿਆਲੀ ਕਦਰਾਂ-ਕੀਮਤਾਂ ਮਜ਼ਬੂਤ ਹਨ ਅਤੇ ਜਾਣਕਾਰੀ ਤੱਕ ਪਹੁੰਚ ਵਧੀ ਹੈ।

ਪਰ ਜਿੱਥੇ ਡਾਰਵਿਨ ਦੇ ਸਿਧਾਂਤ ਨੂੰ ਪੁੱਠਾ ਗੇੜਾ ਦੇਣ ਦੇ ਯਤਨ ਹੁੰਦੇ ਹਨ, ਸਿਆਸਤ ਨੂੰ ਧਰਮ ਨਾਲ਼ ਲਪੇਟ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ, ਉੱਥੇ ਨਾ ਜੀਵਨ-ਹਾਲਤਾਂ ਸੁਧਰਦੀਆਂ ਹਨ ਅਤੇ ਨਾ ਹੀ ਸਿੱਖਿਆ ਦਾ ਮਿਆਰ ਉੱਚਾ ਹੁੰਦਾ ਹੈ। ਸਮਾਜਿਕ ਸੁਰੱਖਿਆ ਊਣੀ ਰਹਿ ਜਾਂਦੀ ਹੈ।

ਵਿਗਿਆਨਕ ਸੋਚ ਦੇ ਫੈਲਾਅ ਤੋਂ ਬਿਨਾਂ ਧਰਮ ਅਤੇ ਦੈਵੀ ਸ਼ਕਤੀਆਂ ਬਾਰੇ ਫੈਲੀ ਧੁੰਦ ਕਦੇ ਸਾਫ਼ ਨਹੀਂ ਹੋ ਸਕਦੀ। ਕਿਆਸ ਕਰੋ ਉਸ ਸਮੇਂ ਦਾ, ਜਦੋਂ ਮਨੁੱਖਾਂ ਵਿੱਚ ਧਰਮ ਅਤੇ ਦੈਵੀ ਸ਼ਕਤੀਆਂ ਦਾ ਅਰੰਭ ਵੀ ਨਹੀਂ ਸੀ- ਉਸ ਵੇਲੇ ਜੀਵਨ ਜਿਉਣ ਦਾ ਮਾਰਗ ਸਿੱਧਾ-ਸਾਦਾ ਸੀ, ਨੈਤਿਕ ਕਦਰਾਂ-ਕੀਮਤਾਂ ਮੌਜੂਦ ਸਨ। ਅੱਜ ਭਾਰਤ ਵਿੱਚ ਧਰਮ ਦੀ ਜਕੜ ਬਹੁਤ ਤਿੱਖੀ ਅਤੇ ਲਗਾਤਾਰ ਵਧ ਰਹੀ ਹੈ। ਇੱਕ ਪ੍ਰਾਈਵੇਟ ਸਰਵੇ ਅਨੁਸਾਰ, ਦੇਸ਼ ਵਿੱਚ 13 ਫ਼ੀਸਦੀ ਲੋਕ ਗ਼ੈਰ-ਧਾਰਮਿਕ ਅਤੇ 3 ਫ਼ੀਸਦੀ ਪੱਕੇ ਨਾਸਤਿਕ ਹਨ, ਪਰ ਅਸਲ ਗਿਣਤੀ ਇਸ ਤੋਂ ਵੀ ਵੱਧ ਹੋ ਸਕਦੀ ਹੈ, ਕਿਉਂਕਿ ਧਰਮ ਦਰਜ ਕਰਵਾਉਣ ਲਈ ਧਾਰਮਿਕ ਦਬਾਅ ਕਾਫ਼ੀ ਹੈ। ਫਿਰ ਵੀ 80 ਫ਼ੀਸਦੀ ਲੋਕ ਵੱਖ-ਵੱਖ ਧਰਮਾਂ ਦੇ ਪੈਰੋਕਾਰ ਬਣੇ ਦਿਸਦੇ ਹਨ।

ਤਦੇ ਧਾਰਮਿਕ ਸ਼ਰਧਾ ਦੇ ਨਾਮ 'ਤੇ ਦੇਸ਼ ਦੇ ਵੱਡੇ-ਵੱਡੇ ਬਾਬੇ ਲੋਕਾਂ ਦੇ ਜਜ਼ਬਿਆਂ ਦਾ ਹਨਨ ਕਰ ਰਹੇ ਹਨ ਅਤੇ ਵਿਗਿਆਨਕ ਸੋਚ ਤੇ ਤਰਕ ਨੂੰ ਖੁੰਢਾ ਕਰਕੇ ਸਵਾਰਥੀ ਸਿਆਸਤਦਾਨਾਂ ਦੇ ਸੰਦ ਵਜੋਂ ਕੰਮ ਕਰਦੇ ਦਿਸਦੇ ਹਨ। ਦੇਸ਼ ਵਿੱਚ 10 ਵੱਡੇ ਪ੍ਰਭਾਵਸ਼ਾਲੀ ਬਾਬਿਆਂ ਦਾ ਜ਼ਿਕਰ ਆਮ ਮਿਲਦਾ ਹੈ ਜਿਹੜੇ ਯੋਗ ਸਾਧਨਾ ਅਤੇ ਧਾਰਮਿਕ ਸ਼ਰਧਾ ਦੇ ਨਾਂ 'ਤੇ ਲੋਕਾਂ ਨੂੰ ਆਪਣੇ ਪਿੱਛੇ ਲਗਾ ਲੈਂਦੇ ਹਨ। ਸਦਗੁਰੂ ਜਗੀ ਵਾਸੂਦੇਵ, ਬਾਬਾ ਰਾਮਦੇਵ, ਸ਼੍ਰੀ ਸ਼੍ਰੀ ਰਵੀ ਸ਼ੰਕਰ, ਮਾਤਾ ਅੰਮਾ, ਮੁਰਾਰੀ ਬਾਪੂ, ਪ੍ਰੇਮਾਨੰਦ ਮਹਾਰਾਜ, ਸਵਾਮੀ ਚੰਦਰਾਨੰਦ ਸਰਸਵਤੀ, ਆਚਾਰਿਆ ਪ੍ਰਸ਼ਾਂਤ ਆਦਿ ਦੇ ਲੱਖਾਂ ਨਹੀਂ, ਕਰੋੜਾਂ ਪੈਰੋਕਾਰ ਹਨ। ਰਾਮ ਰਹੀਮ ਅਤੇ ਸਾਈਂ ਬਾਬਾ ਵਰਗੇ ਬਾਬੇ ਲੋਕਾਂ ਦੇ ਮਨਾਂ, ਧਨ ਅਤੇ ਕਾਰੋਬਾਰਾਂ ਨਾਲ਼ ਖੇਡ ਕੇ ਵੋਟ-ਬੈਂਕ ਸਿਆਸਤਦਾਨਾਂ ਦੇ ਹੱਥ ਫੜਾ ਦਿੰਦੇ ਹਨ। ਇਹਨਾਂ ਬਾਬਿਆਂ ਅਤੇ ਸਵਾਰਥੀ ਸਿਆਸਤਦਾਨਾਂ ਦਾ ਆਮ ਲੋਕਾਂ ਦੇ ਰੁਜ਼ਗਾਰ, ਸਿੱਖਿਆ ਅਤੇ ਸਿਹਤ ਨਾਲ਼ ਕੋਈ ਸਰੋਕਾਰ ਨਹੀਂ ਹੁੰਦਾ, ਉਹ ਤਾਂ ਲੋਕਾਂ ਦੀ ਸੋਚ ਨੂੰ ਖੁੰਢਾ ਕਰ ਕੇ, ਉਹਨਾਂ ਦੀ ਬਿਮਾਰ ਮਾਨਸਿਕਤਾ ਨੂੰ ਹਥਿਆ ਕੇ, ਉਹਨਾਂ ਦੀ ਸਜਗਤਾ, ਸਮਝ ਅਤੇ ਵਿਵੇਕ ਉੱਤੇ ਭਾਰੂ ਹੋ ਜਾਂਦੇ ਹਨ ਅਤੇ ਉਹਨਾਂ ਦੇ ਕਰਮ ਧਨ ਦੇ ਮਾਲਕ ਬਣ ਬੈਠਦੇ ਹਨ।

ਅੱਜ ਦੇਸ਼ ਦੇ ਸਾਹਮਣੇ ਵੱਡੀਆਂ ਸਮੱਸਿਆਵਾਂ ਹਨ-ਨੌਜਵਾਨਾਂ ਲਈ ਰੁਜ਼ਗਾਰ ਮੁਹੱਈਆ ਕਰਨਾ ਇਹਨਾਂ 'ਚੋਂ ਇੱਕ ਹੈ। ਵੱਡੀ ਅਬਾਦੀ ਨੌਜਵਾਨਾਂ ਦੀ ਹੈ,ਬੇਰੁਜਗਾਰ ਨੌਜਵਾਨਾਂ ਦੀ ਅਥਾਹ ਕੰਮ ਕਰਨ ਦੀ ਸ਼ਕਤੀ ਅਜਾਈਂ ਗੁਆਈ ਜਾ ਰਹੀ ਹੈ। ਦੇਸ਼ 'ਚ ਇੰਤਹਾ ਗ਼ਰੀਬੀ ਹੈ। ਅਨਪੜ੍ਹਤਾ ਦੀ ਵੀ ਕੋਈ ਘਾਟ ਨਹੀਂ ਹੈ। ਦੂਸ਼ਿਤ ਵਾਤਾਵਰਨ ਲੋਕਾਂ ਦੀ ਸਿਹਤ ਦਾ ਵੱਡਾ ਦੁਸ਼ਮਣ ਹੈ। ਗੰਦਾ ਪਾਣੀ, ਕੈਂਸਰ ਵਰਗੇ ਰੋਗ ਫੈਲਾ ਰਿਹਾ ਹੈ। ਇਹਨਾਂ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਲਈ ਜੋ ਕੁਝ ਦੇਸ਼ ਦੇ ਹਾਕਮਾਂ ਵੱਲੋਂ ਵੱਡਾ ਕਰਨ ਦੀ ਲੋੜ ਹੈ, ਉਸ ਦੀ ਥਾਂ ਉੱਤੇ "ਨਾਅਰੇ" ਪਰੋਸੇ ਜਾ ਰਹੇ ਹਨ। ਸਿਹਤ ਸਹੂਲਤਾਂ ਦੇ ਨਾਂ ਉੱਤੇ "ਆਯੁਸ਼ਮਾਨ ਕਾਰਡ" ਆਮ ਲੋਕਾਂ ਦਾ ਕੁਝ ਨਹੀਂ ਸਵਾਰ ਸਕੇ। ਪੰਜਾਬ ਵਿਚਲੇ 10 ਲੱਖ ਬੀਮਾ ਯੋਜਨਾਵਾਂ ਦੀਆਂ ਪਰਤਾਂ ਖੋਲ੍ਹਦਿਆਂ, ਉਸ ਵਿੱਚ ਵੀ ਸਿਆਸੀ ਦੰਭ ਭਰਿਆ ਦਿਸਦਾ ਹੈ। ਇਹਨਾਂ ਸਿਆਸੀ ਖ਼ੁਦਗਰਜ਼ੀਆਂ ਕਾਰਨ ਆਮ ਲੋਕ ਪਿਸਦੇ ਦਿਖਾਈ ਦਿੰਦੇ ਹਨ ਅਤੇ ਉਹਨਾਂ ਦਾ ਮੋੜਾ ਉਤਸ਼ਾਹੀ ਜੀਵਨ ਵੱਲੋਂ ਨਿਰਾਸ਼ੇ ਜੀਵਨ ਵੱਲ ਮੁੜਦਾ ਹੈ। ਜਿਹੜਾ ਧਰਮ ਦੀ ਹੋਂਦ ਨੂੰ ਸਵੀਕਾਰਦਿਆਂ ਸ਼ਰਧਾ ਦੀ ਭੇਟ ਚੜ੍ਹਦਾ, ਵਿਗਿਆਨਿਕ ਸੋਚ ਨੂੰ ਤਿਲਾਂਜਲੀ ਦੇ ਬੈਠਦਾ ਹੈ। ਉਹ ਚੇਤਨਾ ਅਤੇ ਆਤਮ ਵਿਸ਼ਵਾਸ ਜਿਹੜਾ ਸਿੱਖਿਆ ਨੇ ਉਸਦੇ ਪੱਲੇ ਪਾਇਆ ਹੁੰਦਾ ਹੈ, ਉਹ ਖੁੰਢਾ ਹੁੰਦਾ ਜਾਂਦਾ ਹੈ। ਪਰਖ-ਪੜਚੋਲ "ਕਿਉਂ" ਤੇ "ਕਿਵੇਂ" ਜਿਹੇ ਸਵਾਲ ਜੀਵਨ ਅਮਲ ਵਿੱਚੋਂ ਮਨਫ਼ੀ ਹੁੰਦੇ ਜਾਂਦੇ ਹਨ ਅਤੇ ਜੀਵਨ ਵਿਚਲੀ ਪ੍ਰਬਲ ਜਗਿਆਸਾ ਹਨੇਰਿਆਂ 'ਚ ਗੁੰਮ ਜਾਂਦੀ ਹੈ।

ਅੱਜ ਹਰ ਹੀਲਾ-ਵਸੀਲਾ ਵਰਤ ਕੇ ਹਾਕਮਾਂ ਵੱਲੋਂ ਆਮ ਆਦਮੀ ਦੀ ਸੋਚ, ਵਿਗਿਆਨਿਕ ਸੋਚ ਨੂੰ ਖੁੰਢਾ, ਖ਼ਤਮ ਕਰਨ ਦੇ ਜਤਨ ਹੋ ਰਹੇ ਹਨ। ਸਿਆਸੀ ਲੋਕਾਂ ਨੂੰ ਜੀ-ਹਜ਼ੂਰੀਏ ਚਾਹੀਦੇ ਹਨ, ਜੋ ਭੇਡਾਂ ਵਾਂਗਰ ਸਿਰ ਸੁੱਟ ਕੇ ਮਗਰ-ਮਗਰ ਚੱਲਣ । ਹਾਕਮ ਦੀ ਹਾਂ ਵਿਚ ਹਾਂ ਮਿਲਾਉਣ । ਬਿਲਕੁਲ ਵੀ ਮੂੰਹੋਂ ਨਾ ਕੁਸਕਣ।

ਦੇਸ਼ ਦਾ ਵੱਡਾ ਸੂਬਾ ਯੂ.ਪੀ.ਉਦਾਹਰਨ ਹੈ-ਭਗਵਾਂਕਰਨ ਧਾਰਮਿਕ ਰਾਜਨੀਤੀ ਦਾ। ਜਿੱਥੇ ਵਿਗਿਆਨਿਕ ਸੋਚ ਨੂੰ ਪੁੱਠਾ ਗੇੜਾ ਦਿੱਤਾ ਗਿਆ। ਧਰਮ ਦੀ ਸਿਆਸਤ ਉਭਾਰੀ ਗਈ। ਇਕ ਪਿਛਾਂਹ-ਖਿੱਚੂ ਸੋਚ ਉਸ ਵੇਲੇ ਦੇਸ਼ 'ਚ ਦੇਖਣ ਨੂੰ ਮਿਲੀ, ਜਦੋਂ ਦੇਸ਼ ਦੇ ਸਾਇੰਸ ਟੈਕਨੋਲੋਜੀ ਵਿਭਾਗ ਵਿੱਚ "ਗਾਂ ਦੇ ਮੂਤਰ" ਉੱਤੇ ਖੋਜ ਦਾ ਕੰਮ ਅਰੰਭਣ ਲਈ ਵੱਡੀਆਂ ਰਕਮਾਂ ਨਵੇਂ ਪ੍ਰਜੈਕਟ ਸ਼ੁਰੂ ਕਰਨ ਲਈ ਲਗਾ ਦਿੱਤੀਆਂ ਗਈਆਂ ਤੇ ਅਸਲ ਵਿਗਿਆਨਿਕ ਪ੍ਰੋਜੈਕਟਾਂ ਉੱਤੇ ਭਾਰੀ ਕਟੌਤੀ ਲਗਾ ਦਿੱਤੀ ਗਈ। ਦੇਸ਼ ਦੇ ਸੂਝਵਾਨ ਵਿਗਿਆਨਕਾਂ ਵਿਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ। ਉਂਵ ਇਹ ਡਰ ਤਾਂ ਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਬੈਠੇ ਸਿਆਸਤਦਾਨਾਂ ਅਤੇ ਬੁੱਧੀਜੀਵੀਆਂ ਦੇ ਮਨਾਂ 'ਚ ਵੀ ਬਿਠਾ ਦਿੱਤਾ ਗਿਆ ਹੈ ਅਤੇ "ਅਸਹਿਮਤ ਸੋਚ ਵਾਲੇ" ਲੋਕਾਂ ਉੱਤੇ ਬੰਦਿਸ਼ਾਂ ਲਗਾ ਦਿੱਤੀਆਂ ਗਈਆਂ ਹਨ।

ਚੇਤਨਾ ਦਾ ਚਾਨਣ ਮਨੁੱਖ ਦਾ ਅਧਿਕਾਰ ਹੈ। ਤਰਕ, ਦਲੀਲ ਅਤੇ ਪਰਖ-ਪੜਚੋਲ ਉਸ ਦੇ ਆਤਮ-ਵਿਸ਼ਵਾਸ ਨੂੰ ਹੁਲਾਰਾ ਦਿੰਦੇ ਹਨ। ਪਰ ਜੇਕਰ ਉਹਨਾਂ ਪੱਲੇ ਚਮਤਕਾਰੀ ਬਾਬਿਆਂ ਦੀ ਅੰਧ ਵਿਸ਼ਵਾਸੀ ਸੋਚ ਪਾਈ ਜਾਏਗੀ ਤਾਂ ਮਨੁੱਖੀ ਵਿਕਾਸ ਅਧੂਰਾ ਰਹੇਗਾ। ਜੇਕਰ ਵਿਗਿਆਨ ਦੇ ਨਾਮ ਉੱਤੇ ਅੱਧ ਕੱਚੀ ਜਾਂ ਅਧੂਰੀ ਜਾਣਕਾਰੀ ਮੁਹੱਈਆ ਕੀਤੀ ਜਾਏਗੀ ਤਾਂ ਫੇਥ ਵਰਸਿਜ਼ ਫੈਕਟ (ਸ਼ਰਧਾ ਬਨਾਮ ਅਸਲੀਅਤ) ਵਿਚ ਫ਼ਰਕ ਨਹੀਂ ਕੀਤਾ ਜਾ ਸਕੇਗਾ। ਅੱਧ-ਅਧੂਰੀ ਅੱਧ-ਕੱਚੀ ਸੱਚਾਈ ਫੈਲਾਉਣ ਦਾ ਕੰਮ ਦੇਸ਼ ਦੇ ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਕਰ ਰਹੇ ਹਨ। ਇਹ ਮੰਤਰੀ ਜਦੋਂ ਸਕੂਲ ਦੇ ਬੱਚਿਆਂ ਨੂੰ ਪੁੱਛਦੇ ਹਨ ਕਿ ਦੁਨੀਆ ਦਾ ਸਭ ਤੋਂ ਪਹਿਲਾ ਪੁਲਾੜ ਯਾਤਰੀ ਕੌਣ ਸੀ, ਤਾਂ ਬੱਚਿਆਂ ਨੇ ਜਵਾਬ ਦਿੱਤਾ, "ਨੀਲ ਆਰਮਸਟਰਾਂਗ" ਤਾਂ ਮੰਤਰੀ ਕਹਿੰਦਾ ਹੈ,"ਮੈਨੂੰ ਤਾਂ ਲੱਗਦਾ ਹੈ ਹਨੂਮਾਨ ਜੀ ਸਨ।" ਕੀ ਇਹ ਬੱਚਿਆਂ ਨੂੰ ਅੰਧ ਵਿਸ਼ਵਾਸਾਂ ਤੇ ਚਮਤਕਾਰਾਂ ਵਿਚ ਫਸਾਈ ਰੱਖਣ ਦਾ ਯਤਨ ਨਹੀਂ ਹੈ?

ਅਸਲ ਵਿੱਚ ਅੱਜ ਦੇ ਹਾਕਮ ਦੇਸ਼ ਦੀ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਦੇ ਕੇ ਆਪਣੇ ਸਵਾਰਥ ਸਿੱਧ ਕਰਨ ਦੇ ਯਤਨ 'ਚ ਹਨ। ਅਮਰੀਕਾ ਦੇ ਪ੍ਰਸਿੱਧ ਲੋਕ ਪੱਖੀ ਚਿੰਤਕ ਨੋਮ ਚੌਮਸਕੀ ਦਾ ਕਥਨ ਦੇਸ਼ ਭਾਰਤ ਦੇ ਹਾਕਮਾਂ ਉੱਤੇ ਪੂਰਾ ਢੁੱਕਦਾ ਹੈ-"ਜੇ ਸੱਚ ਤੋਂ ਸੱਤਾ ਨੂੰ ਖ਼ਤਰਾ ਹੋਵੇ, ਤਾਂ ਉਸ ਨੂੰ ਸ਼ੋਰ ਹੇਠ ਦਬਾ ਦਿੱਤਾ ਜਾਵੇਗਾ।"

ਅੱਜ ਜਿੰਨਾ ਸ਼ੋਰ ਰੌਲਾ-ਰੱਪਾ ਦੇਸ਼ ਵਿੱਚ ਹਾਕਮਾਂ ਵੱਲੋਂ ਬਹਿਸਾਂ, ਵੱਡੇ ਬਿਆਨਾਂ ਰਾਹੀਂ ਫੈਲਾਇਆ ਜਾ ਰਿਹਾ ਹੈ, ਇਹ ਜਨਤਾ ਨੂੰ ਬੌਂਦਲਾ ਦੇਣ ਵਾਂਗਰ ਹੈ। ਇਹ ਸ਼ੋਰ ਸੱਚ ਨੂੰ ਢੱਕਣ ਦੀ ਕੋਸ਼ਿਸ਼ ਹੈ, ਪਰ ਦੇਸ਼ ਦੇ ਸੂਝਵਾਨ ਲੋਕ ਇਸ ਸੱਤਾ ਨੂੰ ਵੰਗਾਰਨ ਦੀ ਸਮਰੱਥਾ ਰੱਖਦੇ ਹਨ। ਵਿਗਿਆਨਕ ਸੋਚ, ਤਰਕ ਅਤੇ ਅਜ਼ਾਦ ਚੇਤਨਾ ਤੋਂ ਬਿਨਾਂ ਨਾ ਸਮਾਜ ਅੱਗੇ ਵਧ ਸਕਦਾ ਹੈ ਅਤੇ ਨਾ ਹੀ ਲੋਕਤੰਤਰ ਜਿਊਂਦਾ ਰਹਿ ਸਕਦਾ ਹੈ।

# NAVIGATING THE FUTURE DEVELOPMENT OF UK SIKH REPRESENTATION: AN INDEPENDENT SUMMIT REPORT

– ਲੇਖਕ –
ਸੁਜਿੰਦਰ ਸਿੰਘ ਸੰਘਾ



..Continued from last week

**(Part 2)**

Sangha also underlined that besides delivering a range of religious, family, social, cultural, and traditional services, subject to further analyses and audits the UK Gurdwara committees manage estates valuing around £1 billion, annual monetary transactions in the region of £250m and in-out flow of some 200,000 people. This is a huge resource for UK Sikh communities, which can be further developed creatively and innovatively, for building and progressing Sikh institutions for the future. Notwithstanding, that Gurdwara committees do receive a lot more criticism for having money which is odd given this is not exercised for other groups. The Sikh communities have contributed to Gurdwara finances, but the ask here seems to be that those funds are astutely invested in better partnerships with research and governance as a road to improve community cohesiveness, and not to deprive the Gurdwara services of essential resources that often help the most disenfranchised of our Sikh migrant groups too. Equally, Gurdwara committee income could be boosted by research and enterprise through grant innovation - but the trust is low and these needs working on. The Sikh communities deserve ethical, ground-breaking, gold-standard research, and local partnerships are integral to achieving this dream.

5. Approach

5.1 This qualitative inquiry is based on a call for submission of evidence to a five-member Independent Select Committee (ISC) panel convened jointly by the SiL and SiA. All evidence was given in a voluntary capacity and was submitted in writing to the SiL registrar. In addition to written evidence, an option to present oral evidence at a special hearing was also provided. The ISC panel consisted of two academics, two lawyers and the chair, (who is an activist-writer since the 1960s and former UK GFE College principal and chief executive). The evidence received was representative of a cross-section of self-selected UK Sikh thinkers and activist-leaders who had pluralistic views that were on a continuum and not necessarily synchronised. For this report, the evidence was anonymised, the contents do not attribute to any names or organisational affiliations. The contents were analysed, interpreted and presented as per guidance from Sri Guru Granth Sahib - the Sikh Scriptures:

Khojat khojat baho parkaaray sarab arath beechaaray…(GGS, p714)

Search, research and analyse from all relevant perspectives and contemplate all possible meanings…

Dhan laykhaaree naankaa piaaray saach likhai ur Dhaar… (GGS, p636)

Guru Nanak guides writers, to scribe knowledge accurately so it enshrines meaningfully

5.2 Keeping in view the nature of complexity and diversity involving the UK Sikh representation, as some references in literature highlight (Sections 4.2 and 4.3), this inquiry has also taken cognisance of recent discussions on this subject across the community. The publication of 'The Bloom Review' and responses to it have triggered many conversations about the question of UK Sikh representation, specifically around 'extremism' and various political views and aspirations. It was not in the scope of this inquiry, to review these wider political differences and their dynamics. Not least because, it is normal for active and conscious communities to reflect a healthy spectrum of political positions in democracy. However, the inquiry has relied on the four dimensions (Section 5.5), which have surfaced in the reflections on literature (Section 4), various media and community discussions.

5.3 UK Sikh literature also has its limits regarding the quality, reliability and comprehensiveness of data relating to the theme of this inquiry. Indeed, much of the literature covers more or less single issue religious, cultural or political demands. The specific campaigns often have been well run and they have achieved some significant outcomes. However, there is little published investigative literature, identifying barriers and opportunities for UK Sikhs, to progress into government policy, decision making, political economy, faith engagement, corporate governance in business, and professional services. What we have established is when Kaur-Aujla et al (2022) highlighted the need for mental health support for victims of Domestic Violence and Abuse (DVA), in principle this seems to be embraced, and certainly successful in parts of the Sikh global diaspora - even federal funded in Brisbane. Therefore, with the right support capacity building and social rebuilding, Gurdwaras are an essential source of social support- this is absolute. Furthermore, members of Sikhs in Academia have developed dialogue with some Gurdwaras, these respectful dialogues have built bridges. It is anticipated that in future academics and Sikh spaces will continue to regard one another for their expertise.

5.4 The concerns ranging from race hatred in schools (creating trauma, and a child death by suicide) to the streets, stereotypical reporting of Sikh issues, obstacles in employment and services remain under researched for evidence gathering to tackle discrimination and disadvantages. Over the decades, successive UK Sikh representation has fallen short of developing diversity and inclusivity (in accordance with egalitarian Sikh values) within their ranks. Some literature has noted a lack of inclusive and credible national, regional and local Sikh institutions equipped with appropriate professional secretariat, to ensure continuing and consistent policy liaison, advocacy and consultation with government. There is little or no resource, budgetary provision and strategic planning to facilitate effectiveness of engagement with government. The religious and cultural services do not necessarily match the changing needs and expectations of the younger generations. This ranges from the ways how parchar/Sikh religious education is delivered within the Gurdwara estate to issues, relating to safeguarding, health and safety, hygiene and professionalism. Most institutions are guided by established traditions, they adopt safer and reactive models. There continues to be a disproportionate conflation of homeland politics with 'here and now' issues and concerns, which remains a source of tension and deflection. Application to contemporary Sikh issues and equality seems a deep and rooted need in the communities, where this is not achieved disenfranchisement occurs especially with the youth.

5.5 To address at least some of the more sensitive issues and concerns, the Council of Sikhs in Law and Sikhs in Academia convened an Independent Select Committee (ISC), to investigate and review the process and effectiveness of Sikh representation in relation to consultation with government on the key policy issues. The ISC worked over the months of September, October and November 2023, to collect, compile and analyse written and verbal evidence (Sections 12 Appendix 2 and 3) on the following four dimensions:

- Are there barriers or opportunities within the current representation mechanism?
- If any barriers or opportunities are identified what can be done to overcome or develop these?
- What other mechanisms could be used to effectively gather suggestions and views?
- What is the case for establishing a central liaison mechanism which advocates for Sikhs in the UK at Government policy level.

The twenty-five days period call for evidence was opened inviting written submissions until 30 September 2023 to be filed with the ISC panel registrar. The public notice was published in the Punjabi press and on most of the social media platforms. The SiL and SiA convened ISC, held an open hearing on 15 October 2023 at a neutral venue in Birmingham City Centre, which was also recorded and partly televised by the Punjab Broadcasting Channel. It was managed through an advance notice arrangement to maximise the quality of input from across the UK Sikh communities. After closing the public gathering of evidence, between mid-October and the end of November 2023, the ISC collated, analysed and interpreted all evidence in terms of the four key dimensions to compile the Summit Report.


The Summit Report Independent Panel:

Dr Sujinder Singh Sangha OBE FRSA (Chair), Mr Baldip Singh – MCIArb - Barrister, Nimrita Kaur Bahia - Academic, Mr Harjot Singh (Solicitor Advocate), Dr Dalvir Kaur Gill (Academic), External Reviewer: Ms Harjinder Kaur Aujla (Academic), Expert Advisors: Dr. Gurnam Singh, Dr. Harjinder Singh Lalie OBE, Dr. Ramindar Singh MBE DL, Prof. Dr. Daljit Singh OBE, Dr. Rajinder Kaur Mann OBE

(Note: References will be listed at the end of the last part of the report)

To be continued as part 3

## ਸਿਹਤ ਤੇ ਸੁੰਦਰਤਾ



# ਔਰਤਾਂ ਸਰਦੀਆਂ ਵਿਚ ਕਮਰ ਦਰਦ ਨੂੰ ਨਾ ਕਰਨ ਨਜ਼ਰਅੰਦਾਜ਼

ਸਰਦੀਆਂ ਦਾ ਮੌਸਮ ਸ਼ੁਰੂ ਹੁੰਦੇ ਹੀ ਜੇਕਰ ਤੁਹਾਨੂੰ ਕਮਰ ਦੇ ਹੇਠਲੇ ਹਿੱਸੇ ਵਿੱਚ ਲਗਾਤਾਰ ਦਰਦ, ਜਕੜਨ, ਪੈਰਾਂ ਵਿੱਚ ਝਨਝਨਾਹਟ ਜਾਂ ਚੱਲਣ-ਫਿਰਨ ਵਿੱਚ ਪਰੇਸ਼ਾਨੀ ਮਹਿਸੂਸ ਹੋ ਰਹੀ ਹੈ, ਤਾਂ ਇਸ ਨੂੰ ਬਿਲਕੁਲ ਵੀ ਨਜ਼ਰਅੰਦਾਜ਼ ਨਾ ਕਰੋ। ਡਾਕਟਰੀ ਮਾਹਿਰਾਂ ਅਨੁਸਾਰ, ਇਹ ਸਮੱਸਿਆ ਅਕਸਰ ਰੀੜ੍ਹ ਦੀ ਹੱਡੀ ਦੇ ਐਲ3, ਐਲ4 ਅਤੇ ਐਲ5 ਵਰਟੀਬਰਾ (ਮਣਕਿਆਂ) ਨਾਲ ਜੁੜੀ ਹੋ ਸਕਦੀ ਹੈ, ਜੋ ਸਰੀਰ ਦਾ ਪੂਰਾ ਭਾਰ ਸੰਭਾਲਦੇ ਹਨ ਅਤੇ ਪੈਰਾਂ ਤੱਕ ਜਾਣ ਵਾਲੀਆਂ ਨਸਾਂ ਦੀ ਸੁਰੱਖਿਆ ਕਰਦੇ ਹਨ।



### ਐਲ3, ਐਲ4 ਅਤੇ ਐਲ5 ਦੀ ਅਹਿਮੀਅਤ

ਇਹ ਤਿੰਨੋਂ ਮਣਕੇ ਰੀੜ੍ਹ ਦੀ ਹੱਡੀ ਦੇ ਹੇਠਲੇ ਹਿੱਸੇ ਵਿੱਚ ਸਥਿਤ ਹੁੰਦੇ ਹਨ ਅਤੇ ਇਨ੍ਹਾਂ ਦਾ ਸਿੱਧਾ ਸਬੰਧ ਕਮਰ, ਕੂਲ੍ਹਿਆਂ ਅਤੇ ਪੈਰਾਂ ਦੀਆਂ ਨਸਾਂ ਨਾਲ ਹੁੰਦਾ ਹੈ। ਜਦੋਂ ਇਨ੍ਹਾਂ ਹਿੱਸਿਆਂ ਵਿੱਚ ਸੋਜ ਜਾਂ ਨਸਾਂ 'ਤੇ ਦਬਾਅ ਵਧਦਾ ਹੈ, ਤਾਂ ਕਮਰ ਤੋਂ ਲੈ ਕੇ ਪੈਰਾਂ ਤੱਕ ਤੇਜ਼ ਦਰਦ, ਸੁੰਨਪਨ ਅਤੇ ਕਮਜ਼ੋਰੀ ਮਹਿਸੂਸ ਹੋਣ ਲੱਗਦੀ ਹੈ। ਸਰਦੀਆਂ ਵਿੱਚ ਘੱਟ ਤਾਪਮਾਨ ਕਾਰਨ ਨਸਾਂ ਅਤੇ ਮਾਸਪੇਸ਼ੀਆਂ ਵਿੱਚ ਜਕੜਨ ਵਧ ਜਾਂਦੀ ਹੈ, ਜਿਸ ਨਾਲ ਇਹ ਸਮੱਸਿਆ ਹੋਰ ਗੰਭੀਰ ਰੂਪ ਲੈ ਲੈਂਦੀ ਹੈ।

ਮਾਹਿਰਾਂ ਅਨੁਸਾਰ, ਔਰਤਾਂ ਵਿੱਚ ਖ਼ਾਸ ਕਰਕੇ ਡਿਲੀਵਰੀ ਤੋਂ ਬਾਅਦ ਇਹ ਸਮੱਸਿਆ ਜ਼ਿਆਦਾ ਦੇਖਣ ਨੂੰ ਮਿਲਦੀ ਹੈ ਕਿਉਂਕਿ ਕਮਰ ਅਤੇ ਰੀੜ੍ਹ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਸਰਦੀਆਂ 'ਚ ਸਰੀਰਕ ਗਤੀਵਿਧੀਆਂ ਘੱਟ ਹੋਣ ਕਾਰਨ ਕਮਰ ਵਿੱਚ ਜਕੜਨ ਤੇ ਉੱਠਣ-ਬੈਠਣ ਵਿੱਚ ਦਰਦ ਦੀ ਸ਼ਿਕਾਇਤ ਵਧ ਜਾਂਦੀ ਹੈ।

### ਵਿਟਾਮਿਨ-ਡੀ ਦੀ ਕਮੀ ਤੇ ਗਲਤ ਪੋਸਚਰ

ਸਰਦੀਆਂ ਵਿੱਚ ਧੁੱਪ ਘੱਟ ਮਿਲਣ ਕਾਰਨ ਸਰੀਰ 'ਚ ਵਿਟਾਮਿਨ-ਡੀ ਦੀ ਕਮੀ ਹੋ ਜਾਂਦੀ ਹੈ, ਜੋ ਹੱਡੀਆਂ ਦੀ ਕਮਜ਼ੋਰੀ ਅਤੇ ਦਰਦ ਦਾ ਵੱਡਾ ਕਾਰਨ ਬਣਦੀ ਹੈ। ਇਸ ਦੇ ਨਾਲ ਹੀ, ਘੰਟਿਆਂ ਬੱਧੀ ਝੁਕ ਕੇ ਕੰਮ ਕਰਨਾ ਜਾਂ ਗਲਤ ਤਰੀਕੇ ਨਾਲ ਬੈਠਣਾ ਇਸ ਦਰਦ ਨੂੰ ਹੋਰ ਵਧਾ ਦਿੰਦਾ ਹੈ।

### ਬਚਾਅ ਦੇ ਤਰੀਕੇ

ਯੋਗਾਸਨ: ਕਮਰ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਲਈ ਸੂਰਜ ਨਮਸਕਾਰ, ਵਜਰਾਸਨ ਅਤੇ ਮਯੂਰਾਸਨ ਬਹੁਤ ਫਾਇਦੇਮੰਦ ਹਨ।

ਸਹੀ ਪੋਸਚਰ: ਬੈਠਦੇ ਸਮੇਂ ਪਿੱਠ ਸਿੱਧੀ ਰੱਖੋ ਅਤੇ ਕਮਰ ਨੂੰ ਪੂਰਾ ਸਹਾਰਾ ਦਿਓ।

ਵਾਕ: ਆਫ਼ਿਸ ਵਿੱਚ ਕੰਮ ਕਰਦੇ ਸਮੇਂ ਹਰ ਇੱਕ ਘੰਟੇ ਬਾਅਦ 5 ਮਿੰਟ ਦੀ ਸੈਰ ਜ਼ਰੂਰ ਕਰੋ।

ਧੁੱਪ ਸੇਕਣਾ: ਹੱਡੀਆਂ ਦੀ ਮਜ਼ਬੂਤੀ ਲਈ ਰੋਜ਼ਾਨਾ ਕੁਝ ਦੇਰ ਧੁੱਪ ਵਿੱਚ ਬੈਠੋ।

## ਇਕੋ ਸਾਈਜ਼



ਲੜਕੀ ਦੇ ਬਾਪ ਨੇ ਵਿਚੋਲੇ ਨੂੰ ਫ਼ੂਨ ਕੀਤਾ ਕਿ ਉਹ ਮੁੰਡੇ ਵਾਲਿਆਂ ਤੋਂ ਕੜੇ ਦਾ ਨਾਪ ਪਤਾ ਕਰ ਕੇ ਦੇਵੇ ਤਾਂ ਕਿ ਆਨੰਦ-ਕਾਰਜ ਤੋਂ ਪਹਿਲਾਂ ਕੀਤੀ ਜਾਣ ਵਾਲੀ ਕੁੜਮਾਈ ਵੇਲੇ ਮੁੰਡੇ ਨੂੰ ਸ਼ਗਨ 'ਚ ਦਿੱਤਾ ਜਾਣ ਵਾਲਾ ਕੜਾ ਤਿਆਰ ਕਰਵਾਇਆ ਜਾ ਸਕੇ। ਵਿਚੋਲਾ ਅਤੇ ਲੜਕੇ ਵਾਲੇ ਇਕੋ ਸ਼ਹਿਰ ਵਿਚ ਰਹਿੰਦੇ ਸਨ।

ਦੂਜੇ ਦਿਨ ਹੀ ਸ਼ਾਮ ਵੇਲੇ ਵਿਚੋਲਾ ਮੁੰਡੇ ਵਾਲਿਆਂ ਦੇ ਘਰ ਪਹੁੰਚ ਗਿਆ। ਮੁੰਡਾ ਕਿਤੇ ਬਾਹਰ ਗਿਆ ਹੋਇਆ ਸੀ ਪਰ ਉਹਦਾ ਬਾਪ ਘਰੇ ਹੀ ਸੀ। ਵਿਚੋਲੇ ਨੇ ਆਉਣ ਦਾ ਮਕਸਦ ਦੱਸਿਆ ਤਾਂ ਮੁੰਡੇ ਦਾ ਪਿਉ ਕਹਿਣ ਲੱਗਾ, " ਉਹਦਾ ਤੇ ਮੇਰਾ ਇਕੋ ਈ ਸੈਜ਼ ਐ, ਮੇਰਾ ਗੁੱਟ ਈ ਮਿਣ ਲੈ, ਨਾਲੇ ਦੋ 'ਕੱਠੇ ਲੈਣ ਨਾਲ ਸੁਨਿਆਰਾ ਕੁਸ਼ ਛੋਟ ਵੀ ਦੇਊ," ਤੇ ਉਹਨੇ ਬੜੇ ਜੇਤੂ ਅੰਦਾਜ਼ ਵਿਚ ਮੁੱਛਾਂ 'ਤੇ ਹੱਥ ਫੇਰਿਆ। ਵਾਪਿਸ ਜਾਂਦਾ ਹੋਇਆ ਵਿਚੋਲਾ ਗਿਣਤੀਆਂ ਮਿਣਤੀਆਂ ਵਿਚ ਪਿਆ ਹੋਇਆ ਸੀ ਕਿ ਉਹ ਲੜਕੀ ਦੇ ਬਾਪ ਨੂੰ ਦੋ ਕੜੇ ਬਣਵਾਉਣ ਬਾਰੇ ਕਿਵੇਂ ਕਹੇਗਾ।

ਨਿਰਮਲ ਸਿੰਘ ਕੰਧਾਲਵੀ

## * ਚੁੰਝਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ






***ਦਿੱਲੀ ਦੇ ਕਈ ਸਾਰੇ ਪੰਜਾਬੀ ਬੋਰਡਾਂ ਵਿਚ ਗ਼ਲਤੀਆਂ ਦੀ ਭਰਮਾਰ- ਪ੍ਰਕਾਸ਼ ਸਿੰਘ ਗਿੱਲ (ਪ੍ਰਧਾਨ, ਪੰਜਾਬੀ ਹੈਲਪਲਾਈਨ, ਦਿੱਲੀ)**

-ਜਿੱਥੇ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਮਿਲਿਆ ਹੋਇਐ, ਉੱਥੇ ਆ ਕੇ ਹਾਲ ਦੇਖ ਲਉ ਪੰਜਾਬੀ ਦਾ।



***'ਖ਼ਾਲਸਾ ਵਹੀਰ' ਨੂੰ ਸ਼੍ਰੋਮਣੀ ਕਮੇਟੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਹੀਂ ਦਿਤਾ- ਇਕ ਖ਼ਬਰ**

-ਕਿਸੇ ਡੇਰੇਦਾਰ ਪਾਸੋਂ ਜਾਂ ਪ੍ਰਧਾਨ ਤੋਂ ਪਰਚੀ ਲੈ ਜਾਂਦੇ ਤਾਂ ਭਾਵੇਂ ਜਿੰਨੇ ਮਰਜ਼ੀ ਸਰੂਪ ਲੈ ਲੈਂਦੇ।



***ਡਾ. ਨਵਜੋਤ ਕੋਰ ਸਿੱਧੂ ਵਲੋਂ ਪ੍ਰਧਾਨ ਮੰਤਰੀ ਮੋਦੀ ਦਾ ਦਿਲੋਂ ਸਵਾਗਤ ਕਰਨ ਦਾ ਸੱਦਾ- ਇਕ ਖ਼ਬਰ**

-ਸਈਓ ਕਹੀਓ ਅਹਿਮਦ ਪਿਆਰੇ ਨੂੰ, ਦਿਲ ਤਰਸੇ ਇਕ ਨਜ਼ਾਰੇ ਨੂੰ।

***ਇੰਦੌਰ 'ਚ ਦੂਸ਼ਿਤ ਪਾਣੀ ਦੇ ਦੁਖਾਂਤ ਦੀ ਨਿਆਇਕ ਜਾਂਚ ਦੇ ਹੁਕਮ- ਇਕ ਖ਼ਬਰ**

-ਈਦੋਂ ਬਾਅਦ ਤੰਬਾ ਫ਼ੂਕਣੈ।

***ਨਵੇਂ ਕੇਂਦਰੀ ਬਜਟ ਵਿਚ ਪੰਜਾਬ ਦੇ ਹੱਥ ਫਿਰ ਖ਼ਾਲੀ ਰਹੇ- ਪੰਜਾਬ ਕਾਂਗਰਸ**

-ਮੇਰਾ ਮੋਰਨੀ ਜਿਹੀ ਦਾ ਗਲ਼ ਖਾਲੀ, ਆਪ 'ਤੇ ਜ਼ੰਜੀਰੀ ਰੱਖਦਾ।



***ਨਵਜੋਤ ਕੌਰ ਸਿੱਧੂ ਨੇ ਕਾਂਗਰਸ ਨੂੰ ਕਿਹਾ ਅਲਵਿਦਾ- ਇਕ ਖ਼ਬਰ**

-ਮੈਨੂੰ ਦੇ ਦੇ ਵੇ ਯੱਕੇ ਦਾ ਭਾੜਾ, ਮੈਂ ਚੱਲੀ ਪੇਕਿਆਂ ਦੇ।



***ਮੇਰਾ ਰਿਸ਼ਤਾ ਭਗਤ ਰਵਿਦਾਸ ਦੀ ਜਨਮ ਭੂਮੀ ਕਾਸ਼ੀ ਨਾਲ ਹੈ- ਮੋਦੀ**

-ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ।

***ਯੂਰਪ ਸੰਘ ਅਤੇ ਭਾਰਤ ਵਿਚਕਾਰ ਮੁਕਤ ਵਪਾਰ ਸਮਝੌਤੇ ਉੱਤੇ ਮੋਹਰ- ਇਕ ਖ਼ਬਰ**

-ਰੁੱਤ ਯਾਰੀਆਂ ਲਾਉਣ ਦੀ ਆਈ, ਬੇਰੀਆਂ ਦੇ ਬੇਰ ਪੱਕ ਗਏ।



***ਯੂਰਪ ਸੰਘ ਅਤੇ ਭਾਰਤ ਵਿਚਕਾਰ ਮੁਕਤ ਵਪਾਰ ਸਮਝੌਤੇ 'ਤੇ ਭੜਕਿਆ ਅਮਰੀਕਾ- ਇਕ ਖ਼ਬਰ**

-ਜੇ ਕੋਈ ਹੋਰ ਲੈ ਆਇਆ ਤੇਰੀ ਜੰਝ ਨੀ, ਬਣੂ ਜੰਗ ਦਾ ਮੈਦਾਨ ਬੇਲਾ ਝੰਗ ਨੀ।

***ਸ਼੍ਰੋਮਣੀ ਕਮੇਟੀ ਹੁਣ ਪੰਜਾਬ ਐਕਟ ਹੇਠ ਲਿਆਂਦੀ ਜਾਵੇ- ਕਾਹਨੇਕੇ**

-ਹੱਟੀ ਖੋਲ੍ਹ ਹੱਟੀ ਵਾਲਿਆ, ਮੇਰੇ ਵੀਰ ਨੇ ਪਤਾਸੇ ਲੈਣੇ।




***ਇਰਾਨ ਸਾਡੇ ਨਾਲ ਸਮਝੌਤਾ ਕਰੇ ਜਾਂ ਤਬਾਹੀ ਲਈ ਤਿਆਰ ਰਹੇ- ਟਰੰਪ**

-ਅੱਜ ਮੇਰੇ ਅਮਲੀ ਦੇ, ਫੀਮ ਰਗ਼ਾਂ ਵਿਚ ਬੋਲੇ।

***ਸਿਆਸਤ ਵਿਚ ਡੇਰੇ ਬਨਾਮ ਡੇਰਿਆਂ ਵਿਚ ਸਿਆਸਤ- ਇਕ ਖ਼ਬਰ**

-ਨੱਥਾ ਸਿੰਘ ਪ੍ਰੇਮ ਸਿੰਘ, ਵੰਨ ਐਂਡ ਦਾ ਸੇਮ ਥਿੰਗ।



***ਟਰੰਪ ਨੇ ਦੱਖਣੀ ਕੋਰੀਆ ਦੀਆਂ ਵਸਤੂਆਂ ਉੱਤੇ ਟੈਰਿਫ਼ ਵਧਾਉਣ ਦੀ ਦਿਤੀ ਧਮਕੀ- ਇਕ ਖ਼ਬਰ**

-ਗੰਨਾ ਪੁੱਟ ਕੇ ਸੁਰੈਣਾ ਬੋਲਿਆ, ਜ਼ਿੰਮੀਦਾਰੀ ਇਉਂ ਭੰਨ ਦਊਂ।



***ਵਿਦੇਸ਼ੀ ਕਰਜ਼ ਲੈਣ ਲਈ ਪਾਕਿਸਤਾਨ ਦਾ ਸਿਰ ਸ਼ਰਮ ਨਾਲ ਝੁਕਿਆ- ਸ਼ਹਿਬਾਜ਼ ਸ਼ਰੀਫ਼**

-ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ- ਗੁ. ਗ੍ਰੰ. ਸਾਹਿਬ



***ਉਦਯੋਗਿਕ ਵਿਕਾਸ ਵਿਚ ਰੁਕਾਵਟ ਪਾਉਣ ਲਈ ਟਰੇਡ ਯੂਨੀਅਨਾਂ ਜ਼ਿੰਮੇਵਾਰ- ਸੁਪਰੀਮ ਕੋਰਟ**

-ਡਿਗੀ ਖੋਤੇ ਤੋਂ, ਗੁੱਸਾ ਘੁਮਿਆਰ 'ਤੇ।

* * * * * *

– ਲੇਖਕ –
ਗਿਆਨੀ
ਗੁਰਦਿੱਤ ਸਿੰਘ




# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-28

ਸ੍ਰੀ ਗੁਰੂ: ਸੰਯੋਗ ਆਵੈ ਵਿਯੋਗ ਜਾਏ।
ਮਾਯਾ ਸੋਬੈ ਬ੍ਰਹਮ ਖਾਯ।
ਸਤਿਗੁਰ ਕਹੈ ਸੁਨ ਰਾਮਾਨੰਦ।
ਬ੍ਰਹਮ ਗੋਸ਼ਟ ਮੇਂ ਪਰਮਾਨੰਦ।
ਸ੍ਰੀ ਰਾਮਾਨੰਦ: ਕਵਨ ਬਟਾਊ ਕਵਨ ਬਾਟ।
ਕਵਨ ਬਸਤੀ ਕਵਨ ਹਾਟ।
ਸਤਿਗੁਰ ਕੁੰਜੀ ਕਵਨ ਤਾਲਾ।
ਕਵਨ ਖੋਲੈ ਕਵਨ ਰਖਵਾਲਾ।
ਸ੍ਰੀ ਗੁਰੂ ਜੀ: ਜੀਓ ਬਟਾਂਊ ਜਨਮ ਬਾਟ।
ਕਾਯਾ ਬਸਤੀ ਅਠਸਠ ਹਾਟ।
ਸਤਗੁਰੂ ਕੁੰਜੀ ਸ਼ਬਦ ਤਾਲਾ।
ਸਤਿਗੁਰੂ ਖੋਲੇ ਗੁਰੂ ਰਖਵਾਲਾ।
ਪਵਨ ਬਟਾਊ ਕਾਯਾ ਬਾਟ।
ਬ੍ਰਹਮ ਬਸਤੀ ਸਮਝ ਹਾਟ।
ਸ਼ਬਦ ਕੁੰਜੀ ਸੁਰਤਿ ਤਾਲਾ।
ਖੋਲ ਪਰਚੈ ਤੋ ਸ਼ਬਦ ਰਖਵਾਲਾ।
ਸ੍ਰੀ ਰਾਮਾਨੰਦ: ਕਵਨ ਜੋਗੀ ਕਵਨ ਰਾਵਲ
ਕਵਨ ਧਾਨ ਕਵਨ ਚਾਵਲ।
ਕਵਨ ਅਪਦਾ ਕਵਨ ਪਾਨੀ।
ਕਵਨ ਬੋਲੈ ਅਨਾਹਦ ਬਾਨੀ।
ਸ੍ਰੀ ਗੁਰੂ ਜੀ:ਅਲਖ ਜੋਗੀ ਅਕਲ ਰਾਵਲ।
ਪ੍ਰਗਟ ਧਾਨ ਗੁਪਤ ਹੈ ਚਾਵਲ।
ਅਪਦਾ ਐਨੀ ਖਿਮਾ ਖੀਮਾਨੀ।
ਸ਼ਬਦ ਨਾਦ ਬੋਲੇ ਅਨਾਹਦ ਬਾਨੀ।
ਸ੍ਰੀ ਰਾਮਾਨੰਦ:ਕਵਨ ਜੋਗੀ ਕਵਨ ਜੁਗਤਾ।
ਕਵਨ ਸੁੰਦਰੀ ਪ੍ਰਾਨ ਭੁਗਤਾ।
ਕਵਨ ਸਸਾ ਕਵਨ ਜੋਗ।
ਕਵਨ ਉਪਕਾਰ ਵਿਚਾਰ ਪਰਜੋਗ॥
ਸ੍ਰੀ ਗੁਰੂ ਜੀ: ਅਲਖ ਜੋਗੀ ਅਕਲ ਜੁਗਤਾ। ਆਤਮਾ ਸੁੰਦਰੀ ਪ੍ਰਾਨ ਭੁਗਤਾ।
ਸੰਸਾ ਰੋਗ ਸ਼ਬਦ ਯੋਗ।
ਸੁਰਤਿ ਉਪਚਾਰ ਵਿਚਾਰ ਪਰਜੋਗ।
ਸ੍ਰੀ ਰਾਮਾਨੰਦ:ਕਵਨ ਮੰਤਰ ਕਵਨ ਮਾਲਾ।
ਕਵਨ ਤਿਲਕ ਕਵਨ ਜਪ ਮਾਲਾ।
ਕਵਨ ਧਿਆਨ ਕਵਨ ਧਰਮ।
ਕਵਨ ਚਾਹੇ ਆਸ਼ਰਮ॥16॥
ਗੁਰੂ ਨਾਨਕ: ਨਾਮ ਮੰਤਰ ਸਚੁ ਮਾਲਾ।
ਤਤੁ ਤਿਲਕ ਜੁਗਤਿ ਜਪ ਮਾਲਾ।
ਧਿਆਨ ਤਤੁ ਆਤਮਾ ਧਰਮ।
ਸਹਜੇ ਚਾਹੇ, ਸਚ ਆਸ਼ਰਮ॥
ਸ੍ਰੀ ਰਾਮਾਨੰਦ: ਕਵਨ ਸ਼ਬਦ ਲੈ ਬਾਂਧੇ ਬੰਧ।
ਕਵਨ ਸ਼ਬਦ ਰਹੇ ਨਿਰਬੰਧ।
ਕਵਨ ਸ਼ਬਦ ਲੈ ਉਨਮਨ ਰਹੈ।
ਕਵਨ ਸ਼ਬਦ ਅਗਮ ਕੀ ਕਹੈ।
ਗੁਰੂ ਨਾਨਕ: ਗੁਰ ਕਾ ਸ਼ਬਦ ਲੈ ਬਾਂਧੇ ਬੰਧ।
ਸਤਿਗੁਰ ਸ਼ਬਦ ਰਹੈ ਨਿਰਬੰਧ।
ਬਕਤਾ ਸ਼ਬਦ ਲੈ ਉਂਨਮਨ ਰਹੈ।
ਪਰਚੇ ਸ਼ਬਦ ਅਗਮ ਕੀ ਕਹੈ॥
ਸ੍ਰੀ ਰਾਮਾਨੰਦ: ਕਵਨ ਘਰ ਚਾਂਦ ਕਵਨ ਘਰ ਸੂਰ।
ਕਵਨ ਘਰ ਬਾਜੈ ਅਨਹਦ ਤੂਰ॥
ਤ੍ਰਿਕੁਟੀ ਤੇਜ ਕਰੇ ਝੁਣਕਾਰ।
ਗਗਨ ਬਰਸੇ ਏਕੋ ਧਾਰ॥20॥
ਗੁਰੂ ਨਾਨਕ: ਅਰਧ ਚਾਂਦ ਉਰਧ ਸੂਰ।
ਅੰਤਰ ਬਾਜੈ ਅਨਹਦ ਤੂਰ।
ਤ੍ਰਿਕੁਟੀ ਤੇਜ ਕਰੇ ਝੁਣਕਾਰ।
ਗਗਨ ਬਰਸੇ ਕੇਤੀ ਧਾਰ॥
ਸ੍ਰੀ ਰਾਮਾਨੰਦ: ਕੈ ਆਦਮਿ ਸਿਰਜਾ, ਕਰਤਾਰ। ਕੈ ਪਾਤ ਚਲੇ ਸੰਸਾਰ।
**ਕੇਤੇ ਪੰਥ ਚਲੇ ਸਾਥਾ। ਪ੍ਰਿਥਮੀ ਕਹੈ ਕੇਤੇ ਹਾਥਾ**
ਗੁਰੂ ਨਾਨਕ: ਦੋਇ ਆਦਮ ਸਿਰਜਾ ਕਰਤਾਰ। ਦੋ ਪਾਤ ਚਲੇ ਸੰਸਾਰ।
ਪਾਂਚੋ ਪੰਛੀ ਚਲੇ ਸਾਥਾ।
ਪ੍ਰਿਥਮੀ ਕਹੋ ਸਾਢੇ ਤੀਨ ਹਾਥਾ।
ਸ੍ਰੀ ਰਾਮਾਨੰਦ: ਪ੍ਰਿਥਮੀ ਕਹੀਐ ਕੇਤੇ ਖੰਡ।
ਕੇਤਾ ਉਚਾ ਹੈ ਬ੍ਰਹਿਮੰਡ।
ਅੰਬਰ ਉਗਵੈ ਕੇਤੇ ਤਾਰੇ।
ਇੰਦਰ ਬਰਸੇ ਕੇਤੇ ਧਾਰੇ।
ਗੁਰੂ ਜੀ: ਪ੍ਰਿਥਵੀ ਕਹੀਐ ਨਵਖੰਡ।
ਚਾਰ ਉਂਗਲ ਉਚਾ ਬ੍ਰਹਿਮੰਡ।
ਅੰਬਰ ਉਗਵੈ ਹੈਂ ਦੋ ਤਾਰੇ।
ਇੰਦੂ, ਵਰਸੈ ਏਕੇ ਧਾਰੇ॥25॥
ਸ੍ਰੀ ਰਾਮਾਨੰਦ: ਕਵਨ ਯਹ ਪੇਡ ਕਾ ਭੰਡਾਰ। ਕਵਨ ਹੋ ਮਨ ਕਾ ਅਹਾਰ।
ਕਵਨ ਯਹ ਬਕਤੇ ਕਾ ਵਿਵਹਾਰ।
ਕਵਨ ਤੇ ਹੋਵੈ ਉਪਕਾਰ।
ਕਵਨ ਸੇ ਕਹੀਏ ਕਾਯਾ ਅਵਤਾਰ॥26॥
ਗੁਰੂ ਜੀ: ਪਰਾਨ ਯਹ ਪੇਡ ਕਾ ਭੰਡਾਰ। ਸ਼ਬਦ ਯਹ ਮਨ ਕਾ ਆਹਾਰ॥
ਬਿਬੇਕ ਯਹ ਬਕਤੇ ਬਿਵਹਾਰ।
ਅਕਲ ਸਿਉਂ ਕੀਜੈ ਉਪਕਾਰ॥
ਕਾਯਾ ਸੋ ਕਹੀਏ ਕ੍ਰਿਸ਼ਣ ਅਵਤਾਰ॥27॥
ਸ੍ਰੀ ਰਾਮਾਨੰਦ: ਜੋ ਜੋ ਜੀਵ ਕਾ ਨਹੀਂ ਬਿਸ਼ੇਸ਼। ਚੇਤਨ ਹੋਇ ਸਤਿਗੁਰੂ ਕੋ ਦੇਖ॥
ਬਕਤੇ ਕੇ ਨੈਨ ਸੁਨਤੇ ਕੇ ਸਰਵਣ।
ਗੁਨੀਏ ਗੁਣ ਘਟਿ ਮੇਂ ਹੁਰਿ ਤ੍ਰਿਭਵਣ॥28॥
ਗੁਰੂ ਜੀ ਸ਼ਬਦ ਗੁਰੂ ਸੁਰਤਿ ਧਨਿ ਚੇਲਾ।
ਕਰੈ ਧਿਆਨ ਮੰਤਰ ਮੇ ਮੇਲਾ॥
ਨਾ ਖੇਲਬੋ ਜੂਆ ਨਾ ਹਾਰਵੇ ਦੂਆ।
ਨਾ ਬੈਠਬੋ ਪਿੰਜਰ ਨਾ ਹੋਇਬੋ ਸੂਆ॥29॥
ਸ੍ਰੀ ਰਾਮਾਨੰਦ: ਐਸੇ ਗੁਰੂ ਗਿਆਨ ਜੀਵਤ ਹੀ ਮੂਆ। ਰਾਮਾਨੰਦ ਸੁਆਮੀ ਨਿਹਚਲ ਹੂਆ।
ਕ੍ਰਿਪਾ ਕਰਿ ਗੁਰੂ ਨਾਨਕ, ਰਾਮਾਨੰਦ ਸ਼ਿਸਯ ਕੀਆ। ਖੰਡ ਮੰਡਲ ਕਾ ਬੀਚਾਰ ਦੀਆ।

ਯਹ ਬਚਨ ਗੋਸ਼ਟ ਜਦ ਬਾਬੇ ਸੁਨਾਈ ਤਾਂ ਗੁਸਾਈ ਜੀ ਗੁਰੂ ਜੀ ਕੇ ਚਰਨੋਂ ਪਰ ਮੱਥਾ ਟੇਕਿਆ ਤੇ ਹੱਥ ਜੋੜ ਕਰ ਆਖਿਓਸ, ਜੀ! ਏਤੀ ਅਵਧ ਮੇਰੀ ਏਵੇਂ ਬਿਰਥਾ ਗਈ। ਬੜੇ ਭਾਗ ਭਏ ਜੋ ਗੁਰੂ ਕੇ ਦਰਸ਼ਨ ਹੋਏ ਹੈ। ਅਬ ਮੁਝੇ ਦਾਸ ਕੋ ਮੰਤਰ ਉਪਦੇਸ਼ ਕਰੋ, ਤਾਂ ਬਾਬਾ ਬਹੁਤ ਹੱਸਿਆ। ਤੇ ਆਖਿਓਸ, ਗੁਸਾਈ ਜੀ, ਤੁਸੀਂ ਪੁਰਾਤਨ ਯੋਗੀਸ਼ਵਰ ਹੋ। ਸਭ ਕੁਝ ਜਾਨਤੇ ਹੋ। ਤਾਂ ਗੁਸਾਈ ਜੀ ਆਖਿਆ, ਜੀ, ਮੈਂ ਤਾਂ ਸਭ ਕੁਝ ਜਾਨਤਾ ਹਾਂ, ਪਰ ਤੁਮਹਾਰੇ ਬਚਨ ਸੁਣਕਰ ਮੇਰਾ ਹਿਰਦਾ ਸ਼ਾਂਤ ਪ੍ਰਕਾਸ਼




ਹੋਯਾ। ਸਾਰੀ ਵਿਦਿਆ ਤੇਰੇ ਬਚਨੋ ਪਰ ਕੁਰਬਾਨ ਹੈ ਜੀ। ਜੋ ਤੁਮ ਮੁਝੇ ਉਪਦੇਸ ਦੇਵੋਗੇ ਸੋ ਮੈਂ ਗਹਿ ਹਿਰਦੇ ਮਹਿ ਰਖਾਂਗਾ। ਤਾਂ ਬਾਬੇ ਗੰਗਾ ਜੀ ਮੈਂ ਇਸ਼ਨਾਨ ਕਰਵਾਇਆ ਪੂਰਵ ਮੁਖ ਬੈਠਾਇ ਕੇ ਮੰਤਰ ਉਪਦੇਸ਼ ਕੀਤਾ। ਕਹਿ ਸਤਿਨਾਮ ਏਹਿ ਚਾਰ ਅੱਖਰ ਸਤ ਹੈ- ਤੇ ਹੋਰ ਤ੍ਰਿਗੁਣ ਪਸਾਰ ਅਸਤ ਹੈ। ਸਤ ਸੇ ਪ੍ਰਗਟੇ ਹੈ ਸਤ ਕੇ ਆਸਰੇ ਹੈਂ। ਸਤ ਵਿਸ਼ੇ ਲੀਨ ਹੋਤਾ ਹੈ। ਇਤਨੇ ਹੀ ਮੈਂ ਸਮਝੋਂ। ਤਾਂ ਰਾਮਾਨੰਦ ਜੀ ਗੁਰਮੁਖ ਹੋਕੇ ਬਹੁਤ ਬਹੁਤ ਪ੍ਰਸੰਨ ਹੋਯਾ। ਆਖਿਓਸ ਜੀ ਅਜ ਮੈਂ ਕ੍ਰਿਤ ਕ੍ਰਿਤਯ ਹੋਯਾ ਅਨੇਕ ਪ੍ਰਕਾਰ ਕੀ ਧੂਪ ਦੀਪ ਨੇਵੇਦਫਲ-ਫੂਲ ਸੋ ਪੂਜਾ ਕਰੀ। ਤੇ ਪਿਛਲੀ ਸਾਰੀ ਉਮਰ ਕੀ ਤਪੱਸਿਆ ਗੁਰੂ ਜੀ ਕੇ ਆਗੇ ਭੇਟਾ ਰੱਖੀ। ਬਾਬੇ ਪ੍ਰਸ਼ਾਦਿ ਵਰ ਇਹ ਦੀਆ, ਜੋ ਤੁਮ ਕੋ ਸਦਾ ਸਤਿਨਾਮ ਸਮਰਣ ਰਹੈ ਕਬਹੂ ਨਾ ਭੂਲੇ। ਇਹ ਵਰ ਲੈਕਰ ਆਪਨੇ ਆਸਨ ਪਰ ਗਿਆ ਜਾਂ ਇਹ ਕਥਾ ਕਬੀਰ ਜੀ ਨੇ ਸੁਣੀ, ਜੋ ਰਾਮਾਨੰਦ ਸ੍ਰੀ ਬਾਬੇ ਜੀ ਕਾ ਸ਼ਿਸ਼ ਹੋਯਾ ਤਾਂ ਕਬੀਰ ਜੀ ਫੂਲ ਪਾਨ ਲੈ ਕੇ ਬਾਬੇ ਕਾ ਦਰਸ਼ਨ ਕਰਨ ਆਏ।

ਉਪਰੋਕਤ ਵਿਚਾਰਾਂ ਦਾ ਸਾਰ ਰਾਮਾਨੰਦ ਜੀ ਦੇ ਬਸੰਤ ਰਾਗ ਵਿਚ ਉਚਾਰੇ ਹੋਏ ਅਤੇ ਗੁਰੂ ਗ੍ਰੰਥ ਵਿਚ ਸ਼ਾਮਿਲ ਸ਼ਬਦ ਵਿਚ ਉਪਲਬਧ ਹੈ। (ਪ੍ਰਾਣ ਸੰਗਲੀ ਭਾਗ ਦੂਜਾ ਸਫ਼ਾ 243 ਤੋਂ 250 ਤੱਕ, ਅਧਿਆਇ 13, ਸੰਤ ਸੰਪੂਰਨ ਸਿੰਘ ਜੀ)

ਅਸੀਂ ਪ੍ਰਾਣ ਸੰਗਲੀ ਗ੍ਰੰਥ ਦੀ ਚਰਚਾ ਕਰ ਰਹੇ ਸੀ। ਇਸ ਗ੍ਰੰਥ ਦੀ ਪ੍ਰਾਪਤੀ ਲਈ ਗੁਰੂ ਅਰਜਨ ਜੀ ਨੇ ਭਾਈ ਪੈੜਾ ਮੋਖਾ ਲੰਕਾ (ਸਿੰਗਲਾਦੀਪ) ਨੂੰ ਟੋਰਿਆ ਸੀ। ਜਾਣ ਦੇ ਰਾਹ ਮੁਕਾਮ ਗੁਰੂ ਜੀ ਨੇ ਦੱਸੇ ਸਨ, ਜਿਨ੍ਹਾਂ ਦਾ ਲਿਖਤੀ ਰੂਪ ਹਕੀਕਤ ਰਾਹ ਮੁਕਾਮ ਕੀ ਪੁਰਾਤਨ ਬੀੜਾਂ ਵਿਚ ਲਿਖੀ ਮਿਲਦੀ ਹੈ। ਇਹ ਰਚਨਾ ਯੋਗ ਵਿੱਦਿਆ ਦਾ ਵਿਸ਼ਾ ਅਤੇ ਪ੍ਰਾਣਾਯਾਮੀ ਜੁਗਤਾਂ ਦੀ ਚਰਚਾ, ਜਾਣ ਕੇ ਆਦਿ ਬੀੜ ਵਿੱਚ ਨਹੀਂ ਚੜ੍ਹਾਈ ਸੀ। ਕਰਤਾਰਪੁਰ ਵਾਲੀ ਬੀੜ ਦੇ ਅਖੀਰਲੇ ਸਫਿਆਂ ਉੱਤੇ ਫਾਰਸੀ (ਤੋਰਕੀ) ਲਿਪੀ ਵਿੱਚ ਪ੍ਰਾਣ ਸੰਗਲੀ ਮਹਲਾ ਪਹਿਲਾ ਲਿਖੀ ਹੋਣ ਦੀ ਇਕ ਸੂਚਨਾ ਰਤਨਮਾਲਾ ਦੇ ਸਿਰਲੇਖ ਹੇਠ ਲਿਖੀ ਹੁੰਦੀ ਹੈ।

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

**ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਮਾਨਚੈਸਟਰ ਵਿਖੇ 3 ਗ੍ਰੰਥੀ ਸਿੰਘਾਂ (ਰਾਗੀ ਜਥੇ) ਦੀ ਲੋੜ**

**ਮੁੱਖ ਕੰਮ:-** ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਐਜੂਕੇਸ਼ਨਲ ਐਂਡ ਕਲਚਰਲ ਸੈਂਟਰ ਮਾਨਚੈਸਟਰ ਵਿਖੇ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਅਤੇ ਅਖੰਡ ਪਾਠ ਅਤੇ ਮੁੱਖ ਗ੍ਰੰਥੀ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਲੋੜੀਂਦੀਆਂ ਸੇਵਾਵਾਂ ਵਿੱਚ ਮਦਦ ਕਰਨੀ।
**ਸਮਾਂ:-** ਛੇ ਮਹੀਨਿਆਂ ਤੋਂ ਲੈ ਕੇ ਇੱਕ ਸਾਲ ਲਈ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਗੁਰਦੁਆਰਾ ਸਾਹਿਬ ਵਿਖੇ ਰਿਹਾਇਸ਼ ਦਾ ਪ੍ਰਬੰਧ ਹੈ।
**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਲੰਗਰ ਦੀਆਂ ਸੇਵਾਵਾਂ ਵੀ ਨਿਭਾਅ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਪੱਕਾ ਰਹਿੰਦਾ ਹੋਵੇ ਤਾਂ ਉਸ ਨੂੰ ਪਹਿਲ ਦਿੱਤੀ ਜਾਵੇਗੀ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।
**ਬੰਦ ਹੋਣ ਦੀ ਤਾਰੀਕ:-** ਬਿਨੈਕਾਰ ਆਪਣੀਆਂ ਅਰਜ਼ੀਆਂ 6 ਮਾਰਚ 2026 ਤੋਂ ਪਹਿਲਾਂ ਭੇਜਣ

**JOB TITLE: KEERTANI JATHA OF 3 REQUIRED at Sri Guru Gobind Singh Gurdwara Manchester, U.K.**

Keertani Jatha of 3 people required to work in a busy and demanding Manchester Gurdwara Sahib with a minimum weekly congregation of up to 650 people.
**Duties:** Should be able to perform Kirtan and carry out other religious activities as listed in main duties, as; Parkash of Sri Guru Granth Sahib, Nitnem, Sukhmani Sahib, Sehaj Paath, Recite Katha Vichar in the morning and evening, Rehras Sahib, Sukhasan Sahib etc.
**Requirements:** Must have Previous experience is essential, Vast knowledge of Sri Guru Granth Sahib and Sikh history, fluent in writing, reading and speaking Punjabi. Must have clean character and able to provide references of previous experience.
**Duration:** Fixed term contract, 6 months to 1 year.
**Benefits:** Excellent salary, Accommodation will be provided and Access to Gurdwara Sahib's food pantry.
**Must have right to work in U.K.**
Please contact: Parkash Singh on 07909 517494 or Tel: 0161 2267233

**Closing Date : Please Apply before 6th March 2026**

SRI GURU GOBIND SINGH GURDWARA Educational & Cultural Centre,
57 UPPER CHORLTON ROAD, WHALLEY RANGE, MANCHESTER, M16 7RQ.
www.manchestergurdwara.co.uk - Email:info@manchestergurdwara.co.uk
Charity Registration No. 1104110

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਸਿਲਹਟ

ਸਿਲਹਟ ਅੱਜ ਕੱਲ੍ਹ ਬੰਗਲਾ ਦੇਸ਼ ਵਿੱਚ ਆਉਂਦਾ ਹੈ। ਇਹ ਸ਼ਹਿਰ ਪਹਿਲਾਂ ਅਸਾਮ ਵਿੱਚ ਸੀ, ਜੋ ਦਰਿਆ ਸੁਰਮਾ ਦੇ ਕੰਢੇ ਸਥਿਤ ਹੈ। ਸਿਲਹਟ ਸ਼ਹਿਰ ਦਾ ਅਕਸ਼ਾਂਸ਼ 240-53 ਅਤੇ ਰੇਖਾਂਸ਼ ਦੇਸ਼ਾਂਤਰ 910-52 ਹੈ। ਗੁਰੂ ਨਾਨਕ ਸਾਹਿਬ ਇਸ ਸ਼ਹਿਰ ਵਿੱਚ 1501-08 ਵਿੱਚ ਆਏ ਸਨ। ਇਥੇ ਗੁਰੂ ਸਾਹਿਬ ਨੇ ਸਿੱਖ ਸੰਗਤ ਥਾਪੀ ਅਤੇ ਗੁਰੂ ਸਾਹਿਬ ਦੀ ਯਾਦ ਵਿੱਚ ਇਕ ਧਰਮਸ਼ਾਲਾ ਬਣਾਈ ਗਈ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਵੀ ਇਥੇ ਸੰਗਤ ਸੀ। ਜਿਸ ਦੀ ਗਵਾਹੀ ਗੁਰੂ ਸਾਹਿਬ ਵੱਲੋਂ ਢਾਕਾ, ਚਿਟਾਗਾਂਗ, ਸੋਨਦੀਪ ਅਤੇ ਸਿਲਹਟ ਦੀ ਸੰਗਤ ਦੇ ਨਾਂ ਲਿਖਿਆ ਹੁਕਮਨਾਮਾ ਮਿਲਦਾ ਹੈ, ਜਿਸ ਵਿੱਚ ਗੁਰੂ ਸਾਹਿਬ ਨੇ ਸੰਗਤ ਨੂੰ ਹੁਕਮ ਕੀਤਾ ਸੀ, ਕਿ ਉਨ੍ਹਾਂ ਲਈ ਇਕ ਜੰਗੀ ਹਾਥੀ ਭੇਜਿਆ ਜਾਵੇ। ਦੂਸਰੇ ਹੁਕਮਨਾਮੇ ਵਿੱਚ ਇਨ੍ਹਾਂ ਚਾਰ ਸੰਗਤਾਂ ਨੂੰ ਆਪਣਾ ਚੜ੍ਹਾਵਾ, ਪੈਸੇ, ਕੱਪੜੇ, ਹਥਿਆਰ ਅਤੇ ਢਾਲਾਂ ਭਾਈ ਹੁਲਾਸ ਚੰਦ ਨੂੰ ਦਿੱਤੇ ਜਾਣ ਦਾ ਹੁਕਮ ਹੈ, ਜੋ ਦਿਵਾਲੀ 'ਤੇ ਗੁਰੂ ਸਾਹਿਬ ਵੱਲ ਲੈ ਆਵੇਗਾ।

ਇਹ ਗੁਰਦੁਆਰਾ ਇਮਾਰਤ 1897 ਦੇ ਭੁਚਾਲ ਦੌਰਾਨ ਢਹਿ ਗਈ ਸੀ। ਇਮਾਰਤ ਨੂੰ ਦੁਬਾਰਾ ਤਾਮੀਰ ਕੀਤਾ ਗਿਆ। 1947 ਤੋਂ ਪਹਿਲਾਂ ਇਹ ਗੁਰਦੁਆਰਾ ਕਾਇਮ ਸੀ। ਬਾਅਦ ਵਿੱਚ ਪੂਰਬੀ ਪਾਕਿਸਤਾਨ ਸਰਕਾਰ ਨੇ ਇਮਾਰਤ ਨੂੰ ਕਬਜ਼ੇ ਵਿੱਚ ਕਰਕੇ ਰਿਹਾਇਸ਼ੀ ਅਤੇ ਦਫ਼ਤਰ ਬਣਾ ਦਿੱਤੇ ਹਨ।

ਪੁਸਤਕ ਸੂਚੀ:-
1. ਗਿਆਨ ਸਿੰਘ ਗਿਆਨੀ- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ-ਰਹਿਤ। 2. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 3. ਕਾਨ੍ਹ ਸਿੰਘ ਨਾਭਾ- ਸ੍ਰੀ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 4. ਕੋਹਲੀ, ਸੁਰਿੰਦਰ ਸਿੰਘ- ਟ੍ਰੈਵਲਜ਼ ਆਫ਼ ਗੁਰੂ ਨਾਨਕ, ਚੰਡੀਗੜ੍ਹ, 1969

## ਸਿਲੋਣੀ

ਰਾਇਕੋਟ ਸ਼ਹਿਰ ਤੋਂ ਸਿਲੋਣੀ 9 ਕਿਲੋਮੀਟਰ ਦੂਰ ਹੈ। ਰਾਇਕੋਟ ਦਾ ਅਕਸ਼ਾਂਸ਼ 300-39 ਅਤੇ ਰੇਖਾਂਸ਼ ਦੇਸ਼ਾਂਤਰ 750-37 ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਇਸ ਸ਼ਹਿਰ ਵਿੱਚ ਚਮਕੌਰ ਦੀ ਜੰਗ ਦਸੰਬਰ 1705 ਤੋਂ ਬਾਅਦ ਮਾਲਵੇ ਦੇਸ ਵੱਲ ਆਏ ਸਨ।

ਗੁਰੂ ਸਾਹਿਬ ਦੀ ਯਾਦ ਵਿੱਚ ਗੁਰ-ਦੁਆਰਾ ਬੇਰੀ ਸਾਹਿਬ ਪਾਤਸ਼ਾਹੀ ਦੱਸਵੀਂ ਬਣਿਆ ਹੈ, ਜਿਥੇ ਗੁਰੂ ਸਾਹਿਬ ਬੇਰੀ ਦੇ ਦਰਖਤ ਹੇਠ ਬੈਠੇ ਸਨ। ਇਸੇ ਥਾਂ ਰਾਇਕੋਟ ਦਾ ਮੁਖੀ ਰਾਇਕੱਲ੍ਹਾ ਗੁਰੂ ਸਾਹਿਬ ਨੂੰ ਪਹਿਲਾਂ ਮਿਲਿਆ ਸੀ। ਰਾਇ ਦਾ ਡੇਰਾ ਸਿਲੋਣੀ ਸੀ, ਜੋ ਉਸ ਦੀ ਸਰਹੱਦ ਵਿੱਚ ਆਉਂਦਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਜੇ ਵੀ ਮੁਸਲਮਾਨੀ ਫ਼ਕੀਰੀ ਲਿਬਾਸ ਪਹਿਨਿਆ ਹੋਇਆ ਸੀ। ਜਦੋਂ ਗੁਰੂ ਸਾਹਿਬ ਨੇ ਆਪਣੀ ਪਹਿਚਾਣ ਕਰਾਈ ਤਾਂ ਰਾਇਕੱਲ੍ਹਾ ਬੜਾ ਖੁਸ਼ ਹੋਇਆ ਅਤੇ ਗੁਰੂ ਸਾਹਿਬ ਨੂੰ ਆਪਣੇ ਸ਼ਹਿਰ ਰਾਇਕੋਟ ਲੈ ਗਿਆ।




ਪਹਿਲਾਂ ਮੰਜੀ ਸਾਹਿਬ ਛੋਟਾ ਜਿਹਾ ਗੁੰਬਦਨੁਮਾ ਕਮਰਾ ਸਿਲੋਣੀ ਵਿੱਚ ਬਣਿਆ ਸੀ, ਜੋ ਬੇਰੀ ਦੇ ਦਰਖਤ ਕੋਲ ਹੀ ਸੀ। ਬਾਅਦ ਵਿੱਚ ਇਸ ਦੇ ਨਾਲ ਮੁਰੱਬਾ ਹਾਲ ਅਤੇ ਵਰਾਂਡਾ ਸਾਹਮਣੇ ਬਣਾਇਆ ਗਿਆ। ਇਕ ਹੋਰ ਕਮਰੇ ਦਾ ਵਿਸਥਾਰ 1967 ਵਿੱਚ ਕੀਤਾ ਗਿਆ। ਹਾਲ ਅਤੇ ਪ੍ਰਕਾਸ਼ ਅਸਥਾਨ ਵਿੱਚ ਬਹੁਤ ਰੰਗ-ਬਿਰੰਗੀ ਚਿੱਤਰਕਾਰੀ/ਨਕਾਸ਼ੀ ਕੀਤੀ ਗਈ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-1. ਗਿਆਨ ਸਿੰਘ, ਗਿਆਨੀ- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ-ਰਹਿਤ। 2. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 3. ਠਾਕਰ ਸਿੰਘ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923 4. ਹਰਬੰਸ ਸਿੰਘ- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998

## ਸੀਭੜੋ

ਪੰਜਾਬ ਦੇ ਜ਼ਿਲ੍ਹਾ ਪਟਿਆਲਾ ਦਾ ਇਕ ਪਿੰਡ ਸੀਭੜੋ ਹੈ, ਜੋ ਪਟਿਆਲਾ ਤੋਂ 16 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਧਰਮ ਪ੍ਰਚਾਰ ਫੇਰੀ ਸਮੇਂ ਆ ਕੇ ਠਹਿਰੇ ਸਨ। ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ (ਡੇਰਾ ਸਾਹਿਬ), ਗੁਰੂ ਸਾਹਿਬ ਦੀ ਯਾਦ ਵਿੱਚ ਬਣਿਆ ਹੋਇਆ ਹੈ। ਇਹ ਪੁਰਾਣੀ ਮੰਜੀ ਸਾਹਿਬ, ਉਸ ਥਾਂ ਦੀ ਨਿਸ਼ਾਨਦੇਹੀ ਕਰਦੀ ਹੈ। ਇਸੇ ਥਾਂ ਗੁਰੂ ਸਾਹਿਬ ਨੇ ਡੇਰੇ ਲਾਏ ਸਨ, ਇਸੇ ਲਈ ਗੁਰਦੁਆਰੇ ਨੂੰ ਡੇਰਾ ਸਾਹਿਬ ਵੀ ਆਖਿਆ ਜਾਂਦਾ ਹੈ। ਹੁਣ ਇਸੇ ਥਾਂ ਨਵੀਂ ਨਿਰਮਾਣਕਾਰੀ ਵਾਲਾ ਗੁਰਦੁਆਰਾ ਸਾਹਿਬ, ਸੰਤ ਹਜ਼ਾਰਾ ਸਿੰਘ ਨੇ ਬਣਾਇਆ ਹੈ। ਇਕ ਨਵਾਂ ਨਿਸ਼ਾਨ ਸਾਹਿਬ ਦਾ ਬੜ੍ਹਾ 14 ਦਸੰਬਰ 1978 ਨੂੰ ਬਣਾਇਆ ਗਿਆ ਹੈ। ਪ੍ਰਕਾਸ਼ ਅਸਥਾਨ, ਮੁਰੱਬਾ ਦੀਵਾਨ ਹਾਲ ਬਣਿਆ ਹੈ, ਜਿਸ ਦੇ ਉਪਰ ਲੰਬੂਤਰੇ ਗੁੰਬਦ ਬਣੇ ਹੋਏ ਹਨ। ਗੁਰਦੁਆਰੇ ਦੇ ਅਹਾਤੇ ਵਿੱਚ ਹੀ ਸਰੋਵਰ ਬਣਿਆ ਹੋਇਆ ਹੈ। ਗੁਰਦੁਆਰੇ ਦਾ ਪ੍ਰਬੰਧ ਵੀ ਸੰਤ ਹਜ਼ਾਰਾ ਸਿੰਘ ਕਰਦਾ ਹੈ। ਮਾਘੀ (ਜਨਵਰੀ) ਦੇ ਮਹੀਨੇ ਭਾਰੀ ਜੋੜ-ਮੇਲਾ ਹੁੰਦਾ ਹੈ। ਗੁਰਦੁਆਰੇ ਨਾਲ 40 ਏਕੜ ਜ਼ਮੀਨ ਰਿਆਸਤ ਵੱਲੋਂ ਲੱਗੀ ਹੋਈ ਹੈ।

ਪੁਸਤਕ ਸੂਚੀ:-
1. ਠਾਕਰ ਸਿੰਘ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
2. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
3. ਫੌਜਾ ਸਿੰਘ- ਗੁਰੂ ਤੇਗ ਬਹਾਦਰ, ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976

## ਸੁਹੇਵਾ

ਇਹ ਪਿੰਡ ਰਾਜਸਥਾਨ ਰਿਆਸਤ ਵਿੱਚ ਆਉਂਦਾ ਹੈ। ਸਿਰਸਾ (ਹਰਿਆਣਾ) ਤੋਂ ਇਹ ਪਿੰਡ ਸੁਹੇਵਾ 48 ਕਿਲੋਮੀਟਰ ਦੂਰ ਹੈ। ਇਸ ਨਗਰ ਗੁਰੂ ਗੋਬਿੰਦ ਸਿੰਘ ਸਾਹਿਬ ਦੱਖਣ ਨੂੰ ਜਾਣ ਸਮੇਂ ਆ ਕੇ ਠਹਿਰੇ ਸਨ। ਇਸ ਪਿੰਡ ਨੂੰ ਲੋਕੀ ਸਾਹਿਆ ਵੀ ਆਖਦੇ ਹਨ। ਗੁਰਦੁਆਰਾ ਪਿੰਡ ਤੋਂ ਈਸ਼ਾਨ ਕੋਣ ਤਾਲਾਬ ਦੇ ਕਿਨਾਰੇ ਬਣਿਆ ਹੈ। ਗੁਰੂ ਸਾਹਿਬ ਦੇ ਸਮੇਂ ਦਾ ਇਕ ਜੰਡ ਅਤੇ ਪਿੱਪਲ ਹੈ। ਉਸ ਸਮੇਂ ਪਿੱਪਲ ਬਹੁਤ ਛੋਟਾ ਜੰਡ ਵਿੱਚ ਉਗਿਆ ਹੋਇਆ ਸੀ। ਗੁਰੂ ਸਾਹਿਬ ਨੇ ਬਚਨ ਕੀਤਾ ਜਦੋਂ ਇਹ ਪਿੱਪਲ ਜੰਡ ਨੂੰ ਨਿਗਲ ਜਾਵੇਗਾ ਤਾਂ ਦੇਸ਼ ਦਾ ਕਾਲ (ਦੁਰਭਿੱਖ) ਦੂਰ ਹੋ ਜਾਊ, ਪਰ ਪਿੱਪਲ ਨੇ ਸਾਰੇ ਜੰਡ ਨੂੰ ਨਿਗਲ ਲੀਤਾ ਹੈ।

ਪਿੱਪਲ ਤੋਂ 25 ਫੁੱਟ ਦੀ ਦੂਰੀ 'ਤੇ ਪੱਥਰ ਦੀ ਚਟਾਨ ਉਪਰ ਤਿੰਨ-ਚਾਰ ਨਿਸ਼ਾਨ ਘੋੜੇ ਦੇ ਪੈੜਾਂ ਦੇ ਹਨ, ਜਿਨ੍ਹਾਂ ਨੂੰ ਦਸਮੇਸ਼ ਦੇ ਘੋੜੇ ਦੇ ਦੱਸਿਆ ਜਾਂਦਾ ਹੈ। ਗੁਰਦੁਆਰੇ ਨਾਲ 120 ਕਨਾਲ ਜ਼ਮੀਨ ਹੈ। ਕੱਤਕ ਦੀ ਪੂਰਨਮਾਸ਼ੀ ਨੂੰ ਭਾਰੀ ਜੋੜ-ਮੇਲਾ ਹੁੰਦਾ ਹੈ।

ਪੁਸਤਕ ਸੂਚੀ:-
1. ਕਾਨ੍ਹ ਸਿੰਘ ਨਾਭਾ- ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਦਿਲਗੀਰ, ਡਾ. ਹਰਜਿੰਦਰ ਸਿੰਘ- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

## ਸੁੱਧੇਲ

ਹਰਿਆਣਾ ਦੇ ਜ਼ਿਲ੍ਹਾ ਅੰਬਾਲਾ ਦੇ ਦੋ ਪਿੰਡਾਂ ਵਿੱਚ ਇਕ ਸੁੱਧੇਲ ਹੈ ਜੋ ਸੁੱਧਲ ਪਿੰਡ ਤੋਂ 400 ਮੀਟਰ ਦੀ ਦੂਰੀ 'ਤੇ ਹੈ। ਆਮ ਤੌਰ 'ਤੇ ਇਨ੍ਹਾਂ ਦੋਵੇਂ ਪਿੰਡਾਂ ਨੂੰ ਇਕੱਠਿਆਂ ਦੀ ਸੁੱਧਲ-ਸੁੱਧੇਲ ਸੱਦਿਆ ਜਾਂਦਾ ਹੈ। ਇਹ ਜਗਾਧਰੀ ਦੇ ਪੱਛਮ ਵੱਲ 7 ਕਿਲੋਮੀਟਰ ਦੂਰ ਹੈ। ਜਗਾਧਰੀ ਦਾ ਅਕਸ਼ਾਂਸ਼ 300-7 ਅਤੇ ਰੇਖਾਂਸ਼ ਦੇਸ਼ਾਂਤਰ 770-17 ਹੈ। ਇਸ ਪਿੰਡ ਵਿੱਚ ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਹੈ। ਸਿੱਖ ਤਵਾਰੀਖ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਸੁੱਧੇਲ ਪਿੰਡ ਵਿੱਚ ਆਪਣੇ ਇਕ ਪ੍ਰਚਾਰ ਦੌਰੇ ਸਮੇਂ ਆਏ ਸਨ।

ਮੁਕਾਮੀ ਰਿਵਾਇਤ ਅਨੁਸਾਰ ਗੁਰੂ ਸਾਹਿਬ ਦੀ ਯਾਦ ਵਿੱਚ ਬੜ੍ਹਾ ਸਾਹਿਬ ਬਣਿਆ ਹੋਇਆ ਹੈ। ਪੰਡਤ ਤਾਰਾ ਸਿੰਘ ਨਰੋਤਮ ਅਨੁਸਾਰ ਇਥੇ ਗੁਰਦੁਆਰਾ ਬਣਿਆ ਸੀ, ਪਰ ਉਹ ਹੁਣ ਤਿਆਗਿਆ ਗਿਆ ਹੈ। ਹੁਣ ਪਿੰਡ ਵਿੱਚ ਇਸ ਗੁਰਦੁਆਰੇ ਦੀ ਨਿਸ਼ਾਨਦੇਹੀ ਨਹੀਂ ਹੁੰਦੀ। ਠਾਕਰ ਸਿੰਘ ਗਿਆਨੀ ਅਨੁਸਾਰ ਇਹ ਗੁਰਦੁਆਰਾ ਇਕ ਤਬਾਹ ਹੋਈ ਟਿੱਬੀ 'ਤੇ ਸੀ ਜੋ ਪਿੰਡ ਦੇ ਕੋਲ ਹੈ। ਇਸੇ ਟਿੱਬੀ ਦੀ ਥੇਹ 'ਤੇ 1969 ਵਿੱਚ ਗੁਰਦੁਆਰਾ ਬਣਾਇਆ ਗਿਆ ਹੈ। ਇਹ ਦੋ ਮੰਜ਼ਲੀ ਗੁੰਬਦਨੁਮਾ ਇਮਾਰਤ ਉਚੀ ਥੇਹ 'ਤੇ ਹੋਣ ਕਾਰਨ ਦੂਰੋਂ ਨਜ਼ਰੀਂ ਪੈਂਦੀ ਹੈ। ਗੁਰਦੁਆਰੇ ਦਾ ਪ੍ਰਬੰਧ ਮੁਕਾਮੀ ਸੰਗਤ ਕਰਦੀ ਹੈ।

ਪੁਸਤਕ ਸੂਚੀ:-1. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ-ਰਹਿਤ। 2. ਨਰੋਤਮ, ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
3. ਫੌਜਾ ਸਿੰਘ-ਗੁਰੂ ਤੇਗ ਬਹਾਦਰ, ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976

ਬਾਕੀ ਅਗਲੇ ਹਫ਼ਤੇ ਪੜ੍ਹੋ

ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ

ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖ਼ਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖ਼ਬਰ/ਤਸਵੀਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :

07966 388 388

# ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਦਹਾਕਾ: ਇਤਫ਼ਾਕ ਜਾਂ ਡੂੰਘੀ ਸਾਜ਼ਿਸ਼ ?

ਬਘੇਲ ਸਿੰਘ ਧਾਲੀਵਾਲ
99142-58142



1 ਜੂਨ 2015 ਤੋਂ 19 ਜਨਵਰੀ 2026 ਤੱਕ ਦਾ ਸਮਾਂ ਸਿੱਖ ਇਤਿਹਾਸ ਵਿੱਚ ਬੇਹੱਦ ਨਮੋਸ਼ੀ ਭਰੇ ਦੌਰ ਵਜੋਂ ਦਰਜ ਕੀਤਾ ਜਾਵੇਗਾ। ਇਹ ਉਹ ਦੌਰ ਹੈ, ਜਦੋਂ ਸਿੱਖ ਕੌਮ ਦੀ ਰੂਹ ਨੂੰ ਵਾਰ-ਵਾਰ ਜ਼ਖ਼ਮੀ ਕੀਤਾ ਗਿਆ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਣ-ਸ਼ਾਨ ਅਤੇ ਮਰਯਾਦਾ 'ਤੇ ਲਗਾਤਾਰ ਹਮਲੇ ਹੋਏ ਹਨ। ਪਿਛਲੇ ਦਸ ਸਾਲਾਂ ਤੋਂ ਵੱਧ ਸਮੇਂ ਦੌਰਾਨ ਬੇਅਦਬੀ ਦੇ ਮਾਮਲੇ ਦਰਜਨਾਂ ਨਹੀਂ, ਸਗੋਂ ਸੈਂਕੜਿਆਂ ਦੀ ਗਿਣਤੀ ਵਿੱਚ ਸਾਹਮਣੇ ਆਏ।

## ਇਤਫ਼ਾਕ ਜਾਂ ਸੋਚੀ-ਸਮਝੀ ਚਾਲ ?

ਪਰਜਾ ਮੰਡਲ ਦੇ ਮਹਾਨ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਜਨਮ ਭੂਮੀ ਵਿਖੇ, ਉਸੇ ਦਿਨ ਗੁਟਕਾ ਸਾਹਿਬ ਦੇ ਅੰਗਾਂ ਨੂੰ ਗਲੀਆਂ ਵਿੱਚ ਰੋਲ਼ਿਆ ਜਾਣਾ ਜਦੋਂ ਕੌਮ ਉਹਨਾਂ ਦਾ ਸ਼ਹੀਦੀ ਦਿਹਾੜਾ ਮਨਾ ਰਹੀ ਸੀ- ਇਸ ਨੂੰ ਮਹਿਜ਼ 'ਇਤਫ਼ਾਕ' ਕਿਵੇਂ ਕਿਹਾ ਜਾ ਸਕਦਾ ਹੈ ? ਇਹ ਕਹਿ ਦੇਣਾ ਕਿ ਇਹ ਕਿਸੇ "ਮੰਦਬੁੱਧੀ" ਦੀ ਹਰਕਤ ਸੀ ਜਾਂ ਕਿਸੇ ਪ੍ਰਬੰਧਕ ਨਾਲ "ਸਿਰੋਪਾ" ਨਾ ਦੇਣ ਦਾ ਝਗੜਾ ਸੀ, ਕੋਰਾ ਝੂਠ ਅਤੇ ਸੱਚ ਨਾਲ ਧੋਖਾ ਹੈ। ਇਤਫ਼ਾਕ ਇੱਕ ਵਾਰ ਹੁੰਦਾ ਹੈ, ਪਰ ਗਿਆਰਾਂ ਸਾਲਾਂ ਤੱਕ ਲਗਾਤਾਰ ਦੁਹਰਾਇਆ ਜਾਣ ਵਾਲਾ ਵਰਤਾਰਾ ਸਪੱਸ਼ਟ ਰੂਪ ਵਿੱਚ ਇੱਕ ਸਾਜ਼ਿਸ਼ ਹੈ।

## ਨਿਸ਼ਾਨਾ ਸਿਰਫ਼ ਗੁਰੂ ਗ੍ਰੰਥ ਸਾਹਿਬ ਹੀ ਕਿਉਂ ?

ਸਭ ਤੋਂ ਅਹਿਮ ਅਤੇ ਅਸਹਿਜ ਸਵਾਲ ਇਹ ਹੈ ਕਿ ਨਿਸ਼ਾਨਾ ਹਮੇਸ਼ਾ ਸਿਰਫ਼ ਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਕਿਉਂ ਹੁੰਦੇ ਹਨ ? ਜੇ ਇਹ ਸਿਰਫ਼ ਆਮ ਧਾਰਮਿਕ ਨਫ਼ਰਤ ਦਾ ਮਾਮਲਾ ਹੁੰਦਾ, ਤਾਂ ਹੋਰ ਧਰਮਾਂ ਦੇ ਪਵਿੱਤਰ ਗ੍ਰੰਥ ਵੀ ਨਿਸ਼ਾਨੇ 'ਤੇ ਹੁੰਦੇ। ਗੀਤਾ, ਬਾਈਬਲ, ਕੁਰਾਨ ਅਤੇ ਹਦੀਸ-ਇਹ ਸਾਰੇ ਹੀ ਸਤਿਕਾਰਿਤ ਗ੍ਰੰਥ ਹਨ, ਪਰ ਉਹਨਾਂ ਨਾਲ ਅਜਿਹਾ 'ਸਿਸਟਮੈਟਿਕ' ਸਲੂਕ ਕਿਉਂ ਨਹੀਂ ਹੁੰਦਾ ?

ਇਸ ਦਾ ਜਵਾਬ ਸਾਫ਼ ਹੈ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਇੱਕ ਧਾਰਮਿਕ ਗ੍ਰੰਥ ਨਹੀਂ ਹਨ, ਬਲਕਿ ਇਹ ਬਿਪਰਵਾਦੀ ਢਾਂਚੇ ਲਈ ਇੱਕ ਵੱਡੀ ਚੁਣੌਤੀ ਹਨ। ਇਹ ਮਨੁੱਖ ਨੂੰ ਸਿਰ ਝੁਕਾਉਣਾ ਨਹੀਂ, ਸਗੋਂ ਸਿਰ ਉੱਚਾ ਕਰਕੇ ਜਿਉਣਾ ਸਿਖਾਉਂਦੇ ਹਨ। ਇਹ ਜਾਤੀਵਾਦ ਨੂੰ ਮਨੁੱਖੀ ਝੂਠ ਅਤੇ ਵਰਣ-ਵੰਡ ਨੂੰ ਇੱਕ ਵੱਡੀ ਠੱਗੀ ਕਰਾਰ ਦਿੰਦੇ ਹਨ।

ਇਹ ਰਾਜੇ ਨੂੰ ਪਰਜਾ ਪ੍ਰਤੀ ਜਵਾਬਦੇਹ ਬਣਾਉਂਦੇ ਹਨ ਅਤੇ ਧਰਮ ਦਾ ਮਤਲਬ 'ਇਨਸਾਫ਼' ਦੱਸਦੇ ਹਨ, ਨਾ ਕਿ 'ਡਰ'। ਇਹੀ ਕਾਰਨ ਹੈ ਕਿ ਇਹ ਪਵਿੱਤਰ ਗ੍ਰੰਥ ਹਰ ਉਸ ਤਾਕਤ ਨੂੰ ਚੁਭਦਾ ਹੈ ਜੋ ਲੋਕਾਂ ਨੂੰ ਅੰਧ-ਵਿਸ਼ਵਾਸ ਅਤੇ ਜਾਤੀ ਵੰਡ ਰਾਹੀਂ ਕਾਬੂ ਕਰਨਾ ਚਾਹੁੰਦੀ ਹੈ।

## "ਮੰਦਬੁੱਧੀ" ਵਾਲਾ ਸੁਵਿਧਾਜਨਕ ਨਾਟਕ

ਸਿੱਖ ਕੌਮ ਦੀ ਗੈਰਤ ਅਤੇ ਸਿਧਾਂਤਕ ਜਜ਼ਬੇ ਨੂੰ ਪਰਖਣ ਲਈ 'ਮੰਦਬੁੱਧੀ' ਦਾ ਲੇਬਲ ਇੱਕ ਅਜਿਹਾ ਨਾਟਕ ਹੈ, ਜਿਸ ਦੀ ਕੋਈ ਕਾਨੂੰਨੀ ਤੋੜ ਨਹੀਂ ਲੱਭੀ ਜਾ ਰਹੀ। ਹਰ ਬੇਅਦਬੀ ਮਗਰੋਂ ਇੱਕੋ ਸਕ੍ਰਿਪਟ ਚੱਲਦੀ ਹੈ ਕਿ "ਦੋਸ਼ੀ ਮਾਨਸਿਕ ਤੌਰ 'ਤੇ ਬਿਮਾਰ ਹੈ।" ਪਰ ਸਵਾਲ ਇਹ ਹੈ ਕਿ ਉਹ ਮੰਦਬੁੱਧੀ ਵਿਅਕਤੀ ਸਿਰਫ਼ ਗੁਰੂ ਘਰ ਵਿੱਚ ਹੀ ਕਿਵੇਂ ਪਹੁੰਚਦਾ ਹੈ ? ਉਹ ਕਿਸੇ ਹੋਰ ਧਾਰਮਿਕ ਸਥਾਨ ਵੱਲ ਕਿਉਂ ਨਹੀਂ ਜਾਂਦਾ ? ਸਾਡੀਆਂ ਸੁਰੱਖਿਆਵਾਂ ਅਤੇ ਜਾਂਚਾਂ ਹਰ ਵਾਰ ਅਧੂਰੀਆਂ ਕਿਉਂ ਰਹਿ ਜਾਂਦੀਆਂ ਹਨ ? ਅਸਲ ਵਿੱਚ, ਇਹ ਮੰਦਬੁੱਧੀ ਲੋਕ ਸਿਰਫ਼ ਹਥਿਆਰ ਹੁੰਦੇ ਹਨ, ਹਥਿਆਰ ਚਲਾਉਣ ਵਾਲੇ ਸਾਜ਼ਿਸ਼ਕਰਤਾ ਹਮੇਸ਼ਾ ਪਰਦੇ ਪਿੱਛੇ ਰਹਿੰਦੇ ਹਨ।

## ਸੱਤਾ ਦਾ ਮੌਨ ਅਤੇ ਵਿਚਾਰਧਾਰਕ ਯੁੱਧ

ਦਸ ਸਾਲਾਂ ਵਿੱਚ ਵੱਖ-ਵੱਖ ਸਰਕਾਰਾਂ ਰਹੀਆਂ, ਪਰ ਨਤੀਜਾ 'ਸਿਫ਼ਰ' ਰਿਹਾ। ਜਾਂਚ ਕਮੇਟੀਆਂ ਅਤੇ ਫ਼ਾਈਲਾਂ ਦੇ ਢੇਰ ਤਾਂ ਲੱਗੇ, ਪਰ ਅਸਲ ਸਾਜ਼ਿਸ਼ਕਾਰ ਅੱਜ ਵੀ ਆਜ਼ਾਦ ਹਨ। ਸੱਤਾ ਦਾ ਮੌਨ ਰਹਿਣਾ ਆਪਣੇ ਆਪ ਵਿੱਚ ਇੱਕ ਵੱਡਾ ਬਿਆਨ ਹੈ। ਇਹ ਸਿਰਫ਼ ਪ੍ਰਸ਼ਾਸਨਿਕ ਨਾਕਾਮੀ ਨਹੀਂ, ਸਗੋਂ ਸਿੱਖ ਵਿਚਾਰਧਾਰਾ ਪ੍ਰਤੀ ਈਰਖਾ ਦਾ ਪ੍ਰਗਟਾਵਾ ਵੀ ਹੋ ਸਕਦਾ ਹੈ। ਬਿਪਰਵਾਦੀ ਤਾਕਤਾਂ ਸਿੱਖੀ ਦੀ 'ਨਾਬਰੀ' ਅਤੇ 'ਬਰਾਬਰੀ' ਦੇ ਸਿਧਾਂਤ ਤੋਂ ਭੈਭੀਤ ਹਨ। ਉਹ ਗੁਰੂ ਸਾਹਿਬ ਦੇ ਸਰੂਪ ਨੂੰ ਅਪਮਾਨਿਤ ਕਰਕੇ ਸਿੱਖ ਮਨਾਂ ਵਿੱਚ ਡਰ ਪੈਦਾ ਕਰਨਾ ਚਾਹੁੰਦੀਆਂ ਹਨ।

## ਸਿੱਖ ਕੌਮ ਲਈ ਸਵਾਲ

ਹੁਣ ਸਿੱਖ ਕੌਮ ਨੂੰ ਸਿਰਫ਼ 'ਗੁੱਸੇ' ਤੋਂ ਅੱਗੇ ਵਧ ਕੇ ਸੋਚਣਾ ਪਵੇਗਾ। ਜੇ ਅਸੀਂ ਹਰ ਵਾਰ ਭੜਕ ਕੇ ਫਿਰ ਠੰਢੇ ਹੋ ਕੇ ਭੁੱਲ ਜਾਂਦੇ ਹਾਂ, ਤਾਂ ਇਹ ਸਾਜ਼ਿਸ਼ਕਾਰਾਂ ਦੀ ਜਿੱਤ ਹੈ। ਬੇਅਦਬੀ ਨੂੰ ਸਿਰਫ਼ ਇੱਕ ਧਾਰਮਿਕ ਮਸਲਾ ਨਹੀਂ, ਸਗੋਂ ਇੱਕ ਵਿਚਾਰਧਾਰਕ ਯੁੱਧ ਸਮਝਣ ਦੀ ਲੋੜ ਹੈ। ਨਿਸ਼ਾਨਾ ਸਿਰਫ਼ ਗੁਰੂ ਸਾਹਿਬ ਦੀ 'ਦੇਹ' (ਸਰੂਪ) ਨਹੀਂ, ਸਗੋਂ ਉਹਨਾਂ ਦੀ 'ਰੂਹ' ਅਤੇ 'ਵਿਚਾਰਧਾਰਾ' ਹੈ।

ਸਿੱਟਾ: ਜਦੋਂ ਤੱਕ ਅਸੀਂ ਇਸ ਡੂੰਘੀ ਸਾਜ਼ਿਸ਼ ਨੂੰ ਨਹੀਂ ਸਮਝਦੇ, ਇਹ ਵਰਤਾਰਾ ਨਹੀਂ ਰੁਕੇਗਾ। ਇਸ ਨੂੰ ਨਾਕਾਮ ਕਰਨ ਲਈ ਸਿਰਫ਼ ਗੁੱਸਾ ਕਾਫ਼ੀ ਨਹੀਂ, ਬਲਕਿ ਆਪਸੀ ਏਕਤਾ, ਸਿਧਾਂਤਕ ਪਕੜ ਅਤੇ ਦੁਸ਼ਮਣ ਦੀਆਂ ਚਾਲਾਂ ਨੂੰ ਸਮਝਣ ਦੀ ਸੂਝ-ਬੂਝ ਬਹੁਤ ਜ਼ਰੂਰੀ ਹੈ।

******

# ★ ਮਿੰਨੀ ਕਹਾਣੀਆਂ ★

## ਜ਼ਿੰਦਗੀ ਦੇ ਅਰਥ

ਜੂਨ ਦੇ ਮਹੀਨੇ ਦੀ ਤਿੱਖੜ ਦੁਪਹਿਰ ਸੀ। ਹਵਾ ਬੰਦ ਸੀ। ਅਸਮਾਨ 'ਚ ਬੱਦਲਾਂ ਦੇ ਲੰਗਾਰ ਸੂਰਜ ਤੋਂ ਪਾਸੇ ਖੜੇ ਸਨ। ਦੋ ਘੰਟਿਆਂ, ਤੋਂ ਦੋਵੇ ਮਾਂ-ਪੁੱਤ ਮੱਝ ਲਈ ਨਰਮੇ ਦੇ ਖੇਤ 'ਚੋਂ ਇੱਸਸਿਟ-ਘਾਹ ਖੋਤ ਰਹੇ ਸਨ। ਇਕ ਅੱਖੜ ਮੱਝ ਦੋਵੇਂ ਜਾਂ ਪੁੱਤਾਂ ਦੀ ਰੋਟੀ ਦਾ ਸਾਧਨ ਸੀ। ਜਿਸਦਾ ਦੋ ਕਿਲੋ ਦੁੱਧ ਵੇਚਕੇ ਉਹ ਹਰ ਰੋਜ਼ ਦੀ ਰੋਟੀ ਦਾ ਆਹਰ ਕਰਦੇ ਸਨ। ਬੁੱਢੀ ਮਾਂ ਥੱਕਕੇ ਵੱਟ ਦੇ ਕਿਨਾਰੇ ਇਕ ਛੋਟੀ ਜਿਹੀ ਬੇਰੀ ਥੱਲੇ ਬੈਠ ਗਈ ਪਰ ਅਠਾਰਾਂ ਵਰਿਆਂ ਦਾ ਪੁੱਤਰ ਘਾਹ ਖੋਤ ਰਿਹਾ ਸੀ। ਪਸੀਨਾ ਚੋਅ-ਚੋਅ ਕੇ ਉਸਦੇ ਕਣਕ ਵੰਨੇ ਰੰਗ 'ਚ ਘੁੱਲਦਾ ਜਾ ਰਿਹਾ ਸੀ। ਗਲ ਪਾਟਿਆ ਜਾਮਾ ਭਿੱਜ ਕੇ ਜਿਸਮ ਨਾਲ ਚਿਪਕ ਗਿਆ ਸੀ ਤੇ ਇਕ ਖੱਟੀ-ਖੱਟੀ ਹਵਾੜ ਆ ਰਹੀ ਸੀ।

ਪਰੇ ਸੜਕ ਤੋਂ ਦੂਰ ਹਵੇਲੀ ਵਾਲੇ ਸਰਦਾਰ ਦੇ ਦੋਵੇਂ ਮੁੰਡੇ ਸਕੂਟਰ ਤੇ ਸ਼ਹਿਰੋਂ ਪੜਕੇ ਮੁੜ ਰਹੇ ਸਨ। ਕਾਲੀਆਂ ਐਨਕਾ ਫਿੱਟ ਕੱਪੜਿਆਂ 'ਚ ਉਨਾਂ ਦਾ ਗੋਰਾ-ਗੋਰਾ ਸਰੀਰ ਝਲਕ ਰਿਹਾ ਸੀ। ਦੋਵੇਂ ਭਰਾ ਆਪਸ 'ਚ ਗੱਲਾਂ ਕਰਦੇ ਖਿੜ-ਖਿੜ ਹੱਸਦੇ ਕੋਲੋਂ ਦੀ ਗੁਜ਼ਰ ਗਏ। ਘਾਹ ਖੋਤ ਰਿਹਾ ਮੁੰਡਾ ਨੀਝ ਲਾਕੇ ਕਿੰਨਾ ਚਿਰ ਉਨਾਂ ਜਾਂਦਿਆਂ ਨੂੰ ਦੇਖਦਾ ਰਿਹਾ। ਪਸੀਨਾ ਉਸਦੇ ਸਿਰ ਤੋਂ ਲੈ ਕੇ ਪੈਰਾ ਤਾਂਈ ਚੋਅ ਰਿਹਾ ਸੀ। ਝੂਹੀ ਵਿਚ ਥਕਾਵਟ ਦੀਆਂ ਪੀੜਾਂ ਪੈ ਰਹੀਆਂ ਸਨ ਅਤੇ ਢਿੱਡ 'ਚ ਭੁੱਖ ਤਰੀੜਾਂ ਪਾ ਰਹੀ ਸੀ। ਹੁਣ ਤੱਕ ਸਵੇਰ ਦੀ ਚਾਹ ਨਾਲ ਇਕ ਰੋਟੀ ਰਾਤ ਦੀ ਬਚੀ ਹੋਈ ਬੇਹੀ ਰੁੱਖੀ ਨਸੀਬ ਹੋਈ ਸੀ। ਇਕ ਚੱਕਰ ਜਿਹਾ ਆਇਆ ਅਤੇ ਉਸਨੂੰ ਲੱਗਾ ਕਿ ਉਹ ਹੁਣ ਡਿੱਗ ਪਵੇਗਾ। ਉਹ ਉੱਠਿਆ ਤੇ ਕਾਹਲੀ-ਕਾਹਲੀ ਨਾਲ ਮਾਂ ਕੋਲ ਜਾ ਕੇ ਬੈਠ ਗਿਆ। ਫਿਰ ਟਾਕੀਆਂ ਲੱਗੇ ਝੱਗੇ ਨਾਲ ਮੂੰਹ ਨੂੰ ਹਵਾ ਦੇਣ ਲੱਗ ਪਿਆ। ਉਸਦਾ ਜੀ ਕੀਤਾ ਕਿ ਛਾਵੇਂ ਲੰਮਾ ਪੈ ਜਾਵੇ। ਮਾਂ "ਜਵਾਨੀ ਕੀ ਹੁੰਦੀ ਐ ਤੇ ਜ਼ਿੰਦਗੀ ਦੇ ਕੀ ਅਰਥ ਹੁੰਦੇ ਹਨ ?" ਮਾਂ ਨੇ ਝੁਰੜੀਆਂ ਭਰੇ ਚਿਹਰੇ ਨਾਲ ਪੁੱਤਰ ਵੱਲ ਵੇਖਿਆ ਤੇ ਫਿਰ ਬੋਲੀ, "ਪੁੱਤ ! ਜਦੋਂ ਮੱਲੋ-ਮੱਲੀ ਹਾਸਾ ਆਵੇ ਤਾਂ ਉਹ ਜਵਾਨੀ ਹੁੰਦੀ ਹੈ ਤੇ ਜਦੋਂ ਸਰੀਰ ਦੇ ਸਾਰੇ ਅੰਗ ਠੀਕ ਠਾਕ ਕੰਮ ਕਰਨ ਤਾਂ ਉਹ ਵਧੀਆ ਜ਼ਿੰਦਗੀ ਹੁੰਦੀ ਐ।"

ਪੁੱਤਰ ਦੇ ਮੂੰਹ ਤੇ ਜਿਵੇਂ ਸਾਰੀ ਦੁਨੀਆਂ ਦਾ ਦਰਦ ਇਕੱਠਾ ਹੋ ਗਿਆ ਹੋਵੇ। ਉਸਨੇ ਅੱਖਾਂ ਭਰਕੇ ਕਿਹਾ, "ਮਾਂ ! ਹਾਸਾ ਤਾਂ ਮੈਨੂੰ ਵੀ ਪਿਛਲੇ ਸਾਲ ਨਹੀਂ ਸੀ ਆਇਆ।" ਉਸਨੇ ਕੂਹਣੀ ਤੱਕ ਕੱਟੀ ਬਾਹ ਨੂੰ ਦੂਜੇ ਹੱਥ ਨਾਲ ਪਲੋਸਦੇ ਹੋਏ ਕਿਹਾ। ਉਸਨੂੰ ਇੰਝ ਲੱਗਾ ਜਿਵੇਂ ਉਸਤੋਂ ਜ਼ਿੰਦਗੀ ਦੀ ਝਲਕ ਗੁਆਚ ਗਈ ਹੋਵੇ। ਆਪਣੇ ਗਮਾਂ ਦੇ ਅਰਥਾਂ ਦੀ ਕੁਝ-ਕੁਝ ਸਮਝ ਆਉਣ ਲੱਗ ਪਈ ਹੋਵੇ। ਉਹ ਉੱਠਿਆ ਤੇ ਘਾਹ ਖੋਤਣ ਲਈ ਰੰਬਾ ਚੁੱਕਿਆ ਪਰ ਅਚਾਨਕ ਹੀ ਰੰਗਾ ਉਸਦੇ ਹੱਥ 'ਚੋਂ ਛੁੱਟ ਗਿਆ ਤੇ ਪੈਰ ਦੇ ਅੰਗੂਠੇ ਤੇ ਵੱਜਿਆ ਤੇ ਲਹੂ ਦੀ ਤਿੱਖੀ ਤਤੀਰ ਫੁਹਾਰੇ ਵਾਂਗ ਵਹਿ ਤੁਰੀ। ਮੁੰਡੇ ਨੇ ਦੰਦਾ ਵਿਚ ਜੀਭ ਘੁੱਟ ਲਈ ਤੇ ਕੋਈ ਪੀੜ ਉਸਦੇ ਧੁਰ ਦਿਲ ਤੱਕ ਚੀਕਦੀ ਜਾ ਰਹੀ। ਧੁੱਪ ਅਜੇ ਵੀ ਧਰਤੀ ਦਾ ਪਿੰਡਾ ਲੂਹ ਰਹੀ ਸੀ ਤੇ ਸਰਦਾਰਾਂ ਦੀ ਹਵੇਲੀ ਤੇ ਲੱਗਾ ਐਂਟੀਨਾ ਤਾਰੇ ਵਾਂਗ ਧੁੱਪ ਵਿਚ ਲਿਸ਼ਕ ਰਿਹਾ ਸੀ।

-ਗੁਰਮੇਲ ਬੋਡੇ

## ਡਾਂਸਰ

ਸਰਬ ਆਪਣੀ ਰਿਸ਼ਤੇਦਾਰੀ ਵਿੱਚ ਵਿਆਹ ਵੇਖਣ ਗਿਆ ਸੀ। ਪੈਲਸ ਵਿੱਚ ਬਰਾਤ ਗਈ। ਸਾਰੇ ਰਿਸ਼ਤੇਦਾਰ ਤੇ ਹੋਰ ਯਾਰ ਦੋਸਤ ਇਕੱਠੇ ਹੋਏ ਸਨ। ਕਾਫੀ ਰੌਣਕ ਸੀ। ਸ਼ਰਾਬ ਵੀ ਚੱਲ ਰਹੀ ਸੀ। ਸਰਬ ਆਪਣੇ ਦੋਸਤਾ ਨਾਲ ਬੈਠ ਕੇ ਸ਼ਰਾਬ ਪੀ ਰਿਹਾ ਸੀ। ਸਟੇਜ ਤੇ ਸਾਹਮਣੇ ਡਾਸਰਾਂ ਨੱਚ ਰਹੀਆਂ ਸਨ। ਤਿੰਨ ਚਾਰ ਪੈੱਗ ਲਾਉਣ ਤੋਂ ਬਾਅਦ ਸਰਬ ਦੋਸਤਾਂ ਨਾਲ ਜਾ ਕੇ ਡਾਸਰਾਂ ਨਾਲ ਨੱਚਣ ਲੱਗ ਪਿਆ। ਸ਼ਰਾਬ ਦੇ ਨਸ਼ੇ ਵਿੱਚ ਕਦੇ ਡਾਸਰ ਦੀ ਬਾਹ ਫੜ ਕੇ ਨੱਚਦਾ ਨੱਚਦਾ ਸੈਲਫੀਆਂ ਲੈ ਰਿਹਾ ਸੀ ਤੇ ਕਦੇ ਗਲਤ ਹਰਕਤਾਂ ਕਰ ਰਿਹਾ ਸੀ।

ਸ਼ਾਮ ਨੂੰ ਬਰਾਤ ਘਰ ਆ ਗਈ। ਸ਼ਰਾਬ ਦਾ ਨਸ਼ਾ ਪਹਿਲਾਂ ਹੀ ਬਹੁਤ ਸੀ। ਘਰ ਆ ਕੇ ਹੋਰ ਪੀ ਲਈ। ਰੋਟੀ ਖਾ ਕੇ ਸਾਰੇ ਜਾਣੇ ਲੱਗ ਪਏ ਇੱਕ ਦੂਜੇ ਨਾਲ ਗੱਲਾਂ ਬਾਤਾਂ ਕਰਨ।. ਨਿੱਕੇ ਨਿੱਕੇ ਬੱਚੇ ਵੀ ਬੈਠੇ ਸਨ। ਸਰਬ ਨੇ ਬੱਚਿਆਂ ਨੂੰ ਪੁੱਛਿਆ ਕਿ ਸਾਰੇ ਦੱਸੋ ਵੱਡੇ ਹੋ ਕੇ ਬਣੋਗੇ। ਕਿਸੇ ਨੇ ਕਿਹਾ ਪੁਲਿਸ ਕਿਸੇ ਨੇ ਕਿਹਾ ਟੀਚਰ, ਡਾਕਟਰ, ਛੋਟਾ ਭੀਮ, ਸਾਰੇ ਬੱਚਿਆਂ ਨੇ ਜਵਾਬ ਦਿੱਤਾ।

ਹੁਣ ਸਰਬ ਨੇ ਆਪਣੀ 4 ਕੁ ਸਾਲ ਦੀ ਬੇਟੀ ਪਰੀਤ ਨੂੰ ਪੁੱਛਿਆ ਮੇਰੀ ਪਿਆਰੀ ਬੇਟੀ ਪਰੀਤ ਵੱਡੀ ਹੋ ਕੇ ਕੀ ਬਣੇਗੀ। ਪਰੀਤ ਨੇ ਕਿਹਾ ਪਾਪਾ ਮੈਂ ਵੱਡੀ ਹੋ ਕੇ ਡਾਂਸਰ ਬਣਾਗੀ। ਏਨਾ ਸੁਣਦੇ ਹੀ ਸਰਬ ਦੀ ਸਾਰੀ ਪੀਤੀ ਲੱਥ ਗਈ। ਸਾਰੇ ਪਰੀਤ ਨੂੰ ਝਿੜਕਨ ਲੱਗ ਪਏ। ਸਰਬ ਨੀਵੀਂ ਪਾ ਕੇ ਉੱਠ ਕੇ ਹੌਲੀ ਹੌਲੀ ਕੋਠੇ ਤੇ ਚੜ ਗਿਆ ਤੇ ਜੇਬ ਚੋਂ ਮੋਬਾਇਲ ਕੱਢ ਕੇ ਡਾਂਸਰ ਨਾਲ ਖਿੱਚੀਆਂ ਸੈਲਫੀਆਂ ਡਿਲੀਟ ਕਰਨ ਲੱਗ ਪਿਆ।

-ਪ੍ਰਤਾਪ ਸਿੰਘ ਕੁੜੀਵਲਾਹ

## ਸਵਾਲ

ਅਮਿਤ ਦਾ ਨੰਬਰ ਆਉਂਦਿਆਂ ਹੀ ਉਹ ਇੰਟਰਵਿਊ ਵਾਲੇ ਕਮਰੇ ਵਿੱਚ ਚਲਾ ਗਿਆ। ਚੋਣ ਕਮੇਟੀ ਦੇ ਚੇਅਰਮੈਨ ਨੇ ਵਾਰੀ-ਵਾਰੀ ਕਈ ਸਵਾਲ ਅਮਿਤ ਤੋ ਪੁੱਛੇ। "ਬਈ ਤੂੰ ਤਾਂ ਸਾਰੇ ਸਵਾਲਾਂ ਦੇ ਜਵਾਬ ਸਹੀ ਦਿੱਤੇ ਹਨ। ਬੱਸ ਇੱਕ ਹੀ ਸਵਾਲ ਹੈ ਜੇ ਤੂੰ ਉਸ ਦਾ ਵੀ ਠੀਕ ਜਵਾਬ ਦੇ ਦਿੱਤਾ ਤਾਂ ਤੇਰੀ ਨੌਕਰੀ ਪੱਕੀ।" ਚੇਅਰਮੈਨ ਨੇ ਖੁਸ਼ੀ ਨਾਲ ਕਿਹਾ।

ਅਮਿਤ ਨੇ ਮੁਸਕਰਾਉਂਦਿਆਂ ਪੁੱਛਿਆ, "ਜੀ ਉਹ ਕਿਹੜਾ ਸਵਾਲ ਹੈ ?" ਚੋਣ ਕਮੇਟੀ ਦੇ ਚੇਅਰਮੈਨ ਨੇ ਅੰਗੂਠੇ ਨੂੰ ਚਾਰ ਉਂਗਲਾਂ ਤੇ ਘੁਮਾਣਾ ਸ਼ੁਰੂ ਕਰ ਦਿੱਤਾ। ਅਮਿਤ ਨੇ ਹੈਰਾਨੀ ਨਾਲ ਕਿਹਾ, "ਜੀ ਮੈਂ ਸਮਝਿਆ ਨਹੀਂ।" ਉਹਨਾਂ ਨੇ ਫਿਰ ਤੋਂ ਆਪਣੇ ਹੱਥ ਦੀਆਂ ਚਾਰ ਉਂਗਲਾਂ 'ਤੇ ਅੰਗੂਠੇ ਨੂੰ ਤੇਜ਼ੀ ਨਾਲ ਘੁਮਾਉਣਾ ਸ਼ੁਰੂ ਕਰ ਦਿੱਤਾ।

"ਪਲੀਜ਼, ਜੀ ਜ਼ਰਾ ਵਿਸਥਾਰ ਨਾਲ ਦੱਸੋ, ਮੈਂ ਅਜੇ ਵੀ ਨਹੀਂ ਸਮਝਿਆ।" ਚੇਅਰਮੈਨ ਨੇ ਛਿੱਥੇ ਪੈਂਦਿਆਂ ਕਿਹਾ, "ਓਏ, ਜੇ ਇੰਨੀ ਗੱਲ ਨਹੀਂ ਸਮਝ ਸਕਦਾ ਤਾਂ ਨੌਕਰੀ ਸੁਆਹ ਦੀ ਕਰੇਂਗਾ।" ਤੇ ਉਨ੍ਹਾਂ ਨੇ ਅਗਲਾ ਨੰਬਰ ਬੋਲ ਦਿੱਤਾ। -ਮਨਪ੍ਰੀਤ ਕੌਰ ਭਾਟੀਆ

# ਕਾਵਿ-ਕਿਆਰੀ

## ਕਾਸ਼ ਕਿ ਪਰਲੋਂ ਆ ਜਾਂਦੀ

ਕਾਸ਼ ਕਿ ਪਰਲੋਂ ਆ ਜਾਂਦੀ,
ਇੱਕ ਹੋਰ ਭਾਣਾ ਵਰਤਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

ਫੇਰ ਝਗੜਾ ਗੋਰੇ ਕਾਲ਼ੇ ਦਾ,
ਇੱਕ ਝਟਕੇ ਵਿੱਚ ਹੀ ਮੁੱਕ ਜਾਂਦਾ,
'ਤੇ ਰਿਸ਼ਤਾ ਜੀਜੇ ਸਾਲ਼ੇ ਦਾ,
ਇੱਕ ਝਪਕੀ ਦੇ ਵਿੱਚ ਮਿਟ ਜਾਂਦਾ।
ਕੋਈ ਨੀਂਵਾਂ ਕਿਸੇ ਨੂੰ ਨਾ ਕਰਦਾ,
ਨਾ ਊਚੇ ਦੀ ਗੁੱਡੀ ਤਹਾਂ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।


ਅੱਲਾ ਆਪਣੀ ਚੌਧਰ ਵਿੱਚ,
ਫੇਰ ਕੱਲਿਆਂ ਬਾਂਗ ਸੁਣਾਂਦਾ ਨਾ,
'ਤੇ ਰਾਮ ਵੀ ਆਪਣੇ ਡੰਕੇ ਦਾ,
ਹਰ ਪਾਸੇ ਟੱਲ ਖੜਕਾਂਦਾ ਨਾ।
'ਤੇ ਪਾਕ ਪਵਿੱਤਰ ਥਾਂਵਾਂ ਦੀ,
ਇਹ ਮਿੱਟੀ ਪਲੀਤ ਕਰਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

'ਤੇ ਪੈਸੇ ਦੇ ਮੰਦਵਾੜੇ ਦਾ,
ਸੰਸਾਰੀ ਪੁਆੜਾ ਠੱਲ੍ਹ ਜਾਂਦਾ,
ਕਰੋੜਾਂ ਦਾ ਚੜ੍ਹਿਆ ਕਰਜ਼ਾ ਫਿਰ,
ਇੱਕ ਫੁਰਨੇ ਦੇ ਵਿੱਚ ਤਰ ਜਾਂਦਾ।
ਲੰਡਿਆਂ ਵਿੱਚ ਉੱਕਰੀ ਲਾਲੇ ਦੀ,
ਵਹੀ ਖਾਤ ਨੂੰ ਧਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

ਮੁਰਦੇ ਨੂੰ ਦੱਬਣ 'ਤੇ ਫੂਕਣ ਦਾ,
ਝਗੜਾ ਇੱਥੇ ਹੀ ਥੰਮ ਜਾਂਦਾ,
ਨਾ ਸਵਰਗ ਦੇ ਸੁਪਨੇ ਲੈਂਦਾ ਕੋਈ,
ਨਾ ਨਰਕ ਦਾ ਕੋਈ ਗ਼ਮ ਖਾਂਦਾ।
ਨਾ ਦੇਵਤੇ ਕਿਸੇ ਨੂੰ ਭਰਮਾ ਸਕਦੇ,
ਨਾ ਦੈਂਤਾਂ ਦੀ ਕੋਈ ਵਾਹ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

ਨਾ ਅੱਤਵਾਦ ਦਾ ਹਊਆ ਕੋਈ,
ਕਿਸੇ ਨੂੰ ਕਦੀ ਡਰਾ ਸਕਦਾ,
ਨਾ ਐਟਮ ਬੰਬ 'ਤੇ ਤੋਪਾਂ ਨਾਲ,
ਕੋਈ ਕਿਸੇ ਨੂੰ ਹਰਾ ਸਕਦਾ।
ਵੱਡੇ ਨਾਂਵਾਂ ਦੀ ਸ਼ੋਹਰਤ ਵੀ,
ਝੱਟ ਮਿੱਟੀ ਵਿੱਚ ਸਮਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

ਕਾਸ਼ ਕਿ ਪਰਲੋਂ ਆ ਜਾਂਦੀ,
ਇੱਕ ਹੋਰ ਭਾਣਾ ਵਰਤਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ ਕੇ

## ਸਿਆਸੀ ਬੰਦੇ



ਡਾ. ਮੁਹਿੰਦਰ ਸਿੰਘ ਰਾਏ

ਹਲਫ਼ ਸ਼ਿਕਨ ਇਹਨਾਂ ਦਾ,
ਤਖ਼ੱਲਸ ਬਣ ਗਿਆ।
ਇੱਕ ਦੂਜੇ ਤੋਂ ਚੜ੍ਹਦੇ,
ਇਹਨਾਂ ਦੇ ਹਰਕਾਰ।
ਗੋਗੇ ਗੱਲਾਂ ਗੋਲ ਮਟੋਲ,
ਨਹੀਂ ਫੜਾਉਂਦੇ ਪੱਲਾ,
ਖੋਲ੍ਹਦੇ ਰਹਿਣ ਕੱਚੇ ਚਿੱਠੇ,
ਦੂਜਿਆਂ ਦੇ ਵਿਭਚਾਰ।
ਲਾਰੇ, ਲੋਭ ਅਤੇ ਲਾਲਚ,
ਇਹਨਾਂ ਦੇ ਉਸ਼ਟੰਡ।
ਲੋਕ ਵਿਚਾਰੇ ਭਾਲਦੇ,
ਇਹਨਾਂ ਤੋਂ ਉਪਹਾਰ।
ਕਾਲਜ ਅਤੇ ਯੂਨੀਆਂ,
ਕਰਨ ਗੱਲਾਂ ਦਾ ਕੜਾਹ,
ਗੱਲਾਂ ਗੱਲਾਂ ਨਾਲ ਦੇਣ,
ਲੋਕਾਂ ਲਈ ਮਹਿਲ ਉਸਾਰ।
ਕਰਜ਼ ਵਧਾ ਪੰਜਾਬ ਦਾ,
ਕੀਤਾ ਚਾਰ ਲੱਖ ਕਰੋੜ।
ਅਜੇ ਹੋਰ ਵੀ ਵਧਣ ਦੇ,
ਦਿਸ ਰਹੇ ਆਸਾਰ।
ਇਹ ਹੰਢੇ ਹੋਏ ਹੂੰਝਣੇ,
ਨਾ ਛੋਟੇ ਉਠਾਈਗੀਰ।
ਰੇਤਾ ਸੀਮਿੰਟ ਬਜਰੀ,
ਇਹ ਜਾਂਦੇ ਸਭ ਡਕਾਰ।
ਕਿੱਥੇ ਗਈਆਂ ਸੋਨ ਚਿੜੀਆਂ,
ਕਿੱਥੇ ਗਏ ਕਲਹਿਰੀ ਮੋਰ।
ਜੇਲ੍ਹਾਂ ਜੋਖਮ ਜ਼ਾਬਤੇ,
ਦਿੱਤਾ ਦੇਸ਼ ਸੰਘਾਰ।
ਕੂੰਜਾਂ ਬਾਜ਼ ਉੱਡ ਰਹੇ,
ਭੋਗ ਰਹੇ ਬਣਬਾਸ।
ਆਸ ਅਜੇ ਵੀ ਸਹਿਕਦੀ,
ਸੱਭ ਭੁੱਲ ਚੁੱਕੇ ਇਕਰਾਰ।
ਪਾਉਣ ਹਮੇਸ਼ਾ ਵੰਡੀਆਂ,
ਵਿੱਚ 'ੳ' ਅਲਫ਼ ਤੇ 'ਕ'
ਸਿਵਾਏ ਕੁਰਸੀ ਵੋਟ ਦੇ,
ਨਾ ਇਹਨਾਂ ਨੂੰ ਕੰਮ-ਕਾਰ।
ਕਨੂੰਨ ਪਾਇਆ ਜੇਬ 'ਚ,
ਦੇਣ ਨਾ ਕਿਸੇ ਨਿਆਂ।
ਮੂੰਹ ਬੰਦ ਧਾਰਾ ਲਾ ਕੇ,
ਕਰ ਦੇਣ ਖ਼ੁਆਰ।
ਵੰਡਣ ਗਮਾਂ ਦੀਆਂ ਗੁੱਥੀਆਂ,
ਇਹ ਗਲੀ ਮੁਹੱਲੇ ਜਾ,
ਸਮਝਦਾ ਸੀ ਜਿਹਨਾਂ ਨੂੰ,
ਤੂੰ ਆਪਣਾ ਗ਼ਮਖ਼ਾਰ।
ਆਪੇ ਚੋਰ ਆਪੇ ਜੱਜ,
ਆਪੇ ਬਣਨ ਗਵਾਹ।
ਕਨੂੰਨ ਨੌਕਰ, ਦਲਾਲ ਇਮਾਨ,
'ਰਾਏ' ਇਹ ਕੈਸਾ ਵਪਾਰ।

## ਸਤਿਗੁਰੂ ਰਵਿਦਾਸ ਜੀ

ਚਿੜੀ ਚਹਿਕੀ, ਪਹੁ ਫੁੱਟੀ, ਪੰਛੀਆਂ ਗੀਤ ਗਾਏ,
ਕਾਸ਼ੀ ਵਿੱਚ ਅੱਜ ਕੋਈ ਰੱਬੀ ਨੂਰ ਆਇਆ।

ਲੁਕਾਈ ਰੋਵੇ, ਧਰਤੀ ਤੜਫ ਰਹੀ ਸੀ ,
ਦੁੱਖਾਂ ਉਹਨਾਂ ਦੇ ਹਰਨ ਲਈ ਹਾਜ਼ਰਾ ਹਜ਼ੂਰ ਆਇਆ।

ਨਵੇਂ ਰਸਤਿਆਂ 'ਤੇ ਕਰਾਂਗੇ ਜ਼ਿੰਦਗੀ ਦਾ ਆਗਾਜ਼ ,
ਬਿਪਰਵਾਦੀਆ ਦਾ ਤੋੜਨ ਲਈ ਗ਼ਰੂਰ ਆਇਆ

ਰਾਜੇ ਰਾਣੀਆਂ ਸਿਜਦਾ ਕਰਨਗੇ ਤੇਰੇ ਦਰ ਉੱਤੇ ,
ਆਖਣਗੇ ਅੱਜ ਜ਼ਿੰਦਗੀ ਵਿੱਚ ਵੱਖਰਾ ਸਰੂਰ ਆਇਆ।

ਕਿਰਤ ਕਰਨੀ , ਨਾਮ ਜਪਣਾ , ਵੰਡ ਛਕਣਾ ,
ਜ਼ਿੰਦਗੀ ਦਾ ਸੁਨਹਿਰੀ ਲੈ ਅਸੂਲ ਆਇਆ ।

ਗਿਆਨ ਦਾ ਚਾਨਣ ਵੰਡ ਕੇ ਧਰਤੀ ਰੁਸ਼ਨਾਏਗਾ ,
ਹਨੇਰੇ ਛਾਏ ਹੋਏ ਦਿਲਾਂ ਵਿੱਚ ਕਰਨ ਦੂਰ ਆਇਆ

ਝੋਲੀਆਂ ਭਰ ਕੇ ਲਿਜਾਵੇਗਾ ਇਹਦੇ ਦਰ ਉੱਤੋਂ ,
ਬਣਕੇ ਸਵਾਲੀ ਜੋ ਇਹਦੇ ਦਰ ਮਜਬੂਰ ਆਇਆ




ਬਾਣੀ ਪੜੇਗਾ ਜੋ ਮਨ ਚਿੱਤ ਲਾ ਕੇ,
ਚਹੁੰ ਜੁਗਾਂ ਦਾ ਉਹਨੂੰ ਆਨੰਦ ਭਰਪੂਰ ਆਇਆ।

ਸੁਣੀ ਅਰਜੋਈਆਂ ਦਾਤਾ ਮੇਰੇ ਵਰਗੇ ਗਰੀਬ ਦੀਆਂ
"ਰਾਣਾ" ਬੜੀ ਦੂਰੋਂ ਚੱਲ ਕੇ ਤੇਰੇ ਦਰ ਹਜ਼ੂਰ ਆਇਆ।

ਰਣਵੀਰ ਸਿੰਘ ਰਾਣਾ

## ਪਾਣੀ ਹੈ ਅਨਮੋਲ ....




ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ,
ਐਵੇਂ ਨਾ ਤੂੰ ਡੋਲ ਪਿਆਰੇ
ਐਵੇਂ ਨਾ ਤੂੰ ਡੋਲ,
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।

ਕੁਦਰਤ ਦੀ ਇਹ ਦਾਤ ਨਿਆਰੀ
ਰੱਬ ਦੀ ਖਲਕਤ ਬੜੀ ਪਿਆਰੀ,
ਬੁਰਾ ਨਾ ਕਿਸੇ ਨੂੰ ਬੋਲ ਪਿਆਰੇ
ਬੁਰਾ ਨਾ ਕਿਸੇ ਨੂੰ ਬੋਲ,
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।


ਲੋੜ ਪੈਣ 'ਤੇ ਹੀ ਇਸਨੂੰ ਵਰਤੋ
ਚੰਗੀ ਸ਼ੁਰੂਆਤ ਕਰੋ ਆਪਣੇ ਘਰ ਤੋਂ,
ਪੂਰਾ - ਪੂਰਾ ਤੋਲ ਪਿਆਰੇ
ਪਾਣੀ ਹੈ ਅਨਮੋਲ,
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।
ਗੰਧਲਾ ਹੋਣ ਤੋਂ ਇਸ ਨੂੰ ਬਚਾਓ
ਵਿਅਰਥ ਚੀਜ਼ਾਂ ਇਸ ਵਿੱਚ ਨਾ ਪਾਓ ,
ਸੰਤਾਂ - ਫਕੀਰਾਂ ਦੇ ਸੱਚੇ ਬੋਲ ਪਿਆਰੇ
ਪਾਣੀ ਹੈ ਅਨਮੋਲ ,
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।
ਪਿਆਸਿਆਂ ਨੂੰ ਤੁਸੀਂ ਪਾਣੀ ਪਿਲ਼ਾਓ
ਦੁਖੀਆਂ ਦੇ ਤੁਸੀਂ ਦੁੱਖ - ਦਰਦ ਵੰਡਾਓ ,
ਮਨੁੱਖਾ - ਜੀਵਨ ਐਵੇਂ ਨਾ ਰੋਲ ਪਿਆਰੇ
ਪਾਣੀ ਹੈ ਅਨਮੋਲ
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।

ਪਾਣੀ ਹੈ ਸਭ ਦੀ ਜੀਵਨ - ਜਯੋਤੀ
ਇਹੋ ਹੈ ਕੁਦਰਤ ਦਾ ਸੱਚਾ ਮੋਤੀ,
ਵਿਅਰਥ ਨਾ ਇਸ ਨੂੰ ਡੋਲ ਪਿਆਰੇ
ਪਾਣੀ ਹੈ ਅਨਮੋਲ,
ਪਾਣੀ ਹੈ ਅਨਮੋਲ ਪਿਆਰੇ
ਪਾਣੀ ਹੈ ਅਨਮੋਲ।



ਸੰਜੀਵ ਧਰਮਾਣੀ

## ਇੱਕੋ ਥੈਲੀ ਦੇ ਚੱਟੇ ਵੱਟੇ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

ਵੱਖੋ ਵੱਖ ਹੀ 'ਨਾਮ' ਹਨ ਆਗੂਆਂ ਦੇ
ਚੱਟੇ ਵੱਟੇ ਹਨ ਇੱਕੋ ਜਿਹੇ ਥੈਲੀਆਂ ਦੇ।
'ਬੈਕ ਗਿਅਰ' ਲਾ ਲੈਂਦੇ ਨੇ ਪਲਾਂ ਅੰਦਰ
'ਯੂ-ਟ੍ਰਨ' ਨਾਂ ਰੱਖੇ ਅਣਗਹਿਲੀਆਂ ਦੇ।
ਵਧ ਗਈ ਤੇਜ ਰਫਤਾਰ ਨਿਘਾਰ ਦੀ ਏ
ਨਹੀਂ ਲੱਭਦੇ ਗੁਣ ਹੁਣ 'ਪਹਿਲੀਆਂ' ਦੇ।
ਕਈ ਕਈ ਵਾਰ ਨਕਾਰੇ ਦੁਰਕਾਰਿਓ ਵੀ
'ਹੀਰੋ' ਬਣ ਬਣ ਕੇ ਦੱਸਦੇ 'ਰੈਲੀਆਂ' ਦੇ।
ਸ਼ਰਧਾਵਾਨ ਬਣ ਜਾਣ ਸਭ 'ਡੇਰਿਆਂ' ਦੇ
ਵਾਅਦੇ 'ਕਿੱਕਰ' ਦੇ ਵੋਟਾਂ ਦੀ 'ਦਾਖ' ਲੈਂਦੇ।
ਮੱਥਾ ਟੇਕਣਾ ਹਰ 'ਜਗ੍ਹਾ' 'ਤੇ ਗੱਲ ਕੀ ਏ
ਇਹ ਤਾਂ 'ਗਧੇ ਨੂੰ ਬਾਪ' ਵੀ ਆਖ ਲੈਂਦੇ !

# ਬਰਤਾਨਵੀ ਨਾਗਰਿਕ ਬਿਨਾਂ ਵੀਜ਼ਾ ਕਰ ਸਕਣਗੇ ਚੀਨ ਦੀ ਯਾਤਰਾ – ਕੀਰ ਸਟਾਰਮਰ

## ਮਨੁੱਖੀ ਤਸਕਰੀ ਕਰਨ ਵਾਲੇ ਗਰੋਹਾਂ 'ਤੇ ਸ਼ਿਕੰਜਾ ਕੱਸਣ ਲਈ ਨਵਾਂ ਯੂਕੇ-ਚੀਨ ਸਰਹੱਦੀ ਸੁਰੱਖਿਆ ਸਮਝੌਤਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਚੀਨ ਦੇ ਨਾਲ ਇੱਕ ਨਵਾਂ ਸਰਹੱਦੀ ਸੁਰੱਖਿਆ ਸਮਝੌਤਾ ਕਰਕੇ ਚੀਨ ਦੇ ਬਣੇ ਛੋਟੀ ਕਿਸ਼ਤੀ ਦੇ ਪੁਰਜ਼ਿਆਂ ਨੂੰ ਯੂ ਕੇ ਵਿੱਚ ਗੈਰ-ਕਾਨੂੰਨੀ ਢੰਗ ਨਾਲ ਪ੍ਰਵਾਸੀਆਂ ਨੂੰ ਲਿਜਾਣ ਲਈ ਤਸਕਰੀ ਗਰੋਹ ਦੁਆਰਾ ਵਰਤੇ ਜਾਂਦੇ ਪ੍ਰਵਾਹ ਨੂੰ ਰੋਕਣਗੇ। ਇਸ ਦਾ ਖੁਲਾਸਾ ਅੱਜ ਪ੍ਰਧਾਨ ਮੰਤਰੀ ਦਫਤਰ 10 ਡਾਊਨਿੰਗ ਸਟ੍ਰੀਟ ਨੇ



ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ

ਕੀਤਾ ਹੈ। ਇਸ ਹਫਤੇ ਬੀਜਿੰਗ ਦੀ ਆਪਣੀ ਚੱਲ ਰਹੀ ਯਾਤਰਾ ਦੌਰਾਨ, ਸਟਾਰਮਰ ਨੇ ਤਣਾਅਪੂਰਨ ਕੁਝ ਸਾਲਾਂ ਬਾਅਦ ਦੁਵੱਲੇ ਸਬੰਧਾਂ ਨੂੰ ਮੁੜ ਸਥਾਪਿਤ ਕਰਨ ਲਈ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਪ੍ਰੀਮੀਅਰ ਲੀ ਕਿਆਂਗ ਨਾਲ "ਲਾਭਕਾਰੀ" ਗੱਲਬਾਤ ਕੀਤੀ। ਚੀਨ ਦੇ ਬ੍ਰਿਟਿਸ਼ ਯਾਤਰੀਆਂ ਲਈ ਘੱਟ ਸਕੌਚ ਵਿਸਕੀ ਨਿਰਯਾਤ ਟੈਰਿਫ ਅਤੇ ਵੀਜ਼ਾ-ਮੁਕਤ ਯਾਤਰਾ ਤੋਂ ਇਲਾਵਾ, ਚੀਨੀ ਕਿਸ਼ਤੀਆਂ ਅਤੇ ਇੰਜਣ ਯੂਰਪ ਵਿੱਚ ਅਪਰਾਧਿਕ ਨੈਟਵਰਕ ਤੱਕ ਪਹੁੰਚਣ ਤੋਂ ਪਹਿਲਾਂ ਰੋਕਣ ਲਈ ਦੋਵੇਂ ਧਿਰਾਂ ਸਖ਼ਤ ਕਾਨੂੰਨ ਲਾਗੂ ਕਰਨ ਲਈ ਤਿਆਰ ਹਨ।

ਬਰਤਾਨੀਆਂ ਅਤੇ ਚੀਨ ਦੇ ਤਲਖ਼ੀ ਭਰੇ ਰਿਸ਼ਤੇ ਹੁਣ ਸੁਧਰ ਰਹੇ ਹਨ। ਬੀਤੇ ਕੱਲ ਤੋਂ ਚੀਨ ਦੀ ਯਾਤਰਾ ਕਰ ਰਹੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਬੀਜਿੰਗ ਵਿੱਚ ਐਲਾਨ ਕੀਤਾ ਹੈ ਕਿ ਬਰਤਾਨਵੀ ਨਾਗਰਿਕ 30 ਦਿਨਾਂ ਤੋਂ ਘੱਟ ਯਾਤਰਾਵਾਂ ਲਈ ਚੀਨ ਦੀ ਵੀਜ਼ਾ-ਮੁਕਤ ਯਾਤਰਾ ਕਰਨ ਦੇ ਯੋਗ ਹੋਣਗੇ। ਇਹ ਬਦਲਾਅ ਯੂ ਕੇ ਨੂੰ ਫਰਾਂਸ, ਜਰਮਨੀ, ਇਟਲੀ, ਆਸਟ੍ਰੇਲੀਆ ਅਤੇ ਜਾਪਾਨ ਆਦਿ ਦੀ ਲਾਇਨ ਵਿੱਚ ਲਿਆਂਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਚੀਨ ਵਿੱਚ ਕਾਰੋਬਾਰ ਆਪਣੇ ਨਿਸ਼ਾਨ ਵਧਾਉਣ ਦੇ ਤਰੀਕਿਆਂ ਲਈ ਆਪਣੀ ਪੂਰੀ ਤਾਕਤ ਨਾਲ ਅੱਗੇ ਵਧ ਰਹੇ ਹਨ। ਇਸ ਦੌਰਾਨ ਯੂ ਕੇ ਦੀ ਫਾਰਮਾਸਿਊਟੀਕਲ ਕੰਪਨੀ ਐਸਟਰਾਜੈਨਿਕਾ ਨੇ ਚੀਨ ਵਿੱਚ 15 ਅਰਬ ਡਾਲਰ ਦੇ ਨਿਵੇਸ਼ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਬੀਜਿੰਗ ਵਿੱਚ ਚੀਨੀ ਨੇਤਾ ਸ਼ੀ ਜਿਨਪਿੰਗ ਨਾਲ ਗੱਲਬਾਤ ਤੋਂ ਬਾਅਦ ਕਿਹਾ ਕਿ ਯੂ ਕੇ ਅਤੇ ਚੀਨ ਦੇ ਸਬੰਧ ਚੰਗੀ, ਮਜ਼ਬੂਤ ਸਥਿਤੀ ਵਿੱਚ ਹਨ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਕਿਹਾ ਕਿ ਬਹੁਤ ਉਤਰਾਅ ਚੜ੍ਹਾਅ ਆਏ ਪਰ ਇਸ ਮਿਲਣੀ ਨੂੰ ਟਾਲਿਆ ਨਹੀਂ ਜਾ ਸਕਦਾ ਸੀ।

ਸ਼ੈਡੋ ਮੰਤਰੀ ਅਲੀਸੀਆ ਕੇਅਰਨਜ਼ ਦਾ ਕਹਿਣਾ ਹੈ ਕਿ ਸਟਾਰਮਰ ਨੂੰ "ਬਿਨਾਂ ਕਿਸੇ ਸ਼ਰਤ ਦੇ ਚੀਨ ਨਹੀਂ ਜਾਣਾ ਚਾਹੀਦਾ ਸੀ ਕੀ ਉਹ ਜੇਲ੍ਹ ਵਿਚ ਬੰਦ ਲੋਕਤੰਤਰ ਪੱਖੀ ਕਾਰੋਬਾਰੀ ਜਿੰਮੀ ਲਾਈ ਨੂੰ ਲੈ ਕੇ ਸਵਾਲ ਉਠਾਏ। ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਉਹਨਾਂ ਚੀਨੀ ਨੇਤਾ ਸ਼ੀ ਜਿਨਪਿੰਗ ਨਾਲ ਇਹ ਮੁੱਦਾ ਉਠਾਇਆ ਸੀ।

# ਐਪਸਟਾਈਨ ਫਾਈਲਾਂ ਦੀਆਂ ਤਸਵੀਰਾਂ ਨੇ ਰਾਜਕੁਮਾਰ ਐਂਡਰਿਊ ਨੂੰ ਮੁੜ ਪਾਇਆ ਵਖ਼ਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਰਾਜਕੁਮਾਰ ਨੂੰ ਐਂਡਰਿਊ ਭਾਵੇਂ ਸ਼ਾਹੀ ਸੇਵਾਵਾਂ ਤੋਂ ਮੁਕਤ ਕਰਕੇ ਸ਼ਾਹੀ ਘਰ ਚੋਂ ਬਾਹਰ ਕਰ ਦਿੱਤਾ ਗਿਆ ਹੈ। ਪਰ ਇਸ ਦੇ ਬਾਵਜੂਦ ਉਸ ਦਾ ਅਤੀਤ ਅਜੇ ਖਹਿੜਾ ਨਹੀਂ ਛੱਡ ਰਿਹਾ ਹੈ। ਅਮਰੀਕਾ ਦੇ ਨਿਆਂ ਵਿਭਾਗ ਦੁਆਰਾ ਜਾਰੀ ਕੀਤੀਆਂ ਗਈਆਂ ਐਪਸਟਾਈਨ ਫਾਈਲਾਂ ਦੇ ਨਵੇਂ ਸੰਗ੍ਰਹਿ ਵਿੱਚ ਐਂਡਰਿਊ ਮਾਊਂਟਬੈਟਨ-ਵਿੰਡਸਰ ਦੀਆਂ ਇੱਕ ਔਰਤ ਨਾਲ ਜਾਰੀ ਤਸਵੀਰਾਂ ਨੇ ਨਵੀਂ ਖਲਬਲੀ ਪੈਦਾ ਕਰ ਦਿੱਤੀ



**ਚਰਚਾ ਦਾ ਵਿਸ਼ਾ ਬਣੀ ਤਸਵੀਰ ਜੋ ਰਾਜਕੁਮਾਰ ਐਂਡਰਿਊ ਦੀ ਦੱਸੀ ਜਾ ਰਹੀ ਹੈ**

ਹੈ। ਦੋ ਤਸਵੀਰਾਂ ਵਿੱਚ ਉਹ ਔਰਤ ਨੂੰ ਛੂਹਦਾ ਹੋਇਆ ਦਿਖਾਈ ਦੇ ਰਿਹਾ ਹੈ, ਜੋ ਅਣਜਾਣ ਹਨ ਅਤੇ ਉਹਨਾਂ ਪੂਰੇ ਕੱਪੜੇ ਪਹਿਨੇ ਹੋਏ ਹਨ। ਭਾਵੇਂ ਕਿ ਤਸਵੀਰਾਂ ਬਾਰੇ ਪੂਰੇ ਵੇਰਵੇ ਪ੍ਰਦਾਨ ਨਹੀਂ ਕੀਤੇ ਗਏ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਉਹ ਕਦੋਂ ਅਤੇ ਕਿੱਥੇ ਲਈਆਂ ਗਈਆਂ ਸਨ। ਤਸਵੀਰਾਂ ਰਾਹ

ੀਂ ਮਾਊਂਟਬੈਟਨ-ਵਿੰਡਸਰ 'ਤੇ ਹੋਰ ਦਬਾਅ ਪੈਣ ਦੀ ਸੰਭਾਵਨਾ ਹੈ, ਜਿਸਨੂੰ ਐਪਸਟਾਈਨ ਨਾਲ ਆਪਣੀ ਦੋਸਤੀ ਲਈ ਜਾਂਚ ਦਾ ਸਾਹਮਣਾ ਕਰਨਾ ਪਿਆ ਹੈ। ਮਾਊਂਟਬੈਟਨ-ਵਿੰਡਸਰ ਨੇ ਹਮੇਸ਼ਾਂ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਹੈ। ਮਾਊਂਟਬੈਟਨ-ਵਿੰਡਸਰ, ਜਿਸਨੂੰ ਪਹਿਲਾਂ ਪ੍ਰਿੰਸ ਐਂਡਰਿਊ ਅਤੇ ਡਿਊਕ ਆਫ਼ ਯੌਰਕ ਵਜੋਂ ਜਾਣਿਆ ਜਾਂਦਾ ਸੀ, ਨੂੰ ਅਕਤੂਬਰ ਵਿੱਚ ਉਸਦੇ ਸ਼ਾਹੀ ਖਿਤਾਬਾਂ ਤੋਂ ਫਾਰਗ ਕਰ ਦਿੱਤਾ ਗਿਆ ਸੀ। ਸ਼ੁੱਕਰਵਾਰ ਨੂੰ ਜਾਰੀ ਕੀਤੀਆਂ ਗਈਆਂ ਵੱਖਰੀਆਂ ਈਮੇਲਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਐਪਸਟਾਈਨ ਨੇ ਮਾਊਂਟਬੈਟਨ-ਵਿੰਡਸਰ ਨੂੰ ਇੱਕ 26 ਸਾਲਾ ਰੂਸੀ ਔਰਤ ਨਾਲ ਰਾਤ ਦਾ ਖਾਣਾ ਖਾਣ ਲਈ ਸੱਦਾ ਦਿੱਤਾ ਸੀ। ਇਹ ਸੁਨੇਹੇ ਅਗਸਤ 2010 ਵਿੱਚ ਅਰਬਪਤੀ ਐਪਸਟਾਈਨ ਦੁਆਰਾ ਇੱਕ ਨਾਬਾਲਗ ਨਾਲ ਬਲਾਤਕਾਰ ਕਰਨ ਦਾ ਦੋਸ਼ੀ ਮੰਨਣ ਤੋਂ ਦੋ ਸਾਲ ਬਾਅਦ ਦੇ ਹਨ। ਜਿਸ ਵਿੱਚ ਔਰਤ ਦੀ ਉਮਰ, ਸੁੰਦਰਤਾ ਆਦਿ ਦਾ ਵੀ ਜਿਕਰ ਹੈ। ਨਵੇਂ ਜਾਰੀ ਕੀਤੇ ਗਏ ਈਮੇਲਾਂ ਦੇ ਵੇਰਵੇ ਅਤੇ ਤਸਵੀਰਾਂ ਦੇ 30 ਲੱਖ ਪੰਨਿਆਂ ਦੇ ਦਸਤਾਵੇਜ਼ ਹਨ ਜਿਹਨਾਂ ਵਿੱਚੋਂ ਸ਼ੁੱਕਰਵਾਰ ਨੂੰ 180,000 ਤਸਵੀਰਾਂ ਜਨਤਕ ਕਰ ਦਿੱਤੀਆਂ ਹਨ।

# ਯੂ ਕੇ ਦੇ ਇੱਕ ਅਜਾਇਬ ਘਰ ਚੋਂ ਭਾਰਤ ਤੋਂ ਲਿਆਂਦੀਆਂ "ਕੀਮਤੀ" ਕਲਾਕ੍ਰਿਤੀਆਂ ਦੀ ਚੋਰੀ ਦੇ ਸਬੰਧ ਵਿੱਚ ਇੱਕ ਗ੍ਰਿਫਤਾਰ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੱਖਣ-ਪੱਛਮੀ ਇੰਗਲੈਂਡ ਦੇ ਇੱਕ ਅਜਾਇਬ ਘਰ ਵਿੱਚ ਭਾਰਤ ਤੋਂ ਲਿਆਂਦੀਆਂ ਕਈ ਕਲਾਕ੍ਰਿਤੀਆਂ ਦੀ ਚੋਰੀ ਦੀ ਜਾਂਚ ਦੌਰਾਨ ਅੱਜ ਵੀਰਵਾਰ ਨੂੰ ਇੱਕ 41 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਏਵਨ ਅਤੇ ਸਮਰਸੈਟ ਪੁਲਿਸ ਨੇ ਕਿਹਾ ਕਿ ਪਿਛਲੇ ਸਤੰਬਰ ਵਿੱਚ ਬ੍ਰਿਸਟਲ ਅਜਾਇਬ ਘਰ ਵਿੱਚ ਬ੍ਰਿਟਿਸ਼ ਸਾਮਰਾਜ ਅਤੇ ਰਾਸ਼ਟਰਮੰਡਲ ਸੰਗ੍ਰਹਿ ਤੋਂ ਬੇਸ਼ਕੀਮਤੀ ਚੋਰੀ ਕੀਤੀਆਂ 600 ਤੋਂ ਵੱਧ ਵਸਤੂਆਂ ਦੇ ਸ਼ੱਕ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਚੋਰੀ ਹੋਈਆਂ ਚੀਜ਼ਾਂ ਵਿੱਚ ਇੱਕ ਹਾਥੀ ਦੰਦ ਦੀ ਬੁੱਧ ਦੀ ਮੂਰਤੀ ਅਤੇ ਇੱਕ ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਦੀ ਬੈਲਟ ਬਕਲ ਸ਼ਾਮਲ ਹੈ।*** ਪੁਲਿਸ ਨੇ ਕਿਹਾ ਕਿ ਇਹ ਗ੍ਰਿਫਤਾਰੀ ਪਿਛਲੇ ਮਹੀਨੇ ਚਾਰ ਗੋਰੇ ਪੁਰਸ਼ ਸ਼ੱਕੀਆਂ ਦੀ ਸੀ ਸੀ ਟੀ ਵੀ ਫੁਟੇਜ ਜਾਰੀ ਕਰਨ ਤੋਂ ਬਾਅਦ ਹੋਈ, ਜਿਸ ਵਿੱਚ ਜਨਤਕ ਸਹਾਇਤਾ ਦੀ ਅਪੀਲ ਕੀਤੀ ਗਈ ਸੀ। ਏਵਨ ਅਤੇ ਸਮਰਸੈੱਟ ਪੁਲਿਸ ਨੇ ਕਿਹਾ ਕਿ ਬ੍ਰਿਸਟਲ ਦੇ ਇੱਕ ਅਜਾਇਬ ਘਰ ਤੋਂ ਕਲਾਕ੍ਰਿਤੀਆਂ ਦੀ ਚੋਰੀ ਦੀ ਜਾਂਚ ਦੇ ਸਬੰਧ ਵਿੱਚ ਇੱਕ 41 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਉਸਨੂੰ ਚੋਰੀ ਦਾ ਸਮਾਨ ਰੱਖਣ ਦੇ ਸ਼ੱਕ ਵਿੱਚ ਗ੍ਰਿਫਤਾਰ ਕਰਨ ਉਪਰੰਤ ਜਾਂਚ ਅਧੀਨਰਿਹਾਅ ਕਰ ਦਿੱਤਾ ਗਿਆ ਹੈ। 25 ਸਤੰਬਰ ਨੂੰ ਬ੍ਰਿਸਟਲ ਦੇ ਕੰਬਰਲੈਂਡ ਰੋਡ ਖੇਤਰ ਵਿੱਚਹੋਈ ਚੋਰੀ ਦੇ ਸਬੰਧ ਵਿੱਚ ਚਾਰ ਲੋਕਾਂ ਦੀ ਭਾਲ ਕਰ ਰਹੇ ਹਾਂ। ਪੁਲਿਸ ਨੇ ਕਿਹਾ ਕਿ ਉਕਤ ਵਿਅਕਤੀਆਂ ਦੀ ਪਛਾਣ ਕਰਨ ਲਈ ਦੋ ਵੀਡੀਓ ਕਲਿੱਪਾਂ ਵੀ ਜਾਰੀ ਕੀਤੀਆਂ ਹਨ ਜਿਨ੍ਹਾਂ ਤੋਂ ਅਸੀਂ ਪੁੱਛਗਿੱਛ ਕਰਨਾ ਚਾਹੁੰਦੇ ਹਾਂ।


# ਨਾਨਕਸਰ ਗੁਰਦੁਆਰਾ, ਕਵੈਂਟਰੀ ਵਿਖੇ 2 ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ

**2 VACANCIES - Religious Worker Langari (non-pastoral role)**

**An opportunity has arisen for the posts of Religious Workers at Nanaksar Gurdwara Gursikh Temple, Coventry.**

**We need religious workers to do the following duties:**

**Job Purpose:** Perform and Understand Duties include: Preparing Langar (food) 3 times a day for Blessings and Assist Head Priest with Nitnem, Sukhmani Sahib Path, Sejh Part Rohles, Ardaas and Sukhasan duties, alongside other general Gurdwara duties. Daily Vegatarian Food preparations for Blessing and for the congregation in accordance with Sikh Maryada. To work collaboratively with all internal teams, departments and external agencies. Any other job as directed by the Gurdwara Committee.

The Workers will be responsible for locking and unlocking the Gurdwara premises. The workers would only be assisting the Head Priest and would not be involved in leading the congregation.

**Personnel Specification:** Working Flexible Hours: 20-30 hours per week, minimum 27hrs.

**Salary:** National Minimum Wage per working hour.

**Benefits:** Accommodation and food is provided free of charge.

**Requirements:** Must be able to read and speak Gurmukhi. Must be able to cook for large congregation on special occasions. Must have sufficient experience and Amritdhari (Baptised). Good communicational and interpersonal skills.

**Other details:** Applicants have to be a UK resident or have the right to work in theUK.

**Please apply with your C.V. and send your details on Email below.**

**Closing date: 9th March 2026**

***For more information please* Email: nggtcoventry@gmail.com**

**NANAKSAR GURDWARA GURSIKH TEMPLE**

*UK Registered Charity No. 512089*

**224-226 Foleshill Road, Coventry, West Midlands CV1 4HW (UK)**

**Tel: (024) 7622 0434 - www.nanaksarglobal.com**

# ਮਹਾਤਮਾ ਗਾਂਧੀ ਦੀ ਬਰਸੀ ਮੌਕੇ ਲੰਡਨ ਵਿੱਚ ਸ਼ਰਧਾਂਜਲੀ ਸਮਾਗਮ



**ਪਾਰਲੀਮੈਂਟ ਸੁਕੇਅਰ ਵਿਖੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਂਟ ਕਰਨ ਮੌਕੇ ਇਕੱਤਰ ਸ਼ਖ਼ਸੀਅਤਾਂ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਤਮਾ ਗਾਂਧੀ ਦੀ ਬਰਸੀ ਮੌਕੇ ਅੱਜ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ, ਲੰਡਨ ਨੇ ਟੈਵਿਸਟਾਕ ਸਕੁਏਅਰ ਅਤੇ ਪਾਰਲੀਮੈਂਟ ਸਕੁਏਅਰ ਲੰਡਨ ਵਿਖੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਏਸੁਆਮੀ, ਲਾਰਡ ਰਾਵਲ, ਲੇਡੀ ਦੇਸਾਈ, ਅਤੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫ਼ਤਰ ਦੇ ਡਾਇਰੈਕਟਰ ਬੇਨ ਮੇਲਰ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਿੱਸਾ ਲਿਆ।ਭਾਰਤੀ ਵਿਦਿਆ ਭਵਨ ਦੇ ਵਿਦਿਆਰਥੀਆਂ ਦੁਆਰਾ ਫੁੱਲ ਮਾਲਾਵਾਂ ਭੇਂਟ ਕੀਤੀਆਂ ਗਈਆਂ ਅਤੇ ਭਜਨ ਗਾ ਕੇ ਮਹਾਤਮਾ ਗਾਂਧੀ ਦੀ ਸਦੀਵੀ ਵਿਰਾਸਤ ਦਾ ਸਨਮਾਨ ਕੀਤਾ ਗਿਆ। ਹਾਈ ਕਮਿਸ਼ਨਰ ਵਿਕਰਮ ਦੋਰਾਈਸਵਾਮੀ ਨੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਮਹਾਤਮਾ ਗਾਂਧੀ ਦੇ ਜੀਵਨ, ਅਤੇ ਇੱਥੋਂ ਤੱਕ ਕਿ ਉਨ੍ਹਾਂ ਦੀ ਮੌਤ ਨੇ ਵੀ ਉਨ੍ਹਾਂ ਦੇ ਅਹਿੰਸਾ ਦੇ ਸੰਦੇਸ਼ ਨੂੰ ਵਧਾਇਆ। ਉਨ੍ਹਾਂ ਨੇ ਸਵਰਗੀ ਲਾਰਡ ਮੇਘਨਾਦ ਦੇਸਾਈ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਜਿਹਨਾਂ ਨੇ ਪਾਰਲੀਮੈਂਟ ਸਕੁਏਅਰ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਦੀ ਸਥਾਪਨਾ ਅਤੇ ਗਾਂਧੀਵਾਦੀ ਆਦਰਸ਼ਾਂ ਦੇ ਜੀਵਨ ਭਰ ਪ੍ਰਚਾਰ ਵਿੱਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਲੇਡੀ ਦੇਸਾਈ ਦੀ ਭੂਮਿਕਾ ਨੂੰ ਸਵੀਕਾਰ ਕੀਤਾ।

# ਭੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Look at the two letter words you made last week with letters ਤ, ਥ, ਦ, ਧ, ਨ See if you add more letters to make three or four letter mukta words ............or construct some new words

ਸਿੱਖਿਆ - ਗੁਰਮੁਖੀ Page 53 Level I

# ਲੰਡਨ ਤੋਂ ਬ੍ਰਮਿੰਘਮ ਲਈ ਬਣ ਲਈ ਰੇਲ ਪਟੜੀ ਦੀ ਖੁਦਾਈ ਦੌਰਾਨ ਸੋਨੇ ਦੇ ਦੰਦਾਂ ਸਣੇ ਹਜ਼ਾਰਾਂ ਸਾਲ ਪੁਰਾਣੀਆਂ ਇਤਿਹਾਸਿਕ ਚੀਜ਼ਾਂ ਮਿਲੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਤੋਂ ਬ੍ਰਮਿੰਘਮ ਤੱਕ ਦੇ ਸਫ਼ਰ ਨੂੰ ਤੇਜ਼ ਅਤੇ ਸੁਖਾਲਾ ਕਰਨ ਲਈ ਨਵੀਂ ਰੇਲ ਸੇਵਾ ਸ਼ੁਰੂ ਕਰਨ ਲਈ ਖੁਦਾਈ ਕੰਮ ਲੱਗਭੱਗ ਮੁਕੰਮਲ ਹੋ ਗਿਆ ਹੈ। ਖੁਦਾਈ ਦਾ ਕੰਮ 2018 ਵਿੱਚ ਸ਼ੁਰੂ ਹੋਇਆ ਸੀ ਅਤੇ 2033 ਤੱਕ ਰੇਲ ਸੇਵਾ ਸ਼ੁਰੂ ਹੋਣ ਦਾ ਅਨੁਮਾਨ ਹੈ। ਭਾਵੇਂ ਕਿ ਇਹ ਰੇਲ ਸੇਵਾ ਮਾਨਚੈਸਟਰ ਤੱਕ ਸੀ, ਪਰ ਵਿੱਤੀ ਕਾਰਨਾਂ ਕਰਕੇ ਇਸ ਨੂੰ ਸਿਰਫ ਬ੍ਰਮਿੰਘਮ ਤੱਕ ਹੀ ਸੀਮਤ ਰੱਖਿਆ ਗਿਆ।

ਰੇਲ ਸੇਵਾ ਲਈ ਕੀਤੀ ਗਈ ਖੁਦਾਈ ਦੌਰਾਨ ਲਗਭਗ 4 ਲੱਖ 50 ਹਜ਼ਾਰ ਪੁਰਾਤਣ ਵਸਤਾਂ ਮਿਲੀਆਂ ਹਨ, ਜਿਹਨਾਂ ਨੂੰ ਇੱਕ ਗੁਪਤ ਗੋਦਾਮ ਵਿੱਚ 7300 ਡੱਬਿਆਂ ਵਿੱਚ ਸੰਭਾਲਿਆ ਹੋਇਆ ਹੈ, ਬੀ ਬੀ ਸੀ ਦੀ ਰਿਪੋਰਟ ਅਨੁਸਾਰ ਇਹ ਯੌਰਕਸ਼ਾਇਰ ਵਿੱਚ ਕਿਸੇ ਥਾਂ ਹੈ। ਜਿਹਨਾਂ ਵਿੱਚ ਇੱਕ ਸੰਭਾਵਿਤ ਰੋਮਨ ਗਲੇਡੀਏਟਰ ਦਾ ਟੈਗ, 40 ਹਜ਼ਾਰ ਸਾਲ ਤੋਂ ਵੀ ਪੁਰਾਣੀ ਪੱਥਰ ਦੀ ਕੁਲਹਾੜੀ ਅਤੇ 19ਵੀਂ ਸਦੀ ਦੇ ਸੋਨੇ ਦੇ ਨਕਲੀ ਦੰਦ ਸ਼ਾਮਲ ਹਨ।


ਐਚ ਐਸ 2 ਰੇਲਵੇ ਲਾਇਨ ਦੀ ਖੁਦਾਈ ਦੌਰਾਨ ਮਿਲੀਆਂ ਵਸਤੂਆਂ

ਯੂ ਕੇ ਵਿੱਚ ਵੱਡੇ ਨਿਰਮਾਣ ਪ੍ਰੋਜੈਕਟਾਂ ਤੋਂ ਪਹਿਲਾਂ ਪੁਰਾਤਤਵ ਜਾਂਚ ਲਾਜ਼ਮੀ ਹੁੰਦੀ ਹੈ, ਤਾਂ ਜੋ ਇਤਿਹਾਸਕ ਵਿਰਾਸਤ ਨੂੰ ਬਚਾਇਆ ਜਾ ਸਕੇ। 2018 ਤੋਂ ਲੈ ਕੇ ਹੁਣ ਤੱਕ ਐਚ ਐਸ 2 ਦੇ ਲੰਡਨ ਤੋਂ ਬ੍ਰਮਿੰਘਮ ਰੂਟ 'ਤੇ ਕਰੀਬ 1,000 ਪੁਰਾਤਤਵ ਵਿਦਵਾਨਾਂ ਨੇ 60 ਥਾਵਾਂ 'ਤੇ ਖੁਦਾਈ ਕੀਤੀ। ਭਾਵੇਂ ਕਿ ਇਹਨਾਂ ਵਸਤਾਂ ਦੇ ਭਵਿੱਖ ਬਾਰੇ ਕੁਝ ਵੀ ਤੈਅ ਨਹੀਂ ਹੈ ਕਿ ਇਹਨਾ ਨੂੰ ਕਿੱਥੇ ਰੱਖਿਆ ਜਾਵੇਗਾ ਜਾਂ ਇਸ ਦਾ ਮਾਲਕ ਕੌਣ ਹੋਵੇਗਾ। ਪਰ ਹਿਸਟੋਰਿਕ ਇੰਗਲੈਂਡ ਨੇ ਕਿਹਾ ਕਿ ਇਨ੍ਹਾਂ ਖੋਜਾਂ ਰਾਹੀਂ ਪਿਛਲੇ 10 ਹਜ਼ਾਰ ਸਾਲਾਂ ਦੇ ਦਿਲਚਸਪ ਵਰਤਾਰੇ ਸਾਹਮਣੇ ਆਏ ਹਨ।

ਐਚ ਐਸ 2 ਦੇ ਮੁੱਖ ਕਾਰਜਕਾਰੀ ਅਧਿਕਾਰੀ ਮਾਰਕ ਵਾਈਲਡ ਨੇ ਕਿਹਾ ਕਿ ਮਾਹਰ ਪੁਰਾਤਤਵ ਟੀਮ ਅਤੇ ਠੇਕੇਦਾਰਾਂ ਨੇ ਕਈ ਸਥਾਨਾਂ 'ਤੇ ਬੜੀ ਸਾਵਧਾਨੀ ਨਾਲ ਖੁਦਾਈ ਕੀਤੀ ਹੈ। ਨਾਰਥਹੈਂਪਟਨਸ਼ਾਇਰ ਬੈਟਲਫੀਲਡਜ਼ ਸੋਸਾਇਟੀ ਦੇ ਚੇਅਰਮੈਨ ਅਤੇ ਇਤਿਹਾਸਕਾਰ ਗ੍ਰਾਹਮ ਇਵਾਂਸ ਨੇ ਕਿਹਾ ਕਿ ਐਚ ਐਸ 2 ਬਾਰੇ ਚੰਗੀ ਜਾਂ ਮਾੜੀ ਬਹਿਸ ਹੋ ਸਕਦੀ ਹੈ, ਪਰ ਜੇ ਖੁਦਾਈ ਅਤੇ ਪੁਰਾਤਤਵ ਖੋਜ ਨਾ ਕੀਤੀ ਜਾਂਦੀ, ਤਾਂ ਇਹ ਹੋਰ ਵੀ ਵੱਡਾ ਦੁੱਖਦਾਈ ਕੰਮ ਹੁੰਦਾ। ਖੁਦਾਈ ਦੌਰਾਨ ਰੋਮਨ ਸਿੱਕੇ, ਮੂਰਤੀਆਂ ਦੇ ਸਿਰ ਅਤੇ 13ਵੀਂ-14ਵੀਂ ਸਦੀ ਦਾ ਸੋਨੇ ਦਾ 'ਥ੍ਰੀ ਲਾਇਨਜ਼' ਲਾਕਟ ਮਿਲਿਆ ਹੈ। ਗੋਦਾਮ ਵਿੱਚ 1799 ਦਾ ਇੱਕ ਖਾਲੀ ਤਾਬੂਤ ਹੈ। ਇਥੇ ਮਿਲੀ ਇੱਕ ਪੈਲਿਓਲਿਥਿਕ ਪੱਥਰ ਦੀ ਕੁਲਹਾੜੀ ਜੋ 40 ਹਜ਼ਾਰ ਸਾਲ ਤੋਂ ਵੀ ਪੁਰਾਣੀ ਹੈ ਅਤੇ ਇਹ ਨੀਆਂਡਰਥਾਲ ਜਾਂ ਮਨੁੱਖ ਦੀ ਕਿਸੇ ਹੋਰ ਪੁਰਾਤਨ ਪ੍ਰਜਾਤੀ ਵੱਲੋਂ ਬਣਾਈ ਗਈ ਹੋ ਸਕਦੀ ਹੈ। ਪਤਲੀ ਹੱਡੀ ਤੋਂ ਬਣਿਆ ਇਹ ਛੋਟਾ ਟੁਕੜਾ ਜਿਸ 'ਤੇ ਡੋਮਾਈਨ ਵਿਨਕਸ ਉੱਕਰਿਆ ਹੈ, ਇਹ ਨਾਰਥਹੈਂਪਟਨਸ਼ਾਇਰ ਤੋਂ ਮਿਲਿਆ ਸੀ, ਇਹ ਕਿਸੇ ਸਰਗਰਮ ਜਾਂ ਸਾਬਕਾ ਰੋਮਨ ਗਲੇਡੀਏਟਰ ਦਾ ਹੋ ਸਕਦਾ ਹੈ। ਇੱਕ ਵੱਡੇ ਮਿੱਟੀ ਦੇ ਬਰਤਨ ਵਿੱਚ ਮਨੁੱਖੀ ਅਸਥੀਆਂ ਸਨ ਅਤੇ ਉਸਦੇ ਢੱਕਣ 'ਤੇ ਯ ਦਾ ਨਿਸ਼ਾਨ ਸੀ। ਗਾਂ ਦੀ ਹੱਡੀ ਤੋਂ ਬਣੀ ਧਾਗਾ ਕੱਤਣ ਵੇਲੇ ਭਾਰ ਦੇਣ ਲਈ ਵਰਤੀ ਜਾਂਦੀ ਇੱਕ ਗੋਲ ਅਕਾਰ ਦੀ ਵਸਤੂ ਬਕਿੰਘਮਸ਼ਾਇਰ ਦੇ ਬਿਸ਼ਪਸਟੋਨ ਨੇੜਲੇ ਖੇਤਾਂ ਚੋਂ ਮਿਲੀ ਸੀ। 19ਵੀਂ ਸਦੀ ਦੇ ਮੰਨੇ ਜਾਂਦੇ ਹੇਠਲੇ ਜਬੜੇ ਦੇ ਸੋਨੇ ਦੇ ਨਕਲੀ ਦੰਦ, ਜੋ ਸਟੋਕ ਮਾਂਡੇਵਿਲ ਦੇ ਸੇਂਟ ਮੇਰੀਜ਼ ਓਲਡ ਚਰਚ ਤੋਂ ਮਿਲੇ। ਇਸ ਵਿੱਚ ਛੇ ਦੰਦ ਹਨ ਅਤੇ ਅੰਦਰਲੇ ਪਾਸੇ ਨੰਬਰਾਂ ਦੀ ਮੁਹਰ ਵੀ ਲੱਗੀ ਹੋਈ ਹੈ। ਪ੍ਰੋਜੈਕਟ ਦੀ ਆਰਕਾਈਵ ਮੈਨੇਜਰ ਸ਼ਾਰਲਟ ਸੈਲਫ਼ ਨੇ ਕਿਹਾ ਕਿ ਉਹ ਚਾਹੁੰਦੀ ਹੈ ਕਿ ਕਿ ਇਨ੍ਹਾਂ ਵਸਤਾਂ ਨੂੰ ਉਨ੍ਹਾਂ ਥਾਵਾਂ ਦੇ ਨੇੜਲੇ ਸਥਾਨਕ ਅਜਾਇਬ ਘਰਾਂ ਵਿੱਚ ਰੱਖਿਆ ਜਾਵੇ, ਜਿੱਥੋਂ ਇਹ ਮਿਲੀਆਂ ਸਨ।

## ਪੁਲਿਸ ਦੁਆਰਾ ਵਰਤੀ ਜਾਣ ਵਾਲੀ "ਚਿਹਰੇ ਦੀ ਪਛਾਣ ਤਕਨਾਲੋਜੀ" ਦੇ ਨਤੀਜੇ ਬਹੁਤ ਸਹੀ ਹਨ- ਹੁਣ ਤੱਕ ਪੁਲਿਸ ਨੇ ਕੀਤੀਆਂ 1,700 ਗ੍ਰਿਫਤਾਰੀਆਂ



ਲੰਡਨ ਵਿੱਚ ਚਿਹਰਾ ਪਹਿਚਾਨਣ ਵਾਲੀ ਤਕਨਾਲੋਜੀ ਨਾਲ ਲੈਸ ਵੈਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਅਤੇ ਵੇਲਜ਼ ਵਿੱਚ ਪੁਲਿਸ ਵੱਲੋਂ ਵਰਤੀ ਜਾਣ ਵਾਲੀ "ਚਿਹਰੇ ਦੀ ਪਛਾਣ ਤਕਨਾਲੋਜੀ" ਦੇ ਨਤੀਜਿਆਂ ਤੋਂ ਸੰਤੁਸ਼ਟ ਯੂ ਕੇ ਸਰਕਾਰ ਨੇ ਇਸ ਦੀ ਵਰਤੋਂ ਵਿੱਚ ਵਾਧੇ ਦੇ ਸੰਕੇਤ ਦਿੱਤੇ ਹਨ। ਲਾਈਵ ਚਿਹਰੇ ਦੀ ਪਛਾਣ ਵਾਲੀਆਂ ਵੈਨਾਂ ਦੀ ਗਿਣਤੀ ਦਸ ਤੋਂ ਵਧਾ ਕੇ ਹੁਣ 50 ਕਰਨ ਦੀ ਤਿਆਰੀ ਹੈ, ਜਿਸ ਨਾਲ ਇੰਗਲੈਂਡ ਅਤੇ ਵੇਲਜ਼ ਵਿੱਚ ਹਰੇਕ ਪੁਲਿਸ ਫੋਰਸ ਲਈ ਉਪਲਬਧ ਹੋ ਜਾਣਗੀਆਂ। ਯੋਜਨਾ ਵਿੱਚ ਇੱਕ ਰਾਸ਼ਟਰੀ ਚਿਹਰੇ ਦੀ ਪਛਾਣ ਪ੍ਰਣਾਲੀ ਲਈ 26 ਮਿਲੀਅਨ ਪੌਂਡ ਅਤੇ ਲਾਈਵ ਚਿਹਰੇ ਦੀ ਪਛਾਣ ਤਕਨਾਲੋਜੀ 'ਤੇ 11.6 ਮਿਲੀਅਨ ਪੌਂਡ ਦੇ ਨਿਵੇਸ਼ ਦਾ ਵਾਅਦਾ ਕੀਤਾ ਗਿਆ ਹੈ। ਇਹ ਐਲਾਨ ਸਰਕਾਰ ਦੇ ਅਜਿਹੀ ਤਕਨਾਲੋਜੀ ਦੀ ਪੁਲਿਸ ਵਰਤੋਂ ਬਾਰੇ 12-ਹਫ਼ਤੇ ਦੇ ਜਨਤਕ ਸਲਾਹ-ਮਸ਼ਵਰੇ ਦੌਰਾਨ ਆਇਆ ਹੈ।

ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਦਾਅਵਾ ਕੀਤਾ ਹੈ ਕਿ ਚਿਹਰੇ ਦੀ ਪਛਾਣ ਤਕਨਾਲੋਜੀ ਦੀ ਵਰਤੋਂ ਕਰਕੇ "ਇਕੱਲੇ ਮੈਟ ।ਪੁਲਿਸ ਫੋਰਸ॥ ਨੇ 1,700 ਗ੍ਰਿਫਤਾਰੀਆਂ ਕੀਤੀਆਂ ਹਨ। ਮੈਨੂੰ ਲੱਗਦਾ ਹੈ ਕਿ ਅਪਰਾਧ ਨਾਲ ਨਜਿੱਠਣ ਲਈ ਸਾਰਥਕ ਸਾਬਤ ਹੋਵੇਗੀ। ਅਸੀਂ 2020 ਤੋਂ ਦੁਨੀਆ ਭਰ ਵਿੱਚ ਇਸ ਤਕਨਾਲੋਜੀ ਦੀ ਵਰਤੋਂ ਪ੍ਰਤੀ ਜਨਤਕ ਰਵੱਈਏ ਦੀ ਖੋਜ ਕਰ ਰਹੇ ਹਾਂ। ਜੋ ਲਗਾਤਾਰ ਵਿਕਸਤ ਹੋ ਰਹੇ ਹਨ, ਅਸੀਂ ਪਾਇਆ ਹੈ ਕਿ ਇਸ ਬਾਰੇ ਲੋਕਾਂ ਦੀ ਜਾਗਰੂਕਤਾ ਹਮੇਸ਼ਾਂ ਅੱਪ ਟੂ ਡੇਟ ਨਹੀਂ ਹੁੰਦੀ। ਯੂ ਕੇ ਵਿੱਚ ਇਸ ਤਕਨਾਲੋਜੀ ਦੀ ਵਰਤੋਂ ਹੁਣ ਤੱਕ ਪੁਲਿਸ ਦੁਆਰਾ ਤਿੰਨ ਮੁੱਖ ਤਰੀਕਿਆਂ ਨਾਲ ਕੀਤੀ ਗਈ ਹੈ। ਯੂ ਕੇ ਦੀਆਂ ਸਾਰੀਆਂ ਫੌਜਾਂ ਕੋਲ ਸੀ ਸੀ ਟੀ ਵੀ ਤੋਂ ਲਈਆਂ ਗਈਆਂ ਤਸਵੀਰਾਂ ਦੇ ਵਿਸ਼ਲੇਸ਼ਣ ਲਈ ਚਿਹਰੇ ਦੀ ਪਛਾਣ ਦੀ ਵਰਤੋਂ ਕਰਨ ਦੀ ਸਮਰੱਥਾ ਹੈ। ਸ਼ੱਕੀਆਂ ਦੀ ਪਛਾਣ ਕਰਨ ਲਈ 43 ਵਿੱਚੋਂ 13 ਫੋਰਸਾਂ ਜਨਤਕ ਥਾਵਾਂ 'ਤੇ ਲੋੜੀਂਦੇ ਜਾਂ ਲਾਪਤਾ ਵਿਅਕਤੀਆਂ ਦਾ ਪਤਾ ਲਗਾਉਣ ਲਈ ਲਾਈਵ ਚਿਹਰੇ ਦੀ ਪਛਾਣ ਦੀ ਵਰਤੋਂ ਵੀ ਕਰਦੀਆਂ ਹਨ। ਲੰਡਨ ਵਿੱਚ ਨਵੀਂ ਤਕਨਾਲੋਜੀ ਨਾਲ ਲੈਸ ਵੈਨ ਨੂੰ ਅਕਸਰ ਵੇਖਿਆ ਜਾਂਦਾ ਹੈ।

## ਡੀ ਮੋਂਟਫੋਰਟ ਯੂਨੀਵਰਸਿਟੀ ਦੇ ਵਿਦਿਆਰਥੀ ਦੀ ਛੁਰੇਬਾਜ਼ੀ 'ਚ ਮੌਤ, 18 ਸਾਲਾ ਨੌਜਵਾਨ ਕਾਬੂ


ਘਟਨਾ ਸਥਾਨ ਤੇ ਪੁੱਜੀ ਪੁਲਿਸ ਜਾਂਚ ਕਰਦੀ ਹੋਈ।

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਲੈਸਟਰ ਵਿੱਚ ਸਥਿਤ ਡੀ ਮੋਂਟਫੋਰਟ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਦੀ ਛੁਰੇਬਾਜ਼ੀ ਦੀ ਘਟਨਾ ਦੌਰਾਨ ਮੌਤ ਹੋ ਜਾਣ ਦੀ ਪੁਸ਼ਟੀ ਹੋਈ ਹੈ। ਇਸ ਦੁੱਖਦਾਇਕ ਘਟਨਾ ਤੋਂ ਬਾਅਦ ਪੁਲਿਸ ਵੱਲੋਂ 18 ਸਾਲਾ ਨੌਜਵਾਨ ਨੂੰ ਕਾਬੂ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਡੀ ਮੋਂਟਫੋਰਟ ਯੂਨੀਵਰਸਿਟੀ ਲੈਸਟਰ ਦੀ ਇੱਕ ਪ੍ਰਸਿੱਧ ਉੱਚ ਸਿੱਖਿਆ ਸੰਸਥਾ ਹੈ, ਜੋ ਕਲਾ, ਵਿਗਿਆਨ, ਸਿਹਤ ਸੇਵਾਵਾਂ, ਕਾਨੂੰਨ ਅਤੇ ਤਕਨੀਕੀ ਵਿਸ਼ਿਆਂ ਦੀ ਪੜ੍ਹਾਈ ਲਈ ਜਾਣੀ ਜਾਂਦੀ ਹੈ। ਇਹ ਯੂਨੀਵਰਸਿਟੀ ਦੇਸ਼ ਅਤੇ ਵਿਦੇਸ਼ ਤੋਂ ਆਏ ਹਜ਼ਾਰਾਂ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਦੀ ਹੈ ਅਤੇ ਲੈਸਟਰ ਸ਼ਹਿਰ ਦੀ ਸਮਾਜਿਕ ਅਤੇ ਆਰਥਿਕ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਮੰਨੀ ਜਾਂਦੀ ਹੈ।

ਪੁਲਿਸ ਅਨੁਸਾਰ ਛੁਰੇਬਾਜ਼ੀ ਦੀ ਇਹ ਘਟਨਾ ਯੂਨੀਵਰਸਿਟੀ ਦੇ ਨੇੜਲੇ ਇਲਾਕੇ ਵਿੱਚ ਵਾਪਰੀ, ਜਿੱਥੇ ਅਣਪਛਾਤੇ ਵਿਅਕਤੀਆਂ ਵੱਲੋਂ ਵਿਦਿਆਰਥੀ 'ਤੇ ਹਮਲਾ ਕੀਤਾ ਗਿਆ। ਗੰਭੀਰ ਜ਼ਖ਼ਮੀ ਹਾਲਤ ਵਿੱਚ ਉਸਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਪਰ ਇਲਾਜ ਦੌਰਾਨ ਉਸਦੀ ਮੌਤ ਹੋ ਗਈ।

ਯੂਨੀਵਰਸਿਟੀ ਪ੍ਰਬੰਧਨ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਘਟਨਾ ਪੂਰੇ ਵਿਦਿਆਰਥੀ ਵਰਗ ਅਤੇ ਕਰਮਚਾਰੀਆਂ ਲਈ ਬਹੁਤ ਵੱਡਾ ਸਦਮਾ ਹੈ। ਪ੍ਰਬੰਧਨ ਨੇ ਮ੍ਰਿਤਕ ਵਿਦਿਆਰਥੀ ਦੇ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਯੂਨੀਵਰਸਿਟੀ ਪੂਰੀ ਤਰ੍ਹਾਂ ਪਰਿਵਾਰ ਦੇ ਨਾਲ ਖੜ੍ਹੀ ਹੈ। ਵਿਦਿਆਰਥੀਆਂ ਅਤੇ ਸਟਾਫ਼ ਲਈ ਮਾਨਸਿਕ ਸਹਾਇਤਾ ਦੀ ਵਿਵਸਥਾ ਵੀ ਕੀਤੀ ਗਈ ਹੈ।ਪੁਲਿਸ ਵੱਲੋਂ ਦੱਸਿਆ ਗਿਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਤੋਂ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਘਟਨਾ ਨਾਲ ਜੁੜੇ ਸਾਰੇ ਪੱਖਾਂ ਦੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਸਥਾਨ ਦੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਗਈ ਹੈ। ਇਸ ਘਟਨਾ ਤੋਂ ਬਾਅਦ ਲੈਸਟਰ ਸ਼ਹਿਰ ਵਿੱਚ ਖ਼ਾਸ ਕਰਕੇ ਯੂਨੀਵਰਸਿਟੀ ਇਲਾਕਿਆਂ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਚਿੰਤਾ ਵਧ ਗਈ ਹੈ। ਵਿਦਿਆਰਥੀਆਂ ਅਤੇ ਸਥਾਨਕ ਵਸਨੀਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਅਜਿਹੀਆਂ ਦੁਖਦਾਇਕ ਘਟਨਾਵਾਂ ਦੀ ਦੁਹਰਾਈ ਰੋਕਣ ਲਈ ਠੋਸ ਕਦਮ ਚੁੱਕੇ ਜਾਣ।

# ਨਾਭਾ ਰਿਆਸਤ ਦੇ ਵਾਰਸ ਕੁੰਵਰ ਅਭੀ ਉਦੈ ਪ੍ਰਤਾਪ ਸਿੰਘ ਦੀ ਦਸਤਾਰਬੰਦੀ ਹੋਈ

## ✪ 124 ਸਾਲ ਬਾਅਦ ਮੁੜ ਸ਼ੁਰੂ ਹੋਈ ਪੁਰਾਣੀ ਰਾਇਲ ਰਵਾਇਤ



ਨਾਭਾ (ਪੰਜਾਬ)-ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਵੰਸ਼ਜ ਅਤੇ 13 ਸਾਲਾ ਕੁੰਵਰ ਅਭੀ ਉਦੈ ਪ੍ਰਤਾਪ ਸਿੰਘ (ਜਿਸ ਨੂੰ ਅਭਿਉਦੈ ਪ੍ਰਤਾਪ ਸਿੰਘ ਵੀ ਕਿਹਾ ਜਾਂਦਾ ਹੈ) ਦੀ ਦਸਤਾਰਬੰਦੀ ਸਮਾਗਮ ਨੇ ਪੰਜਾਬ ਵਿੱਚ ਇੱਕ ਨਵੀਂ ਰੌਣਕ ਭਰ ਦਿੱਤੀ ਹੈ। ਇਹ ਸਮਾਗਮ 2 ਫਰਵਰੀ 2026 ਨੂੰ ਨਾਭਾ ਦੇ ਐਤਿਹਾਸਕ ਹੀਰਾ ਮਹਿਲ ਵਿਖੇ ਹੋਇਆ, ਜਿੱਥੇ 124 ਸਾਲ ਬਾਅਦ ਇੱਕ ਵੱਡੇ ਪੱਧਰ 'ਤੇ ਸਿੱਖ ਰਵਾਇਤ ਅਨੁਸਾਰ ਅਖੰਡ ਪਾਠ ਸਾਹਿਬ ਅਤੇ ਦਸਤਾਰਬੰਦੀ ਦੀ ਰਸਮ ਨਿਭਾਈ ਗਈ। ਇਹ ਘਟਨਾ ਨਾ ਸਿਰਫ਼ ਸਿੱਖ ਪੰਥ ਲਈ ਖੁਸ਼ੀ ਵਾਲੀ ਹੈ, ਸਗੋਂ ਨਾਭਾ ਰਿਆਸਤ ਦੀ ਪੁਰਾਣੀ ਵਿਰਾਸਤ ਨੂੰ ਮੁੜ ਜਿਉਂਦਾ ਕਰਨ ਵਾਲੀ ਵੀ ਹੈ।

ਕੁੰਵਰ ਅਭੀ ਉਦੈ ਪ੍ਰਤਾਪ ਸਿੰਘ ਮਹਾਰਾਜਾ ਰਿਪੁਦਮਨ ਸਿੰਘ ਦੇ ਪੜ-ਪੋਤਰੇ ਹਨ। ਉਹ ਰਾਜਾ ਭਾਨੂ ਪ੍ਰਤਾਪ ਸਿੰਘ ਅਤੇ ਰਾਣੀ ਪ੍ਰੀਤੀ ਕੌਰ ਨਾਭਾ ਦੇ ਪੁੱਤਰ ਹਨ। ਪਰਿਵਾਰ ਨੇ ਦੱਸਿਆ ਕਿ ਪਿਛਲੀਆਂ ਦੋ ਪੀੜ੍ਹੀਆਂ ਤੋਂ ਬਾਅਦ ਪਹਿਲੀ ਵਾਰ ਨਾਭਾ ਰਾਇਲ ਪਰਿਵਾਰ ਵਿੱਚ ਕਿਸੇ ਨੇ ਕੇਸ਼ ਰੱਖੇ ਅਤੇ ਦਸਤਾਰਬੰਦੀ ਦੀ ਰਸਮ ਨਿਭਾਈ ਹੈ। ਆਖਰੀ ਵਾਰ ਅਜਿਹਾ ਸਮਾਗਮ ਮਹਾਰਾਜਾ ਹੀਰਾ ਸਿੰਘ ਦੇ ਸਮੇਂ ਵਿੱਚ ਹੋਇਆ ਸੀ, ਜੋ 124 ਸਾਲ ਪਹਿਲਾਂ ਦੀ ਗੱਲ ਹੈ।

ਸਮਾਗਮ ਦੌਰਾਨ ਹੀਰਾ ਮਹਿਲ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਕੁੰਵਰ ਅਭੀ ਨੇ ਰਾਇਲ ਲਿਬਾਸ ਅਤੇ ਜਵਾਹਰਾਤ ਪਹਿਨੇ, ਹਾਥੀ 'ਤੇ ਸਵਾਰ ਹੋਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਦਸਤਾਰ ਗ੍ਰਹਿਣ ਕੀਤੀ। ਇਹ ਰਸਮ ਸਿੱਖ ਧਰਮ ਵਿੱਚ ਬਹੁਤ ਪਵਿੱਤਰ ਮੰਨੀ ਜਾਂਦੀ ਹੈ ਅਤੇ ਇਸ ਨੂੰ ਵਿਆਹ ਤੋਂ ਵੀ ਵੱਡਾ ਦੱਸਿਆ ਜਾਂਦਾ ਹੈ।

ਸਮਾਗਮ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਧਾਰਮਿਕ ਅਤੇ ਸਿਆਸੀ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਇਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਰਾਧਾ ਸੋਆਮੀ ਸਤਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਤਰਨਪ੍ਰੀਤ ਸਿੰਘ ਸੋਂਦ, ਤਖ਼ਸਾਲੀ ਅਕਾਲੀ ਆਗੂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਸ਼ਾਮਲ ਸਨ। ਅਗਲੇ ਦਿਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਹੀਰਾ ਮਹਿਲ ਪਹੁੰਚੇ ਅਤੇ ਪਰਿਵਾਰ ਨੂੰ ਮਿਲੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਥਕ ਰਵਾਇਤ ਅਨੁਸਾਰ ਦਸਤਾਰ ਭੇਟ ਕੀਤੀ ਅਤੇ ਕਿਹਾ ਕਿ ਮਹਾਰਾਜਾ ਰਿਪੁਦਮਨ ਸਿੰਘ ਨੇ ਸਿੱਖ ਪੰਥ ਅਤੇ ਆਜ਼ਾਦੀ ਦੇ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਦੇ ਵੰਸ਼ਜ ਨੂੰ ਪੰਥ ਨਾਲ ਜੁੜਦੇ ਵੇਖ ਕੇ ਖੁਸ਼ੀ ਹੋ ਰਹੀ ਹੈ ਅਤੇ ਭਵਿੱਖ ਵਿੱਚ ਅਭੀ ਉਦੈ ਪ੍ਰਤਾਪ ਸਿੰਘ ਪੰਥਕ ਸੋਚ ਨੂੰ ਅੱਗੇ ਵਧਾਉਣਗੇ।

ਕੁੰਵਰ ਅਭੀ ਉਦੈ ਪ੍ਰਤਾਪ ਸਿੰਘ ਨੇ ਆਪਣੀ ਮਾਂ ਰਾਣੀ ਪ੍ਰੀਤੀ ਕੌਰ ਅਤੇ ਦਾਦੀ ਰਾਜਮਾਤਾ ਉਮਾ ਸਿੰਘ ਨਾਭਾ ਤੋਂ ਪੁਰਾਣੀਆਂ ਕਹਾਣੀਆਂ ਸੁਣੀਆਂ ਅਤੇ ਆਪਣੀ ਵੰਸ਼ਾਵਲੀ ਬਾਰੇ ਪੜ੍ਹਿਆ। ਉਹ ਕਹਿੰਦੇ ਹਨ, "ਮੈਨੂੰ ਸਿੱਖ ਹੋਣ 'ਤੇ ਮਾਣ ਹੈ। ਅਸੀਂ ਆਪਣਾ ਇਤਿਹਾਸ ਨਹੀਂ ਮਰਨ ਦੇਣਾ ਚਾਹੁੰਦੇ।" ਉਹ ਪੰਜਾਬ ਪਬਲਿਕ ਸਕੂਲ, ਨਾਭਾ ਵਿੱਚ ਕਲਾਸ 8 ਵਿੱਚ ਪੜ੍ਹਦੇ ਹਨ। ਪਰਿਵਾਰ 2021 ਵਿੱਚ ਦਿੱਲੀ ਤੋਂ ਵਾਪਸ ਹੀਰਾ ਮਹਿਲ ਆ ਗਿਆ ਸੀ ਕਿਉਂਕਿ ਅਭੀ ਨੇ ਆਪਣੇ ਜੜ੍ਹਾਂ ਵੱਲ ਵਾਪਸ ਜਾਣਾ ਚਾਹਿਆ ਸੀ।

ਰਾਣੀ ਪ੍ਰੀਤੀ ਕੌਰ ਨੇ ਕਿਹਾ ਕਿ ਇਹ ਰਸਮ ਜ਼ਿਆਦਾ ਸਿੱਖ ਰੀਤ ਹੈ, ਰਾਜਸੀ ਨਹੀਂ। ਅਸੀਂ ਅੱਜ ਸਧਾਰਣ ਲੋਕ ਹਾਂ ਅਤੇ ਰਾਜਾ-ਰਾਣੀ ਵਰਗੇ ਖਿਤਾਬਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ। ਰਾਇਲ ਟੱਚ ਸਿਰਫ਼ ਪ੍ਰਤੀਕਾਤਮਕ ਸੀ।

ਇਸ ਸਮਾਗਮ ਨੇ ਨਾਭਾ ਰਿਆਸਤ ਦੀ ਫੁੱਲਕੀਆਂ ਵੰਸ਼ ਦੀ ਵਿਰਾਸਤ ਨੂੰ ਮੁੜ ਜਿਉਂਦਾ ਕੀਤਾ। ਮਹਾਰਾਜਾ ਰਿਪੁਦਮਨ ਸਿੰਘ ਨੂੰ ਬ੍ਰਿਟਿਸ਼ਾਂ ਨੇ ਅਕਾਲੀ ਲਹਿਰ ਅਤੇ ਰਾਸ਼ਟਰਵਾਦੀ ਵਿਚਾਰਾਂ ਕਰਕੇ ਕੈਦ ਕਰ ਲਿਆ ਸੀ। ਉਨ੍ਹਾਂ ਦੇ ਪੁੱਤਰ ਮਹਾਰਾਜਾ ਪ੍ਰਤਾਪ ਸਿੰਘ ਆਖਰੀ ਰਾਜਾ ਸਨ, ਜਿਨ੍ਹਾਂ ਨੇ 1948 ਵਿੱਚ ਰਿਆਸਤਾਂ ਦੇ ਭਾਰਤ ਵਿੱਚ ਵਿਲੀਨ ਹੋਣ ਤੱਕ ਰਾਜ ਕੀਤਾ।

ਇਹ ਦਸਤਾਰਬੰਦੀ ਨਾ ਸਿਰਫ਼ ਇੱਕ ਪਰਿਵਾਰਕ ਸਮਾਗਮ ਸੀ, ਸਗੋਂ ਸਿੱਖ ਰਵਾਇਤਾਂ ਅਤੇ ਪੰਜਾਬੀ ਵਿਰਾਸਤ ਨੂੰ ਮੁੜ ਸੁਰਜੀਤ ਕਰਨ ਦਾ ਪ੍ਰਤੀਕ ਵੀ ਬਣੀ। ਲੋਕਾਂ ਵਿੱਚ ਇਸ ਨੂੰ ਲੈ ਕੇ ਮਿਸ਼ਰਤ ਪ੍ਰਤੀਕਿਰਿਆਵਾਂ ਵੀ ਆਈਆਂ - ਕੁਝ ਨੇ ਇਸ ਨੂੰ ਵਧਾਈ ਦਿੱਤੀ, ਜਦਕਿ ਕੁਝ ਨੇ ਲੋਕਤੰਤਰ ਵਿੱਚ ਰਾਜਸੀ ਰਸਮਾਂ ਦੀ ਪ੍ਰਸੰਗਿਕਤਾ 'ਤੇ ਸਵਾਲ ਉਠਾਏ। ਪਰ ਇਹ ਘਟਨਾ ਨਿਸ਼ਚਿਤ ਤੌਰ 'ਤੇ ਪੰਜਾਬ ਦੇ ਇਤਿਹਾਸ ਵਿੱਚ ਇੱਕ ਯਾਦਗਾਰੀ ਪੰਨਾ ਜੋੜਦੀ ਹੈ।

## ਸਿੱਖ ਧਰਮ ਦੀ ਮਾਣ-ਮਰਿਆਦਾ ਬਚਾਉਣ ਲਈ ਸ਼੍ਰੋਮਣੀ ਕਮੇਟੀ ਨੇ ਏਆਈ ਐਕਸਪਰਟ ਕਮੇਟੀ ਬਣਾਈ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੋਸ਼ਲ ਮੀਡੀਆ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਿੱਖ ਧਰਮ ਵਿਰੋਧੀ ਪ੍ਰਚਾਰ ਅਤੇ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਸਮੱਗਰੀ (ਵੀਡੀਓ ਆਦਿ) ਰੋਕਣ ਲਈ ਇੱਕ ਸਬ-ਕਮੇਟੀ ਗਠਿਤ ਕੀਤੀ ਹੈ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਬਣਾਈ ਇਸ ਕਮੇਟੀ ਵਿੱਚ ਅੀ ਮਾਹਿਰਾਂ ਸਮੇਤ ਡਾ. ਹਰਜਿੰਦਰ ਸਿੰਘ ਸੰਧੂ (ਅਮਰੀਕਾ), ਹਰਮੀਤ ਸ਼ਾਹ ਸਿੰਘ (ਯੂਕੇ) ਆਦਿ ਸ਼ਾਮਲ ਹਨ।

## ਸ੍ਰੀ ਗੁਰੂ ਹਰਿ ਰਾਇ ਜੀ ਤੇ ਬਾਬਾ ਦੀਪ ਸਿੰਘ ਜੀ ਨੂੰ ਸਮਰਪਿਤ ਲੈਸਟਰ ਵਿਖੇ ਮਹਾਨ ਗੁਰਮਤਿ ਸਮਾਗਮ





ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਧਰਮ ਪ੍ਰਚਾਰ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਾਹਿਬ ਲੈਸਟਰ ਵਿਖੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਤੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਪਾਵਨ ਜਨਮ ਦਿਹਾੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਇਸ ਸਬੰਧ ਵਿੱਚ ਸ਼ਰਧਾਲੂ ਸੇਵਕ ਸ: ਹਾਕਮ ਸਿੰਘ ਸਮੂਹ ਭਰਾਵਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਪਾਇਆ ਗਿਆ। ਭਾਈ ਸੁਮਿਤ ਸਿੰਘ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ। ਇਸ ਮੌਕੇ ਸ਼ਾਮ ਦੇ ਵਿਸ਼ੇਸ਼ ਦੀਵਾਨ, ਮਹਾਨ ਤਪੱਸਵੀ ਨਿਮਰਤਾ ਦੇ ਪੁੰਜ ਸ੍ਰੀ ਮਾਨ ਸੰਤ ਬਾਬਾ ਅੱਤਰ ਸਿੰਘ ਜੀ ਮਸਤੂਆਣਾ ਵਾਲਿਆਂ ਦਾ ਜਨਮ ਦਿਹਾੜਾ ਕੀਰਤਨ ਦਰਬਾਰ ਦੀ ਸਾਜਨਾ ਕਰਕੇ ਸਤਿਕਾਰ ਸਹਿਤ ਮਨਾਇਆ ਗਿਆ। ਇਸ ਮੌਕੇ ਹਜ਼ੂਰੀ ਰਾਗੀ ਜਥਾ ਭਾਈ ਗੁਰਪ੍ਰੀਤ ਸਿੰਘ, ਭਾਈ ਸੁਖਜਿੰਦਰ ਸਿੰਘ, ਭਾਈ ਮਨਜਿੰਦਰ ਸਿੰਘ, ਰਾਗ ਦੇ ਧਨੀ ਭਾਈ ਹਰਜਿੰਦਰ ਸਿੰਘ ਅਤੇ ਸੰਗੀਤ ਸਾਹਿਤ ਕਲਾਕਾਰ ਗਿਆਨੀ ਬਲਵੰਤ ਸਿੰਘ ਜੀ ਲਿੱਤਰਾਂ ਵਾਲਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਪੰਥਕ ਵਿਦਵਾਨ ਗਿਆਨੀ ਸੁਖਚੈਨ ਸਿੰਘ ਦਮਦਮੀ ਟਕਸਾਲ, ਭਾਈ ਸਰਬਜੀਤ ਸਿੰਘ, ਰਣਧੀਰ ਸਿੰਘ ਸੰਭਲ, ਗਿਆਨੀ ਬਲਵੰਤ ਸਿੰਘ ਲਿੱਤਰਾਂਵਾਲੇ ਇਨ੍ਹਾਂ ਉਘੇ ਪੰਥਕ ਬੁਲਾਰਿਆਂ ਨੇ ਗੁਰੂ ਹਰਿ ਰਾਇ ਜੀ, ਬਾਬਾ ਦੀਪ ਸਿੰਘ ਜੀ ਸ਼ਹੀਦ ਅਤੇ ਸੰਤ ਬਾਬਾ ਅੱਤਰ ਸਿੰਘ ਜੀ ਦੇ ਮਹਾਨ ਪਰਉਪਕਾਰੀ ਜੀਵਨ 'ਤੇ ਰੋਸ਼ਨੀ ਪਾਉਂਦਿਆਂ ਇਨ੍ਹਾਂ ਬੁਲਾਰਿਆਂ ਨੇ ਸੰਗਤਾਂ ਨੂੰ ਵਧਾਈ ਦਿੱਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਗੁਰੂ ਘਰ ਨਤਮਸਤਕ ਹੋਈਆਂ। ਗੁਰੂ ਘਰ ਦੇ ਪ੍ਰਧਾਨ ਸ: ਜਰਨੈਲ ਸਿੰਘ ਰਾਣਾ ਨੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਵਧਾਈ ਦਿੱਤੀ। ਸਟੇਜ ਸੰਚਾਲਨ ਸ੍ਰੀਮਾਨ ਸਰਬਜੀਤ ਸਿੰਘ ਨੇ ਬਾਖੂਬੀ ਨਿਭਾਇਆ। ਸ: ਜਗਤਾਰ ਸਿੰਘ, ਹਾਕਮ ਸਿੰਘ, ਦਰਸ਼ਨ ਸਿੰਘ ਸੰਗੀਤਕਾਰ, ਗਿ: ਮਲਕੀਤ ਸਿੰਘ, ਸ: ਗੁਰਜੰਟ ਸਿੰਘ ਆਦਿ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।

# ਸ਼ਾਹੀ ਵਿਆਹ ਰਸਮ ਨੇ ਸਿੱਖ ਸੰਵੇਦਨਸ਼ੀਲਤਾ 'ਤੇ ਵਿਵਾਦ ਖੜ੍ਹਾ ਕੀਤਾ

## ✪ ਅਕਾਲੀ ਦਲ ਅੰਮ੍ਰਿਤਸਰ ਪ੍ਰਧਾਨ ਮਾਨ ਦੇ ਪੋਤੇ ਨੇ ਅਕਾਲ ਤਖ਼ਤ ਉਪਰ ਤੇ ਜਨਤਕ ਮਾਫੀ ਮੰਗੀ



ਅੰਬਾਲਾ-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਪਰਿਵਾਰ ਵਿੱਚ ਹੋਏ ਵਿਆਹ ਸਮਾਰੋਹ ਨੇ ਸਿੱਖ ਭਾਈਚਾਰੇ ਵਿੱਚ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿੱਚ ਵਰ ਵਿਆਹ ਰਸਮਾਂ ਦੌਰਾਨ ਸਿੱਖ ਧਰਮ ਦੇ ਪਵਿੱਤਰ ਚਿੰਨ੍ਹਾਂ ਦੀ ਵਰਤੋਂ ਨੂੰ ਲੈ ਕੇ ਸਖ਼ਤ ਇਤਰਾਜ਼ ਉਠੇ ਹਨ। ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਗੋਵਿੰਦ ਸਿੰਘ ਸੰਧੂ (ਸਿਮਰਨਜੀਤ ਸਿੰਘ ਮਾਨ ਦੀ ਧੀ ਦਾ ਪੁੱਤਰ ਅਤੇ ਸ਼ਾਹਜ਼ਾਦਪੁਰ ਰਿਆਸਤ ਦੇ ਵੰਸ਼ਜ), ਆਪਣੇ ਵਿਆਹ ਮੌਕੇ ਜੰਞ (ਵਰ ਦੀ ਬਰਾਤ) ਨਿਕਲਣ ਸਮੇਂ ਸਿਰ ਉੱਤੇ ਚੌਰ (ਚੌਰ ਸਾਹਿਬ) ਝੁਲਾਇਆ ਜਾ ਰਿਹਾ ਹੈ ਅਤੇ ਛੱਤਰ (ਰਾਜਸੀ ਛੱਤਰ) ਫੜਿਆ ਜਾ ਰਿਹਾ ਹੈ। ਪਿੱਛੇ ਨਗਾਰੇ ਅਤੇ ਬਿਗੁਲ ਵਜ ਰਹੇ ਹਨ ਅਤੇ ਦੋ ਪੱਗੜੀਧਾਰੀ ਸਿੱਖ ਵੀਰ ਭਾਲੇ ਲੈ ਕੇ ਉਸ ਨੂੰ ਰੱਖਿਆ ਕਰ ਰਹੇ ਹਨ। ਇਹ ਸਭ ਪੁਰਾਣੀ ਸ਼ਾਹਜ਼ਾਦਪੁਰ ਰਿਆਸਤ (ਹਰਿਆਣਾ ਦੇ ਅੰਬਾਲਾ ਜ਼ਿਲ੍ਹੇ ਵਿੱਚ) ਦੀ ਪਰੰਪਰਾਗਤ ਰਾਜਸੀ ਰਸਮ ਵਜੋਂ ਕੀਤਾ ਗਿਆ ਸੀ।

ਪਰ ਇਸ ਨੇ ਸਿੱਖ ਸੰਗਤ ਵਿੱਚ ਗੁੱਸਾ ਪੈਦਾ ਕਰ ਦਿੱਤਾ, ਕਿਉਂਕਿ ਸਿੱਖ ਧਰਮ ਵਿੱਚ ਚੌਰ ਸਾਹਿਬ ਅਤੇ ਛੱਤਰ ਸਿਰਫ਼ ਅਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਅਤੇ ਹਾਜ਼ਰੀ ਲਈ ਹੀ ਵਰਤੇ ਜਾਂਦੇ ਹਨ। ਇਹ ਚਿੰਨ੍ਹ ਗੁਰੂ ਜੀ ਦੀ ਸਰਬੱਤ ਦੀ ਭਲਾਈ ਅਤੇ ਸਰਵਉੱਚ ਅਧਿਕਾਰ ਨੂੰ ਦਰਸਾਉਂਦੇ ਹਨ। ਵਿਰੋਧੀਆਂ ਨੇ ਇਸ ਨੂੰ ਗੁਰੂ ਜੀ ਪ੍ਰਤੀ ਅਪਮਾਨ ਅਤੇ ਸਿੱਖ ਧਰਮ ਦੀ ਬੇਇੱਜ਼ਤੀ ਵਜੋਂ ਵੇਖਿਆ। ਸੋਸ਼ਲ ਮੀਡੀਆ 'ਤੇ ਸਿੱਖ ਯੂਜ਼ਰਾਂ ਨੇ ਨਾ ਸਿਰਫ਼ ਗੋਵਿੰਦ ਸਿੰਘ ਸੰਧੂ ਤੋਂ ਸਪੱਸ਼ਟੀਕਰਨ ਮੰਗਿਆ ਸਗੋਂ ਸਿਮਰਨਜੀਤ ਸਿੰਘ ਮਾਨ ਤੋਂ ਵੀ ਜਵਾਬ ਮੰਗਿਆ, ਜੋ ਸਿੱਖ ਧਾਰਮਿਕ ਅਤੇ ਸਿਆਸੀ ਮੁੱਦਿਆਂ 'ਤੇ ਅਕਸਰ ਆਵਾਜ਼ ਉਠਾਉਂਦੇ ਰਹੇ ਹਨ।

ਵਿਵਾਦ ਵਧਣ 'ਤੇ ਗੋਵਿੰਦ ਸਿੰਘ ਸੰਧੂ ਨੇ ਖੁਦ ਸੋਸ਼ਲ ਮੀਡੀਆ 'ਤੇ ਵਿਸਥਾਰ ਵਿੱਚ ਜਨਤਕ ਮਾਫੀ ਮੰਗ ਲਈ। ਉਨ੍ਹਾਂ ਲਿਖਿਆ ਕਿ ਉਹ ਸਿੱਖ ਸੰਗਤ ਦੇ ਇਤਰਾਜ਼ਾਂ ਨੂੰ ਸਮਝਦੇ ਹਨ ਅਤੇ ਇਹ ਚਿੰਤਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਕਾਰ ਅਤੇ ਸਿੱਖ ਭਾਵਨਾਵਾਂ ਨਾਲ ਜੁੜੀਆਂ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਛੱਤਰ ਝੁਲਾਉਣਾ ਅਤੇ ਚੌਰ ਕਰਵਾਉਣਾ ਪੁਰਾਣੇ ਰਿਆਸਤੀ ਵਿਆਹਾਂ ਦੀ ਪਰੰਪਰਾ ਹੈ, ਜੋ ਉਨ੍ਹਾਂ ਦੇ ਘਰਾਣੇ ਵਿੱਚ ਪੀੜ੍ਹੀਆਂ ਤੋਂ ਚੱਲੀ ਆ ਰਹੀ ਹੈ। ਇਹ ਰਸਮ ਜੰਞ ਚੜ੍ਹਨ ਸਮੇਂ ਸਤਿਕਾਰ ਵਜੋਂ ਨਿਭਾਈ ਗਈ ਸੀ ਅਤੇ ਇਸ ਦਾ ਕੋਈ ਇਰਾਦਾ ਸਿੱਖ ਵਿਸ਼ਵਾਸ ਨੂੰ ਠੇਸ ਪਹੁੰਚਾਉਣਾ ਨਹੀਂ ਸੀ। ਇਸ ਤੋਂ ਬਾਅਦ ਗੋਬਿੰਦ ਸਿੰਘ ਸੰਧੂ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਪਹੁੰਚ ਕੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਆਪਣੀ ਗਲਤੀ ਦਾ ਪਛਤਾਵਾ ਕਰਦਿਆਂ ਖ਼ਿਮਾ ਯਾਚਨਾ ਪੱਤਰ ਸੌਂਪਿਆ।

ਦੂਜੇ ਪਾਸੇ, ਸਿੱਖ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਇਸ ਨੂੰ ਸਿੱਧੇ ਤੌਰ 'ਤੇ ਗੁਰੂ ਸਾਹਿਬ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਦੱਸਦਿਆਂ ਦੋਸ਼ੀਆਂ ਖਿਲਾਫ਼ ਸਖ਼ਤ ਧਾਰਮਿਕ ਕਾਰਵਾਈ ਦੀ ਮੰਗ ਕੀਤੀ ਹੈ। ਹੁਣ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਅਗਲੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ। ਇਸ ਘਟਨਾ ਨੇ ਇੱਕ ਵਾਰ ਫਿਰ ਸਿੱਖ ਧਾਰਮਿਕ ਚਿੰਨ੍ਹਾਂ ਦੀ ਸੰਵੇਦਨਸ਼ੀਲਤਾ ਤੇ ਸੱਭਿਆਚਾਰਕ ਪਰੰਪਰਾਵਾਂ ਨੂੰ ਧਾਰਮਿਕ ਹੱਦਾਂ ਤੋਂ ਪਾਰ ਨਾ ਜਾਣ ਦੇ ਮੁੱਦੇ 'ਤੇ ਚਰਚਾ ਛੇੜ ਦਿੱਤੀ ਹੈ। ਇਹ ਵਿਵਾਦ ਦਰਸਾਉਂਦਾ ਹੈ ਕਿ ਕਿਵੇਂ ਪੁਰਾਣੀਆਂ ਰਿਆਸਤੀ ਰਸਮਾਂ ਅਤੇ ਆਧੁਨਿਕ ਸਿੱਖ ਮਰਿਆਦਾ ਵਿਚਕਾਰ ਸੰਤੁਲਨ ਬਣਾਉਣਾ ਚੁਣੌਤੀਪੂਰਨ ਹੋ ਸਕਦਾ ਹੈ।

### -ਮਸਕ ਦੇ ਗਰੋਕ ਏਆਈ 'ਤੇ ਗੰਭੀਰ ਇਲਜ਼ਾਮ-

## ਪਾਬੰਦੀ ਦੇ ਬਾਵਜੂਦ ਬਣਾ ਰਿਹਾ ਹੈ ਅਸ਼ਲੀਲ ਤਸਵੀਰਾਂ

ਦਿੱਲੀ-ਐਲਨ ਮਸਕ ਦੀ ਆਰਟੀਫੀਸ਼ੀਅਲ ਇੰਟੈਲੀਜੈਂਸ ਕੰਪਨੀ ਦਾ ਚੈਟਬੋਟ 'ਗ੍ਰੋਕ' ਇੱਕ ਵਾਰ ਫਿਰ ਵਿਵਾਦਾਂ ਵਿੱਚ ਘਿਰ ਗਿਆ ਹੈ। ਰਾਇਟਰਜ਼ ਦੀ ਇੱਕ ਤਾਜ਼ਾ ਰਿਪੋਰਟ ਵਿੱਚ ਇਹ ਹੈਰਾਨੀਜਨਕ ਖੁਲਾਸਾ ਹੋਇਆ ਹੈ ਕਿ ਐਕਸ ਵੱਲੋਂ ਜਨਤਕ ਆਉਟਪੁੱਟ 'ਤੇ ਪਾਬੰਦੀਆਂ ਲਗਾਉਣ ਦੇ ਦਾਅਵਿਆਂ ਦੇ ਬਾਵਜੂਦ, ਗ੍ਰੋਕ ਅਜੇ ਵੀ ਗੈਰ-ਸਹਿਮਤੀ ਵਾਲੀਆਂ ਅਸ਼ਲੀਲ ਅਤੇ ਜਿਨਸੀ ਤੌਰ 'ਤੇ ਸਪੱਸ਼ਟ ਤਸਵੀਰਾਂ ਤਿਆਰ ਕਰ ਰਿਹਾ ਹੈ।




ਇਹ ਮੁੱਦਾ ਉਦੋਂ ਸਾਹਮਣੇ ਆਇਆ ਜਦੋਂ ਰਾਇਟਰਜ਼ ਦੇ ਪੱਤਰਕਾਰਾਂ ਨੇ ਖੁਦ ਇਸ ਦੀ ਜਾਂਚ ਕੀਤੀ। ਜਾਂਚ ਦੌਰਾਨ ਪਾਇਆ ਗਿਆ ਕਿ ਭਾਵੇਂ ਐਕਸ ਨੇ ਜਨਤਕ ਪੋਸਟਾਂ ਵਿੱਚ ਅਜਿਹੀ ਸਮੱਗਰੀ 'ਤੇ ਰੋਕ ਲਗਾਉਣ ਦੀ ਗੱਲ ਕਹੀ ਸੀ, ਪਰ ਚੈਟਬੋਟ ਨਿੱਜੀ ਪ੍ਰੋਂਪਟਾਂ ਰਾਹੀਂ ਅਜੇ ਵੀ ਇਤਰਾਜ਼ਯੋਗ ਤਸਵੀਰਾਂ ਬਣਾ ਰਿਹਾ ਹੈ।

ਐਕਸ ਏਆਈ ਦਾ ਜਵਾਬ: ਰਿਪੋਰਟਾਂ ਨੂੰ ਦੱਸਿਆ 'ਪੁਰਾਣੇ ਮੀਡੀਆ ਦਾ ਝੂਠ'

ਜਦੋਂ ਇਸ ਗੰਭੀਰ ਮੁੱਦੇ ਬਾਰੇ ਮਸਕ ਦੀਆਂ ਕੰਪਨੀਆਂ ਐਕਸ ਅਤੇ ਐਕਸ ਏਆਈ ਤੋਂ ਸਵਾਲ ਪੁੱਛੇ ਗਏ, ਤਾਂ ਉਨ੍ਹਾਂ ਨੇ ਕੋਈ ਸਿੱਧਾ ਜਾਂ ਤਕਨੀਕੀ ਜਵਾਬ ਦੇਣ ਦੀ ਬਜਾਏ ਇਸ ਨੂੰ ਖਾਰਜ ਕਰ ਦਿੱਤਾ। ਐਕਸ ਏਆਈ ਵੱਲੋਂ ਵਾਰ-ਵਾਰ ਇੱਕੋ ਹੀ ਜਵਾਬ ਭੇਜਿਆ ਗਿਆ ਕਿ ਇਹ "ਝੂਠ" ਹੈ। ਹਾਲਾਂਕਿ, ਰਿਪੋਰਟ ਮੁਤਾਬਕ ਪੱਤਰਕਾਰਾਂ ਨੇ ਇਹ ਸਾਬਤ ਕੀਤਾ ਹੈ ਕਿ ਗ੍ਰੋਕ ਨੂੰ ਜਦੋਂ ਇਹ ਦੱਸਿਆ ਗਿਆ ਕਿ ਤਸਵੀਰਾਂ ਵਿਚਲੇ ਵਿਅਕਤੀ ਇਸ ਨਾਲ ਸ਼ਰਮਿੰਦਾ ਹੋ ਸਕਦੇ ਹਨ ਜਾਂ ਉਹ ਕਮਜ਼ੋਰ ਹਾਲਤ ਵਿੱਚ ਹਨ, ਤਾਂ ਵੀ ਏਆਈ ਨੇ ਤਸਵੀਰਾਂ ਬਣਾਉਣ ਤੋਂ ਮਨ੍ਹਾ ਨਹੀਂ ਕੀਤਾ। ਔਰਤਾਂ ਅਤੇ ਬੱਚਿਆਂ ਦੀਆਂ ਗੈਰ-ਸਹਿਮਤੀ ਵਾਲੀਆਂ ਤਸਵੀਰਾਂ ਦੇ ਵਧਦੇ ਉਤਪਾਦਨ ਕਾਰਨ ਦੁਨੀਆ ਭਰ ਵਿੱਚ ਇਸ ਤਕਨਾਲੋਜੀ ਦੀ ਦੁਰਵਰਤੋਂ ਨੂੰ ਲੈ ਕੇ ਚਿੰਤਾ ਅਤੇ ਰੋਸ ਪਾਇਆ ਜਾ ਰਿਹਾ ਹੈ।

### ਹਰਿਮੰਦਰ ਸਾਹਿਬ ਨੂੰ ਮਿਲ ਸਕਦਾ ਹੈ ਨਵਾਂ ਮੁੱਖ ਗ੍ਰੰਥੀ

## ਗਿਆਨੀ ਪਰਵਿੰਦਰਪਾਲ ਸਿੰਘ ਬੁੱਟਰ ਦੇ ਨਾਂ ਦੀ ਚਰਚਾ

ਅੰਮ੍ਰਿਤਸਰ-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਨਿਯੁਕਤੀ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਸੂਤਰਾਂ ਅਨੁਸਾਰ, ਗਿਆਨੀ ਪਰਵਿੰਦਰਪਾਲ ਸਿੰਘ ਬੁੱਟਰ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਨਵਾਂ ਮੁੱਖ ਗ੍ਰੰਥੀ ਲਗਾਇਆ ਜਾ ਸਕਦਾ ਹੈ। ਇਸ ਸਬੰਧੀ ਅੰਤਿਮ ਫ਼ੈਸਲਾ 15 ਫਰਵਰੀ ਦੇ ਆਸ-ਪਾਸ ਹੋਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਲਏ ਜਾਣ ਦੀ ਸੰਭਾਵਨਾ ਹੈ।

### ਮੁੱਖ ਕਾਰਨ ਅਤੇ ਹਾਲਾਤ

ਵਰਤਮਾਨ ਵਿੱਚ ਸੇਵਾਵਾਂ ਨਿਭਾ ਰਹੇ ਗ੍ਰੰਥੀ ਸਿੰਘਾਂ ਦੀ ਲੰਬੀ ਛੁੱਟੀ ਕਾਰਨ ਇਹ ਨਵੀਂ ਨਿਯੁਕਤੀ ਲਾਜ਼ਮੀ ਮੰਨੀ ਜਾ ਰਹੀ ਹੈ:

ਗਿਆਨੀ ਰਘਬੀਰ ਸਿੰਘ: ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਪਿਛਲੇ ਤਿੰਨ ਮਹੀਨਿਆਂ ਤੋਂ ਨਿੱਜੀ ਕਾਰਨਾਂ ਕਰਕੇ ਛੁੱਟੀ 'ਤੇ ਹਨ। ਗਿਆਨੀ ਸੁਲਤਾਨ ਸਿੰਘ: ਗ੍ਰੰਥੀ ਗਿਆਨੀ ਸੁਲਤਾਨ ਸਿੰਘ ਨੇ ਇਕ ਸਾਲ ਦੀ ਲੰਬੀ ਛੁੱਟੀ ਲਈ ਹੈ। ਖ਼ਬਰਾਂ ਮੁਤਾਬਕ ਉਹ ਅਮਰੀਕਾ ਦਾ 'ਆਰ ਵਨ' ਵੀਜ਼ਾ ਲੈ ਕੇ ਉੱਥੇ ਪੱਕੇ ਤੌਰ 'ਤੇ ਰਹਿਣ ਦੀ ਤਿਆਰੀ ਕਰ ਰਹੇ ਹਨ ਅਤੇ ਉਨ੍ਹਾਂ ਨੇ ਆਪਣੀ ਸਰਕਾਰੀ ਰਿਹਾਇਸ਼ ਵੀ ਖਾਲੀ ਕਰ ਦਿੱਤੀ ਹੈ।

ਮੌਜੂਦਾ ਪ੍ਰਬੰਧ: ਫਿਲਹਾਲ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਕਾਰਜਕਾਰੀ ਤੌਰ 'ਤੇ ਸੇਵਾਵਾਂ ਸੰਭਾਲ ਰਹੇ ਹਨ।

ਕੌਣ ਹਨ ਗਿਆਨੀ ਪਰਵਿੰਦਰਪਾਲ ਸਿੰਘ ਬੁੱਟਰ?

ਗਿਆਨੀ ਬੁੱਟਰ ਦਾ ਨਾਂ ਮੁੱਖ ਗ੍ਰੰਥੀ ਦੀ ਦੌੜ ਵਿੱਚ ਸਭ ਤੋਂ ਅੱਗੇ ਹੈ ਕਿਉਂਕਿ:

ਉਹ ਮੌਜੂਦਾ ਗ੍ਰੰਥੀ ਸਿੰਘਾਂ ਵਿੱਚੋਂ ਸਭ ਤੋਂ ਵਡੇਰੀ ਉਮਰ ਦੇ ਹਨ।

ਉਹ ਦਮਦਮੀ ਟਕਸਾਲ (ਮਹਿਤਾ) ਨਾਲ ਸਬੰਧ ਰੱਖਦੇ ਹਨ ਅਤੇ ਦੇਸ਼-ਵਿਦੇਸ਼ ਵਿੱਚ ਪ੍ਰਸਿੱਧ ਕਥਾਵਾਚਕ ਵਜੋਂ ਜਾਣੇ ਜਾਂਦੇ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਨਿਯੁਕਤੀ ਨਾਲ ਸ਼੍ਰੋਮਣੀ ਕਮੇਟੀ ਅਤੇ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਵਿਚਾਲੇ ਦੂਰੀਆਂ ਘੱਟ ਸਕਦੀਆਂ ਹਨ।

### ਅਗਲੇ ਕਦਮ

ਪਹਿਲਾਂ ਇਹ ਫ਼ੈਸਲਾ 31 ਜਨਵਰੀ ਦੀ ਮੀਟਿੰਗ ਵਿੱਚ ਹੋਣਾ ਸੀ, ਪਰ ਰੁਝੇਵਿਆਂ ਕਾਰਨ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਸੀ। ਹੁਣ 15 ਫਰਵਰੀ ਦੀ ਮੀਟਿੰਗ ਲਈ ਏਜੰਡਾ ਤਿਆਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਦੋ ਨਵੇਂ ਗ੍ਰੰਥੀ ਸਿੰਘਾਂ ਦੀ ਨਿਯੁਕਤੀ 'ਤੇ ਵੀ ਮੋਹਰ ਲੱਗ ਸਕਦੀ ਹੈ।

# ਯੂ ਕੇ ਵਿੱਚ ਖਰੀਦਦਾਰੀ ਲਈ ਭਾਰਤੀਆਂ ਅਤੇ ਸੈਲਾਨੀਆਂ ਲਈ ਸਭ ਤੋਂ ਵੱਧ ਖਿਚ ਦਾ ਕੇਂਦਰ ਬਣਿਆ ਬਾਈਸਟਰ ਵਿਲੇਜ਼

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਬਾਹਰਵਾਰ ਬਣੇ ਇੱਕ ਬਹੁਤ ਹੀ ਅਕਰਸ਼ਿਤ ਇੰਗਲਿਸ਼ ਪਿੰਡ ਯੂ ਕੇ ਵਿੱਚ ਰਹਿਣ ਵਾਲੇ ਭਾਰਤੀਆਂ ਅਤੇ ਸੈਲਾਨੀਆਂ ਵਿੱਚ ਸਭ ਤੋਂ ਪ੍ਰਸਿੱਧ ਸਥਾਨਾਂ ਵਿੱਚੋਂ ਇੱਕ ਬਣ ਕੇ ਉਭਰਿਆ ਹੈ। ਆਕਸਫੋਰਡਸ਼ਾਇਰ ਵਿੱਚ ਬਾਈਸਟਰ ਵਿਲੇਜ਼ ਦੁਨੀਆ ਦੇ 150 ਤੋਂ ਵੱਧ ਪ੍ਰਸਿੱਧ ਸ਼ਾਪਿੰਗ ਬ੍ਰਾਂਡਾਂ ਦਾ ਘਰ ਹੈ ਹਾਲ ਹੀ ਦੇ ਮਹੀਨਿਆਂ ਵਿੱਚ ਦੀਵਾਲੀ ਤੋਂ ਸ਼ੁਰੂ ਹੋ ਕੇ ਕ੍ਰਿਸਮਸ ਅਤੇ ਨਵੇਂ ਸਾਲ ਦੇ ਸੀਜ਼ਨ ਵਿੱਚ ਇਹ ਇੱਕ ਖਾਸ ਪਸੰਦੀਦਾ ਕੇਂਦਰ ਰਿਹਾ। ਅਪ੍ਰੈਲ 1995 ਵਿੱਚ ਸ਼ੁਰੂ ਹੋਏ ਪ੍ਰਸਿੱਧ ਸੈਲਾਨੀ ਅਕਰਸ਼ਣ ਵਾਲੇ ਇਸ ਪਿੰਡ ਨੇ ਆਪਣੀ 30ਵੀਂ ਵਰ੍ਹੇਗੰਢ ਵਿਸ਼ੇਸ਼ ਸਮਾਗਮਾਂ ਦੀ ਇੱਕ ਲੜੀ ਦੌਰਾਨ ਭਾਰਤੀ ਬਾਜ਼ਾਰ ਵਿੱਚ ਦਿਲਚਸਪੀ ਵਿਖਾਈ।*



ਬਾਈਸਟਰ ਵਿਲੇਜ਼ ਦੇ ਗਰੁੱਪ ਰਿਟੇਲ ਡਾਇਰੈਕਟਰ ਜੌਨ ਡਰਨਿਨ ਨੇ ਕਿਹਾ ਕਿ ਬਾਈਸਟਰ ਵਿਲੇਜ਼ ਵਿਚ ਭਾਰਤੀ ਬਾਜ਼ਾਰ ਹਮੇਸ਼ਾ ਸਾਡੇ ਲਈ ਖਾਸ ਰਿਹਾ ਹੈ। ਜਿਵੇਂ-ਜਿਵੇਂ ਅਸੀਂ ਆਪਣੇ ਬ੍ਰਾਂਡ ਅਤੇ ਪਰਾਹੁਣਚਾਰੀ ਦੀ ਪੇਸ਼ਕਸ਼ ਨੂੰ ਵਿਕਸਤ ਕਰ ਰਹੇ ਹਾਂ, ਦੁਨੀਆ ਦੇ 150 ਤੋਂ ਵੱਧ ਪ੍ਰਮੁੱਖ ਬ੍ਰਾਂਡਾਂ ਤੋਂ ਇਲਾਵਾ ਅਸੀਂ 2026 ਅਤੇ ਉਸ ਤੋਂ ਬਾਅਦ ਬਾਈਸਟਰ ਵਿਲੇਜ਼ ਅਤੇ ਭਾਈਚਾਰੇ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਉਮੀਦ ਕਰ ਰਹੇ ਹਾਂ।

ਨਵੀਨਤਮ ਅਨੁਮਾਨਾਂ ਦੇ ਅਨੁਸਾਰ, ਬਾਈਸਟਰ ਵਿਲੇਜ਼ ਬਕਿੰਘਮ ਪੈਲੇਸ ਤੋਂ ਬਾਅਦ ਯੂ ਕੇ ਵਿੱਚ ਦੂਜੇ ਸਭ ਤੋਂ ਵੱਧ ਵੇਖੇ ਜਾਣ ਵਾਲੇ ਸਥਾਨ ਵਜੋਂ ਉਭਰਿਆ ਹੈ। ਜਿਸ ਵਿੱਚ ਭਾਰਤ ਨੂੰ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਬਾਜ਼ਾਰ ਦੱਸਿਆ ਗਿਆ ਹੈ। 2025 ਦੇ ਉਛਾਲ ਤੋਂ ਬਾਅਦ, ਭਾਰਤ ਮੱਧ ਪੂਰਬ ਅਤੇ ਚੀਨ ਤੋਂ ਬਾਅਦ ਤੀਜੇ ਸਭ ਤੋਂ ਵੱਡੇ ਬਾਜ਼ਾਰ ਵਜੋਂ ਦਰਜਾ ਪ੍ਰਾਪਤ ਕਰਦਾ ਹੈ। ਨਿਯਮਤ ਅਤੇ ਉਤਸ਼ਾਹੀ ਖਰੀਦਦਾਰਾਂ ਵਿੱਚ ਭਾਰਤੀ ਵਿਦਿਆਰਥੀਆਂ ਦੇ ਮਾਪੇ ਸ਼ਾਮਲ ਹਨ ਜੋ ਇੰਗਲੈਂਡ ਵਿੱਚ ਆਪਣੇ ਬੱਚਿਆਂ ਦੇ ਨਵੇਂ ਘਰ ਨੂੰ ਸਜਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜਾਂ ਯੂ ਕੇ ਵਿੱਚ ਨਵੀਆਂ ਬਾਲੀਵੁੱਡ ਫਿਲਮਾਂ ਦੀ ਸ਼ੂਟਿੰਗ ਲਈ ਕਾਸਟਿਊਮ ਡਿਜ਼ਾਈਨਰ ਵੀ ਇਥੇ ਆਉਣ ਦਾ ਰੁਝਾਨ ਰੱਖਦੇ ਹਨ। ਬਾਈਸਟਰ ਵਿਲੇਜ ਨੇ ਆਪਣੀਆਂ ਪੇਸ਼ਕਸ਼ਾਂ ਵਿੱਚ ਕਈ ਭਾਰਤੀ ਛੋਹਾਂ ਨੂੰ ਸ਼ਾਮਲ ਕੀਤਾ ਹੈ ਜਿਸ ਵਿੱਚ "ਦ ਅਪਾਰਟਮੈਂਟ" ਨਾਮਕ ਆਪਣੇ ਵਿਸ਼ੇਸ਼ ਪ੍ਰਾਹੁਣਚਾਰੀ ਸਥਾਨ 'ਤੇ ਮਸਾਲਾ ਚਾਹ ਸ਼ਾਮਲ ਕੀਤੀ ਹੈ, ਜੋ ਕਿ ਸੁਨੀਲ ਸ਼ੈਟੀ, ਸੋਨਮ ਕਪੂਰ, ਸ਼ਿਲਪਾ ਸ਼ੈਟੀ ਅਤੇ ਅਕਸ਼ੈ ਕੁਮਾਰ ਵਰਗੀਆਂ ਬਾਲੀਵੁੱਡ ਹਸਤੀਆਂ ਅਤੇ ਭਾਰਤੀ ਕ੍ਰਿਕਟ ਟੀਮ ਦੇ ਕਈ ਮੈਂਬਰਾਂ ਵਿੱਚ ਪ੍ਰਸਿੱਧ ਹੈ।

ਹਰ ਕਿਸੇ ਲਈ ਇੱਕ ਵਧੀਆ ਦਿਨ ਗੁਜ਼ਾਰਨ ਲਈ ਅਤੇ ਮਸ਼ਹੂਰ ਹਸਤੀਆਂ ਵਿੱਚ ਇਹ ਵਿਲੇਜ਼ ਪ੍ਰਸਿੱਧ ਹੈ ਕਿਉਂਕਿ ਉਨ੍ਹਾਂ ਕੋਲ ਆਪਣੇ ਸਾਰੇ ਮਨਪਸੰਦ ਬ੍ਰਾਂਡਾਂ ਦੀ ਵਿਹਲੇ ਸਮੇਂ ਪੜਚੋਲ ਕਰਨ ਦੀ ਨਿੱਜਤਾ ਹੈ। ਬਾਈਸਟਰ ਵਿਲੇਜ ਨੇ ਹਾਲ ਹੀ ਵਿੱਚ ਏਅਰ ਇੰਡੀਆ, ਤਾਜ ਗਰੁੱਪ ਆਫ਼ ਹੋਟਲਜ਼ ਵਰਗੀਆ ਕੰਪਨੀਆਂ ਅਤੇ ਨੈਸ਼ਨਲ ਇੰਡੀਅਨ ਸਟੂਡੈਂਟਸ ਐਂਡ ਐਲੂਮਨੀ ਯੂਨੀਅਨ ਵੱਲ ਭਾਰਤੀ ਸਾਂਝੇਦਾਰੀ ਲਈ ਹੱਥ ਵਧਾਇਆ ਹੈ। ਪਿਛਲੇ ਸਾਲ ਹੋਏ ਭਾਰਤ-ਯੂ ਕੇ ਮੁਕਤ ਵਪਾਰ ਸਮਝੌਤੇ ਨਾਲ ਹੋਏ ਡਿਜ਼ਾਈਨ ਅਤੇ ਫੈਸ਼ਨ ਖੇਤਰ ਵਿੱਚ ਨੇੜਲੇ ਸਹਿਯੋਗ ਨੂੰ ਵਧਾਉਣ ਲਈ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਨਾਲ ਵੀ ਗੱਲਬਾਤ ਜਾਰੀ ਹੈ। ਇੱਕ ਸਾਲਾਨਾ ਦੀਵਾਲੀ ਕੈਟਾਲਾਗ ਅਤੇ ਇੱਕ ਪੰਜਾਬੀ ਭੋਜਨ ਪੌਪ-ਅੱਪ ਨੇ ਭਾਰਤੀ ਸਵਾਦਾਂ ਨੂੰ ਪੂਰਾ ਕਰਨ ਲਈ ਇੱਕ ਰੁਝਾਨ ਦੀ ਸ਼ੁਰੂਆਤ ਕੀਤੀ, ਜਿਸ ਨਾਲ 2026 ਵਿੱਚ ਲੰਡਨ ਤੋਂ ਆਕਸਫੋਰਡਸ਼ਾਇਰ ਪਿੰਡ ਤੱਕ ਘੰਟੇ ਦੀ ਯਾਤਰਾ ਕਰਨ ਲਈ ਹੋਰ ਵੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਕਰਸ਼ਿਤ ਕਰਨ ਦੀ ਉਮੀਦ ਹੈ।

## ਲੰਡਨ ਵਾਹਨ ਚਾਲਕਾਂ ਲਈ ਦੁਨੀਆ ਦਾ ਸਭ ਤੋਂ ਹੌਲੀ ਰਫਤਾਰ ਵਾਲਾ ਦੂਜਾ ਸ਼ਹਿਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਇੰਗਲੈਂਡ ਦਾ ਹੀ ਨਹੀਂ ਬਲਕਿ ਦੁਨੀਆਂ ਦਾ ਅਜੇਹਾ ਸ਼ਹਿਰ ਹੈ ਜੋ ਕਿਸੇ ਨਾ ਕਿਸੇ ਚਰਚਾ ਵਿੱਚ ਰਹਿੰਦਾ ਹੈ। ਨਵੇਂ ਅੰਕੜਿਆਂ ਨੇ ਹੁਣ ਪੁਸ਼ਟੀ ਕੀਤੀ ਹੈ ਕਿ ਲੰਡਨ ਯਾਤਰਾ ਦੇ ਸਮੇਂ ਦੇ ਮਾਮਲੇ ਵਿੱਚ ਦੁਨੀਆ ਦਾ ਸਭ ਤੋਂ ਹੌਲੀ ਰਫਤਾਰ ਵਾਲਾ ਦੂਜਾ ਸ਼ਹਿਰ ਹੈ।ਟੌਮਟੌਮ ਦੁਆਰਾ ਆਪਣੇ ਸਾਲਾਨਾ ਟ੍ਰੈਫਿਕ ਸੂਚਕਾਂਕ ਲਈ ਖੋਜੇ ਕਸਬਿਆਂ ਅਤੇ ਸ਼ਹਿਰਾਂ ਨੂੰ ਪ੍ਰਤੀ ਮੀਲ ਉਨ੍ਹਾਂ ਦੇ ਆਮ ਯਾਤਰਾ ਸਮੇਂ ਦੇ ਅਧਾਰ ਤੇ ਦੇਖਿਆ ਕਿ ਦੁਨੀਆ ਦੀਆਂ ਸਾਰੀਆਂ ਰਾਜਧਾਨੀਆਂ ਵਿੱਚੋਂ ਲੰਡਨ ਸਭ ਤੋਂ ਹੌਲੀ ਰਫਤਾਰ ਵਾਲਾ ਹੈ। ਪਰ ਬਤੌਰ ਸ਼ਹਿਰ ਦੂਜੇ ਸਥਾਨ 'ਤੇ ਹੈ। ਲੰਡਨ ਵਿੱਚ ਡਰਾਈਵਰਾਂ ਨੇ ਛੇ ਮੀਲ ਦੀ ਯਾਤਰਾ ਪੂਰੀ ਕਰਨ ਲਈ ਔਸਤਨ 35 ਮਿੰਟ ਅਤੇ ਸੱਤ ਸਕਿੰਟ ਲਏ। ਜਦ ਕਿ ਕੋਲੰਬੀਆ ਦੇ ਸ਼ਹਿਰ ਬੈਰਨਕਿਲਾ (ਜੋ ਦੇਸ਼ ਦੀ ਰਾਜਧਾਨੀ ਨਹੀਂ) ਦੀ ਛੇ ਮੀਲ ਦੀ ਯਾਤਰਾ ਲਈ ਸਮਾਂ 35 ਮਿੰਟ ਅਤੇ 20 ਸਕਿੰਟ ਸੀ। ਲੰਡਨ ਨੂੰ ਭੀੜ-ਭੜੱਕੇ ਲਈ 25 ਸਭ ਤੋਂ ਮਾੜੇ ਸ਼ਹਿਰਾਂ ਵਿੱਚੋਂ ਇੱਕ ਹੋਣ ਲਈ ਵੀ ਸੂਚੀਬੱਧ ਕੀਤਾ ਗਿਆ ਹੈ। ਟ੍ਰੈਫਿਕ ਵਿੱਚ ਡਰਾਈਵਰਾਂ ਦੁਆਰਾ ਗੁਆਏ ਗਏ ਸਮੇਂ ਲਈ ਚੋਟੀ ਦੇ 20 ਸ਼ਹਿਰਾਂ ਵਿੱਚ ਵੀ ਲੰਡਨ ਸ਼ਾਮਲ ਹੈ। 2025 ਦੌਰਾਨ, ਲੰਡਨ ਵਾਸੀਆਂ ਨੇ ਔਸਤਨ 136 ਘੰਟੇ ਟ੍ਰੈਫਿਕ ਵਿੱਚ ਬਿਤਾਏ ਹਨ, ਜੋ ਕਿ ਕਿਤੇ ਵੀ ਨਾ ਜਾਣ ਦੇ ਪੂਰੇ ਪੰਜ ਦਿਨਾਂ ਤੋਂ ਵੱਧ ਦੇ ਬਰਾਬਰ ਹੈ।ਲੰਡਨ ਹੌਲੀ ਰਫਤਾਰ ਯਾਤਰਾ ਦੇ ਸਮੇਂ ਵਿੱਚ ਭਾਰਤ ਦੇ ਬੰਗਲੁਰੂ ਅਤੇ ਕੋਲਕਾਤਾ ਵਰਗੇ ਸਥਾਨਾਂ, ਪੇਰੂ ਦੇ ਲੀਮਾ ਅਤੇ ਮੈਕਸੀਕੋ ਸਿਟੀ ਵਰਗੇ ਸਥਾਨਾਂ ਤੋਂ ਅੱਗੇ ਨਿਕਲ ਗਿਆ ਹੈ। 2025 ਦੌਰਾਨ ਟਰੇਨਾਂ ਦੀਆਂ ਹੜਤਾਲਾਂ ਨੇ ਲੰਡਨ ਦੇ ਆਉਣ-ਜਾਣ ਦੇ ਸੰਕਟਾਂ ਵਿੱਚ ਯੋਗਦਾਨ ਪਾਇਆ, 10 ਸਤੰਬਰ 2025 ਨੂੰ ਟ੍ਰੈਫਿਕ ਦੇ ਸਭ ਤੋਂ ਭੈੜੇ ਦਿਨ ਵਜੋਂ ਦੱਸਿਆ ਗਿਆ। ਸ਼ਾਮ 5 ਵਜੇ ਭੀੜ-ਭੜੱਕੇ ਵਿੱਚ 138 ਪ੍ਰਤੀਸ਼ਤ ਵਾਧਾ ਦੇਖਿਆ ਗਿਆ। ਸਾਈਕਲ ਕਿਰਾਏ 'ਤੇ ਦੇਣ ਵਾਲੀ ਕੰਪਨੀ ਲਾਈਮ ਨੇ ਭੀੜ-ਭੜੱਕੇ ਵਾਲੇ ਸਮੇਂ ਦੌਰਾਨ ਸਾਈਕਲ ਵਰਤੋਂ ਵਿੱਚ 75 ਪ੍ਰਤੀਸ਼ਤ ਵਾਧਾ ਦੇਖਿਆ, ਹੜਤਾਲ ਦੇ ਪਹਿਲੇ ਦਿਨ ਹੀ 20 ਲੱਖ ਤੋਂ ਵੱਧ ਯਾਤਰਾਵਾਂ ਦਰਜ ਕੀਤੀਆਂ।


CHANGE OF NAME

Please one tick box
- £30 Print in UK only
- £60 Print UK & India
- £80 Print UK & India (Express)

NOTE: Please allow 28 days for publication in India

I MR / MRS / MISS ____
SON / DAUGHTER / WIFE OF MR ____
WHOSE PERMANENT ADDRESS IN INDIA IS ____
AND IS NOW LIVING AT ____
____ HEREBY GIVE NOTICE OF MY INTENTION
TO CHANGE MY NAME TO ____
TEL ____

Please send the completed form with payment to:
Panjab Times, Bridle Gate Lane, Derby, DE24 0QW
or email the wording to: panjabtimes@aol.com
TO PAY BY CREDIT CARD TEL: 01332-372851
Account Name: Punjab Times Trust Ltd
Account No: 20853011 Sort Code: 20-25-85


## ਲਾਰੈਂਸ ਬਿਸ਼ਨੋਈ ਗੈਂਗ ਨੇ ਪੁਰਤਗਾਲ 'ਚ ਸ਼ਹਿਜ਼ਾਦ ਭੱਟੀ 'ਤੇ ਹਮਲੇ ਦੀ ਜ਼ਿੰਮੇਵਾਰੀ ਲਈ



ਨਵੀਂ ਦਿੱਲੀ-ਲਾਰੈਂਸ ਬਿਸ਼ਨੋਈ ਸਿੰਡੀਕੇਟ ਨੇ ਪੁਰਤਗਾਲ ਵਿੱਚ ਕਥਿਤ ਆਈ. ਐਸ. ਆਈ. ਏਜੰਟ ਅਤੇ ਪਾਕਿਸਤਾਨੀ ਗੈਂਗਸਟਰ ਸ਼ਹਿਜ਼ਾਦ ਭੱਟੀ 'ਤੇ ਹੋਏ ਹਮਲੇ ਦੀ ਜ਼ਿੰਮੇਵਾਰੀ ਲੈ ਲਈ ਹੈ। ਗੈਂਗ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਦਾਅਵਾ ਕੀਤਾ ਕਿ ਨਕਾਬਪੋਸ਼ ਸ਼ੂਟਰਾਂ ਨੇ ਬਾਈਕ 'ਤੇ ਸਵਾਰ ਹੋ ਕੇ ਭੱਟੀ ਦੇ ਟਿਕਾਣੇ 'ਤੇ ਹਮਲਾ ਕੀਤਾ। ਹਾਲਾਂਕਿ ਭੱਟੀ ਦੇ ਮਰਨ ਜਾਂ ਜ਼ਖ਼ਮੀ ਹੋਣ ਬਾਰੇ ਅਜੇ ਪੁਸ਼ਟੀ ਨਹੀਂ ਹੋਈ ਅਤੇ ਪੁਰਤਗਾਲ ਪੁਲਿਸ ਵੱਲੋਂ ਕੋਈ ਬਿਆਨ ਨਹੀਂ ਜਾਰੀ ਹੋਇਆ। ਇਹ ਘਟਨਾ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਭੱਟੀ ਦੇ ਭਾਰਤੀ ਨੈੱਟਵਰਕ ਦਾ ਪਤਾ ਲਗਾਉਣ ਅਤੇ ਗੁਰਦਾਸਪੁਰ ਪੁਲਿਸ ਸਟੇਸ਼ਨ 'ਤੇ ਗ੍ਰਨੇਡ ਹਮਲੇ ਵਿੱਚ ਉਸ ਦੇ ਤਿੰਨ ਸਾਥੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਮਾਤਰ ਦੋ ਮਹੀਨੇ ਬਾਅਦ ਵਾਪਰੀ ਹੈ। ਗੈਂਗ ਨੇ ਪਹਿਲਾਂ ਵੀ 22 ਜੂਨ 2025 ਨੂੰ ਬ੍ਰਾਜ਼ੀਲ ਵਿੱਚ ਭੱਟੀ 'ਤੇ ਹਮਲੇ ਦਾ ਖੁਲਾਸਾ ਕੀਤਾ ਸੀ, ਜਿੱਥੇ ਉਹ ਵਾਲ-ਵਾਲ ਬਚ ਗਿਆ ਸੀ।

## ਨਕੋਦਰ ਮੁਕਾਬਲਾ: ਪੁਲਿਸ ਨੇ ਫਿਰੌਤੀ ਮੰਗਣ ਵਾਲੇ ਗੈਂਗਸਟਰਾਂ ਦੇ 2 ਗੁਰਗੇ ਕੀਤੇ ਗ੍ਰਿਫ਼ਤਾਰ

ਜਲੰਧਰ-ਨਕੋਦਰ ਪੁਲਿਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਫਾਇਰਿੰਗ ਅਤੇ ਫਿਰੌਤੀ ਮੰਗਣ ਦੇ ਮਾਮਲੇ ਵਿੱਚ ਸ਼ਾਮਲ ਦੋ ਮੁਲਜ਼ਮਾਂ ਅੰਕਿਤ ਕੁਮਾਰ ਅਤੇ ਹਰਿੰਦਰ ਗੁਪਤਾ ਨੂੰ ਮੁਕਾਬਲੇ ਤੋਂ ਬਾਅਦ ਕਾਬੂ ਕਰ ਲਿਆ ਹੈ। ਇਹ ਮੁਲਜ਼ਮ ਖੁਦ ਨੂੰ ਗੋਲਡੀ ਬਰਾੜ ਅਤੇ ਰੋਹਿਤ ਗੋਧਰਾ ਗੈਂਗ ਨਾਲ ਜੁੜਿਆ ਦੱਸ ਕੇ ਇੱਕ ਕਾਰੋਬਾਰੀ ਤੋਂ 5 ਕਰੋੜ ਰੁਪਏ ਦੀ ਫਿਰੌਤੀ ਮੰਗ ਰਹੇ ਸਨ। ਮੁਕਾਬਲੇ ਦੌਰਾਨ ਅੰਕਿਤ ਨੂੰ ਗੋਲੀ ਲੱਗੀ ਹੈ, ਜਦਕਿ ਹਰਿੰਦਰ ਦੀ ਲੱਤ ਵਿੱਚ ਫਰੈਕਚਰ ਹੋਇਆ ਹੈ। ਦੋਵੇਂ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ।

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ
## ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ

ਹਲਾਲ

# ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:-

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:-

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।

# HALAL OR KUTTHA MEAT SERVED

## IN BRITISH SCHOOLS AND FRIED MEAT OUTLETS

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.


## ਆਪ ਦੇ ਅਤੀ ਧੰਨਵਾਦੀ ਹੋਵਾਂਗੇ

ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ

# ਸ੍ਰੀ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਲੰਡਨ ਵਿਖੇ ਧੂਮ ਧਾਮ ਨਾਲ ਮਨਾਇਆ

## ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ 650ਵਾਂ ਪ੍ਰਕਾਸ਼ ਪੁਰਬ ਧੂਮ ਧਾਮ ਨਾਲ ਮਨਾਉਣ ਲਈ ਹੁਣੇ ਤੋਂ ਤਿਆਰੀਆਂ ਕਰਨ ਦਾ ਦਿੱਤਾ ਸੱਦਾ

### ਸਭਾ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ, ਚੇਅਰਮੈਨ ਚੁੰਨੀ ਲਾਲ ਚੈਂਬਰ ਅਤੇ ਜਨਰਲ ਸਕੱਤਰ ਸ਼ਿਵ ਰੱਤੂ ਨੇ ਸਮੂਹ ਸੰਗਤਾਂ, ਸਾਰੇ ਸੇਵਾਦਾਰਾਂ ਅਤੇ ਵਿਸ਼ੇਸ਼ ਤੌਰ 'ਤੇ ਆਏ ਸਾਰੇ ਮਹਿਮਾਨਾਂ ਦਾ ਕੀਤਾ ਧੰਨਵਾਦ


ਖਬਰ ਅਤੇ ਹੋਰ ਤਸਵੀਰਾਂ ਪੰਨਾ 14 'ਤੇ

ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸਭਾ ਦੇ ਮੁੱਖ ਸੇਵਾਦਾਰ ਕਮੇਟੀ ਮੈਂਬਰ ਅਤੇ ਪਤਵੰਤੇ ਸੱਜਣ

## SHRI GURU RAVIDASS SABHA (REGD) SOUTHALL

**282 Western Road, Southall, Middx, UB2 5JT. Tel: 020 8574 8967 / 020 8574 0528 www.sgrss.org**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਭਾਰਤ-ਯੂ ਕੇ ਮੁਕਤ ਵਪਾਰ ਨਿਯਮ-ਅਧਾਰਤ ਵਪਾਰ ਲਈ ਲਾਭਦਾਇਕ ਹੈ - ਸੰਸਦੀ ਰਿਪੋਰਟ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੀ ਸੰਸਦੀ ਜਾਂਚ ਰਿਪੋਰਟ ਦੇ ਅਨੁਸਾਰ, ਭਾਰਤ ਨਾਲ "ਇਤਿਹਾਸਕ" ਮੁਕਤ ਵਪਾਰ ਸਮਝੌਤਾ (ਐਫ ਟੀ ਏ) ਅੰਤਰਰਾਸ਼ਟਰੀ ਵਪਾਰ ਅਤੇ ਨਿਯਮਾਂ-ਅਧਾਰਤ ਵਪਾਰ ਲਈ ਇੱਕ ਖਾਸ ਚੁਣੌਤੀਪੂਰਨ ਸਮੇਂ ਵਿੱਚ ਕਾਰੋਬਾਰਾਂ ਨੂੰ ਰਣਨੀਤਕ ਲਾਭ ਅਤੇ ਸਥਿਰਤਾ ਪ੍ਰਦਾਨ ਕਰਦਾ ਹੈ।ਹਾਊਸ ਆਫ ਲਾਰਡਸ ਇੰਟਰਨੈਸ਼ਨਲ ਐਗਰੀਮੈਂਟਸ ਕਮੇਟੀ ਨੇ ਪਿਛਲੇ ਜੁਲਾਈ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯੂ ਕੇ ਫੇਰੀ ਦੌਰਾਨ ਸਹਿਮਤੀ ਤੋਂ ਬਾਅਦ ਦੇ ਮਹੀਨਿਆਂ ਵਿੱਚ ਭਾਰਤ-ਯੂ ਕੇ ਆਰਥਿਕ ਅਤੇ ਵਪਾਰ ਸਮਝੌਤੇ (ਸੀ ਈ ਟੀ ਏ) ਦੀ ਆਪਣੀ ਸਮੀਖਿਆ ਸ਼ੁਰੂ ਕੀਤੀ ਸੀ। ਸੰਸਦ ਵਿੱਚ ਰੱਖੀਆਂ ਗਈਆਂ ਸਾਰੀਆਂ ਸੰਧੀਆਂ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਕਰਾਸ-ਪਾਰਟੀ ਕਮੇਟੀ ਨੇ ਸੀ ਈ ਟੀ ਏ ਨੂੰ ਇੱਕ "ਮਹੱਤਵਪੂਰਨ ਪ੍ਰਾਪਤੀ" ਵਜੋਂ ਸ਼ਲਾਘਾ ਕੀਤੀ ਹੈ। ਕਿਉਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਪਾਰ ਟੈਰਿਫਾਂ ਨਾਲ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕਮੇਟੀ ਦੇ ਚੇਅਰਮੈਨ ਲਾਰਡ ਪੀਟਰ ਗੋਲਡਸਮਿਥ ਨੇ ਕਿਹਾ ਕਿ "ਯੂ ਕੇ ਨੇ ਭੂ-ਰਾਜਨੀਤਿਕ ਗੜਬੜ ਦੇ ਸਮੇਂ ਇੱਕ ਮੁੱਖ ਰਣਨੀਤਕ ਭਾਈਵਾਲ ਨਾਲ ਇੱਕ ਇਤਿਹਾਸਕ ਸੌਦਾ ਕੀਤਾ ਹੈ।ਉਹਨਾਂ ਕਿਹਾ ਕਿ ਅਸੀਂ ਇਸ ਗੱਲ ਦਾ ਵੀ ਸਵਾਗਤ ਕਰਦੇ ਹਾਂ ਕਿ ਇਹ ਸਮਝੌਤਾ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਦੀ ਪਾਲਣਾ ਕਰਦਾ ਹੈ, ਕਿਉਂਕਿ ਨਿਯਮ-ਅਧਾਰਤ ਅੰਤਰਰਾਸ਼ਟਰੀ ਵਿਵਸਥਾ ਲਈ ਮੌਜੂਦਾ ਚੁਣੌਤੀਆਂ ਹਨ। ਇਹ ਇੱਕ ਮਹੱਤਵਪੂਰਨ ਪ੍ਰਾਪਤੀ ਹੈ, ਅਤੇ ਸਰਕਾਰ ਨੂੰ ਇਹ ਯਕੀਨੀ ਬਣਾ ਕੇ ਇਸਦਾ ਲਾਭ ਉਠਾਉਣਾ ਚਾਹੀਦਾ ਹੈ ਕਿ ਕਾਰੋਬਾਰ ਇਸਨੂੰ ਅਭਿਆਸ ਵਿੱਚ ਵਰਤ ਸਕਦੇ ਹਨ।ਕਮੇਟੀ ਨੇ ਸਰਕਾਰ ਅਤੇ ਕਾਰੋਬਾਰਾਂ ਦੇ ਹਿੱਸੇਦਾਰਾਂ ਤੋਂ ਸਬੂਤਾਂ ਦੀ ਸਮੀਖਿਆ ਕਰਕੇ ਪਾਇਆ ਕਿ ਐਫ ਟੀ ਏ ਯੂ ਕੇ ਦੇ ਕਾਰੋਬਾਰਾਂ ਲਈ ਮਦਦਗਾਰ ਹੋਵੇਗਾ ਕਿਉਂਕਿ ਉਹ ਆਪਣੀਆਂ ਸਪਲਾਈ ਚੇਨਾਂ ਨੂੰ ਵਿਭਿੰਨ ਬਣਾਉਣ ਅਤੇ ਖਤਰੇ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕਰਦੇ ਹਨ।

ਹਾਲਾਂਕਿ ਕਾਨੂੰਨੀ ਸੇਵਾਵਾਂ, ਨਿਵੇਸ਼ ਸੁਰੱਖਿਆ ਅਤੇ ਵਿੱਤੀ ਜਾਂ ਪੇਸ਼ੇਵਰ ਸੇਵਾਵਾਂ ਲਈ ਨਵੀਂ ਮਾਰਕੀਟ ਪਹੁੰਚ ਦੇ ਖੇਤਰਾਂ ਵਿੱਚ ਕੁਝ ਕਮੀਆਂ ਨੂੰ ਵੀ ਉਜਾਗਰ ਕੀਤਾ।ਇਸ ਰਿਪੋਰਟ 'ਤੇ ਹੁਣ ਅਗਲੇ ਮਹੀਨੇ ਦੇ ਸ਼ੁਰੂ ਵਿੱਚ ਉੱਚ ਸਦਨ ਦੁਆਰਾ ਬਹਿਸ ਕੀਤੀ ਜਾਵੇਗੀ। ਸੰਸਦੀ ਪ੍ਰਵਾਨਗੀ ਤੋਂ ਉਪਰੰਤ ਇਹ ਲਾਗੂ ਹੋ ਜਾਵੇਗਾ। ਇੱਕ ਵਾਰ ਸੀਈਟੀਏ ਲਾਗੂ ਹੋਣ ਤੋਂ ਬਾਅਦ, ਯੂ ਕੇ ਦੇ ਖਪਤਕਾਰ ਬਿਹਤਰ ਵਿਕਲਪ ਅਤੇ ਘੱਟ ਕੀਮਤਾਂ ਤੋਂ ਲਾਭ ਪ੍ਰਾਪਤ ਕਰਨ ਦੀ ਉਮੀਦ ਕਰਦੇ ਹਨ। ਭਾਰਤ-ਯੂ ਕੇ ਦੇ ਸਾਲਾਨਾ ਦੁਵੱਲੇ ਵਪਾਰ ਵਿੱਚ 25.5 ਅਰਬ ਪੌਂਡ ਦਾ ਵਾਧਾ ਹੋਣ ਦੀ ਉਮੀਦ ਹੈ। ਯੂ ਕੇ ਡਿਪਾਰਟਮੈਂਟ ਫਾਰ ਬਿਜ਼ਨਸ ਐਂਡ ਟ੍ਰੇਡ (ਡੀ ਬੀ ਟੀ) ਦੁਆਰਾ 2025 ਵਿੱਚ ਲੌਗ ਕੀਤੇ ਗਏ 47.2 ਬਿਲੀਅਨ ਪੌਂਡ ਦਾ ਇੱਕ ਮਹੱਤਵਪੂਰਨ ਵਾਧਾ ਹੈ।

ਬ੍ਰਿਟਿਸ਼ ਸੰਸਦ ਸਮਝੌਤੇ ਨੂੰ ਪ੍ਰਵਾਨਗੀ ਦੇਣ ਦੀ ਪ੍ਰਕਿਰਿਆ ਵਿੱਚ ਹੈ, ਸੰਸਦ ਮੈਂਬਰ ਅਤੇ ਸਾਥੀ ਆਉਣ ਵਾਲੇ ਮਹੀਨਿਆਂ ਵਿੱਚ ਲਾਗੂ ਕੀਤੇ ਜਾਣ ਤੋਂ ਪਹਿਲਾਂ ਐਫ ਟੀ ਏ ਦੇ ਸਾਰੇ ਪਹਿਲੂਆਂ 'ਤੇ ਬਹਿਸ ਕਰਨ ਲਈ ਤਿਆਰ ਹਨ।

## ਛੱਜੇ ਦੀ ਰੇਲਿੰਗ ਟੁੱਟਣ ਨਾਲ 23 ਸਾਲਾ ਨੌਜਵਾਨ ਦੀ ਮੌਤ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਸ਼ਹਿਰ ਲੈਸਟਰ ਵਿੱਚ ਵਾਪਰੇ ਇੱਕ ਦਰਦਨਾਕ ਹਾਦਸੇ ਨੇ ਪੂਰੇ ਇਲਾਕੇ ਨੂੰਸੋਗ ਵਿੱਚ ਡੁੱਬੋ ਦਿੱਤਾ। ਸ਼ਹਿਰ ਦੇ ਇੱਕ ਸ਼ਾਂਤ ਅਤੇ ਰਹਾਇਸ਼ੀ ਇਲਾਕੇ ਵਿੱਚ ਸਥਿਤ ਬਹੁਮੰਜ਼ਿਲਾ ਇਮਾਰਤ ਦੇ ਛੱਜੇ ਤੋਂ ਡਿੱਗਣ ਕਾਰਨ 23 ਸਾਲਾ ਨੌਜਵਾਨ ਦੀ ਮੌਤ ਹੋ ਗਈ।

ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਨੌਜਵਾਨ ਘਰ ਦੇ ਛੱਜੇ 'ਤੇ ਖੜ੍ਹਾ ਹੋ ਕੇ ਹੇਠਾਂ ਵੱਲ ਵੇਖ ਰਿਹਾ ਸੀ ਕਿ ਉਸਨੇ ਮੰਗਵਾਇਆ ਖਾਣਾ ਆ ਗਿਆ ਹੈ ਜਾਂ ਨਹੀਂ।ਜਿੱਥੇ ਇਹ ਘਟਨਾ ਵਾਪਰੀ, ਉਹ ਇਲਾਕਾ ਲੈਸਟਰ ਸ਼ਹਿਰ ਦਾ ਆਮ ਰਹਾਇਸ਼ੀ ਹਿੱਸਾ ਹੈ। ਇੱਥੇ ਬਹੁਤ ਸਾਰੀਆਂ ਪੁਰਾਣੀਆਂ ਅਤੇ ਨਵੀਆਂ ਬਹੁਮੰਜ਼ਿਲਾ ਇਮਾਰਤਾਂ ਹਨ, ਜਿੱਥੇ ਨੌਜਵਾਨ, ਪਰਿਵਾਰ ਅਤੇ ਵਿਦਿਆਰਥੀ ਰਹਿੰਦੇ ਹਨ। ਇਲਾਕੇ ਦੀਆਂ ਸੜਕਾਂ ਸਾਫ-ਸੁਥਰੀਆਂ ਹਨ ਅਤੇ ਆਮ ਤੌਰ 'ਤੇ ਇੱਥੇ ਸ਼ਾਂਤੀ ਰਹਿੰਦੀ ਹੈ। ਨੇੜੇ ਹੀ ਛੋਟੀਆਂ ਦੁਕਾਨਾਂ, ਰਹਾਇਸ਼ੀ ਮਕਾਨ ਅਤੇ ਰੋਜ਼ਾਨਾ ਦੀ ਲੋੜ ਵਾਲੀਆਂ ਸਹੂਲਤਾਂ ਮੌਜੂਦ ਹਨ। ਚਸ਼ਮਦੀਦਾਂ ਅਨੁਸਾਰ ਨੌਜਵਾਨ ਛੱਜੇ ਦੀ ਰੇਲਿੰਗ 'ਤੇ ਹੱਥ ਟਿਕਾ ਕੇ ਹੇਠਾਂ ਝੁਕਿਆ ਹੀ ਸੀ ਕਿ ਅਚਾਨਕ ਰੇਲਿੰਗ ਟੁੱਟ ਗਈ। ਸੰਤੁਲਨ ਬਿਗੜਨ ਨਾਲ ਉਹ ਉੱਚਾਈ ਤੋਂ ਸਿੱਧਾ ਹੇਠਾਂ ਡਿੱਗ ਪਿਆ। ਆਲੇ-ਦੁਆਲੇ ਰਹਿੰਦੇ ਲੋਕ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਸਹਾਇਤਾ ਸੇਵਾਵਾਂ ਨੂੰ ਸੂਚਨਾ ਦਿੱਤੀ ਗਈ।

ਨੌਜਵਾਨ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਪਰ ਡਾਕਟਰਾਂ ਵੱਲੋਂ ਉਸਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਡਾਕਟਰਾਂ ਨੇ ਦੱਸਿਆ ਕਿ ਡਿੱਗਣ ਕਾਰਨ ਉਸਦੇ ਸਿਰ ਅਤੇ ਸਰੀਰ 'ਤੇ ਗੰਭੀਰ ਸੱਟਾਂ ਲੱਗੀਆਂ ਸਨ, ਜੋ ਜਾਨਲੇਵਾ ਸਾਬਤ ਹੋਈਆਂ।ਘਟਨਾ ਤੋਂ ਬਾਅਦ ਪੁਲਿਸ ਵੱਲੋਂ ਇਲਾਕੇ ਨੂੰ ਘੇਰ ਕੇ ਛੱਜੇ ਅਤੇ ਇਮਾਰਤ ਦੀ ਹਾਲਤ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਰੇਲਿੰਗ ਦੀ ਮਜ਼ਬੂਤੀ ਅਤੇ ਇਮਾਰਤ ਦੀ ਸੰਭਾਲ ਨੂੰ ਲੈ ਕੇ ਪੂਰੀ ਪੜਤਾਲ ਕੀਤੀ ਜਾ ਰਹੀ ਹੈ। ਇਹ ਵੀ ਵੇਖਿਆ ਜਾ ਰਿਹਾ ਹੈ ਕਿ ਕਿਤੇ ਰੇਲਿੰਗ ਪਹਿਲਾਂ ਤੋਂ ਕਮਜ਼ੋਰ ਤਾਂ ਨਹੀਂ ਸੀ।

ਵ ਲੈਸਟਰ ਸ਼ਹਿਰ ਆਮ ਤੌਰ 'ਤੇ ਸੁਰੱਖਿਅਤ ਅਤੇ ਸ਼ਾਂਤ ਮਾਹੌਲ ਲਈ ਜਾਣਿਆ ਜਾਂਦਾ ਹੈ।ਇੱਥੇ ਵੱਖ-ਵੱਖ ਪਿਛੋਕੜਾਂ ਦੇ ਲੋਕ ਮਿਲਜੁਲ ਕੇ ਰਹਿੰਦੇ ਹਨ। ਇਸ ਤਰ੍ਹਾਂ ਦੀ ਅਚਾਨਕ ਘਟਨਾ ਨੇ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਲਾਕੇ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਇਮਾਰਤਾਂ ਦੀ ਸੁਰੱਖਿਆ ਵੱਲ ਹੋਰ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਅਜਿਹੇ ਹਾਦਸੇ ਦੁਬਾਰਾ ਨਾ ਵਾਪਰਨ।

ਮ੍ਰਿਤਕ ਦੇ ਪਰਿਵਾਰ ਲਈ ਇਹ ਹਾਦਸਾ ਅਸਹਿਣਸ਼ੀਲ ਦੁੱਖ ਲੈ ਕੇ ਆਇਆ ਹੈ। ਪੜੋਸੀਆਂ ਅਤੇ ਜਾਣੂਆਂ ਵੱਲੋਂ ਪਰਿਵਾਰ ਨਾਲ ਡੂੰਘੀ ਹਮਦਰਦੀ ਜਤਾਈ ਜਾ ਰਹੀ ਹੈ। ਸ਼ਹਿਰ ਵਿੱਚ ਇਸ ਘਟਨਾ ਬਾਰੇ ਹਰ ਥਾਂ ਚਰਚਾ ਹੈ ਅਤੇ ਲੋਕਾਂ ਵਿੱਚ ਸੁਰੱਖਿਆ ਨੂੰ ਲੈ ਕੇ ਚਿੰਤਾ ਵਧ ਗਈ ਹੈ। ਪੁਲਿਸ ਅਨੁਸਾਰ ਜਾਂਚ ਪੂਰੀ ਹੋਣ ਮਗਰੋਂ ਹੀ ਅਸਲ ਕਾਰਨ ਸਪਸ਼ਟ ਹੋਵੇਗਾ। ਫਿਲਹਾਲ ਇਸ ਮਾਮਲੇ ਨੂੰ ਹਾਦਸਾਗ੍ਰਸਤ ਮੌਤ ਮੰਨ ਕੇ ਕਾਰਵਾਈ ਕੀਤੀ ਜਾ ਰਹੀ ਹੈ।

## ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਮੌਕੇ ਇਟਲੀ ਦੇ ਗੁਰਦੁਆਰਾ ਸਾਹਿਬ ਆਇਆ ਸੰਗਤਾਂ ਦੇ ਹੜ੍ਹ ,ਲੱਗੇ ਬੋਲੇ ਸੋ ਨਿਰਭੈ ਸਤਿਗੁਰੂ ਰਵਿਦਾਸ ਮਹਾਰਾਜ ਦੀ ਜੈ ਦੇ ਜੈਕਾਰੇ



ਰੋਮ ਇਟਲੀ - (ਗੁਰਸ਼ਰਨ ਸਿੰਘ ਸੋਨੀ) ਗਰੀਬ ਤੇ ਲਤਾੜੇ ਸਮਾਜ ਨੂੰ ਬਾਦਸ਼ਾਹੀਆਂ ਬਖਸ਼ਣ ਵਾਲੇ ਮਹਾਨ ਇਨਕਲਾਬੀ ਯੋਧੇ ,ਮਹਾਨ ਅਧਿਆਤਮਕਵਾਦੀ,ਯੁੱਗ ਪੁਰਸ਼ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਵਿੱਚ ਸਮੁੱਚੀਆਂ ਸੰਗਤਾਂ ਵੱਲੋਂ ਬਹੁਤ ਸ਼ਰਧਾ ਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ।ਇਟਲੀ ਵਿੱਚ ਵੀ ਇਸ ਪਵਿੱਤਰ ਦਿਹਾੜੇ ਮੌਕੇ ਇਟਲੀ ਭਰ ਦੇ ਗੁਰਦੁਆਰਾ ਸਾਹਿਬ ਖਾਸਕਰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੇ ਵੱਡੇ ਹਜੂਮ ਵੱਲੋਂ ਸਵੇਰੇ ਤੋਂ ਹੀ ਭਾਰੀ ਰੌਣਕਾਂ ਦੇਖਣ ਨੂੰ ਮਿਲੀਆਂ।ਇਸ ਮੌਕੇ ਜਿੱਥੇ ਵੱਖ-ਵੱਖ ਗੁਰਦੁਆਰਾ ਸਾਹਿਬ ਦੀ ਵਿਸ਼ੇਸ ਦੀਪਮਾਲਾ ਕੀਤੀ ਗਈ ਉੱਥੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਵਲੋਂ ਉਚਾਰੀ ਇਲਾਹੀ ਬਾਣੀ ਦੇ ਨਿਰੰਤਰ ਪ੍ਰਵਾਹ ਵੀ ਚਲਦੇ ਰਹੇ।ਜਿਹਨਾਂ ਗੁਰਦੁਆਰਾ ਸਾਹਿਬ ਵਿੱਚ ਭਾਰੀ ਰੌਣਕਾਂ ਨਾਲ ਮਾਹੌਲ ਭਗਤੀ ਰਸ ਨਾਲ ਰਮਿਆ ਹੋਇਆ ਸੀ ਉਹਨਾਂ ਵਿੱਚ ਸ਼੍ਰੀ ਗੁਰੂ ਰਵਿਦਾਸ ਦਰਬਾਰ ਵਿਲੇਤਰੀ, ਸ਼੍ਰੀ ਗੁਰੂ ਰਵਿਦਾਸ ਟੈਂਪਲ ਪਾਰਮਾ-ਪਿਆਚੈਂਸਾ, ਸ਼੍ਰੀ ਗੁਰੂ ਰਵਿਦਾਸ ਟੈਂਪਲ ਵਿਚੈਂਸਾ, ਸ਼੍ਰੀ ਗੁਰੂ ਰਵਿਦਾਸ ਟੈਂਪਲ ਮਨੈਰਬਿਓ (ਬਰੇਸ਼ੀਆ) ਸ਼੍ਰੀ ਗੁਰੂ ਰਵਿਦਾਸ ਦਰਬਾਰ ਚੀਵੀਦੀਨੋ ਬੈਰਗਾਮੋ,ਸ਼੍ਰੀ ਗੁਰੂ ਰਵਿਦਾਸ ਧਰਮ ਪ੍ਰਚਾਰ ਕਰੇਮੋਨਾ ਅਤੇ ਸ਼੍ਰੀ ਗੁਰੂ ਰਵਿਦਾਸ ਟੈਂਪਲ ਬੋਰਗੋਲੀਵੀ ਸਬਾਊਦੀਆ (ਲਾਤੀਨਾ) ਆਦਿ ਦਾ ਵਿਸ਼ੇਸ ਜ਼ਿਕਰ ਹੈ।ਸ਼੍ਰੀ ਗੁਰੂ ਰਵਿਦਾਸ ਟੈਂਪਲ ਸਬਾਊਦੀਆ ਵਿਖੇ ਸੰਗਤ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀਓ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ ਕੇਕ ਵੀ ਕੱਟਿਆ ਗਿਆ।ਇਸ ਮੌਕੇ ਭਾਈ ਮਨਜੀਤ ਸਿੰਘ ਵੱਲੋ ਆਪਣੀ ਬੁਲੰਦ ਤੇ ਦਮਦਾਰ ਆਵਾਜ ਵਿੱਚ ਰਸ ਭਿੰਨਾ ਕੀਰਤਨ ਵੀ ਕੀਤਾ ਗਿਆ।ਇਸ ਪ੍ਰਕਾਸ਼ ਪੁਰਬ ਮੌਕੇ ਸਰਬਜੀਤ ਵਿਰਕ ਤੇ ਅਸ਼ੋਕ ਕੁਮਾਰ ਪਾਰਮਾ ਨੇ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀਓ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਆਓ ਆਪਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਸੁਪਨ ਸ਼ਹਿਰ ਬੇਗਰਪੁਰਾ ਨੂੰ ਸਾਕਾਰ ਕਰਨ ਲਈ ਲਾਮਬੰਦ ਹੋਕੇ ਚੱਲੀਏ ਤੇ ਉਹਨਾਂ ਦੇ ਮਿਸ਼ਨ ਦਾ ਝੰਡਾ ਯੂਰਪ ਭਰ ਵਿੱਚ ਬੁਲੰਦ ਕਰੀਏ।ਇਸ ਮੌਕੇ ਸਮੂਹ ਗੁਰਦੁਆਰਾ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀਓ ਦੇ ਨਾਮ ਜੈਕਾਰਿਆ ਨਾਲ ਇਟਲੀ ਭਰ ਦਾ ਮਾਹੌਲ ਗੁਰੂ ਸਾਹਿਬ ਦੇ ਜਨਮ ਅਸਥਾਨ ਕਾਂਸ਼ੀ ਦੀ ਧਰਤੀ ਦਾ ਭੁਲੇਖਾ ਪਾ ਰਿਹਾ ਸੀ।

# ਫੌਜੀ ਅੱਡਿਆਂ ਨੇੜੇ ਡਰੋਨ ਉਡਾਣਾਂ ਨਾਲ ਸੁਰੱਖਿਆ ਏਜੰਸੀਆਂ ਚਿੰਤਤ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)**-ਬਰਤਾਨੀਆ ਦੇ ਫੌਜੀ ਅੱਡਿਆਂ ਦੇ ਨੇੜੇ ਬਿਨਾਂ ਇਜਾਜ਼ਤ ਡਰੋਨ ਉਡਾਣਾਂ ਅਤੇ ਸੰਦੇਹਜਨਕ ਘਟਨਾਵਾਂ ਵਿੱਚ ਪਿਛਲੇ ਇੱਕ ਸਾਲ ਦੌਰਾਨ ਚਿੰਤਾਜਨਕ ਵਾਧਾ ਦਰਜ ਕੀਤਾ ਗਿਆ ਹੈ। ਪ੍ਰਾਪਤ ਸਰਕਾਰੀ ਅੰਕੜਿਆਂ ਮੁਤਾਬਕ ਡਰੋਨ ਨਾਲ ਜੁੜੀਆਂ ਘਟਨਾਵਾਂ ਦੀ ਗਿਣਤੀ ਲਗਭਗ ਦੋਗੁਣੀ ਹੋ ਗਈ ਹੈ, ਜਿਸ ਕਾਰਨ ਦੇਸ਼ ਦੀ ਰਾਸ਼ਟਰੀ ਸੁਰੱਖਿਆ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ।



ਰਿਪੋਰਟ ਅਨੁਸਾਰ ਹਾਲੀਆ ਸਮੇਂ ਦੌਰਾਨ ਫੌਜੀ ਅੱਡਿਆਂ ਅਤੇ ਸੰਵੇਦਨਸ਼ੀਲ ਸੈਨਾ ਢਾਂਚਿਆਂ ਦੇ ਨੇੜੇ ਸੈਂਕੜਿਆਂ ਡਰੋਨ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਬਿਨਾਂ ਮਨਜ਼ੂਰੀ ਉਡਾਣਾਂ, ਨਿਯੰਤਰਿਤ ਹਵਾਈ ਖੇਤਰ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਅਤੇ ਫੌਜੀ ਢਾਂਚਿਆਂ ਦੀ ਨਿਗਰਾਨੀ ਕਰਨ ਦੇ ਸ਼ੱਕ ਵਾਲੇ ਮਾਮਲੇ ਸ਼ਾਮਲ ਹਨ। ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਈ ਮਾਮਲਿਆਂ ਵਿੱਚ ਡਰੋਨ ਉਡਾਉਣ ਵਾਲਿਆਂ ਦੀ ਪਛਾਣ ਕਰਨਾ ਮੁਸ਼ਕਲ ਸਾਬਤ ਹੋਇਆ ਹੈ, ਜਿਸ ਨਾਲ ਜਾਂਚ ਪ੍ਰਕਿਰਿਆ ਹੋਰ ਪੇਚੀਦਾ ਬਣ ਗਈ ਹੈ।

ਸਰਕਾਰੀ ਸਰੋਤਾਂ ਨੇ ਦੱਸਿਆ ਕਿ ਬਦਲਦੇ ਵਿਸ਼ਵ ਸੁਰੱਖਿਆ ਹਾਲਾਤਾਂ ਅਤੇ ਆਧੁਨਿਕ ਤਕਨਾਲੋਜੀ ਦੀ ਸੌਖੀ ਉਪਲਬਧਤਾ ਕਾਰਨ ਡਰੋਨ ਦਾ ਗਲਤ ਇਸਤੇਮਾਲ ਵਧ ਰਿਹਾ ਹੈ। ਕੁਝ ਘਟਨਾਵਾਂ ਨੂੰ ਸ਼ਰਾਰਤੀ ਕਦਮ ਮੰਨਿਆ ਜਾ ਰਿਹਾ ਹੈ, ਜਦਕਿ ਕੁਝ ਮਾਮਲਿਆਂ ਵਿੱਚ ਵਿਦੇਸ਼ੀ ਤੱਤਾਂ ਦੀ ਸ਼ਮੂਲੀਅਤ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਗਿਆ। ਇਸ ਸਥਿਤੀ ਨੂੰ ਦੇਖਦਿਆਂ ਰੱਖਿਆ ਮੰਤਰਾਲੇ ਅਤੇ ਸੁਰੱਖਿਆ ਏਜੰਸੀਆਂ ਵੱਲੋਂ ਫੌਜੀ ਅੱਡਿਆਂ ਦੀ ਸੁਰੱਖਿਆ ਪ੍ਰਣਾਲੀ ਦੀ ਸਮੀਖਿਆ ਕੀਤੀ ਜਾ ਰਹੀ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਡਰੋਨ ਖ਼ਤਰੇ ਨਾਲ ਨਜਿੱਠਣ ਲਈ ਨਵੇਂ ਤਕਨੀਕੀ ਉਪਕਰਨ, ਰਾਡਾਰ ਪ੍ਰਣਾਲੀਆਂ ਅਤੇ ਕਾਨੂੰਨੀ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸਦੇ ਨਾਲ ਹੀ ਫੌਜੀ ਖੇਤਰਾਂ ਦੇ ਨੇੜੇ ਰਹਿਣ ਵਾਲੇ ਨਾਗਰਿਕਾਂ ਨੂੰ ਵੀ ਸਾਵਧਾਨ ਰਹਿਣ ਅਤੇ ਕਿਸੇ ਵੀ ਸੰਦੇਹਜਨਕ ਗਤੀਵਿਧੀ ਦੀ ਤੁਰੰਤ ਜਾਣਕਾਰੀ ਪੁਲਿਸ ਜਾਂ ਸੁਰੱਖਿਆ ਏਜੰਸੀਆਂ ਨੂੰ ਦੇਣ ਦੀ ਅਪੀਲ ਕੀਤੀ ਗਈ ਹੈ।

ਸਰਕਾਰ ਵੱਲੋਂ ਸਪਸ਼ਟ ਕੀਤਾ ਗਿਆ ਹੈ ਕਿ ਫੌਜੀ ਅੱਡਿਆਂ ਦੇ ਨੇੜੇ ਡਰੋਨ ਉਡਾਉਣਾ ਕਾਨੂੰਨੀ ਅਪਰਾਧ ਹੈ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਧਰ, ਵਿਰੋਧੀ ਧਿਰ ਨੇ ਵੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਦੇਸ਼ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਸ ਮਸਲੇ 'ਤੇ ਤੁਰੰਤ ਅਤੇ ਠੋਸ ਕਦਮ ਚੁੱਕੇ ਜਾਣ।

# ਬਰਤਾਨੀਆ ਦੀ ਪੁਲਿਸ ਫੋਰਸ 'ਚ ਵੱਡੀ ਕਮੀ

## ✪ ਇੱਕ ਸਾਲ 'ਚ 1300 ਪੁਲਿਸ ਅਫਸਰ ਘਟੇ, ਹਰ ਰੋਜ਼ ਤਿੰਨ ਤੋਂ ਵੱਧ ਅਧਿਕਾਰੀ ਫੋਰਸ ਤੋਂ ਬਾਹਰ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)**-ਬਰਤਾਨੀਆ ਵਿੱਚ ਪੁਲਿਸ ਫੋਰਸ ਦੀ ਗਿਣਤੀ ਵਿੱਚ ਪਿਛਲੇ ਇੱਕ ਸਾਲ ਦੌਰਾਨ ਵੱਡੀ ਕਮੀ ਦਰਜ ਕੀਤੀ ਗਈ ਹੈ। ਅਧਿਕਾਰਿਕ ਅੰਕੜਿਆਂ ਅਨੁਸਾਰ ਇੰਗਲੈਂਡ ਅਤੇ ਵੇਲਜ਼ ਵਿੱਚ ਪੁਲਿਸ ਅਫਸਰਾਂ ਦੀ ਗਿਣਤੀ ਲਗਭਗ 1,300 ਘੱਟ ਗਈ ਹੈ, ਜੋ ਹਰ ਰੋਜ਼ ਤਕਰੀਬਨ ਤਿੰਨ ਤੋਂ ਵੱਧ ਅਫਸਰਾਂ ਦੇ ਸਿਸਟਮ ਤੋਂ ਬਾਹਰ ਹੋਣ ਦੇ ਬਰਾਬਰ ਮੰਨੀ ਜਾ ਰਹੀ ਹੈ। ਇਹ ਕਮੀ ਕਾਨੂੰਨ-ਵਿਵਸਥਾ ਅਤੇ ਜਨਤਕ ਸੁਰੱਖਿਆ ਲਈ ਗੰਭੀਰ ਚਿੰਤਾ ਦਾ ਕਾਰਨ ਬਣੀ ਹੋਈ ਹੈ। ਲੇਬਰ ਸਰਕਾਰ ਦੇ ਦੌਰ ਵਿੱਚ ਸਾਹਮਣੇ ਆਏ ਇਨ੍ਹਾਂ ਅੰਕੜਿਆਂ ਨੂੰ ਲੈ ਕੇ ਵਿਰੋਧੀ ਧਿਰ ਅਤੇ ਪੁਲਿਸ ਯੂਨੀਅਨਾਂ ਵੱਲੋਂ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਪੁਲਿਸ 'ਤੇ ਪਹਿਲਾਂ ਹੀ ਵਧ ਰਹੇ ਕੰਮ ਦੇ ਦਬਾਅ, ਹਿੰਸਕ ਅਪਰਾਧਾਂ ਅਤੇ ਸਮਾਜਿਕ ਤਣਾਅ ਦੇ ਮਾਹੌਲ ਵਿੱਚ ਅਫਸਰਾਂ ਦੀ ਕਮੀ ਹਾਲਾਤਾਂ ਨੂੰ ਹੋਰ ਵਿਗਾੜ ਸਕਦੀ ਹੈ। ਹੋਮ ਆਫਿਸ ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ ਪਿਛਲੇ 12 ਮਹੀਨਿਆਂ ਦੌਰਾਨ ਪੁਲਿਸ ਫੋਰਸ ਵਿੱਚ ਇਹ ਕਮੀ ਦਰਜ ਕੀਤੀ ਗਈ ਹੈ, ਜੋ ਕੁੱਲ ਤਾਕਤ ਦਾ ਲਗਭਗ ਇੱਕ ਫੀਸਦੀ ਦੇ ਨੇੜੇ ਹੈ। ਹਾਲਾਂਕਿ ਸਰਕਾਰ ਦਾ ਕਹਿਣਾ ਹੈ ਕਿ ਭਰਤੀ ਅਤੇ ਪ੍ਰਸ਼ਿਕਸ਼ਣ ਪ੍ਰਕਿਰਿਆ ਜਾਰੀ ਹੈ, ਪਰ ਜ਼ਮੀਨੀ ਪੱਧਰ 'ਤੇ ਅਸਰ ਤੁਰੰਤ ਮਹਿਸੂਸ ਹੋ ਰਿਹਾ ਹੈ।




ਪੁਲਿਸ ਯੂਨੀਅਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਅਫਸਰਾਂ ਦੀ ਘਾਟ ਕਾਰਨ ਗਸ਼ਤ ਘੱਟ ਹੋ ਸਕਦੀ ਹੈ, ਜੁਰਮ ਦੀ ਜਾਂਚ ਵਿੱਚ ਦੇਰੀ ਆ ਸਕਦੀ ਹੈ ਅਤੇ ਜਨਤਾ ਨਾਲ ਸੰਪਰਕ ਪ੍ਰਭਾਵਿਤ ਹੋ ਸਕਦਾ ਹੈ। ਉਨ੍ਹਾਂ ਅਨੁਸਾਰ ਕਈ ਇਲਾਕਿਆਂ ਵਿੱਚ ਅਫਸਰ ਪਹਿਲਾਂ ਹੀ ਲੰਬੀਆਂ ਡਿਊਟੀਆਂ ਕਰ ਰਹੇ ਹਨ, ਜਿਸ ਨਾਲ ਮਨੋਵਿਗਿਆਨਕ ਦਬਾਅ ਅਤੇ ਨੌਕਰੀ ਛੱਡਣ ਦੇ ਮਾਮਲੇ ਵਧ ਰਹੇ ਹਨ।

ਵਿਰੋਧੀ ਪਾਰਟੀਆਂ ਨੇ ਸਰਕਾਰ 'ਤੇ ਦੋਸ਼ ਲਗਾਇਆ ਹੈ ਕਿ ਪੁਲਿਸ ਬਜਟ ਅਤੇ ਸਹੂਲਤਾਂ ਬਾਰੇ ਢੁੱਕਵੇਂ ਫੈਸਲੇ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਜੇਕਰ ਤੁਰੰਤ ਠੋਸ ਕਦਮ ਨਾ ਚੁੱਕੇ ਗਏ ਤਾਂ ਜੁਰਮ 'ਤੇ ਕਾਬੂ ਪਾਉਣਾ ਮੁਸ਼ਕਲ ਹੋ ਜਾਵੇਗਾ।

ਦੂਜੇ ਪਾਸੇ, ਸਰਕਾਰੀ ਬੋਲਪੁਰਸ ਨੇ ਕਿਹਾ ਹੈ ਕਿ ਪੁਲਿਸ ਸੁਧਾਰ ਅਤੇ ਨਵੀਂ ਭਰਤੀ ਸਰਕਾਰ ਦੀ ਪ੍ਰਾਥਮਿਕਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਫੋਰਸ ਨੂੰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਦਾ ਦਾਅਵਾ ਹੈ ਕਿ ਤਕਨਾਲੋਜੀ ਅਤੇ ਸਰੋਤਾਂ ਦੀ ਬਿਹਤਰ ਵਰਤੋਂ ਨਾਲ ਸੁਰੱਖਿਆ ਪ੍ਰਬੰਧਾਂ ਨੂੰ ਪ੍ਰਭਾਵਸ਼ਾਲੀ ਬਣਾਇਆ ਜਾ ਰਿਹਾ ਹੈ। ਇਸ ਮਾਮਲੇ ਨੇ ਇੱਕ ਵਾਰ ਫਿਰ ਬਰਤਾਨੀਆ ਵਿੱਚ ਕਾਨੂੰਨ-ਵਿਵਸਥਾ, ਪੁਲਿਸਿੰਗ ਅਤੇ ਸਰਕਾਰੀ ਨੀਤੀਆਂ 'ਤੇ ਵੱਡੀ ਬਹਿਸ ਨੂੰ ਜਨਮ ਦੇ ਦਿੱਤਾ ਹੈ।

**TAIL PIECE**

# PROPOSED BUDGET ASSURES PROPER GROWTH TO REACH THE TARGET 2047

There had been reports that ahout thirty crore poor people could come out of poerty dring two tenures and there had also been reports that if go on growing, we would be able to bring proper life to our people by 2047. These reports were encoragig ad people of India noted the same with pleasre. What shall be our life in the target year, we do ot know because when more than half of our population was on free ration here and werenot able to earn properly to runthe family on minimm expenses.

It is on record that we are going on and growing properly becase of peace in the contry and becase of adopting science and technology and because of adopting corporatelike units here in India too wyho could produce more and could employ more people on reasonable wages. We shall have to establish more corporate houses and even in our cooperative sector too we shall have to see that all kitchen preparations too must go to corporatelike units in cooperative sector using food grains, vegitables and other meterials of human use in those uits enlarging the scope of rral employment and reasonable wages coming to all the families.

Our corporate houses have started producing uch and even we have entered into international market too and even surpluses show that if our own people could get purchasing power, they too shall look rich and living proper life and for that circulation of money is the only way out. We ould not assess minimum money needed each month for a family and could not see that such amounts are reaching the family each month. Employment and wages must be kept in view and proper arrangement must be made.

Let eh budgerts be passed with some additions of suggestions from the other sides and our government go on and assurances given in the proposed budgets are implemented with good faith and sincerety. We are in a democracy and all we have elect3esd or apoointed as Public Servants must work for welfare of the people so that our assurances given to people must be fulfilled and we reach successfully th target date with hohnour and dignity so that we do not feel inferiority complex..

**Advocate dalip singh wasan,**
**Email dalipsinghwassan@yahoo.co.ina**

# ਕੁੱਪ ਰਹੀੜੇ ਦੇ ਵੱਡੇ ਘੱਲੂਘਾਰੇ ਵਿਚ ਲਗਪਗ 35 ਹਜ਼ਾਰ ਸਿੰਘ ਸ਼ਹੀਦ ਹੋਏ

**ਸੁਖਵਿੰਦਰ ਸਿੰਘ ਮੁੱਲਾਂਪੁਰ**



18ਵੀਂ ਸਦੀ ਵਿੱਚ ਵਾਪਰੇ ਦੋ ਘੱਲੂਘਾਰਿਆਂ ਦਾ ਇਤਿਹਾਸ ਵੱਖਰਾ ਹੀ ਹੈ। ਇਹ ਦੋਵੇਂ ਘੱਲੂਘਾਰੇ ਛੋਟੇ ਅਤੇ ਵੱਡੇ ਘੱਲੂਘਾਰੇ ਦੇ ਨਾਮ ਨਾਲ ਜਾਣੇ ਜਾਂਦੇ ਹਨ। ਛੋਟਾ ਘੱਲੂਘਾਰਾ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ’ਚ ਵਾਪਰਿਆ। ਇਹ ਜਗ੍ਹਾ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਸੜਕ ’ਤੇ 8 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਇਸ ਘੱਲੂਘਾਰੇ ਵਿੱਚ ਦਸ ਹਜ਼ਾਰ ਸਿੰਘ, ਬੀਬੀਆਂ ਅਤੇ ਬੱਚੇ ਸ਼ਹੀਦ ਹੋਏ। ਵੱਡਾ ਘੱਲੂਘਾਰਾ ਇਸ ਛੋਟੇ ਘੱਲੂਘਾਰੇ ਤੋਂ 16 ਸਾਲ ਬਾਅਦ 5 ਫ਼ਰਵਰੀ 1762 ਨੂੰ ਰੋਹੀੜੇ (ਨੇੜੇ ਕੁੱਪ) ਜ਼ਿਲ੍ਹਾ ਸੰਗਰੂਰ ਵਿੱਚ ਵਾਪਰਿਆ।



ਮੁਗਲਾਂ ਦਾ ਰਾਜ ਲਗਪਗ ਖ਼ਤਮ ਹੋ ਚੱਲਿਆ ਸੀ। ਮਰਹੱਟੇ ਤਾਕਤ ਫੜਦੇ ਜਾ ਰਹੇ ਸਨ। ਉਨ੍ਹਾਂ ਦੀ ਤਾਕਤ ਘੱਟ ਕਰਨ ਲਈ ਅਬਦਾਲੀ ਨੇ ਮਰਹੱਟਿਆਂ ’ਤੇ ਹੱਲਾ ਬੋਲ ਦਿੱਤਾ। ਏਸ਼ੀਆ ਦੇ ਵੱਡੇ ਸੈਨਾਪਤੀਆਂ ਵਿਚ ਗਿਣੇ ਜਾਣ ਵਾਲੇ ਅਬਦਾਲੀ ਨੇ ਹਿੰਦੁਸਤਾਨ ਉਪਰ ਅੱਠ ਹਮਲੇ ਕੀਤੇ ਆਪਣੇ ਪੰਜਵੇਂ ਹਮਲੇ ਸਮੇਂ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ ਨਾਲ ਯੁੱਧ ਕਰਨ ਸਮੇਂ ਉਨ੍ਹਾਂ ਦਾ ਚੰਗੀ ਤਰ੍ਹਾਂ ਲੱਕ ਤੋੜ ਦਿੱਤਾ। ਅਬਦਾਲੀ ਮਰਹੱਟਿਆਂ ਨੂੰ ਲੁੱਟ ਕੇ ਮਹਾਨ ਜੇਤੂ ਦੇ ਰੂਪ ਵਿਚ ਕਾਬਲ ਜਾ ਰਿਹਾ ਸੀ। ਪੰਜਾਬ ਵਿਚ ਦੀ ਲੰਘਦਿਆਂ ਖ਼ਾਲਸੇ ਨੇ ਉਸ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਫ਼ੈਸਲਾ ਕੀਤਾ। ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਆਪਣੇ ਯੋਧਿਆਂ ਨਾਲ ਅਬਦਾਲੀ ਦੇ ਪਿੱਛੇ ਲੱਗ ਗਿਆ। ਜੋ ਮਾਲ ਅਬਦਾਲੀ ਮਰਹੱਟਿਆਂ ਤੋਂ ਲੁੱਟ ਕੇ ਲਿਜਾ ਰਿਹਾ ਸੀ, ਉਸ ਨੇ ਉਹ ਸਾਰਾ ਮਾਲ ਹੱਲਾ ਬੋਲ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ। ਇਹ ਵੇਖ ਕੇ ਅਬਦਾਲੀ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ।

ਅਬਦਾਲੀ ਨੂੰ ਮਹੰਤ ਆਕਲ ਦਾਸ ਹੰਡਾਲੀਆ ਜੰਡਿਆਲੇ ਵਾਲਾ, ਚੁਗਲਾ ਰਾਮ ਰੰਧਾਵਾ, ਰਾਜਾ ਘੁਮੰਡ ਅਤੇ ਹੋਰ ਨਵਾਬਾਂ-ਚੌਧਰੀਆਂ ਨੇ ਸਿੰਘਾਂ ਬਾਰੇ ਉਕਸਾ ਕੇ ਸਿੰਘਾਂ ’ਤੇ ਛੇਵਾਂ ਹਮਲਾ ਕਰਕੇ ਖੋਜ-ਖੁਰਾ ਮਿਟਾਉਣ ਲਈ ਕਿਹਾ। ਜਦੋਂ ਸਿੰਘਾਂ ਨੂੰ ਅਬਦਾਲੀ ਦੇ ਛੇਵੇਂ ਹਮਲੇ ਦੀ ਸੂਹ ਮਿਲੀ ਕਿ ਅਬਦਾਲੀ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵੱਲ ਸਿੰਘਾਂ ’ਤੇ ਹੱਲਾ ਬੋਲ ਕੇ ਉਨ੍ਹਾਂ ਦਾ ਖੋਜ-ਖੁਰਾ ਮਿਟਾਉਣ ਆ ਰਿਹਾ ਹੈ ਤਾਂ ਖ਼ਾਲਸੇ ਨੇ ਬੜੀ ਦੂਰ-ਅੰਦੇਸ਼ੀ ਵਾਲਾ ਫ਼ੈਸਲਾ ਕੀਤਾ ਕਿ ਸਭ ਤੋਂ ਪਹਿਲਾਂ ਟੱਬਰਾਂ ਅਤੇ ਬੱਚਿਆਂ ਦੀ ਰਾਖੀ ਕੀਤੀ ਜਾਵੇ। ਜੇ ਪਰਿਵਾਰ ਬਚੇ ਰਹੇ ਤਾਂ ਸਿੱਖ ਕੌਮ ਬਚੀ ਰਹੇਗੀ ਅਤੇ ਜੇ ਸਿੱਖ ਕੌਮ ਬਚੀ ਰਹੀ ਤਾਂ ਸਿੱਖ ਧਰਮ ਬਚਿਆ ਰਹੇਗਾ। ਰੋਹੀੜੇ (ਕੁੱਪ) ਦੀ ਥੇਹ ਨੇੜੇ 50-55 ਹਜ਼ਾਰ ਦੀ ਗਿਣਤੀ ਵਿਚ ਸਿੱਖ ਇਕੱਠੇ ਹੋ ਗਏ। ਇਸ ਗਿਣਤੀ ਵਿਚ ਬੱਚੇ, ਬੁੱਢੇ ਅਤੇ ਔਰਤਾਂ ਵੀ ਸ਼ਾਮਲ ਸਨ। ਇਨ੍ਹਾਂ ਪਰਿਵਾਰਾਂ ਨੂੰ ਬਰਨਾਲੇ ਵਿੱਚ, ਜਿੱਥੇ ਬਾਬਾ ਆਲਾ ਸਿੰਘ ਦਾ ਰਾਜ ਸੀ, ਸੁਰੱਖਿਅਤ ਥਾਂ ਵੱਲ ਲਿਜਾਇਆ ਜਾ ਰਿਹਾ ਸੀ। ਸਿੱਖ ਸਰਦਾਰਾਂ ਨੂੰ ਉਮੀਦ ਸੀ ਕਿ ਅਬਦਾਲੀ ਨੂੰ ਸਿੱਖਾਂ ਤੱਕ ਪੁੱਜਣ ਲਈ ਕਈ ਦਿਨ ਲੱਗ ਜਾਣਗੇ। ਅਬਦਾਲੀ 3 ਫ਼ਰਵਰੀ 1762 ਨੂੰ ਲਾਹੌਰ ਪਹੁੰਚ ਗਿਆ। ਸਿੱਖਾਂ ਨੂੰ ਉਮੀਦ ਸੀ ਕਿ ਉਹ ਹਾਲੇ ਲਾਹੌਰ ਆਰਾਮ ਕਰਕੇ ਫਿਰ ਇੱਧਰ ਆਵੇਗਾ ਪਰ ਅਬਦਾਲੀ ਮਾਰੋ ਮਾਰ ਕਰਦਾ 50 ਹਜ਼ਾਰ ਫ਼ੌਜ ਅਤੇ 20-25 ਹਜ਼ਾਰ ਮੁਸਲਮ ਮੁਲਖਈਆਂ ਸਮੇਤ 5 ਫ਼ਰਵਰੀ ਨੂੰ ਰੋਹੀੜੇ ਆਇਆ ਅਤੇ ਸਿੱਖਾਂ ਨੂੰ ਘੇਰ ਲਿਆ। ਇਧਰੋਂ ਨਵਾਬ ਜੈਨ ਖਾਂ ਸਰਹਿੰਦ ਤੇ ਨਵਾਬ ਮਾਲੇਰਕੋਟਲਾ ਆਪਣੀ ਸੈਨਾ ਲੈ ਕੇ ਆ ਗਏ।

ਭਾਵੇਂ ਪੰਜਾਬ ਉੱਤੇ ਅਬਦਾਲੀ ਵਲੋਂ ਥਾਪੇ ਗਏ ਸੂਬੇਦਾਰਾਂ ਦਾ ਰਾਜ ਸੀ ਪਰ ਪੰਜਾਬ ਬਾਰ੍ਹਾਂ ਮਿਸਲਾਂ ਦੇ ਰੂਪ ਵਿਚ ਸਿੱਖਾਂ ਦੇ ਕਬਜ਼ੇ ਵਿਚ ਆ ਚੁੱਕਾ ਸੀ। ਦਲ ਖਾਲਸਾ ਜੱਸਾ ਸਿੰਘ ਅਹਲੂਵਾਲੀਆ ਦੀ ਅਗਵਾਈ ਹੇਠ ਮਜ਼ਬੂਤ ਦਲ ਬਣ ਚੁੱਕਾ ਸੀ। ਇਸ ਜੰਗ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਨੇ ਸੰਭਾਲ ਲਈ। ਉਨ੍ਹਾਂ ਦਾ ਸਾਥ ਸਰਦਾਰ ਸ਼ਾਮ ਸਿੰਘ ਕਰੋੜਸਿੰਘੀਆ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਵਰਗੇ ਜਰਨੈਲ ਦੇ ਰਹੇ ਸਨ। ਘਮਸਾਨ ਦਾ ਜੰਗ ਜਾਰੀ ਹੋ ਚੁੱਕਾ ਸੀ। ਇਸ ਵਿਚ ਲੜਨ ਵਾਲੇ ਸਿੰਘਾਂ ਦੀ ਗਿਣਤੀ ਘੱਟ ਸੀ ਅਤੇ ਬੱਚੇ ਤੇ ਬੁੱਢਿਆਂ ਦੀ ਗਿਣਤੀ ਜ਼ਿਆਦਾ ਸੀ।

ਸਿੰਘਾਂ ਨੂੰ ਆਪਣੀ ਮੌਤ ਨਾਲੋਂ ਜ਼ਿਆਦਾ ਚਿੰਤਾ ਵਹੀਰ ਨੂੰ ਬਚਾਉਣ ਦੀ ਸੀ। ਸਾਰੇ ਸਿੰਘ ਵਹੀਰ ਦੇ ਆਲੇ-ਦੁਆਲੇ ਘੇਰਾ ਬਣਾ ਕੇ ਦੁਸ਼ਮਣਾਂ ਨਾਲ ਲੜ ਰਹੇ ਸਨ। ਅਬਦਾਲੀ ਅਤੇ ਉਸ ਦੇ ਜਰਨੈਲਾਂ ਵਲੀ ਖ਼ਾਨ, ਭੀਖਨ ਖ਼ਾਨ ਅਤੇ ਜੈਨ ਖ਼ਾਨ ਨੇ ਇਕਦਮ ਇਕੱਠਾ ਹਮਲਾ ਕਰਨ ਦੀ ਸਕੀਮ ਬਣਾਈ। ਇਸ ਹਮਲੇ ਨਾਲ ਸਿੰਘਾਂ ਦੇ ਪੈਰ ਉੱਖੜ ਗਏ। ਵਹੀਰ ਦੁਆਲੇ ਸਿੰਘਾਂ ਦਾ ਘੇਰਾ ਟੁੱਟ ਗਿਆ। ਵਹੀਰ ਦਾ ਬਹੁਤ ਨੁਕਸਾਨ ਹੋਇਆ। ਵੈਰੀਆਂ ਨੇ ਵੱਡੀ ਗਿਣਤੀ ਵਿਚ ਸਿੱਖ ਟੱਬਰ ਸ਼ਹੀਦ ਕਰ ਦਿੱਤੇ ਪਰ ਥੋੜ੍ਹੇ ਸਮੇਂ ਬਾਅਦ ਸਿੰਘ ਫਿਰ ਵਹੀਰ ਦੁਆਲੇ ਘੇਰਾ ਬਣਾਉਣ ਵਿਚ ਸਫ਼ਲ ਹੋ ਗਏ।

ਸਿੰਘ ਤੁਰਦੇ-ਤੁਰਦੇ ਹਠੂਰ ਦੀ ਢਾਬ ’ਤੇ ਪਹੁੰਚ ਗਏ। ਕੁਤਬੇ ਦੀ ਢਾਬ ’ਤੇ ਪਹੁੰਚ ਕੇ ਢਾਬ ਦੇ ਇਕ ਪਾਸੇ ਮੁਗਲ ਸੈਨਾ ਅਤੇ ਦੂਸਰੇ ਪਾਸੇ ਸਿੰਘ ਫ਼ੌਜਾਂ ਨੇ ਪਾਣੀ ਪੀਤਾ। ਲੜਾਈ ਲੜਦਿਆਂ ਕੁਝ ਫ਼ੌਜ ਬਰਨਾਲੇ ਵੱਲ ਨੂੰ ਅਤੇ ਕੁਝ ਫ਼ੌਜ ਹਠੂਰ ਹੁੰਦੀ ਹੋਈ ਹਨੇਰੇ ਦਾ ਫਾਇਦਾ ਲੈ ਕੇ ਦੂਰ ਪਿੰਡਾਂ ਵਿਚ ਖਿੱਲਰ ਗਈ।

ਇਸ ਜੰਗ ਵਿਚ ਬਾਬਾ ਜੱਸਾ ਸਿੰਘ ਅਹਲੂਵਾਲੀਆ ਦੇ ਸਰੀਰ ਉਪਰ 32 ਅਤੇ ਸ਼ਾਮ ਸਿੰਘ ਦੇ ਸਰੀਰ ਉਪਰ 16 ਫੱਟ ਲੱਗੇ ਸਨ। ਕੋਈ ਸਿੰਘ ਅਜਿਹਾ ਨਹੀਂ ਸੀ, ਜਿਸ ਦੇ ਸਰੀਰ ਉਪਰ ਜ਼ਖ਼ਮ ਦਾ ਨਿਸ਼ਾਨ ਨਾ ਹੋਵੇ। ਇਹ ਲੜਾਈ ਰੋਹੀੜੇ ਦੇ ਮੈਦਾਨ ਤੋਂ ਲੈ ਕੇ ਗਹਿਲਾਂ ਤੱਕ ਲਗਪਗ 20 ਮੀਲ ਦੇ ਖੇਤਰ ਵਿਚ ਲੜੀ ਗਈ। ਇਸ ਘੱਲੂਘਾਰੇ ਵਿਚ ਲਗਪਗ 35 ਹਜ਼ਾਰ ਸਿੰਘ ਸ਼ਹੀਦ ਹੋ ਗਏ ਪਰ ਫਿਰ ਵੀ ਸਰਬੱਤ ਦਾ ਭਲਾ ਚਾਹੁਣ ਵਾਲੀ ਕੌਮ ਨੇ ਸ਼ਾਮ ਨੂੰ ਨਿਤਨੇਮ ਦੀ ਅਰਦਾਸ ਵਿੱਚ ਕਿਹਾ, ‘ਚਾਰ ਪਹਿਰ ਦਿਨ ਸੁੱਖ-ਸ਼ਾਂਤੀ ਦਾ ਬਤੀਤ ਹੋਇਆ। ਚਾਰ ਪਹਿਰ ਦੀ ਰਾਤ ਸੁਖ ਦੀ ਬਤੀਤ ਹੋਵੇ।’

15 ਫਰਵਰੀ 1762 ਨੂੰ ਅਬਦਾਲੀ ਜਦੋਂ ਸਰਹਿੰਦ ਤੋਂ ਲਾਹੌਰ ਵੱਲ ਮੁੜਿਆ ਤਾਂ ਰਸਤੇ ਵਿਚ ਉਸ ਨੇ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ। ਅੰਮ੍ਰਿਤਸਰ ਦੇ ਸਾਰੇ ਗੁਰਧਾਮ ਢਹਿ ਢੇਰੀ ਕਰ ਦਿੱਤੇ ਗਏ। ਹਰਿਮੰਦਰ ਸਾਹਿਬ ਨੂੰ ਬਾਰੂਦ ਦੇ ਕੁੱਪੇ ਰੱਖ ਕੇ ਉੱਡਾ ਦਿੱਤਾ। ਦਰਬਾਰ ਸਾਹਿਬ ਦੇ ਸਰੋਵਰ ਨੂੰ ਇਟਾਂ-ਵੱਟੇ ਅਤੇ ਆਲੇ-ਦਆਲੇ ਦੇ ਘਰਾਂ ਨੂੰ ਢਾਅ ਕੇ ਪੂਰ ਦਿੱਤਾ। ਅਕਾਲ ਤਖ਼ਤ ਸਾਹਿਬ ਵੀ ਢਹਿ ਢੇਰੀ ਕਰ ਦਿੱਤਾ। ਜੋ ਚੁਗਲੀ ਕਰਕੇ ਸਿੰਘ, ਸਿੰਘਣੀਆਂ ਅਤੇ ਬੱਚੇ ਅਬਦਾਲੀ ਨੂੰ ਫੜਾ ਦਿੱਤੇ ਗਏ, ਉਨ੍ਹਾਂ ਨੂੰ ਗੁਰੂ ਕੇ ਬਾਗ਼ ਦੀ ਖੁੱਲੀ ਜਗ੍ਹਾ ਵਿਚ ਕਤਲ ਕਰ ਦਿੱਤਾ ਗਿਆ। ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਨੇ ਘੱਲੂਘਾਰੇ ਦੇ ਜ਼ਖ਼ਮਾਂ ਨੂੰ ਹੋਰ ਤਾਜ਼ਾ ਕਰ ਦਿੱਤਾ। ਬਾਬਾ ਜੱਸਾ ਸਿੰਘ ਅਹਲੂਵਾਲੀਏ ਅਤੇ ਚੜ੍ਹਤ ਸਿੰਘ ਆਦਿ ਸਰਦਾਰਾਂ ਨੇ ਘੱਲੂਘਾਰੇ ਤੋਂ ਤਿੰਨ ਕੁ ਮਹੀਨੇ ਬਾਅਦ ਹੀ 15 ਕੁ ਹਜ਼ਾਰ ਸਿੰਘਾਂ ਵੱਲੋਂ ਸਰਹਿੰਦ ’ਤੇ ਹਮਲਾ ਕਰਕੇ ਜੈਨ ਖ਼ਾਂ ਨੂੰ ਹਰਾ ਕੇ ਘੱਲੂਘਾਰੇ ਦਾ ਬਦਲਾ ਲਿਆ।

ਸਿੰਘ 17 ਅਕਤੂਬਰ 1762 ਨੂੰ ਅੰਮ੍ਰਿਤਸਰ ਵਿੱਚ ਦਿਵਾਲੀ ਮਨਾਉਣ ਦਾ ਮਤਾ ਪਾਸ ਕਰਕੇ ਪਹੁੰਚ ਗਏ। ਉੱਥੇ 40 ਕੁ ਹਜ਼ਾਰ ਸਿੰਘ-ਸਿੰਘਣੀਆਂ ਦਾ ਇਕੱਠ ਹੋ ਗਿਆ। ਉਨ੍ਹਾਂ ਗੁਰੂ ਮਹਾਰਾਜ ਅੱਗੇ ਅਰਦਾਸ ਕਰਕੇ ਢਹਿ-ਢੇਰੀ ਹੋਏ ਦਰਬਾਰ ਸਾਹਿਬ ਅਤੇ ਸਰੋਵਰ ’ਚੋਂ ਇੱਟਾਂ-ਵੱਟੇ ਕੱਢਣ ਦੀ ਸੇਵਾ ਸ਼ੁਰੂ ਕਰ ਦਿੱਤੀ। ਅਬਦਾਲੀ ਨੂੰ ਪਤਾ ਲੱਗਣ ’ਤੇ ਆਪਣੀਆਂ ਫ਼ੌਜਾਂ ਲੈ ਕੇ ਪੁਤਲੀ ਘਰ ਅੰਮ੍ਰਿਤਸਰ ਨੇੜੇ ਪਹੁੰਚ ਗਿਆ। ਇਧਰੋਂ ਸਿੰਘ ਵੀ ਘੱਲੂਘਾਰੇ ਵਿਚ ਹੋਏ ਨੁਕਸਾਨ ਅਤੇ ਗੁਰੂ ਘਰ ਦੀ ਬੇਅਦਬੀ ਕਰਕੇ ਗੁੱਸੇ ਨਾਲ ਭਰੇ ਬੈਠੇ ਸਨ। ਸਿੰਘਾਂ ਦਾ ਅਬਦਾਲੀ ਦੀਆਂ ਫ਼ੌਜਾਂ ਨਾਲ ਯੁੱਧ ਲੱਗ ਗਿਆ। ਅਬਦਾਲੀ ਦੀ ਫ਼ੌਜ ਮਾਰੀ ਗਈ ਤੇ ਆਪ ਫ਼ੌਜ ਮਰਵਾ ਕੇ ਲਾਹੌਰ ਜਾ ਵੜਿਆ।

ਸਿੰਘਾਂ ਨੇ ਸਾਲ ਵਿਚ ਹੀ ਘੱਲੂਘਾਰੇ ਅਤੇ ਗੁਰੂ ਘਰ ਦੀ ਹੋਈ ਬੇਅਦਬੀ ਦਾ ਬਦਲਾ ਲੈ ਲਿਆ। ਜਿਸ ਵੇਲੇ ਅਬਦਾਲੀ ਨੇ ਹਰਿਮੰਦਰ ਸਾਹਿਬ ਬਾਰੂਦ ਨਾਲ ਉਡਾਇਆ ਤਾਂ ਪਰਿਕਰਮਾ ਵਿੱਚ ਇੱਕ ਇੱਟ ਨੱਕ ’ਤੇ ਆ ਵੱਜੀ। ਉਸ ਜ਼ਖ਼ਮ ਨੂੰ ਮੁੜ ਆਰਾਮ ਨਾ ਆਇਆ ਤੇ ਗੰਭੀਰ ਰੋਗ ਬਣ ਕੇ ਉਸ ਦੀ ਮੌਤ ਹੋ ਗਈ। ਇਹ ਅਸਥਾਨ ਮਾਲੇਰਕੋਟਲਾ ਤੋਂ ਲੁਧਿਆਣਾ ਜਾਣ ਵਾਲੀ ਸੜਕ ’ਤੇ ਮਾਲੇਰਕੋਟਲਾ ਤੋਂ 15 ਕੁ ਕਿਲੋਮੀਟਰ ’ਤੇ ਸਥਿਤ ਹੈ। ਇੱਥੇ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ 3, 4, 5 ਫਰਵਰੀ ਨੂੰ ਜੋੜ ਮੇਲ ਕਰਵਾਇਆ ਜਾਂਦਾ ਹੈ।

# ਪੰਜਾਬ ਦਾ ਸੈਰ-ਸਪਾਟਾ ਕਿਉਂ ਪਛੜਿਆ ?

**✪ ਵਿਰਾਸਤ ਅਣਸੁਰੱਖਿਅਤ, ਬੁਨਿਆਦੀ ਢਾਂਚਾ ਕਮਜ਼ੋਰ ਕਿਉਂ ? ✪ ਸਿੱਖ ਵਿਰਾਸਤੀ ਸਮਾਰਕ ਕਿਉਂ ਹੋ ਰਹੇ ਨੇ ਲੁਪਤ : ਸੁਰੱਖਿਅਤ ਸੂਚੀ ਵਿੱਚ ਦਰਜਨਾਂ ਨੂੰ ਕਿਉਂ ਨਹੀਂ ਮਿਲੀ ਜਗ੍ਹਾ ✪ ਕਿਉਂ ਕੀਤੀ ਜਾ ਰਹੀ ਹੈ ਪੰਜਾਬ ਦੇ ਸਿੱਖ ਧਰੋਹਰਾਂ ਦੀ ਅਣਦੇਖੀ ✪ ਧਾਰਮਿਕ ਸੈਰ-ਸਪਾਟੇ ਦੀ ਭੀੜ ਨੇ ਤੀਰਥ ਸ਼ਹਿਰਾਂ ਨੂੰ ਕੀਤਾ ਮਾਲੀਨ : ਜਾਮ, ਕੂੜਾ ਵਧਿਆ**

**ਖਾਸ ਰਿਪੋਟ**


ਭਾਰਤ ਵਿੱਚ ਧਾਰਮਿਕ ਸੈਰ-ਸਪਾਟੇ ਦੀ ਵਧਦੀ ਲਹਿਰ ਨੇ ਇੱਕ ਪਾਸੇ ਆਰਥਿਕ ਵਿਕਾਸ ਨੂੰ ਹੁਲਾਰਾ ਦਿੱਤਾ ਹੈ ਪਰ ਦੂਜੇ ਪਾਸੇ ਤੀਰਥ ਸ਼ਹਿਰਾਂ ਨੂੰ ਭੀੜ ਪ੍ਰਬੰਧਨ, ਵਾਤਾਵਰਣ ਸਮੱਸਿਆਵਾਂ ਅਤੇ ਸਥਾਨਕ ਨਿਵਾਸੀਆਂ ਦੇ ਜੀਵਨ ਪੱਧਰ ਵਿੱਚ ਗਿਰਾਵਟ ਵਰਗੀਆਂ ਚੁਣੌਤੀਆਂ ਨਾਲ ਜੂਝਣਾ ਪੈ ਰਿਹਾ ਹੈ। ਪੰਜਾਬ ਵਿੱਚ ਤਾਂ ਹਾਲਾਤ ਹੋਰ ਵੀ ਚਿੰਤਾਜਨਕ ਹਨ ਜਿੱਥੇ ਦਰਜਨਾਂ ਸਿੱਖ ਵਿਰਾਸਤੀ ਸਮਾਰਕ ਸੁਰੱਖਿਅਤ ਸੂਚੀ ਵਿੱਚ ਸ਼ਾਮਲ ਨਾ ਹੋਣ ਕਾਰਨ ਲੁਪਤ ਹੋ ਰਹੇ ਹਨ ਅਤੇ ਸੈਰ-ਸਪਾਟਾ ਉਦਯੋਗ ਪਛੜ ਰਿਹਾ ਹੈ।



ਹਰਿਮੰਦਰ ਸਾਹਿਬ

ਭਾਰਤ ਵਿੱਚ ਧਾਰਮਿਕ ਸੈਰ-ਸਪਾਟਾ ਸਦੀਆਂ ਤੋਂ ਸੱਭਿਆਚਾਰ ਅਤੇ ਆਸਥਾ ਦਾ ਅਭਿੰਨ ਅੰਗ ਰਿਹਾ ਹੈ ਪਰ ਪਿਛਲੇ ਇੱਕ ਦਹਾਕੇ ਦੌਰਾਨ ਯਾਤਰੂਆਂ ਭਾਰੀ ਵਾਧਾ ਹੋਇਆ ਹੈ। ਅਯੋਧਿਆ ਵਿੱਚ ਸ੍ਰੀ ਰਾਮ ਮੰਦਿਰ ਦੇ ਨਿਰਮਾਣ ਤੋਂ ਬਾਅਦ ਕਰੋੜਾਂ ਸੈਲਾਨੀ ਪਹੁੰਚ ਰਹੇ ਹਨ, ਜਦਕਿ ਵਾਰਾਣਸੀ ਵਿੱਚ ਕਾਸ਼ੀ ਵਿਸ਼ਵਨਾਥ ਕਾਰੀਡੋਰ ਨੇ ਇਸ ਸ਼ਹਿਰ ਨੂੰ ਵਿਸ਼ਵ ਪੱਧਰੀ ਧਾਰਮਿਕ ਕੇਂਦਰ ਬਣਾ ਦਿੱਤਾ ਹੈ। ਮਥੁਰਾ, ਵ੍ਰਿੰਦਾਵਨ, ਉਜੈਨ ਅਤੇ ਤਿਰੁਪਤੀ ਵਰਗੇ ਸ਼ਹਿਰ ਵੀ ਇਸ ਲਹਿਰ ਵਿੱਚ ਸ਼ਾਮਲ ਹਨ। ਸਰਕਾਰਾਂ ਇਸ ਨੂੰ 'ਆਸਥਾ ਤੋਂ ਅਰਥਵਿਵਸਥਾ' ਵਜੋਂ ਵੇਖ ਰਹੀਆਂ ਹਨ ਜਿਸ ਨਾਲ ਰੁਜ਼ਗਾਰ ਵਧੇ ਹਨ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਵਧਿਆ ਹੈ। ਪਰ ਇਸ ਵਿਕਾਸ ਨਾਲ ਛੋਟੇ ਸ਼ਹਿਰਾਂ ਦੀਆਂ ਸੀਮਤ ਸੜਕਾਂ, ਰਿਹਾਇਸ਼ ਅਤੇ ਸੰਸਾਧਨਾਂ 'ਤੇ ਭੀੜ ਦਾ ਅਸਹਿ ਦਬਾਅ ਪੈ ਰਿਹਾ ਹੈ। ਵਾਤਾਵਰਣ ਨੂੰ ਨੁਕਸਾਨ, ਕੂੜਾ ਪ੍ਰਬੰਧਨ ਅਤੇ ਪਾਣੀ ਦੀ ਘਾਟ ਵਰਗੀਆਂ ਸਮੱਸਿਆਵਾਂ ਨਿੱਤ ਦੀਆਂ ਸਮੱਸਿਆਵਾਂ ਬਣ ਗਈਆਂ ਹਨ। ਭੀੜ ਪ੍ਰਬੰਧਨ ਦਾ ਢਾਂਚਾ ਅਜੇ ਵਿਕਾਸਸ਼ੀਲ ਪੱਧਰ 'ਤੇ ਹੈ, ਜਿਵੇਂ ਕਿ ਕੁੰਭ ਮੇਲੇ ਜਾਂ ਅਯੋਧਿਆ ਵਿੱਚ ਦੀਵਾਲੀ ਵੇਲੇ ਅਕਸਰ ਤਿਆਰੀਆਂ ਨਾਕਾਫੀ ਸਾਬਤ ਹੁੰਦੀਆਂ ਹਨ। ਸਥਾਨਕ ਨਿਵਾਸੀਆਂ ਨੂੰ ਆਪਣੇ ਘਰਾਂ ਤੱਕ ਪਹੁੰਚਣ ਵਿੱਚ ਮੁਸ਼ਕਲ ਹੁੰਦੀ ਹੈ, ਅਤੇ ਧਾਰਮਿਕ ਸ਼ਾਂਤੀ ਵਿਚ ਵਿਘਨ ਪੈ ਰਿਹਾ ਹੈ। ਪੱਛਮੀ ਦੇਸ਼ਾਂ ਵਾਂਗ ਡਿਜੀਟਲ ਟਿਕਟਿੰਗ, ਸਮਾਂ-ਵਾਰ ਪ੍ਰਵੇਸ਼ ਅਤੇ ਅਨੁਭਵ ਵਲੰਟੀਅਰਾਂ ਦੀ ਵਿਵਸਥਾ ਲਾਗੂ ਕਰਨ ਦੀ ਲੋੜ ਹੈ। ਯੋਜਨਾਬੱਧ ਵਿਕਾਸ, ਸਥਾਨਕ ਸਹਿਯੋਗ ਅਤੇ ਸੱਭਿਆਚਾਰਕ ਸੰਭਾਲ ਨੂੰ ਪਹਿਲ ਦੇ ਕੇ ਭਾਰਤ ਸਰਕਾਰ ਇਸ ਨੂੰ ਸੰਤੁਲਿਤ ਬਣਾ ਸਕਦੀ ਹੈ।

ਪਰ ਜੇਕਰ ਪੰਜਾਬ ਵੱਲ ਨਜ਼ਰ ਮਾਰੀਏ ਤਾਂ ਸੈਰ-ਸਪਾਟਾ ਉਦਯੋਗ ਪਛੜ ਰਿਹਾ ਹੈ ਅਤੇ ਇਸ ਦੇ ਪਿੱਛੇ ਮੁੱਖ ਕਾਰਨ ਸਿੱਖ ਵਿਰਾਸਤੀ ਸਮਾਰਕਾਂ ਦੀ ਅਣਦੇਖੀ ਹੈ। ਪੰਜਾਬ ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਮਿਸਲ ਕਾਲ ਨਾਲ ਜੁੜੇ ਦਰਜਨਾਂ ਸਮਾਰਕ ਮੌਜੂਦ ਹਨ ਪਰ ਕੇਂਦਰੀ ਪੁਰਾਤੱਤਵ ਵਿਭਾਗ ਜਾਂ ਪੰਜਾਬ ਸੈਰ-ਸਪਾਟਾ ਵਿਭਾਗ ਨੇ ਇਨ੍ਹਾਂ ਨੂੰ ਸੁਰੱਖਿਅਤ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਜਿਸ ਕਾਰਨ ਇਹ ਲੁਪਤ ਹੋ ਰਹੇ ਹਨ। ਅੰਮ੍ਰਿਤਸਰ ਵਿੱਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਬਣਵਾਈ ਧਣੋਏ ਕਲਾਂ ਵਿੱਚ ਬਾਰਾਂਦਰੀ ਅਤੇ ਪੁਲ ਮੋਰਾਂ, ਵਣੀਏਕੇ ਵਿੱਚ 12 ਨੁੱਕਰੀ ਬੁਰਜ, ਕਿਲ੍ਹਾ ਕਰਮ ਸਿੰਘ ਛੀਨਾ, ਬੁੰਗਾ ਰਾਮਗੜ੍ਹੀਆ, ਕਾਲਿਆਂਵਾਲੇ ਸਰਦਾਰਾਂ ਦੀਆਂ ਸਮਾਧਾਂ, ਤਲਾਬ ਸਮਦ ਜੂ ਕਸ਼ਮੀਰੀ, ਰਾਜਾਸਾਂਸੀ ਦਾ ਤਲਾਬ, ਬਾਉਲੀਆਂ, ਰੁਲੀਆ ਰਾਮ ਦਾ ਬਾਗ ਅਤੇ ਸਮਾਧਾਂ, ਦੀਨਾਨਗਰ ਵਿੱਚ ਸਮਰ ਹਾਊਸ, ਬਟਾਲਾ ਵਿੱਚ ਮਹਾਰਾਜਾ ਸ਼ੇਰ ਸਿੰਘ ਦਾ ਮਹਿਲ ਵਰਗੇ ਸਮਾਰਕਾਂ ਦੀ ਹਾਲਤ ਖਸਤਾ ਹੈ। ਇਨ੍ਹਾਂ ਦੀ ਨਿਸ਼ਾਨਦੇਹੀ ਅਤੇ ਰੱਖ-ਰਖਾਅ ਨਾ ਹੋਣ ਕਾਰਨ ਸਥਾਨਕ ਲੋਕ ਅਤੇ ਪ੍ਰਸ਼ਾਸਨ ਵੀ ਅਣਜਾਣ ਹਨ।



ਕਿਲ੍ਹਾ ਗੋਬਿੰਦਗੜ੍ਹ

ਕਿਲ੍ਹਾ ਗੋਬਿੰਦਗੜ੍ਹ ਅਤੇ ਰਾਮ ਬਾਗ ਵਿੱਚ ਨਵੀਨੀਕਰਨ ਦੇ ਨਾਂ 'ਤੇ ਆਪਣੇ ਮੁਤਾਬਕ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਜੋ ਵਿਰਾਸਤ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਇੰਟੈਕ ਪੰਜਾਬ ਦੇ ਨੁਮਾਇੰਦੇ ਮੇਜਰ ਜਨਰਲ ਬਲਵਿੰਦਰ ਸਿੰਘ, ਗਗਨਦੀਪ ਸਿੰਘ ਵਿਰਕ ਅਤੇ ਹੋਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਬਿਨਾਂ ਵੱਖਰੇ 'ਸਿੱਖ ਪੁਰਾਤੱਤਵ ਵਿਭਾਗ' ਦੇ ਗਠਨ ਤੋਂ ਇਹ ਵਿਰਾਸਤ ਬਚ ਨਹੀਂ ਸਕੇਗੀ ਅਤੇ ਅੰਮ੍ਰਿਤਸਰ ਵਿੱਚ ਲਾਹੌਰ ਵਾਂਗ ਵਾਲਡ ਸਿਟੀ ਅਥਾਰਿਟੀ ਬਣਾਉਣੀ ਚਾਹੀਦੀ ਹੈ।

ਪੰਜਾਬ ਵਿੱਚ ਧਾਰਮਿਕ ਸੈਰ-ਸਪਾਟੇ ਨਾਲ ਜੁੜੀਆਂ ਸਮੱਸਿਆਵਾਂ ਵੀ ਘੱਟ ਨਹੀਂ ਹਨ। ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਲੱਖਾਂ ਸੈਲਾਨੀ ਆਉਂਦੇ ਹਨ ਪਰ ਭੀੜ ਨਾਲ ਜਾਮ, ਵਾਹਨਾਂ ਦੀ ਵਧਦੀ ਗਿਣਤੀ ਅਤੇ ਨਿਰਮਾਣ ਕੰਮਾਂ ਨੇ ਸਥਾਨਕ ਨਿਵਾਸੀਆਂ ਦਾ ਜੀਵਨ ਅਸਤ-ਵਿਅਸਤ ਕਰ ਦਿੱਤਾ ਹੈ। ਕਿਰਾਏ ਵਧ ਗਏ ਹਨ, ਸਥਾਨਕ ਦੁਕਾਨਾਂ ਦੀ ਜਗ੍ਹਾ ਵੱਡੇ ਬ੍ਰਾਂਡਾਂ ਨੇ ਲੈ ਲਈ ਹੈ ਅਤੇ ਧਾਰਮਿਕ ਵਾਤਾਵਰਣ ਵਿੱਚ ਵਪਾਰੀਕਰਨ ਵਧ ਰਿਹਾ ਹੈ। ਪੰਜਾਬ ਵਿੱਚ ਸੈਰ-ਸਪਾਟਾ ਬਜਟ ਵਿੱਚ ਵੀ ਘੱਟ ਧਿਆਨ ਦਿੱਤਾ ਜਾਂਦਾ ਹੈ। 2026 ਬਜਟ ਤੋਂ ਹੋਟਲ ਉਦਯੋਗ ਨੂੰ ਵੱਡੀਆਂ ਉਮੀਦਾਂ ਹਨ ਜਿਵੇਂ ਕਿ ਆਰਥਿਕ ਦਬਾਅ ਤੋਂ ਰਾਹਤ ਅਤੇ ਸੈਲਾਨੀਆਂ ਲਈ ਵਧੀਆ ਸਹੂਲਤਾਂ। ਹਾਲਾਂਕਿ ਪੰਜਾਬ ਸਰਕਾਰ ਨੇ 73.57 ਕਰੋੜ ਰੁਪਏ ਨਾਲ ਪ੍ਰੋਜੈਕਟ ਸ਼ੁਰੂ ਕੀਤੇ ਹਨ ਜਿਵੇਂ ਕਿ ਸ੍ਰੀ ਚਮਕੌਰ ਸਾਹਿਬ ਨੂੰ ਤੀਰਥ ਅਸਥਾਨ ਬਣਾਉਣਾ ਅਤੇ ਕਿਲ੍ਹਾ ਮੁਬਾਰਕ ਨੂੰ ਹੋਟਲ ਵਜੋਂ ਵਿਕਸਤ ਕਰਨਾ। ਹੁਸ਼ਿਆਰਪੁਰ ਵਿੱਚ ਸਲੇਰਾਨ ਡੈਮ ਈਕੋ-ਟੂਰਿਜ਼ਮ ਪ੍ਰੋਜੈਕਟ ਦਾ ਉਦਘਾਟਨ ਵੀ ਵਾਤਾਵਰਣ ਅਨੁਕੂਲ ਵਿਕਾਸ ਵੱਲ ਇੱਕ ਕਦਮ ਹੈ ਜੋ ਨੌਜਵਾਨਾਂ ਨੂੰ ਰੁਜ਼ਗਾਰ ਦੇਵੇਗਾ।

ਪੰਜਾਬ ਦਾ ਸੈਰ-ਸਪਾਟਾ ਪਛੜਨ ਦੇ ਕਾਰਨਾਂ ਵਿੱਚ ਬੁਨਿਆਦੀ ਢਾਂਚੇ ਦੀ ਘਾਟ, ਸੁਰੱਖਿਆ ਅਤੇ ਮਾਰਕੀਟਿੰਗ ਦੀ ਕਮੀ ਸ਼ਾਮਲ ਹੈ। ਪੰਜਾਬ ਵਿੱਚ ਵਾਹਗਾ ਬਾਰਡਰ, ਵਿਰਾਸਤ-ਏ-ਖਾਲਸਾ, ਖਟਕੜ ਕਲਾਂ ਅਤੇ ਹੁਸੈਨੀਵਾਲਾ ਵਰਗੇ ਸਥਾਨ ਹਨ ਪਰ ਇਨ੍ਹਾਂ ਨੂੰ ਪ੍ਰਚਾਰਿਆ ਨਹੀਂ ਜਾ ਸਕਿਆ। 2024 ਵਿੱਚ ਭਾਰਤ ਨੂੰ ਵਿਸ਼ਵ ਯਾਤਰਾ ਸੂਚਕਾਂਕ ਵਿੱਚ 39ਵਾਂ ਸਥਾਨ ਮਿਲਿਆ ਅਤੇ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ 2 ਕਰੋੜ ਤੱਕ ਪਹੁੰਚੀ ਸੀ ਪਰ ਪੰਜਾਬ ਵਿੱਚ ਇਹ ਵਾਧਾ ਘੱਟ ਹੈ। ਆਰਥਿਕ ਸਰਵੇਖਣ ਅਨੁਸਾਰ ਸੈਰ-ਸਪਾਟਾ ਜੀਡੀਪੀ ਵਿੱਚ 5 ਫੀਸਦੀ ਯੋਗਦਾਨ ਪਾਉਂਦਾ ਹੈ ਅਤੇ 7.6 ਕਰੋੜ ਨੌਕਰੀਆਂ ਪੈਦਾ ਕਰਦਾ ਹੈ ਪਰ ਪੰਜਾਬ ਵਿੱਚ ਇਹ ਸੰਭਾਵਨਾਵਾਂ ਨਹੀਂ ਹਨ। ਹੁਸ਼ਿਆਰਪੁਰ ਵਰਗੇ ਖੇਤਰਾਂ ਵਿੱਚ ਕੁਦਰਤੀ ਸੁੰਦਰਤਾ ਹੈ ਪਰ ਵਿਕਾਸ ਨਹੀ ਹੈ।

ਸੁਧਾਰਾਂ ਲਈ ਸੁਝਾਅ: ਭਾਰਤ ਸਰਕਾਰ ਨੂੰ ਵੀਜ਼ਾ ਪ੍ਰਕਿਰਿਆ ਸਰਲ ਬਣਾਉਣੀ ਚਾਹੀਦੀ ਹੈ ਅਤੇ ਡਿਜੀਟਲ ਮਾਰਕੀਟਿੰਗ 'ਤੇ ਜ਼ੋਰ ਦੇਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਸਿੱਖ ਵਿਰਾਸਤ ਲਈ ਵੱਖਰਾ ਵਿਭਾਗ ਬਣਾਉਣਾ ਚਾਹੀਦਾ, ਅੰਮ੍ਰਿਤਸਰ ਵਿੱਚ ਵਾਲਡ ਸਿਟੀ ਅਥਾਰਿਟੀ ਗਠਿਤ ਕਰਨੀ ਚਾਹੀਦੀ ਹੈ, ਸੜਕਾਂ, ਹਵਾਈ ਅੱਡੇ ਅਤੇ ਸੈਲਾਨੀ ਕੇਂਦਰਾਂ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਸੈਰ-ਸਪਾਟਾ ਪੁਲਿਸ ਤਾਇਨਾਤ ਕਰਨੀ ਚਾਹੀਦੀ ਹੈ,ਭਿਖਾਰੀ ਹਟਾਉਣੇ ਚਾਹੀਦੇ ਹਨ। ਸਰਕਾਰ ਵਲੋਂ 24 ਘੰਟੇ ਹੈਲਪਲਾਈਨ ਅਤੇ ਬਹੁਭਾਸ਼ਾਈ ਮਦਦ ਪ੍ਰਦਾਨ ਕਰਨਾ ਲਾਜ਼ਮੀ ਹੈ। ਈਕੋ-ਟੂਰਿਜ਼ਮ ਅਤੇ ਮੈਡੀਕਲ ਟੂਰਿਜ਼ਮ 'ਤੇ ਜ਼ੋਰ ਦੇ ਕੇ ਪੰਜਾਬ ਨੂੰ ਵਿਸ਼ਵ ਪੱਧਰੀ ਬਣਾਇਆ ਜਾ ਸਕਦਾ ਹੈ। ਜੇਕਰ ਇਹ ਕਦਮ ਚੁੱਕੇ ਗਏ ਤਾਂ ਪੰਜਾਬ ਦਾ ਸੈਰ-ਸਪਾਟਾ ਨਾ ਸਿਰਫ ਵਿਕਸਤ ਹੋਵੇਗਾ ਬਲਕਿ ਵਿਰਾਸਤ ਵੀ ਸੁਰੱਖਿਅਤ ਰਹੇਗੀ।



ਬੁੰਗਾ ਰਾਮਗੜ੍ਹੀਆ

# ਦੁਨੀਆਂ ਦੀਆਂ ਖੁਫੀਆ ਏਜੰਸੀਆਂ ਵਿਚੋਂ ਸਭ ਤੋਂ ਖਤਰਨਾਕ ਏਜੰਸੀ ਕਿਹੜੀ?

## ✪ ਸੀਆਈਏ, ਮੌਸਾਦ, ਐਮ ਐਸ ਐਸ, ਰਾਅ ਜਾਂ ਐਮ16 ਵਿਚੋਂ ਕੌਣ ✪ ਤਾਕਤਵਰ ਖੁਫੀਆ ਏਜੰਸੀ ਬਣੀ

ਖਾਸ ਖਬਰ

ਦੁਨੀਆਂ ਵਿੱਚ ਰਾਜਨੀਤੀ, ਸੁਰੱਖਿਆ ਅਤੇ ਕੂਟਨੀਤੀ ਨੂੰ ਚਲਾਉਣ ਵਿੱਚ ਖੁਫੀਆ ਏਜੰਸੀਆਂ ਦੀ ਭੂਮਿਕਾ ਬਹੁਤ ਵੱਡੀ ਹੁੰਦੀ ਹੈ। ਇਹ ਏਜੰਸੀਆਂ ਚੁੱਪ-ਚਾਪ ਕੰਮ ਕਰਦੀਆਂ ਹਨ ਪਰ ਇਨ੍ਹਾਂ ਦੀ ਜਾਣਕਾਰੀ ਨਾਲ ਦੇਸ਼ਾਂ ਦੀ ਸੁਰੱਖਿਆ ਬਚ ਜਾਂਦੀ ਹੈ। ਇਹ ਏਜੰਸੀਆਂ ਆਤੰਕਵਾਦ, ਸਾਈਬਰ ਹਮਲੇ, ਜੰਗਾਂ ਅਤੇ ਅੰਤਰਰਾਸ਼ਟਰੀ ਸਾਜ਼ਿਸ਼ਾਂ ਬਾਰੇ ਪਹਿਲਾਂ ਹੀ ਪਤਾ ਲਗਾ ਲੈਂਦੀਆਂ ਹਨ ਤਾਂ ਜੋ ਸਰਕਾਰ ਨੂੰ ਸਹੀ ਫੈਸਲੇ ਲੈਣ ਵਿੱਚ ਮਦਦ ਮਿਲੇ। ਅੱਜ ਦੇ ਸਮੇਂ ਵਿੱਚ ਜਦੋਂ ਟੈਕਨਾਲੋਜੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ, ਤਾਂ ਇਹ ਏਜੰਸੀਆਂ ਸੈਟੇਲਾਈਟ, ਸਾਈਬਰ ਜਾਸੂਸੀ ਅਤੇ ਮਨੁੱਖੀ ਜਾਸੂਸਾਂ ਨਾਲ ਕੰਮ ਕਰਦੀਆਂ ਹਨ। ਵੱਖ-ਵੱਖ ਵੈੱਬਸਾਈਟਾਂ ਅਤੇ ਰਿਪੋਰਟਾਂ ਮੁਤਾਬਕ (ਜਿਵੇਂ ਕਿ 2025-2026 ਦੀਆਂ ਤਾਜ਼ਾ ਰੈਂਕਿੰਗਾਂ), ਦੁਨੀਆਂ ਦੀਆਂ ਟਾਪ ਖੁਫੀਆ ਏਜੰਸੀਆਂ ਵਿੱਚ ਅਮਰੀਕਾ ਦੀ ਸੀਆਈਏ ਸਭ ਤੋਂ ਉੱਪਰ ਹੈ। ਇਸ ਤੋਂ ਬਾਅਦ ਇਜ਼ਰਾਈਲ ਦੀ ਮੌਸਾਦ, ਬ੍ਰਿਟੇਨ ਦੀ ਐਮਆਈ6, ਚੀਨ ਦੀ ਐਮ ਐਸ ਐਸ ਅਤੇ ਭਾਰਤ ਦੀ ਰਾਅ ਵਰਗੀਆਂ ਏਜੰਸੀਆਂ ਆਉਂਦੀਆਂ ਹਨ। ਇਹ ਰੈਂਕਿੰਗ ਬਜਟ, ਟੈਕਨਾਲੋਜੀ, ਵਿਸ਼ਵ ਵਿੱਚ ਨੈੱਟਵਰਕ ਅਤੇ ਸਫਲ ਮਿਸ਼ਨਾਂ ਤੇ ਅਧਾਰਿਤ ਹੁੰਦੀ ਹੈ। ਆਓ ਵੇਖੀਏ ਟਾਪ 10 ਏਜੰਸੀਆਂ ਬਾਰੇ ਵਿਸਥਾਰ ਨਾਲ।



### ਸੀਆਈਏ - ਅਮਰੀਕਾ

ਇਹ ਦੁਨੀਆਂ ਦੀ ਸਭ ਤੋਂ ਮਸ਼ਹੂਰ ਅਤੇ ਸਭ ਤੋਂ ਤਾਕਤਵਰ ਖੁਫੀਆ ਏਜੰਸੀ ਮੰਨੀ ਜਾਂਦੀ ਹੈ। 1947 ਵਿੱਚ ਬਣੀ ਇਸ ਏਜੰਸੀ ਦਾ ਬਜਟ ਬਹੁਤ ਵੱਡਾ ਹੈ ਅਤੇ ਇਸ ਦਾ ਨੈੱਟਵਰਕ ਪੂਰੀ ਦੁਨੀਆਂ ਵਿੱਚ ਫੈਲਿਆ ਹੋਇਆ ਹੈ। ਸੀਆਈਏ ਸੈਟੇਲਾਈਟ, ਡਰੋਨ ਅਤੇ ਸਾਈਬਰ ਟੂਲ ਨਾਲ ਜਾਣਕਾਰੀ ਇਕੱਠੀ ਕਰਦੀ ਹੈ। ਇਸ ਨੇ ਓਸਾਮਾ ਬਿਨ ਲਾਦੇਨ ਨੂੰ ਖਤਮ ਕਰਨ ਵਾਲੇ ਮਿਸ਼ਨ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਇਹ ਆਤੰਕਵਾਦ ਰੋਕਣ, ਜਾਸੂਸੀ ਅਤੇ ਗੁਪਤ ਆਪਰੇਸ਼ਨਾਂ ਵਿੱਚ ਮਾਹਿਰ ਹੈ। ਅੱਜ ਵੀ ਇਹ ਅਮਰੀਕਾ ਦੀ ਵਿਦੇਸ਼ ਨੀਤੀ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ।

### ਮੌਸਾਦ - ਇਜ਼ਰਾਈਲ

ਇਹ ਏਜੰਸੀ ਆਪਣੀ ਸਟੀਕਤਾ ਅਤੇ ਖਤਰਨਾਕ ਆਪਰੇਸ਼ਨਾਂ ਲਈ ਜਾਣੀ ਜਾਂਦੀ ਹੈ। 1949 ਵਿੱਚ ਬਣੀ ਇਸ ਨੇ ਇਜ਼ਰਾਈਲ ਦੇ ਦੁਸ਼ਮਣਾਂ ਨੂੰ ਕਈ ਵਾਰ ਚੁੱਪਚਾਪ ਖਤਮ ਕੀਤਾ ਹੈ। ਇਸ ਦਾ ਸਭ ਤੋਂ ਮਸ਼ਹੂਰ ਆਪਰੇਸ਼ਨ "ਵਰਥ ਆਫ ਗਾਡ" ਸੀ ਜਿਸ ਵਿੱਚ 1972 ਦੇ ਮਿਊਨਿਖ ਓਲੰਪਿਕ ਵਿੱਚ ਇਜ਼ਰਾਈਲੀ ਐਥਲੀਟਾਂ ਤੇ ਹਮਲੇ ਦਾ ਬਦਲਾ ਲਿਆ ਗਿਆ ਸੀ। ਮੌਸਾਦ ਮਨੁੱਖੀ ਜਾਸੂਸਾਂ ਅਤੇ ਟੈਕਨਾਲੋਜੀ ਨੂੰ ਬਹੁਤ ਚੰਗੇ ਤਰੀਕੇ ਨਾਲ ਵਰਤਦੀ ਹੈ। ਇਹ ਆਤੰਕਵਾਦ ਵਿਰੋਧੀ ਲੜਾਈ ਵਿੱਚ ਸਭ ਤੋਂ ਅੱਗੇ ਮੰਨੀ ਜਾਂਦੀ ਹੈ।

### ਐਮ16 - ਬ੍ਰਿਟੇਨ

1909 ਵਿੱਚ ਬਣੀ ਇਹ ਏਜੰਸੀ ਵਿਦੇਸ਼ੀ ਜਾਸੂਸੀ ਅਤੇ ਆਤੰਕਵਾਦ ਰੋਕਣ ਵਿੱਚ ਮਾਹਿਰ ਹੈ। ਇਸ ਨੇ ਦੂਜੀ ਜੰਗ ਵਿਸ਼ਵ ਜੰਗ ਅਤੇ ਠੰਡੀ ਜੰਗ ਵਿੱਚ ਵੱਡੀ ਭੂਮਿਕਾ ਨਿਭਾਈ। ਅੱਜ ਵੀ ਇਹ ਸਾਈਬਰ ਸੁਰੱਖਿਆ ਅਤੇ ਅੰਤਰਰਾਸ਼ਟਰੀ ਸਹਿਯੋਗ ਵਿੱਚ ਅੱਗੇ ਹੈ।

### ਐਮਐਸਐਸ - ਚੀਨ

ਚੀਨ ਦੀ ਇਹ ਏਜੰਸੀ ਸਾਈਬਰ ਜਾਸੂਸੀ ਅਤੇ ਟੈਕਨਾਲੋਜੀ ਚੋਰੀ ਵਿੱਚ ਸਭ ਤੋਂ ਅੱਗੇ ਹੈ। ਇਹ ਦੇਸ਼ ਅੰਦਰ ਅਤੇ ਬਾਹਰ ਦੋਵੇਂ ਥਾਵਾਂ ਤੇ ਨਜ਼ਰ ਰੱਖਦੀ ਹੈ। ਚੀਨ ਦੇ ਵਿਸ਼ਵ ਵਿੱਚ ਵਧਦੇ ਪ੍ਰਭਾਵ ਨੂੰ ਇਹ ਬਹੁਤ ਮਦਦ ਕਰਦੀ ਹੈ।

### ਰਾਅ - ਭਾਰਤ

ਭਾਰਤ ਦੀ ਇਹ ਵਿਦੇਸ਼ੀ ਖੁਫੀਆ ਏਜੰਸੀ 1968 ਵਿੱਚ ਬਣੀ ਸੀ। ਇਸ ਨੂੰ ਦੱਖਣੀ ਏਸ਼ੀਆ ਵਿੱਚ ਸਭ ਤੋਂ ਮਜ਼ਬੂਤ ਮੰਨਿਆ ਜਾਂਦਾ ਹੈ। ਰਾਅ ਪਾਕਿਸਤਾਨ ਅਤੇ ਚੀਨ ਵਰਗੇ ਗੁਆਂਢੀ ਦੇਸ਼ਾਂ ਤੇ ਨਜ਼ਰ ਰੱਖਦੀ ਹੈ, ਆਤੰਕਵਾਦ ਰੋਕਦੀ ਹੈ ਅਤੇ ਭਾਰਤ ਦੇ ਹਿੱਤਾਂ ਦੀ ਰੱਖਿਆ ਕਰਦੀ ਹੈ। 1971 ਵਿੱਚ ਬੰਗਲਾਦੇਸ਼ ਦੀ ਆਜ਼ਾਦੀ ਵਿੱਚ ਇਸ ਨੇ ਵੱਡੀ ਮਦਦ ਕੀਤੀ ਸੀ। 1999 ਦੀ ਕਾਰਗਿਲ ਜੰਗ ਵਿੱਚ ਵੀ ਇਸ ਦੀ ਜਾਣਕਾਰੀ ਨੇ ਭਾਰਤ ਨੂੰ ਜਿੱਤ ਦਿਵਾਈ। ਅੱਜ ਰਾਅ ਸਾਈਬਰ ਅਤੇ ਗੁਪਤ ਆਪਰੇਸ਼ਨਾਂ ਵਿੱਚ ਬਹੁਤ ਤੇਜ਼ ਹੋ ਗਈ ਹੈ ਅਤੇ ਵਿਸ਼ਵ ਵਿੱਚ ਟਾਪ 5 ਵਿੱਚ ਗਿਣੀ ਜਾਂਦੀ ਹੈ। ਇਹ ਆਪਣੇ ਗੁਪਤ ਆਪਰੇਸ਼ਨਾਂ ਅਤੇ ਸਟੀਕ ਜਾਣਕਾਰੀ ਲਈ ਜਾਣੀ ਜਾਂਦੀ ਹੈ।

### ਆਈਐਸਆਈ - ਪਾਕਿਸਤਾਨ

ਦੱਖਣੀ ਏਸ਼ੀਆ ਵਿੱਚ ਇਹ ਬਹੁਤ ਐਕਟਿਵ ਹੈ। ਇਸ ਨੇ ਅਫਗਾਨਿਸਤਾਨ ਵਿੱਚ ਵੱਡੀ ਭੂਮਿਕਾ ਨਿਭਾਈ ਸੀ ਪਰ ਕਈ ਵਾਰ ਵਿਵਾਦਾਂ ਵਿੱਚ ਵੀ ਰਹੀ ਹੈ।

### ਡੀਜੀਐਸਈ - ਫਰਾਂਸ

ਅਫਰੀਕਾ ਅਤੇ ਮੱਧ ਪੂਰਬ ਵਿੱਚ ਮਾਹਿਰ। ਆਤੰਕਵਾਦ ਅਤੇ ਸਾਈਬਰ ਵਿੱਚ ਮਜ਼ਬੂਤ।

### ਐਸਵੀਆਰ - ਰੂਸ

ਪੁਰਾਣੇ ਕੇਜੀਬੀ ਦਾ ਹਿੱਸਾ। ਵਿਦੇਸ਼ੀ ਜਾਸੂਸੀ ਵਿੱਚ ਬਹੁਤ ਤਜਰਬੇਕਾਰ।

### ਬੀਐਨਡੀ - ਜਰਮਨੀ

ਯੂਰਪ ਵਿੱਚ ਸਭ ਤੋਂ ਵੱਡਾ ਹੈੱਡਕੁਆਰਟਰ। ਸਾਈਬਰ ਅਤੇ ਆਤੰਕਵਾਦ ਰੋਕਣ ਵਿੱਚ ਮਾਹਿਰ।

### ਏਐਸਆਈਐਸ - ਆਸਟ੍ਰੇਲੀਆ

ਏਸ਼ੀਆ-ਪੈਸਿਫਿਕ ਖੇਤਰ ਵਿੱਚ ਫੋਕਸ। ਪੱਛਮੀ ਦੇਸ਼ਾਂ ਨਾਲ ਮਿਲ ਕੇ ਕੰਮ ਕਰਦੀ ਹੈ।

### ਸਭ ਤੋਂ ਮਜ਼ਬੂਤ ਏਜੰਸੀ ਕਿਹੜੀ ਹੈ?

ਜ਼ਿਆਦਾਤਰ ਰਿਪੋਰਟਾਂ ਮੁਤਾਬਕ ਸੀਆਈਏ ਸਭ ਤੋਂ ਤਾਕਤਵਰ ਹੈ ਕਿਉਂਕਿ ਇਸ ਦਾ ਬਜਟ, ਟੈਕਨਾਲੋਜੀ ਅਤੇ ਵਿਸ਼ਵ ਵਿੱਚ ਪਹੁੰਚ ਸਭ ਤੋਂ ਵੱਧ ਹੈ। ਪਰ ਮੌਸਾਦ ਨੂੰ ਸਭ ਤੋਂ ਸਟੀਕ ਅਤੇ ਖਤਰਨਾਕ ਮੰਨਿਆ ਜਾਂਦਾ ਹੈ। ਭਾਰਤ ਦੀ ਰਾਅ ਖਾਸ ਕਰਕੇ ਦੱਖਣੀ ਏਸ਼ੀਆ ਵਿੱਚ ਬਹੁਤ ਮਜ਼ਬੂਤ ਹੈ ਅਤੇ ਪਿਛਲੇ ਕੁਝ ਸਾਲਾਂ ਵਿੱਚ ਇਸ ਨੇ ਆਪਣੀ ਤਾਕਤ ਵਧਾਈ ਹੈ।

ਇਹ ਏਜੰਸੀਆਂ ਚੁੱਪਚਾਪ ਕੰਮ ਕਰਦੀਆਂ ਹਨ ਪਰ ਇਨ੍ਹਾਂ ਦੇ ਕਾਰਨਾਮੇ ਦੇਸ਼ਾਂ ਨੂੰ ਬਚਾਉਂਦੇ ਹਨ। ਇਹ ਲੋਕ ਆਪਣੀ ਜਾਨ ਜੋਖਮ ਵਿੱਚ ਪਾ ਕੇ ਦੇਸ਼ ਦੀ ਸੇਵਾ ਕਰਦੇ ਹਨ। ਅਜਿਹੀਆਂ ਏਜੰਸੀਆਂ ਬਿਨਾਂ ਦੁਨੀਆਂ ਵਿੱਚ ਸੁਰੱਖਿਆ ਬਹੁਤ ਮੁਸ਼ਕਲ ਹੋ ਜਾਂਦੀ।

# ਪੰਜਾਬ 'ਚ 'ਗੰਨ ਕਲਚਰ' ਦਾ ਖ਼ੌਫ਼ਨਾਕ ਚਿਹਰਾ

## ✪ ਸ਼ੌਂਕ ਅਤੇ ਸੁਰੱਖਿਆ ਦੇ ਨਾਂ ਹੇਠ ਵੰਡੇ ਜਾ ਰਹੇ 'ਮੌਤ ਦੇ ਲਾਇਸੰਸ' ✪ ਬਿਨਾਂ ਸਿਖਲਾਈ ਹਥਿਆਰ ਬਣ ਰਹੇ ਨੇ ਜਾਨ ਲੇਵਾ: ਪਿਛਲੇ 3 ਸਾਲਾਂ ਵਿਚ 35 ਤੋਂ ਵੱਧ ਮੌਤਾਂ

ਜਲੰਧਰ-ਪੰਜਾਬ ਵਿੱਚ ਹਥਿਆਰ ਰੱਖਣ ਦਾ ਵਧ ਰਿਹਾ ਕ੍ਰੇਜ਼ ਹੁਣ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਸੁਰੱਖਿਆ ਅਤੇ ਸਮਾਜਿਕ ਰੁਤਬੇ ਦੇ ਨਾਂ 'ਤੇ ਲਏ ਜਾ ਰਹੇ ਲਾਇਸੰਸੀ ਹਥਿਆਰ, ਤਕਨੀਕੀ ਜਾਣਕਾਰੀ ਦੀ ਘਾਟ ਕਾਰਨ ਮੌਤਾਂ ਦਾ ਸਬੱਬ ਬਣ ਰਹੇ ਹਨ। ਅੰਕੜੇ ਦੱਸਦੇ ਹਨ ਕਿ ਸਾਲ 2023 ਤੋਂ 2025 ਦਰਮਿਆਨ ਅਣਜਾਣੇ ਵਿੱਚ ਗੋਲੀ ਚੱਲਣ ਕਾਰਨ 35 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਹ ਸਥਿਤੀ ਪ੍ਰਸ਼ਾਸਨਿਕ ਢਿੱਲ ਅਤੇ ਸਿਖਲਾਈ ਦੀ ਘਾਟ ਨੂੰ ਸਿੱਧੇ ਤੌਰ 'ਤੇ ਉਜਾਗਰ ਕਰਦੀ ਹੈ।

ਪੰਜਾਬ ਵਿੱਚ ਲਾਇਸੰਸ ਜਾਰੀ ਕਰਨ ਵੇਲੇ ਸਿਰਫ਼ ਕਾਗਜ਼ੀ ਕਾਰਵਾਈ ਅਤੇ ਚੰਦੇ ਦੀਆਂ ਰਸੀਦਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ, ਜਦਕਿ ਹਥਿਆਰ ਚਲਾਉਣ ਦੀ ਮੁੱਢਲੀ ਸਿਖਲਾਈ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਨਤੀਜੇ ਵਜੋਂ, ਅਸਲ੍ਹਾ ਧਾਰਕ ਗੋਲੀ ਲੋਡ ਕਰਨ ਜਾਂ ਹਥਿਆਰ ਸਾਫ਼ ਕਰਨ ਵੇਲੇ ਵੱਡੀਆਂ ਗਲਤੀਆਂ ਕਰ ਬੈਠਦੇ ਹਨ। ਸਾਲ-ਦਰ-ਸਾਲ ਵਧਦੇ ਖ਼ੂਨੀ ਅੰਕੜੇ : ਐਨਸੀਬੀਆਰਬੀ ਦੀ ਰਿਪੋਰਟ ਨੇ ਵਧਾਈ ਚਿੰਤਾ

ਹਥਿਆਰਾਂ ਕਾਰਨ ਹੋਣ ਵਾਲੇ ਹਾਦਸਿਆਂ ਦਾ ਵੇਰਵਾ ਬੇਹੱਦ ਡਰਾਉਣਾ ਹੈ:

2023: ਅਕਸੀਡੈਂਟਲ ਫਾਇਰਿੰਗ ਦੇ 12 ਮਾਮਲਿਆਂ ਵਿੱਚ 7 ਲੋਕਾਂ ਦੀ ਮੌਤ ਹੋਈ।

2024: ਸਭ ਤੋਂ ਮਾਰੂ ਸਾਲ ਰਿਹਾ, ਜਿੱਥੇ 40 ਮਾਮਲਿਆਂ ਵਿੱਚ 18 ਲੋਕ ਆਪਣੀ ਜਾਨ ਗੁਆ ਬੈਠੇ।

2025: ਹੁਣ ਤੱਕ 20 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ 8 ਲੋਕਾਂ ਦੀ ਮੌਤ ਹੋ ਚੁੱਕੀ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਮੁਤਾਬਕ, ਅਕਸੀਡੈਂਟਲ ਫਾਇਰਿੰਗ ਦੇ ਮਾਮਲੇ ਵਿੱਚ ਪੰਜਾਬ ਦੇਸ਼ ਵਿੱਚ ਚੌਥੇ ਨੰਬਰ 'ਤੇ ਆ ਗਿਆ ਹੈ। 'ਸਟੇਟਸ ਆਫ਼ ਪੁਲੀਸਿੰਗ ਇਨ ਇੰਡੀਆ ਰਿਪੋਰਟ 2025' ਨੇ ਵੀ ਚੇਤਾਵਨੀ ਦਿੱਤੀ ਹੈ ਕਿ ਪੰਜਾਬ ਵਿੱਚ ਵਧਦਾ ਗੰਨ ਕਲਚਰ ਅਪਰਾਧ ਅਤੇ ਹਾਦਸਿਆਂ ਦਾ ਮੁੱਖ ਕਾਰਨ ਹੈ।

ਮਾਹਿਰਾਂ ਦੀ ਰਾਏ: ਲਾਇਸੰਸ ਦੇਣ ਤੋਂ ਪਹਿਲਾਂ ਘੱਟੋ-ਘੱਟ 2-3 ਦਿਨਾਂ ਦੀ ਲਾਜ਼ਮੀ ਟ੍ਰੇਨਿੰਗ ਹੋਣੀ ਚਾਹੀਦੀ ਹੈ, ਜਿਸ ਵਿੱਚ ਸੇਫਟੀ ਲੌਕ, ਸਟੋਰੇਜ ਅਤੇ ਅਨਲੋਡਿੰਗ ਬਾਰੇ ਸਿਖਾਇਆ ਜਾਵੇ। ਭਾਵੇਂ ਡੀਆਈਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਵਰਗੇ ਅਧਿਕਾਰੀ ਨਿਯਮਾਂ ਦੀ ਪਾਲਣਾ ਦਾ ਦਾਅਵਾ ਕਰ ਰਹੇ ਹਨ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਬਿਨਾਂ ਸਿਖਲਾਈ ਦੇ ਮਿਲ ਰਹੇ ਹਥਿਆਰ ਘਰਾਂ ਵਿੱਚ ਸੁਰੱਖਿਆ ਦੀ ਥਾਂ ਸੋਗ ਲੈ ਕੇ ਆ ਰਹੇ ਹਨ।

# ਮਿਲਾਵਟੀ ਦੁੱਧ-ਪਨੀਰ ਦਾ ਗੈਰ-ਕਾਨੂੰਨੀ ਧੰਦਾ: ਸਿਹਤ ਲਈ ਵੱਡਾ ਖਤਰਾ

**✪ ਸਰਕਾਰ ਤੇ ਅਫਸਰਸ਼ਾਹੀ ਦੀ ਚੁੱਪੀ ਤੇ ਮਿਲਾਵਟਖੋਰ ਬੇਖੌਫ ✪ ਕੈਂਸਰ, ਕਿਡਨੀ ਫੇਲ ਤੇ ਫੈਟੀ ਲੀਵਰ ਦਾ ਵਧਦਾ ਖਤਰਾ: ਮਿਲਾਵਟੀ ਭੋਜਨ 'ਧੀਮੀ ਜ਼ਹਿਰ' ✪ ਪੰਜਾਬ ਸਰਕਾਰ ਚੁਕੇ ਸਖ਼ਤ ਕਦਮ: ਮਿਲਾਵਟ ਰੋਕੋ, ਜਾਨਾਂ ਬਚਾਓ**

## ਖਾਸ ਰਿਪੋਰਟ

ਅੱਜ ਕੱਲ੍ਹ ਪੰਜਾਬ ਅਤੇ ਚੰਡੀਗੜ੍ਹ ਵਿੱਚ ਖਾਣ ਪੀਣ ਵਾਲੀਆਂ ਵਸਤਾਂ ਵਿੱਚ ਮਿਲਾਵਟ ਦੀ ਸਮੱਸਿਆ ਬਹੁਤ ਵੱਡੀ ਹੋ ਗਈ ਹੈ। ਖਾਸ ਕਰਕੇ ਦੁੱਧ, ਪਨੀਰ, ਘਿਓ ਅਤੇ ਮਸਾਲੇ ਵਰਗੀਆਂ ਚੀਜ਼ਾਂ ਵਿੱਚ ਨਕਲੀ ਅਤੇ ਖਤਰਨਾਕ ਰਸਾਇਣ ਮਿਲਾਏ ਜਾ ਰਹੇ ਹਨ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ (ਐਫਐੱਸਐੱਸਏਆਈ) ਦੀਆਂ ਰਿਪੋਰਟਾਂ ਅਨੁਸਾਰ, ਪਿਛਲੇ ਤਿੰਨ ਸਾਲਾਂ ਵਿੱਚ ਲਏ ਗਏ ਨਮੂਨਿਆਂ ਵਿੱਚੋਂ ਬਹੁਤ ਸਾਰੇ ਫੇਲ ਹੋਏ ਹਨ। ਇਹ ਮਿਲਾਵਟ ਨਾ ਸਿਰਫ ਲੋਕਾਂ ਦੀ ਸਿਹਤ ਨੂੰ ਖਰਾਬ ਕਰ ਰਹੀ ਹੈ ਬਲਕਿ ਕੈਂਸਰ, ਕਿਡਨੀ ਫੇਲ ਅਤੇ ਫੈਟੀ ਲੀਵਰ ਵਰਗੀਆਂ ਗੰਭੀਰ ਬਿਮਾਰੀਆਂ ਵਧਾ ਰਹੀ ਹੈ। ਯੂਰਪੀਅਨ ਯੂਨੀਅਨ ਨੇ ਵੀ 2019 ਤੋਂ 2024 ਤੱਕ 400 ਤੋਂ ਵੱਧ ਭਾਰਤੀ ਉਤਪਾਦਾਂ ਨੂੰ ਕੈਂਸਰ ਪੈਦਾ ਕਰਨ ਵਾਲੇ ਪਦਾਰਥਾਂ ਨਾਲ ਦੂਸ਼ਿਤ ਪਾਇਆ ਸੀ।

### ਮਿਲਾਵਟੀ ਅਤੇ ਨਕਲੀ ਦੁੱਧ ਪਦਾਰਥਾਂ ਦਾ ਗੈਰ-ਕਾਨੂੰਨੀ ਧੰਦਾ ਕਿਉਂ ਚੱਲ ਰਿਹਾ ਹੈ?

ਪੰਜਾਬ ਤੇ ਚੰਡੀਗੜ੍ਹ ਵਿੱਚ ਮਿਲਾਵਟੀ ਖਾਣ ਪੀਣ ਵਾਲੀਆਂ ਵਸਤਾਂ ਦਾ ਧੰਦਾ ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ । ਵਪਾਰੀ ਘੱਟ ਕੀਮਤ ਵਿੱਚ ਵੱਧ ਮਾਲ ਬਣਾਉਣ ਲਈ ਨਕਲੀ ਚੀਜ਼ਾਂ ਮਿਲਾਉਂਦੇ ਹਨ। ਉਦਾਹਰਣ ਵਜੋਂ, ਦੁੱਧ ਵਿੱਚ ਯੂਰੀਆ, ਡਿਟਰਜੈਂਟ, ਸਟਾਰਚ ਜਾਂ ਫਾਰਮੈਲਿਨ ਵਰਗੇ ਰਸਾਇਣ ਮਿਲਾਏ ਜਾਂਦੇ ਹਨ ਤਾਂ ਜੋ ਇਹ ਵੱਧ ਮਾਤਰਾ ਵਿੱਚ ਬਣ ਜਾਵੇ। ਪਨੀਰ ਵਿੱਚ ਸਟਾਰਚ ਅਤੇ ਸੁਕਰੋਜ਼ ਮਿਲਾਇਆ ਜਾਂਦਾ ਹੈ ਜੋ ਇਸ ਨੂੰ ਸਸਤਾ ਬਣਾਉਂਦਾ ਹੈ ਪਰ ਖਤਰਨਾਕ ਵੀ। ਐਫਐੱਸਐੱਸਏਆਈ ਦੀ ਰਿਪੋਰਟ ਅਨੁਸਾਰ, ਚੰਡੀਗੜ੍ਹ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ ਲਏ ਗਏ ਨਮੂਨਿਆਂ ਵਿੱਚੋਂ ਹਰ ਤੀਜਾ ਨਮੂਨਾ ਫੇਲ ਹੋਇਆ ਹੈ। 2022-23 ਵਿੱਚ 23 ਨਮੂਨਿਆਂ ਵਿੱਚੋਂ 6 ਫੇਲ ਹੋਏ, 2023-24 ਵਿੱਚ 40 ਵਿੱਚੋਂ 17 ਅਤੇ 2024-25 ਵਿੱਚ 36 ਵਿੱਚੋਂ 19 ਫੇਲ ਹੋ ਚੁੱਕੇ ਹਨ। ਇਹ ਅੰਕੜੇ ਦੱਸਦੇ ਹਨ ਕਿ ਮਿਲਾਵਟ ਵਧ ਰਹੀ ਹੈ।

ਪੰਜਾਬ ਵਿੱਚ ਵੀ ਹਾਲਾਤ ਬਹੁਤ ਖਰਾਬ ਹਨ। ਪੰਜਾਬ ਫੂਡ ਅਥਾਰਟੀ ਨੇ ਹਾਲ ਹੀ ਵਿੱਚ ਖਨੇਵਾਲ ਵਿੱਚ ਮਿਲਾਵਟੀ ਦੁੱਧ ਨੂੰ ਨਸ਼ਟ ਕੀਤਾ ਹੈ ਅਤੇ ਕਈ ਫੈਕਟਰੀਆਂ ਤੇ ਛਾਪੇ ਮਾਰੇ ਹਨ। ਪਿਛਲੇ ਤਿੰਨ ਸਾਲਾਂ ਵਿੱਚ 20,988 ਨਮੂਨਿਆਂ ਵਿੱਚੋਂ 3,712 ਫੇਲ ਹੋਏ ਹਨ। ਲੂਜ਼ ਮਿਲਕ ਦੇ 13.6% ਅਤੇ ਘਿਓ ਦੇ 21.4% ਨਮੂਨੇ ਗੈਰ-ਮਿਆਰੀ ਪਾਏ ਗਏ ਹਨ। ਪੰਜਾਬ ਵਿੱਚ ਪਨੀਰ ਅਤੇ ਦੇਸੀ ਘਿਓ ਵਿੱਚ ਸਭ ਤੋਂ ਵੱਧ ਮਿਲਾਵਟ ਹੈ। ਸਿਹਤ ਮੰਤਰੀ ਨੇ ਵੀ ਇਸ ਨੂੰ ਮੰਨਿਆ ਹੈ ਕਿ ਨੇੜੇ 50% ਪਨੀਰ ਨਕਲੀ ਹੈ।



ਗੁਆਂਢੀ ਸੂਬੇ ਹਰਿਆਣਾ ਅਤੇ ਰਾਜਸਥਾਨ ਵਿੱਚ ਵੀ ਇਹੀ ਹਾਲ ਹੈ। ਹਰਿਆਣਾ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ 1,451 ਨਮੂਨਿਆਂ ਵਿੱਚੋਂ ਜ਼ਿਆਦਾਤਰ ਫੇਲ ਹੋਏ ਹਨ ਅਤੇ 529 ਪਦਾਰਥ ਖਾਣ ਯੋਗ ਨਹੀਂ ਸਨ। ਉੱਤਰ ਪ੍ਰਦੇਸ਼ ਵਿੱਚ 12,945 ਨਮੂਨਿਆਂ ਵਿੱਚੋਂ 8,299 ਫੇਲ ਹੋਏ ਹਨ। ਇਹ ਨਕਲੀ ਸਾਮਾਨ ਪੰਜਾਬ ਵਿੱਚ ਤਸਕਰੀ ਨਾਲ ਆਉਂਦਾ ਹੈ ਅਤੇ ਸਰਹੱਦੀ ਖੇਤਰਾਂ ਵਿੱਚ ਗੈਰ-ਕਾਨੂੰਨੀ ਫੈਕਟਰੀਆਂ ਚੱਲ ਰਹੀਆਂ ਹਨ। ਤਿਉਹਾਰਾਂ ਦੇ ਮੌਸਮ ਵਿੱਚ ਮਿਲਾਵਟ 30% ਵਧ ਜਾਂਦੀ ਹੈ ਕਿਉਂਕਿ ਮੰਗ ਵੱਧ ਜਾਂਦੀ ਹੈ ਅਤੇ ਨਿਗਰਾਨੀ ਘੱਟ ਹੁੰਦੀ ਹੈ। ਪਤੰਜਲੀ ਵਰਗੇ ਬ੍ਰਾਂਡ ਵੀ ਗੁਣਵੱਤਾ ਟੈਸਟ ਵਿੱਚ ਫੇਲ ਹੋ ਚੁੱਕੇ ਹਨ।

### ਸਰਕਾਰ ਅਤੇ ਅਫਸਰਸ਼ਾਹੀ ਚੁੱਪ ਕਿਉਂ ਹੈ?

ਸਰਕਾਰ ਅਤੇ ਅਫਸਰਸ਼ਾਹੀ ਦੀ ਚੁੱਪੀ ਦਾ ਵੱਡਾ ਕਾਰਨ ਹੈ ਭ੍ਰਿਸ਼ਟਾਚਾਰ ਅਤੇ ਕਮਜ਼ੋਰ ਕਾਨੂੰਨ। ਪੰਜਾਬ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿੱਚ ਮਿਲਾਵਟ ਦੇ ਮਾਮਲਿਆਂ ਵਿੱਚ 3.04 ਕਰੋੜ ਰੁਪਏ ਦਾ ਜੁਰਮਾਨਾ ਵਸੂਲਿਆ ਹੈ ਪਰ ਅਸਲ ਵਿੱਚ ਸਜ਼ਾਵਾਂ ਬਹੁਤ ਘੱਟ ਹਨ। 2,191 ਮਾਮਲਿਆਂ ਵਿੱਚ ਜੁਰਮਾਨਾ ਲਗਾਇਆ ਗਿਆ ਪਰ ਜੇਲ੍ਹ ਨਹੀਂ ਭੇਜਿਆ ਜਾਂਦਾ। ਅਧਿਕਾਰੀ ਰਿਸ਼ਵਤ ਲੈ ਕੇ ਛੱਡ ਦਿੰਦੇ ਹਨ ਅਤੇ ਫੈਕਟਰੀਆਂ ਮੁੜ ਖੁੱਲ੍ਹ ਜਾਂਦੀਆਂ ਹਨ। ਉਦਾਹਰਣ ਵਜੋਂ, ਰਾਜਪੁਰਾ ਵਿੱਚ 1,378 ਕਿੱਲੋ ਨਕਲੀ ਪਨੀਰ ਜ਼ਬਤ ਕੀਤਾ ਗਿਆ ਪਰ ਤਿੰਨ ਮਹੀਨਿਆਂ ਬਾਅਦ ਮੁੜ 1,640 ਕਿੱਲੋ ਫੜਿਆ ਗਿਆ। ਇਹ ਦੱਸਦਾ ਹੈ ਕਿ ਸਰਕਾਰ ਦੀ ਨਿਗਰਾਨੀ ਕਮਜ਼ੋਰ ਹੈ। ਬਹੁਤੇ ਅਫਸਰ ਰਿਸ਼ਵਤ ਲੈ ਕੇ ਚੁੱਪ ਰਹਿੰਦੇ ਹਨ ਅਤੇ ਵੱਡੇ ਵਪਾਰੀਆਂ ਨੂੰ ਬਚਾਉਂਦੇ ਹਨ। ਪੰਜਾਬ ਵਿੱਚ ਰਾਜਨੀਤਿਕ ਇੱਛਾ ਸ਼ਕਤੀ ਦੀ ਕਮੀ ਹੈ ਅਤੇ ਭ੍ਰਿਸ਼ਟਾਚਾਰ ਤੇ ਮਿਲਾਵਟ ਬਾਰੇ ਚੁੱਪੀ ਹੈ। ਕਾਨੂੰਨ ਵਿੱਚ ਅਧਿਕਤਮ 10 ਲੱਖ ਜੁਰਮਾਨਾ ਜਾਂ 7 ਸਾਲ ਸਜ਼ਾ ਹੈ ਪਰ ਇਹ ਲਾਗੂ ਨਹੀਂ ਹੁੰਦੀ। ਇਸ ਕਾਰਨ ਧੰਦਾ ਚੱਲ ਰਿਹਾ ਹੈ।

### ਕਿਡਨੀ ਫੇਲ, ਕੈਂਸਰ ਅਤੇ ਫੈਟੀ ਲੀਵਰ ਵਰਗੀਆਂ ਬਿਮਾਰੀਆਂ ਕਿਉਂ ਵਧ ਰਹੀਆਂ ਹਨ?

ਮਿਲਾਵਟੀ ਖਾਣ ਪੀਣ ਵਾਲੀਆਂ ਵਸਤਾਂ ਕਾਰਨ ਲੋਕਾਂ ਵਿੱਚ ਗੰਭੀਰ ਬਿਮਾਰੀਆਂ ਵਧ ਰਹੀਆਂ ਹਨ। ਸਿਹਤ ਮਾਹਿਰਾਂ ਅਨੁਸਾਰ, ਇਹ ਮਿਲਾਵਟ 'ਧੀਮੀ ਹੱਤਿਆ' ਵਾਂਗ ਹੈ। ਇੰਡੀਅਨ ਕਾਉਂਸਲ ਆਫ ਮੈਡੀਕਲ ਰਿਸਰਚ (ਆਈ ਸੀ ਐੱਮ ਆਰ) ਨੇ ਕਿਹਾ ਹੈ ਕਿ ਮਿਲਾਵਟ ਕਾਰਨ ਗੈਰ-ਸੰਚਾਰੀ ਰੋਗਾਂ ਵਿੱਚ 20% ਵਾਧਾ ਹੋਇਆ ਹੈ। ਦੁੱਧ ਵਿੱਚ ਯੂਰੀਆ ਅਤੇ ਫਾਰਮੈਲਿਨ ਕਾਰਨ ਕਿਡਨੀ ਫੇਲ ਹੁੰਦੀ ਹੈ ਕਿਉਂਕਿ ਇਹ ਰਸਾਇਣ ਕਿਡਨੀ ਨੂੰ ਨੁਕਸਾਨ ਪਹੁੰਚਾਉਂਦੇ ਹਨ। ਪਨੀਰ ਵਿੱਚ ਸਟਾਰਚ ਅਤੇ ਰਸਾਇਣ ਕਾਰਨ ਫੈਟੀ ਲੀਵਰ ਵਧਦਾ ਹੈ ਅਤੇ ਲੀਵਰ ਖਰਾਬ ਹੋ ਜਾਂਦਾ ਹੈ। ਮਸਾਲਿਆਂ ਵਿੱਚ ਕੈਂਸਰ ਪੈਦਾ ਕਰਨ ਵਾਲੇ ਰੰਗ ਅਤੇ ਈਥਾਈਲੀਨ ਆਕਸਾਈਡ ਵਰਗੇ ਪਦਾਰਥ ਮਿਲੇ ਹਨ ਜੋ ਕੈਂਸਰ ਵਧਾਉਂਦੇ ਹਨ। ਯੂਰਪੀਅਨ ਯੂਨੀਅਨ ਨੇ ਭਾਰਤੀ ਮਸਾਲੇ ਅਤੇ ਫਲਾਂ ਨੂੰ ਦੂਸ਼ਿਤ ਪਾਇਆ ਹੈ। ਪੰਜਾਬ ਵਿੱਚ ਪੈਸਟੀਸਾਈਡ ਅਤੇ ਰਸਾਇਣਾਂ ਕਾਰਨ ਕੈਂਸਰ ਵੱਧ ਹੈ ਅਤੇ ਲੋਕ ਪੰਜਾਬ ਦੇ ਅਨਾਜ ਨੂੰ ਛੱਡ ਕੇ ਦੂਜੇ ਸੂਬਿਆਂ ਤੋਂ ਖਰੀਦ ਰਹੇ ਹਨ। ਬੇਕਰੀ ਆਈਟਮਾਂ ਵਿੱਚ ਨਕਲੀ ਰੰਗ ਕੈਂਸਰ ਦਾ ਜੋਖਮ ਦੁੱਗਣਾ ਕਰ ਰਹੇ ਹਨ।



### ਪੰਜਾਬ ਸਰਕਾਰ ਨੂੰ ਕੀ ਉਪਰਾਲੇ ਕਰਨੇ ਚਾਹੀਦੇ ਹਨ?

ਪੰਜਾਬ ਸਰਕਾਰ ਨੂੰ ਇਸ ਸਮੱਸਿਆ ਨੂੰ ਰੋਕਣ ਲਈ ਸਖਤ ਕਦਮ ਚੁੱਕਣੇ ਚਾਹੀਦੇ ਹਨ। ਪਹਿਲਾਂ, ਕਾਨੂੰਨ ਸਖਤ ਬਣਾਓ: ਮਿਲਾਵਟ ਤੇ ਘੱਟੋ ਘੱਟ 20 ਸਾਲ ਸਜ਼ਾ ਅਤੇ ਜਾਇਦਾਦ ਜ਼ਬਤ ਕਰੋ। ਐਫ ਐੱਸ ਐੱਸ ਏ ਆਈ ਨੂੰ ਸਵੈਤੰਤਰ ਬਣਾਓ ਅਤੇ ਹਰ ਜ਼ਿਲ੍ਹੇ ਵਿੱਚ ਮੋਬਾਈਲ ਟੈਸਟਿੰਗ ਵੈਨ ਅਤੇ ਏਆਈ ਆਧਾਰਿਤ ਨਿਗਰਾਨੀ ਸ਼ੁਰੂ ਕਰੋ। ਜੈਵਿਕ ਖੇਤੀ ਨੂੰ ਸਬਸਿਡੀ ਦਿਓ ਅਤੇ ਗੋਬਰ ਤੋਂ ਖਾਦ ਬਣਾਉਣ ਤੇ ਉਤਸ਼ਾਹਿਤ ਕਰੋ। ਜਨ ਜਾਗਰੂਕਤਾ ਮੁਹਿੰਮ ਚਲਾਓ: ਸਕੂਲਾਂ ਵਿੱਚ ਮਿਲਾਵਟ ਦੀ ਪਛਾਣ ਸਿਖਾਓ। ਸਭ ਤੋਂ ਜ਼ਰੂਰੀ, ਭ੍ਰਿਸ਼ਟਾਚਾਰ ਬਾਰੇ ਸਖਤ ਨੀਤੀ ਅਪਨਾਉ : ਰਿਸ਼ਵਤ ਲੈਣ ਵਾਲੇ ਅਧਿਕਾਰੀਆਂ ਨੂੰ ਬਰਖਾਸਤ ਕਰੋ। ਪੰਜਾਬ ਵਿਚ ਜ਼ੀਰੋ ਟਾਲਰੈਂਸ ਪਾਲਿਸੀ ਅਪਣਾਈ ਜਾਵੇ। ਤਿਉਹਾਰਾਂ ਤੇ ਵਿਸ਼ੇਸ਼ ਮੁਹਿੰਮ ਚਲਾਓ ਪਰ ਸਾਲ ਭਰ ਨਿਗਰਾਨੀ ਵਧਾਓ। ਉੱਤਰ ਪ੍ਰਦੇਸ਼ ਵਾਂਗ ਨਵੀਆਂ ਮਾਈਕ੍ਰੋਬਾਇਓਲਾਜੀ ਲੈਬਾਂ ਖੋਲ੍ਹੋ। ਲੋਕਾਂ ਨੂੰ ਘਰੇਲੂ ਟੈਸਟ ਕਿੱਟਾਂ ਵੰਡੋ ਅਤੇ ਬ੍ਰਾਂਡੇਡ ਉਤਪਾਦ ਚੁਣਨ ਤੇ ਜ਼ੋਰ ਦਿਓ। ਸ਼ਿਕਾਇਤਾਂ ਲਈ ਆਸਾਨ ਸਿਸਟਮ ਬਣਾਓ। ਜੇ ਅਜਿਹਾ ਨਾ ਕੀਤਾ ਤਾਂ ਭੋਜਨ ਹੀ ਪੰਜਾਬੀਆਂ ਦੀ ਕਬਰ ਬਣ ਜਾਵੇਗਾ। ਸਰਕਾਰ, ਉਦਯੋਗ ਅਤੇ ਉਪਭੋਗਤਾ ਸਭ ਨੂੰ ਜਾਗਣਾ ਪਵੇਗਾ। ਮਿਲਾਵਟ ਰੋਕੋ, ਜੀਵਨ ਬਚਾਓ।

# ਸਿਕਲੀਗਰ ਕਬੀਲੇ ਦਾ ਸਿੱਖ ਇਤਿਹਾਸ ਵਿਚ ਯੋਗਦਾਨ

**ਡਾਕਟਰ ਬਿਕਰਮਜੀਤ ਸਿੰਘ**



ਪੰਜਾਬੀ ਸਭਿਆਚਾਰ 'ਚ ਅਨੇਕਾਂ ਜਾਤੀਆਂ, ਧਰਮਾਂ, ਨਸਲਾਂ, ਕੌਮਾਂ ਅਤੇ ਕਬੀਲਿਆਂ ਦਾ ਮਿਸ਼ਰਣ ਮਿਲਦਾ ਹੈ। ਪੰਜਾਬੀ ਸੱਭਿਆਚਾਰ 'ਚ ਬਹੁਤ ਸਾਰੇ ਕਬੀਲੇ ਸਮੇਂ-ਸਮੇਂ ਸ਼ਾਮਿਲ ਹੁੰਦੇ ਰਹਿੰਦੇ ਹਨ। ਹੌਲੀ-ਹੌਲੀ ਇਨ੍ਹਾਂ ਕਬੀਲਿਆਂ ਦਾ ਪੰਜਾਬੀ ਸੱਭਿਆਚਾਰ 'ਚ ਸੁਮੇਲ ਹੁੰਦਾ ਗਿਆ। ਵਰਤਮਾਨ ਸਮੇਂ 'ਚ ਬਹੁਤ ਸਾਰੇ ਕਬੀਲੇ ਪੰਜਾਬੀ ਸੱਭਿਆਚਾਰ 'ਚ ਸੰਮਲਿਤ ਹੋ ਚੁੱਕੇ ਹਨ, ਪ੍ਰੰਤੂ ਇਨ੍ਹਾਂ ਕਬੀਲਿਆਂ ਦੇ ਜੀਵਨ ਵਿਵਹਾਰ ਦੇ ਪੈਟਰਨ ਪੰਜਾਬੀ ਸੱਭਿਆਚਾਰ 'ਚ ਵੱਖਰੇ ਹੀ ਪਹਿਚਾਣੇ ਜਾ ਸਕਦੇ ਹਨ। ਪੰਜਾਬੀ ਸੱਭਿਆਚਾਰ ਦੇ ਸੰਦਰਭ 'ਚ ਇਨ੍ਹਾਂ ਕਬੀਲਿਆਂ ਦੀ ਬੜੀ ਅਹਿਮੀਅਤ ਹੈ। ਪੰਜਾਬ 'ਚ ਵਸਣ ਵਾਲੇ ਕਬੀਲੇ ਕਿਸੇ ਨਾ ਕਿਸੇ ਲੋਕ ਸਿਰਜਣਾ ਨਾਲ ਜੁੜੇ ਹੋਏ ਹਨ। ਖੇਤੀਬਾੜੀ ਦੀ ਲੋੜ ਵਜੋਂ ਕੰਮ ਆਉਣ ਵਾਲੇ ਸੰਦਾਂ ਦਾ ਨਿਰਮਾਣ ਕਰਨਾ, ਜਿਵੇਂ ਛੱਜ ਬਣਾਉਣੇ, ਵਾਣ ਵੱਟਣਾ, ਟੋਕਰੀਆਂ ਬਣਾਉਣਾ, ਨਵੇਂ ਦੌਰ 'ਚ ਢੋਲ ਵਜਾਉਣਾ ਆਦਿ ਕਿੱਤੇ ਵੱਖ-ਵੱਖ ਕਬੀਲਿਆਂ ਨਾਲ ਸੰਬੰਧਿਤ ਹਨ। ਪੰਜਾਬੀ ਸੱਭਿਆਚਾਰ 'ਚ ਤਕਰੀਬਨ 30 ਕਬੀਲਿਆਂ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ। ਪ੍ਰੰਤੂ ਵਰਤਮਾਨ ਸਮੇਂ 'ਚ 8 ਕਬੀਲਿਆਂ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਪੰਜਾਬ 'ਚ ਵਸਦੇ ਪ੍ਰਮੁੱਖ ਕਬੀਲੇ ਸਾਂਸੀ, ਬਾਜ਼ੀਗਰ, ਬੋਰੀਆਂ, ਗੁੱਜਰ, ਮਿਆਰੀ, ਸ਼ਿਕਾਰ, ਗਾਡੀਲੁਹਾਰ (ਗੱਡੀਆਂ ਵਾਲੇ) ਆਦਿ ਕਬੀਲੇ ਵੱਸੇ ਹੋਏ ਹਨ।

'ਸਿਕਲੀਗਰ' ਸ਼ਬਦ ਫ਼ਾਰਸੀ ਭਾਸ਼ਾ ਦੇ 'ਸਕਲਗਰ' ਦਾ ਪੰਜਾਬੀ ਰੂਪਾਂਤਰ ਹੈ, ਜਿਸ ਦਾ ਅਰਥ ਹੈ-ਸਿਕਲ ਕਰਨ ਵਾਲਾ, ਜੰਗ (ਜੰਗਾਲ) ਉਤਾਰਨ ਵਾਲਾ। ਅਰਬੀ/ਫ਼ਾਰਸੀ 'ਚ 'ਸਕਲ' (ਸਿਕਲ) ਦਾ ਅਰਥ ਹੈ- ਸਾਫ਼ ਕਰਨ ਦੀ ਕਿਰਿਆ, ਜੰਗ ਉਤਾਰ ਕੇ ਸ਼ਸਤਰ ਆਦਿ ਨੂੰ ਚਮਕਾਉਣ ਦਾ ਕਰਮ।

ਪੰਜਾਬ ਦੇ ਟੱਪਰੀਵਾਸ ਕਬੀਲਿਆਂ 'ਚ ਸਿਕਲੀਗਰ ਕਬੀਲੇ ਦਾ ਪ੍ਰਮੁੱਖ ਸਥਾਨ ਹੈ। ਸਿਕਲੀਗਰ ਕਬੀਲੇ ਦੇ ਲੋਕ ਲੋਹੇ ਦੇ ਕੰਮ ਨਾਲ ਜੁੜੇ ਹੋਏ ਹਨ। ਇਸ ਕਬੀਲੇ ਦੇ ਲੋਕ ਲੋਹੇ ਦੇ ਨਿਪੁੰਨ ਕਾਰੀਗਰ ਹੁੰਦੇ ਹਨ। ਇਹ ਲੋਹੇ ਤੋਂ ਹਥਿਆਰ ਅਤੇ ਘਰੇਲੂ ਲੋੜੀਂਦੀਆਂ ਵਸਤਾਂ ਤਿਆਰ ਕਰਦੇ ਹਨ। ਲੋਹੇ ਦੇ ਹਥਿਆਰ ਬਣਾਉਣ 'ਚ ਇਨ੍ਹਾਂ ਨੂੰ ਖ਼ਾਸ ਮੁਹਾਰਤ ਹਾਸਿਲ ਹੁੰਦੀ ਹੈ। ਜੇਕਰ ਇਨ੍ਹਾਂ ਦੇ ਇਤਿਹਾਸਕ ਪਿਛੋਕੜ ਦੀ ਗੱਲ ਕਰੀਏ ਤਾਂ ਇਹ ਆਪਣਾ ਸੰਬੰਧ ਰਾਜਸਥਾਨ ਦੇ ਮਾਰਵਾੜ ਦੇ ਇਲਾਕੇ ਦੇ ਨਾਲ ਜੋੜਦੇ ਹਨ। ਕਬੀਲੇ ਦੇ ਲੋਕਾਂ ਅਨੁਸਾਰ ਇਨ੍ਹਾਂ ਦੇ ਪੁਰਵਜ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦੇ ਬੁਲਾਵੇ 'ਤੇ ਪੰਜਾਬ ਆਏ ਸਨ। ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਗੁਰੂ ਸਹਿਬਾਨਾਂ ਦੀ ਸੇਵਾ 'ਚ ਵਿਚਰਦੇ ਰਹੇ। ਇਹ ਗੁਰੂ ਸਹਿਬਾਨਾਂ ਅਤੇ ਸਿੱਖਾਂ ਵਾਸਤੇ ਹਥਿਆਰ ਤਿਆਰ ਕਰਦੇ ਸਨ। ਸਿਕਲੀਗਰ ਕਬੀਲੇ ਦੇ ਬਾਬਾ ਰਾਮ ਸਿੰਘ ਅਤੇ ਬਾਬਾ ਵੀਰ ਸਿੰਘ ਗੁਰੂ ਗੋਬਿੰਦ ਸਿੰਘ ਦੀ ਫ਼ੌਜ 'ਚ ਉੱਚ ਅਹੁਦਿਆਂ 'ਤੇ ਰਹੇ ਸਨ। ਇਨ੍ਹਾਂ ਨੇ ਆਪਣੇ ਹੱਥੀਂ ਤਿਆਰ ਕੀਤੀਆਂ ਵਿਸ਼ੇਸ਼ ਕਿਸਮ ਦੀਆਂ ਬੰਦੂਕਾਂ ਗੁਰੂ ਸਾਹਿਬ ਨੂੰ ਭੇਟ ਕੀਤੀਆਂ ਸਨ। ਗੁਰੂ ਸਾਹਿਬ ਦੀ ਮਿਹਰ ਹੇਠ ਇਹ ਸਿੱਖ ਧਰਮ ਨਾਲ ਜੁੜ ਗਏ। ਸਿਕਲੀਗਰ ਕਬੀਲੇ ਦੇ ਲੋਕ ਜ਼ਿਆਦਾਤਰ ਨਿਰੰਕਾਰੀ ਸੰਪਰਦਾਇ ਅਤੇ ਸਿੱਖ ਧਰਮ ਨਾਲ ਜੁੜੇ ਹੋਏ ਹਨ। ਸਿੱਖ ਰਾਜ ਦੇ ਪਤਨ ਤੋਂ ਬਾਅਦ ਹਥਿਆਰ ਬਣਾਉਣ ਦੇ ਕਿੱਤੇ ਦਾ ਵੀ ਪਤਨ ਹੋ ਗਿਆ। ਸੋ, ਅੱਜ ਸਿਕਲੀਗਰ ਕਬੀਲੇ ਨਾਲ ਸੰਬੰਧਤ ਲੋਕ ਬਹੁਗਿਣਤੀ 'ਚ ਬਾਜ਼ਾਰੂ ਵਸਤਾਂ ਨੂੰ ਹੀ ਪਿੰਡਾਂ 'ਚ ਵੇਚਣ ਜਾਂਦੇ ਹਨ ਜਾਂ ਰਸੋਈ 'ਚ ਲੋੜੀਂਦੀਆਂ ਛੋਟੀਆਂ-ਮੋਟੀਆਂ ਵਸਤਾਂ ਹੀ ਤਿਆਰ ਕਰਦੇ ਹਨ। ਸਿਕਲੀਗਰ ਕਬੀਲੇ 'ਚ ਗੋਤਰ ਸਤਰੀਕਰਣ ਪਾਇਆ ਜਾਂਦਾ ਹੈ। ਸਿਕਲੀਗਰ ਕਬੀਲੇ ਨੂੰ ਮੁੱਖ ਰੂਪ 'ਚ ਤੇਰਾਂ ਗੋਤਾਂ 'ਚ ਵੰਡਿਆ ਜਾਂਦਾ ਹੈ। ਸਕਲੀਗਰ ਕਬੀਲੇ ਦੇ ਪ੍ਰਮੁੱਖ ਗੋਤਰ ਜੂਨੀ, ਡਾਂਗੀ, ਭੇਂਟ, ਟਾਂਕ, ਖੀਚੀ, ਤਲਬਿਥੀਆਂ, ਬਊਰੀਏ, ਘਾਸੀ ਟਾਂਕ, ਪਟੋਆ, ਘਟਾੜੇ, ਪਿਆਲਾ, ਜਿਊਣੀ ਆਦਿ ਹਨ। ਇਨ੍ਹਾਂ ਗੋਤਰਾਂ ਦੀਆਂ ਅੱਗੋਂ ਉਪ ਗੋਤਰਾਂ ਵੀ ਹਨ। ਗੋਤਰਾਂ ਨੂੰ ਲੈ ਕੇ ਕਬੀਲੇ 'ਚ ਸਖ਼ਤ ਮਨਾਹੀਆਂ ਮੌਜੂਦ ਹਨ। ਸਾਰੇ ਗੋਤਰਾਂ ਵਲੋਂ ਹੀ ਇਨ੍ਹਾਂ ਮਨਾਹੀਆਂ ਦੀ ਪਾਲਣਾ ਕੀਤੀ ਜਾਂਦੀ ਹੈ।



ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਤਕ ਦੇ ਲੰਮੇ ਸਮੇਂ ਦੌਰਾਨ ਹਥਿਆਰਬੰਦ ਸੰਘਰਸ਼ ਦੀ ਲੋੜ ਨਾ ਪਈ। ਇਹ ਹਾਲਾਤ ਰਾਜਪੂਤੀ ਸੁਭਾਅ ਦੇ ਅਨੁਕੂਲ ਨਹੀਂ ਸਨ। ਇਸੇ ਸਮੇਂ ਦੌਰਾਨ ਕੁਝ ਮਾਰਵਾੜੀ ਪਰਿਵਾਰ ਵਾਪਸ ਮਾਤ-ਭੂਮੀ ਵੱਲ ਪਰਤ ਗਏ। ਕਈ ਪੰਜਾਬ ਦੇ ਵੱਖ-ਵੱਖ ਥਾਵਾਂ 'ਤੇ ਖਿੰਡ ਗਏ। ਕਈਆਂ ਨੇ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਕੁਝ ਰਿਆਸਤੀ ਰਜਵਾੜਿਆਂ ਨੂੰ ਹਥਿਆਰ ਵੇਚਣ ਲੱਗ ਪਏ। ਦੂਜੇ ਪਾਸੇ, ਮਾਰਵਾੜ ਅਤੇ ਹੋਰ ਰਾਜਪੂਤ ਰਾਜਿਆਂ-ਰਜਵਾੜਿਆਂ ਦੀਆਂ ਆਪਸੀ ਲੜਾਈਆਂ, ਮੁਗ਼ਲਾਂ ਦੇ ਹਮਲਿਆਂ, ਰਾਜਪੂਤਾਂ ਦੇ ਆਪਸੀ ਵੈਰ-ਵਿਰੋਧ ਅਤੇ ਪਰਿਵਾਰਕ ਤੰਗੀ-ਤਰੁਸ਼ੀ ਦੇ ਸਤਾਏ ਬਹੁਤ ਸਾਰੇ ਰਾਜਪੂਤ ਪਰਿਵਾਰ ਮਾਤ-ਭੂਮੀ ਛੱਡ ਕੇ ਪੰਜਾਬ ਵੱਲ ਆ ਰਹੇ ਸਨ। ਇਹ ਘੁਮੱਕੜ/ਟੱਪਰੀਵਾਸ ਕਬੀਲਿਆਂ ਦੇ ਰੂਪ 'ਚ ਇੱਧਰ-ਉੱਧਰ ਘੁੰਮਦੇ ਰਹਿੰਦੇ ਸਨ ਅਤੇ ਟਿਕ ਕੇ ਨਹੀਂ ਸੀ ਬਹਿੰਦੇ।

ਹੌਲੀ-ਹੌਲੀ ਇਹ ਮੁੱਖ ਧਾਰਾ ਨਾਲੋਂ ਟੁੱਟ ਗਏ। ਜਿਹੜੇ ਪਰਿਵਾਰ ਕਿਸੇ ਕਾਰਨ ਵਾਪਸ ਆਪਣੀ ਧਰਤੀ ਵੱਲ ਪਰਤ ਵੀ ਜਾਂਦੇ, ਉਨ੍ਹਾਂ ਨੂੰ ਮਾਰਵਾੜ ਦੀ ਰਾਜਪੂਤ ਅੱਖ ਨਫ਼ਰਤ ਨਾਲ ਵੇਖਦੀ ਸੀ। ਮਾਰਵਾੜ ਰਹਿੰਦੇ ਰਾਜਪੂਤਾਂ ਨੇ ਇਨ੍ਹਾਂ ਦੇ ਰਿਸ਼ਤੇ ਲੈਣ-ਦੇਣ ਤੋਂ ਨਾਂਹ ਕਰ ਦਿੱਤੀ। ਅਜਿਹੀਆਂ ਸਥਿਤੀਆਂ 'ਚੋਂ ਹੀ ਵੱਟੇ-ਸੱਟਾ ਵਿਆਹ-ਪ੍ਰਥਾ ਪ੍ਰਚੱਲਿਤ ਹੋਈ ਅਤੇ ਅਜਿਹੇ ਕਈ ਕਾਰਨ ਪੈਦਾ ਹੋਏ, ਜਿਨ੍ਹਾਂ ਨੇ ਮਾਰਵਾੜੀ ਲੋਹਾਰਾਂ ਨੂੰ ਕਬੀਲਾਵਾਦ ਦੀਆਂ ਪੀਡੀਆਂ ਵਲਗਣਾਂ 'ਚ ਜਕੜ ਦਿੱਤਾ। ਇੱਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਜਾਤੀ-ਪਾਤੀ ਭਾਵਨਾ ਦੇ ਨਾਲ-ਨਾਲ ਕਈ ਹੋਰ ਸਮਾਜਿਕ ਬੰਦਿਸ਼ਾਂ ਤੇ ਕਬੀਲਾਵਾਦੀ ਰੀਤਾਂ ਸ਼ੁਰੂ ਤੋਂ ਹੀ ਰਾਜਪੂਤੀ ਜੀਵਨ-ਸ਼ੈਲੀ ਅਤੇ ਸੁਭਾਅ ਦਾ ਹਿੱਸਾ ਬਣ ਚੁੱਕੀਆਂ ਹਨ।

ਇਕ ਰਵਾਇਤ ਅਨੁਸਾਰ ਲੋਹਾਰਾਂ ਨੂੰ 'ਸਿਕਲੀਗਰ' ਦੀ ਉਪਾਧੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਪ੍ਰਦਾਨ ਕੀਤੀ ਸੀ। ਡਾ. ਕਿਰਪਾਲ ਸਿੰਘ ਕਜ਼ਾਕ ਨੇ ਸਿਕਲੀਗਰ ਬਜ਼ੁਰਗਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆਉਣ ਤੋਂ ਪਹਿਲਾਂ ਜਦੋਂ ਉਨ੍ਹਾਂ ਨੇ ਕਬੀਲਾ ਮਾਰਵਾੜੀ ਲੋਹਾਰਾਂ ਨੂੰ ਪ੍ਰੇਮ ਅਤੇ ਸ਼ਰਧਾ ਨਾਲ ਹਥਿਆਰਾਂ ਨੂੰ ਚਮਕਾਉਂਦੇ (ਸਿਕਲ ਕਰਦੇ) ਵੇਖਿਆ ਤਾਂ ਉਨ੍ਹਾਂ ਖ਼ੁਸ਼ ਹੋ ਕੇ ਕਬੀਲੇ ਦੀ ਸਮੁੱਚੀ ਲੋਹਵੰਸ਼ ਨੂੰ ਹੀ 'ਸਿਕਲੀਗਰਾਂ' ਦੀ ਉਪਾਧੀ ਨਾਲ ਨਿਵਾਜ ਦਿੱਤਾ, ਜਿਸ ਮਗਰੋਂ ਇਹ ਸਮੁੱਚਾ ਕਬੀਲਾ ਹੀ ਸਿਕਲੀਗਰਾਂ ਵਜੋਂ ਜਾਣਿਆ ਜਾਣ ਲੱਗਾ।


ਗੁਰੂ ਗੋਬਿੰਦ ਸਿੰਘ ਤੋਂ ਬਾਅਦ 'ਸਿਕਲੀਗਰ' ਸ਼ਬਦ, ਸ਼ਸਤਰ ਤਿਆਰ ਕਰਨ ਵਾਲੇ ਮਾਰਵਾੜੀ ਕਬੀਲਿਆਂ ਲਈ ਰੂੜ੍ਹ ਹੋ ਚੁੱਕਾ ਸੀ। ਉਹ ਤਲਵਾਰ ਦਾ ਯੁੱਗ ਸੀ, ਜਦੋਂ ਆਧੁਨਿਕ ਹਥਿਆਰਾਂ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ। ਬਿਨਾਂ ਸ਼ੱਕ ਅਠਾਰਵੀਂ ਸਦੀ ਦੌਰਾਨ ਹਥਿਆਰਬੰਦ ਸੰਘਰਸ਼ ਜ਼ੋਰਾਂ 'ਤੇ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਵੇਲੇ ਅਤੇ ਉਸ ਤੋਂ ਬਾਅਦ ਸ਼ਸਤਰਾਂ ਦੀ ਲੋੜ ਸੁਭਾਵਿਕ ਸੀ। ਅਜਿਹੇ ਸਮੇਂ ਬਾਬਾ ਬੰਦਾ ਸਿੰਘ ਨਾਲ ਸਿਕਲੀਗਰਾਂ ਦੇ ਹੋਣ ਬਾਰੇ ਸ਼ੱਕ ਦੀ ਗੁੰਜਾਇਸ਼ ਨਹੀਂ ਹੈ। ਇਸੇ ਕਾਰਨ ਉਸ ਸਮੇਂ ਸਿਕਲੀਗਰ ਛੋਟੀਆਂ-ਛੋਟੀਆਂ ਟੋਲੀਆਂ ਬਣਾ ਕੇ, ਟੱਪਰੀਵਾਸ ਤਰਜ਼ 'ਤੇ ਘੁੰਮਦੇ-ਘੁੰਮਾਉਂਦੇ ਹੀ ਹਥਿਆਰ ਬਣਾਉਂਦੇ ਅਤੇ ਸਥਾਨਕ ਰਜਵਾੜਿਆਂ ਸਮੇਤ ਜਿੱਥੇ-ਜਿੱਥੇ ਵੀ ਸੰਭਵ ਹੁੰਦਾ, ਵੇਚ ਦਿੰਦੇ। ਇਸ ਕੰਮ ਦੇ ਨਾਲ-ਨਾਲ ਉਨ੍ਹਾਂ ਨੇ ਆਮ ਲੋਕਾਂ ਲਈ ਚਾਕੂ-ਛੁਰੀਆਂ ਆਦਿ ਚੀਜ਼ਾਂ ਬਣਾਉਣ ਦੇ ਕੰਮ ਕਰਨੇ ਵੀ ਜਾਰੀ ਰੱਖੇ ਹੋਏ ਸਨ।

ਰਾਜੇ-ਰਜਵਾੜਿਆਂ ਦੀ ਆਪਸੀ ਖਹਿਬਾਜ਼ੀ/ਖਾਨਾਜੰਗੀ ਅਤੇ ਬਦੇਸ਼ੀ ਹਮਲਾਵਰਾਂ ਦੀ ਵਜ੍ਹਾ ਕਰਕੇ ਸਿਕਲੀਗਰ ਕਬੀਲੇ ਦੀ ਬੱਝਵੀਂ ਸ਼ਕਤੀ ਖਿੰਡ-ਪੁੰਡ ਚੁੱਕੀ ਸੀ। ਇਸ ਕਬੀਲੇ ਦੇ ਛੋਟੇ-ਛੋਟੇ ਟੋਲੇ, ਵੱਖੋ-ਵੱਖਰੀ ਥਾਵਾਂ 'ਤੇ ਵੱਖ-ਵੱਖ ਰਾਜਿਆਂ, ਸਰਦਾਰਾਂ ਲਈ ਕੰਮ ਕਰਦੇ ਸਨ। ਮਿਸਲਾਂ ਦੇ ਪ੍ਰਬੰਧ ਦੌਰਾਨ ਵੀ ਸਿਕਲੀਗਰ ਕਬੀਲੇ ਦੇ ਕਾਰੀਗਰ, ਵੱਖ-ਵੱਖ ਮਿਸਲਾਂ ਲਈ ਜੰਗੀ ਸਾਜ਼ੋ-ਸਾਮਾਨ ਤਿਆਰ ਕਰਦੇ ਸਨ।

* * * * * * *

# ਖੇਤੀ ਅਤੇ ਵਿਰਸੇ ਦੀ ਬੁਨਿਆਦ ਸੀ-ਸਾਂਝਾ ਪਰਿਵਾਰ


ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



"ਏਕਤਾ ਵਿੱਚ ਬਲ ਹੈ" ਸੁਣਿਆ ਤਾਂ ਹੋਇਆ ਹੈ ਪਰ ਇਸ ਦੀ ਝਲਕ ਸਾਂਝੇ ਪ੍ਰੀਵਾਰ ਵਲੋਂ ਖੇਤਾਂ ਦੇ ਕੰਮ ਕਰਨ ਲਈ ਸਾਂਝੇ ਪ੍ਰੀਵਾਰਾਂ ਵਿੱਚ ਮਿਲਦੀ ਸੀ। ਕਿਸਾਨ, ਪੇਂਡੂ ਵਿਰਸਾ ਅਤੇ ਸਾਂਝੇ ਪਰਿਵਾਰ ਇੱਕ ਦੂਜੇ ਦੇ ਅਨੁਪੂਰਕ ਹੁੰਦੇ ਹਨ। ਪਰ ਅੱਜ ਇਹਨਾਂ ਵਿੱਚੋਂ ਖੁਸ਼ਬੂ ਮੱਧਮ ਪੈ ਗਈ ਹੈ। ਵਿਰਸੇ ਨਾਲ ਸਾਡਾ ਪਿਛੋਕੜ ਜਿਉਂਦਾ-ਜਾਗਦਾ ਰਹਿੰਦਾ ਹੈ, ਪਰ ਅਫਸੋਸ਼ ਸਾਡੇ ਵਿਰਸੇ ਦੀਆਂ ਬਹੁਤੀਆਂ ਚੀਜਾਂ ਬੀਤੇ ਦੀ ਕਹਾਣੀ ਬਣ ਗਈਆਂ ਹਨ। ਜਿਹਨਾਂ ਵਿੱਚੋਂ ਸਾਂਝਾ ਪਰਿਵਾਰ ਵੀ ਇਕ ਹੈ। ਸਾਂਝਾ ਪਰਿਵਾਰ ਨਰੋਏ ਸਮਾਜ ਦੀ ਆਧਾਰਸ਼ਿਲਾ ਸੀ। ਸਾਂਝੇ ਪਰਿਵਾਰ ਵਿਚ ਇੱਕ ਬਜੁਰਗ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸਾਰੇ ਕੰਮ ਕਾਰ ਹੁੰਦੇ ਸਨ। ਸਾਂਝਾ ਪਰਿਵਾਰ ਸਮਾਜਿਕ ਸੁਰੱਖਿਆ, ਖੁਸ਼ਹਾਲੀ ਅਤੇ ਭਾਈਚਾਰਕ ਏਕਤਾ ਦੀ ਜੀਉਂਦੀ ਜਾਗਦੀ ਮਿਸਾਲ ਸੀ। ਸੁਵੱਖਤੇ ਉੱਠ ਕੇ ਪਰਿਵਾਰ ਦੇ ਸਾਰੇ ਮੈਂਬਰ ਆਪਣੇ ਆਪਣੇ ਕੰਮਾਂ ਵਿਚ ਲੱਗ ਜਾਂਦੇ ਸਨ, ਜੋ ਆਥਣੇ ਬਾਣ ਵਾਲੇ ਮੰਜੇ ਤੇ ਸੌਣ ਤੱਕ ਜਾਰੀ ਰਹਿੰਦੇ ਸਨ। ਸਾਂਝੇ ਪ੍ਰੀਵਾਰਾਂ ਵਿੱਚ ਖੇਤੀ ਕਿੱਤੇ ਦਾ ਅਹਿਸਾਸ ਵੀ ਹਾਲੀ ਅਤੇ ਪਾਲੀ ਚੁੱਕੀ ਫਿਰਦੇ ਸਨ।

ਸਾਂਝੇ ਪ੍ਰੀਵਾਰਾਂ ਵਿੱਚ ਕੰਮ ਲਗਨ ਨਾਲ ਕੀਤੇ ਜਾਂਦੇ ਸਨ। ਇੱਕ ਦੂਜੇ ਨੂੰ ਕਹਿਣ ਅਤੇ ਦੂਜੇ ਤੇ ਜਿੰਮਾ ਸੁੱਟਣ ਦੀ ਆਦਤ ਨਹੀਂ ਹੁੰਦੀ। ਸਾਂਝੇ ਪਰਿਵਾਰ ਵਿਚੋਂ ਸੰਸਕਾਰਾਂ, ਪਹਿਰਾਵੇ ਅਤੇ ਬੋਲੀ ਚਾਲੀ ਦਾ ਮੁੱਢ ਬੱਝਦਾ ਸੀ। ਜਿਸ ਸਦਕੇ ਬੱਚਿਆਂ ਦੀ ਗੁਣਵਤਾ ਵਧਦੀ ਸੀ। ਸਾਂਝਾ ਪਰਿਵਾਰ ਦਾਦੇ ਦਾਦੀ, ਚਾਚੇ ਚਾਚੀ, ਤਾਇਆ ਤਾਈ ਅਤੇ ਮਾਂ ਪਿਉ ਤੋਂ ਮਿਲੀ ਗੁਣਾਂ ਦੀ ਗੁਥਲੀ ਧੀ ਨੂੰ ਸਹੁਰੇ ਘਰ ਵਿਚ ਵੀ ਮਾਣ ਦਿਵਾਉਂਦੀ ਸੀ। ਗੁਰਬਾਣੀ ਵਿੱਚ ਅੰਕਿਤ ਹੈ।

"ਪੇਈਅੜੈ ਸਹੁ ਤੂੰ ਸਾਹੁਰੜੈ ਸੁਖਿ ਵਸੁ।
ਗੁਰ ਮਿਲਿ ਚਜੁ ਅਚਾਰੁ
ਸਿਖੁ ਤੁਧ ਕਦੇ ਨ ਲਗੈ ਦੁਖੁ ॥"

ਉਂਝ ਪ੍ਰੀਵਾਰ ਨਾਲ ਖੇਤੀ ਦਾ ਸੰਬੰਧ ਰਹੇਗਾ।ਸਾਂਝੇ ਘਰ ਪ੍ਰੀਵਾਰ ਸਮਾਜੀਕਰਨ ਦੀ ਨੀਂਹ ਹੁੰਦੇ ਸਨ।ਘਰੋਂ ਮਿਲੇ ਵਿਰਸੇ ਦੇ ਨਿਯਮਾਂ ਦੀ ਉਦਾਹਰਣ ਖੇਤਾਂ ਵਿਚ ਭੱਤਾ ਲੈ ਕੇ ਜਾਣਾ, ਆਟਾ ਗੁੰਨ ਕੇ ਚੁੱਲ੍ਹੇ ਦਾ ਕੰਮ ਕਰਨਾ, ਰਾਤ ਨੂੰ ਚੁੱਲ੍ਹੇ ਵਿਚ ਦੱਬੀ ਅੱਗ ਸਵੇਰੇ ਬਾਲਣੀ ਵਗੈਰਾ ਘਰ ਦੀਆਂ ਔਰਤਾਂ ਦੇ ਹਿੱਸੇ ਸਨ। ਇਹ ਹੀ ਕੰਮ ਧੀ ਸਿੱਖਦੀ ਸੀ। ਇਸ ਨਾਲ ਉਸ ਦੇ ਸਮਾਜੀਕਰਨ ਦਾ ਮੁੱਢ ਬੱਝਦਾ ਸੀ। ਘਰ ਦੀਆਂ ਸੁਆਣੀਆਂ ਹਾਲੀ ਅਤੇ ਪਾਲੀ ਦੇ ਕੰਮ ਵਿਚ ਹੱਥ ਵਟਾਉਂਦੀਆਂ ਸਨ। ਸਾਂਝੇ ਪਰਿਵਾਰ ਦੇ ਕੰਮਾਂ ਬਾਰੇ ਸਾਇਰ ਨੇ ਇਹ ਨਜ਼ਾਰਾ ਇਉਂ ਪੇਸ਼ ਕੀਤਾ ਹੈ-

"ਚਿੜੀ ਚਹੁਕਦੀ ਨਾਲ ਉਠ ਤੁਰੇ ਪਾਂਧੀ
ਪਾਈਆਂ ਦੁੱਧ ਵਿਚ ਮਧਾਣੀਆਂ ਨੀ।
ਸੁਬਾ ਸਾਦਕ ਹੋਈ ਜਦੋਂ ਆਣ ਰੋਸ਼ਨ
ਤਦੋਂ ਚਾਲੀਆਂ ਆਣ ਚਿਚਲਾਣੀਆਂ ਨੀ।
ਇਕਨਾਂ ਉਠ ਕੇ ਰਿੜਕਣਾ ਪਾ ਦਿੱਤਾ
ਕਿ ਇਕ ਧੋਂਦੀਆਂ ਫਿਰਨ ਮਧਾਣੀਆਂ ਨੀ।
ਇਕ ਉਠ ਕੇ ਹਲੀ ਤਿਆਰ ਹੋਏ ਇਕ
ਢੂੰਡਦੇ ਫਿਰਨ ਪਰਾਣੀਆਂ ਨੀ।
ਲਈਆਂ ਕੱਢ ਹਰਨਾਲੀਆਂ ਹਾਲੀਆਂ ਨੇ
ਸੀਆਂ ਭੋਇ ਨੂੰ ਜਿਹਨਾਂ ਨੇ ਲਾਣੀਆਂ ਨੀ।
ਘਰ ਬਾਰ ਨਾ ਚੱਕੀਆਂ ਝੋਤੀਆਂ ਨੇ
ਜਿਹਨਾਂ ਤੌਣਾਂ ਗੁਨ੍ਹੇ ਪਕਾਣੀਆਂ ਨੀ।
ਕਾਰੋਬਾਰ ਵਿਚ ਹੋਇਆ ਜਹਾਨ ਸਾਰਾ
ਚਰਖੇ ਡਾਹੁੰਦੀਆਂ ਉਠਣ ਸੁਆਣੀਆਂ ਨੀ"।

ਖੇਤੀ ਦਾ ਕੰਮ ਸਾਂਝੇ ਪ੍ਰੀਵਾਰ ਵਿੱਚ ਜਿੰਮੇ ਹੁੰਦਾ ਸੀ, ਬਚਕਾਨਾ ਕਾਰਵਾਈ ਲਈ ਕੋਈ ਥਾਂ ਨਹੀਂ ਹੁੰਦੀ ਸੀ।ਕਹਿਣ ਦੀ ਲੋੜ ਨਹੀਂ ਸੀ। ਆਪਣੇ ਆਪ ਸਮੇਂ ਤੇ ਹਰ ਜੀਅ ਕੰਮ ਲੱਗ ਜਾਦਾ ਸੀ। ਮਿੱਤਰ ਨੂੰ ਆਸ ਅਤੇ ਦੁਸ਼ਮਨ ਨੂੰ ਭੈਅ ਵੀ ਸਾਂਝੇ ਪਰਿਵਾਰ ਵਿਚ ਸੀ। ਖੂੰਡੇ ਵਾਲਾ ਸਰਦਾਰ ਜਿਸ ਦਾ ਘਰ ਵਿਚ ਸਤਿਕਾਰ ਹੁੰਦਾ ਸੀ, ਉਸ ਤੋਂ ਸਾਰਾ ਪਰਿਵਾਰ ਡਰਦਾ ਸੀ। ਖੰਘੂਰਾ ਮਾਰ ਕੇ ਉਸ ਨੂੰ ਘਰ ਵੜਨਾ ਪੈਂਦਾ ਸੀ। ਬਜੁਰਗ ਮੁੱਖੀ ਘਰ ਦਾ ਸ਼ਿੰਗਾਰ ਅਤੇ ਜਿੰਦਰਾ ਸਮਝਿਆ ਜਾਦਾ ਸੀ। ਇਸ ਦੀ ਮਿਸਾਲ ਕਾਵਿ ਸੱਤਰਾਂ ਵਿੱਚ ਜਿਉਂਦੀ :-

"ਵਿਹੜੇ ਵੜਦਾ ਖਬਰ ਨਹੀਂ ਕਰਦਾ,
ਬਾਪੂ ਗਲ ਟੱਲ ਪਾ ਦਿਉ"

ਅੱਜ ਕੰਮ ਹੋਰ ਤਰਾਂ ਦੇ ਹੋ ਗਏ। ਉਸੇ ਤਰਾਂ ਹੀ ਇਨਸਾਨ ਢਲ ਗਿਆ ਹੈ।ਪਰ ਛੋਟੇ ਪਰਿਵਾਰ ਹੋਣ ਕਰਕੇ ਕਿਸੇ ਕੋਲ ਸਮਾਂ ਨਹੀਂ ਹੈ। ਇਸ ਲਈ ਸਮਾਜਿਕ ਝੰਜਟ ਵੀ ਖੜੇ ਹੋਏ ਹਨ। ਸਾਂਝਾ ਪਰਿਵਾਰ ਸਮੁੱਚੀ ਏਕਤਾ ਵਿਚ ਬਲ ਦਾ ਪ੍ਰਤੀਕ ਹੈ। ਸਾਂਝੇ ਪਰਿਵਾਰ ਵਿਚ ਦੋ ਚਾਰ ਮੈਂਬਰ ਘਰ ਰਹਿੰਦੇ ਸਨ। ਜਿਸ ਨਾਲ ਘਰ ਦੀ ਸੁਰੱਖਿਆ ਯਕੀਨੀ ਰਹਿੰਦੀ ਸੀ। ਘਰ ਦਾ ਇਕ ਮੈਂਬਰ ਬੱਚੇ ਸਾਂਭਦਾ, ਦੂਜੇ ਨੇ ਘਰ ਦੇ ਕੰਮ ਕਾਰ ਕਰ ਲੈਣੇ, ਤੀਜੇ ਨੇ ਪਸ਼ੂ ਸਾਂਭ ਲਣੇ।

ਤਰਤੀਬ ਅਨੁਸਾਰ ਸਾਰਾ ਦਿਨ ਸੁਖੀ ਸਾਦਗੀ, ਖੁਸ਼ੀ-ਖੁਸ਼ੀ ਨਾਲ ਗੁਜਰ ਜਾਂਦਾ ਸੀ। ਘਰ ਵਿਚ ਬਰਕਤ ਹੁੰਦੀ ਰਹਿੰਦੀ ਸੀ। ਸਾਂਝੇ ਰੂਪ ਵਿਚ ਘਰ ਦੀ ਤਰੱਕੀ ਹੁੰਦੀ ਰਹਿੰਦੀ ਸੀ। ਕੋਈ ਵੀ ਕਿਸੇ ਤੇ ਬੋਝ ਨਹੀਂ ਬਣਦਾ ਸੀ। ਸੱਭ ਤੋਂ ਵੱਡਾ ਗੁਣ ਕਿਸੇ ਵਿੱਚ ਵੀ ਮੇਰ-ਤੇਰ ਦੀ ਭਾਵਨਾ ਨਹੀ ਹੁੰਦੀ ਸੀ।

ਹੁਣ ਖੇਤੀ ਤਕਨੀਕ ਦੀ ਹੋ ਗਈ ਹੈ।1960 ਦੀ ਹਰੀ ਕ੍ਰਾਂਤੀ ਨੇ ਕਣਕ ਝੋਨੇ ਦੇ ਚੱਕਰ ਵਿੱਚ ਮਜਦੂਰੀ ਸੀਮਤ ਕੀਤੀ ਸੀ ਕਿਉਂਕਿ ਤਕਨੀਕ ਵਧੀ। ਦੂਜੇ ਪਾਸੇ ਜ਼ਮੀਨਾਂ ਨੂੰ ਵਾਹੀਯੋਗ ਬਣਾਉਣ ਲਈ ਵੀ ਕਿਸਾਨਾਂ ਲਈ ਸਾਂਝੇ ਪ੍ਰੀਵਾਰ ਵਰਦਾਨ ਸਾਬਤ ਹੋਏ ਕਿਉਕਿ ਮਨੁੱਖੀ ਸ਼ਕਤੀ ਦੀ ਲੋੜ ਸੀ। ਸਮੇਂ ਦੇ ਹਲਾਤਾਂ, ਵਿਰਸੇ ਨੂੰ ਪੱਛਮੀਕਰਨ ਅਤੇ ਸਾਂਝੇ ਪਰਿਵਾਰਾਂ ਨੂੰ ਸਮੇਂ ਦੀ ਚਾਲ ਨੇ ਹਾਣੀ ਬਣਾਉਣ ਦੀ ਕੋਸ਼ਿਸ਼ ਤਾਂ ਕੀਤੀ ਪਰ ਨਾ ਇੱਧਰ ਦੇ ਨਾ ਉੱਧਰ ਦੇ ਰਹੇ। ਲਾਲਚ, ਈਰਖਾ ਅਤੇ ਸਮਾਜੀਕਰਨ ਦੀ ਘਾਟ ਨੇ ਸਾਂਝੇ ਪਰਿਵਾਰਾਂ ਨੂੰ ਪ੍ਰਭਾਵਿਤ ਕੀਤਾ। ਚੋਰ ਸੁਭਾਅ ਨੇ ਸਾਂਝੇ ਪਰਿਵਾਰਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਇਸ ਨਾਲ ਵਿਰਸੇ ਅਤੇ ਸਭਿਆਚਾਰ ਨੂੰ ਗ੍ਰਹਿਣ ਲੱਗਣ ਦੇ ਨਾਲ ਕਿਸਾਨੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਅਸੁਰੱਖਿਆ ਅਤੇ ਤਣਾਅ ਵਧਿਆ।

ਨਵੀਂ ਪੀੜੀ ਸਮੇਂ ਦੀ ਹਾਣੀ ਬਣਨ ਲਈ ਖੇਤੀ ਅਤੇ ਵਿਰਸੇ ਨਾਲੋਂ ਦੂਰ ਹੋ ਰਹੀ ਹੈ। ਹਾਲੀ, ਪਾਲੀ, ਪੰਜਾਲੀ ਅਤੇ ਸੁਆਣੀ ਤੋਂ ਦੂਰ ਚਲੀ ਗਈ ਹੈ। ਮੁੱਕਦੀ ਗੱਲ ਇਹ ਹੈ ਕਿ ਸਾਡੇ ਵਿਰਸੇ ਵਿੱਚੋਂ ਟੁੱਟੇ ਸਾਂਝੇ ਪਰਿਵਾਰਾਂ ਨੇ ਸ਼ਾਨਾਂਮਈ ਵਿਰਸੇ, ਸਭਿਆਚਾਰ ਖੁਸ਼ਹਾਲੀ ਅਤੇ ਕਿਸਾਨੀ ਨੂੰ ਮੈਲਾ ਕੀਤਾ ਹੈ। ਅਗਲੀ ਪੀੜ੍ਹੀ ਸਾਂਝੇ ਪਰਿਵਾਰਾਂ ਪ੍ਰਤੀ, ਕਿਸਾਨੀ ਪਿਛੋਕੜ ਪ੍ਰਤੀ ਅਤੇ ਵਿਰਸੇ ਬਾਰੇ ਹੈਰਾਨੀ ਪ੍ਰਗਟ ਕਰਦੀ ਹੋਈ ਇਹਨਾਂ ਬਾਰੇ ਸਾਹਿਤ ਵਿੱਚ ਪੜ੍ਹਿਆ ਕਰੇਗੀ। ਇਸ ਤੋਂ ਇਲਾਵਾ ਸਾਂਝੇ ਪ੍ਰੀਵਾਰ ਦੇ ਟੁੱਟਣ ਕਰਕੇ ਖੇਤੀ ਰਾਹੀ ਸਿਰਜਿਆ ਸੱਭਿਆਚਾਰ ਵੀ ਘਸਮੈਲਾ ਹੋ ਗਿਆ ਹੈ।

* * * * * * * *

## ਮਿੰਨੀ ਕਹਾਣੀ / ਖੰਡ ਦਾ ਘੜਾ

ਸਕੂਲ ਮੁਖੀਆਂ ਦੀ ਮਹੀਨਾਵਾਰ ਮੀਟਿੰਗ ਵਿੱਚ ਦੱਸੀ ਡਾਕ ਤਿਆਰ ਕਰਨ ਲਈ ਸਕੂਲ ਮੁਖੀ ਸਰੂਪ ਚੰਦ ਨੇ ਐਤਵਾਰ ਵਾਲੇ ਦਿਨ ਸਕੂਲ ਦੇ ਦੋ ਸੀਨੀਅਰ ਅਧਿਆਪਕਾਂ ਮਨਜੀਤ ਸਿੰਘ ਤੇ ਕੁਲਵੀਰ ਸਿੰਘ ਨੂੰ ਸਕੂਲੇ ਸੱਦ ਲਿਆ। ਉਹ ਤਿੰਨੇ ਜਣੇ ਦਫ਼ਤਰ ਵਿੱਚ ਬੈਠ ਕੇ ਡਾਕ ਤਿਆਰ ਕਰਨ ਲੱਗ ਪਏ। ਉਹ ਕਦੇ ਇਕ ਰਜਿਸਟਰ ਚੁੱਕਣ ਅਤੇ ਕਦੇ ਦੂਜਾ।

ਕਦੇ ਤੀਜਾ ਤੇ ਕਦੇ ਚੌਥਾ। ਇਸ ਤਰ੍ਹਾਂ ਪਤਾ ਨਹੀਂ ਕਿੰਨੇ ਰਜਿਸਟਰ ਉਨ੍ਹਾਂ ਨੇ ਚੁੱਕੇ ਕਿਉਂ ਕਿ ਪਿਛਲੇ ਦਸਾਂ ਸਾਲਾਂ ਦਾ ਸਲਾਨਾ ਨਤੀਜਾ ਖਾਲੀ ਤੇ ਭਰੀਆਂ ਪੋਸਟਾਂ ਦਾ ਵੇਰਵਾ, ਵੰਡੇ ਅਤੇ ਅਣਵੰਡੇ ਵਜ਼ੀਫੇ ਦਾ ਵੇਰਵਾ, ਫੰਡਾਂ ਦੀ ਸਲਾਨਾ ਆਮਦਨ ਤੇ ਖਰਚਾ, ਵਿਦਿਆਰਥੀਆਂ ਦੀ ਪਿਛਲੇ ਦਸਾਂ ਸਾਲਾਂ ਦੀ ਸਾਲ ਵਾਈਜ਼ ਗਿਣਤੀ ਇਨ੍ਹਾਂ ਵਿੱਚੋਂ ਵੇਖ ਕੇ ਲਿਖਣੀ ਸੀ।

ਡਾਕ ਤਿਆਰ ਕਰਨ ਵਾਲੇ ਸਮੇਂ ਦੌਰਾਨ ਸਰੂਪ ਚੰਦ ਨੇ ਕਈ ਵਾਰ ਦੁੱਧ, ਕਲਾਕੰਦ, ਬਿਸਕੁਟ, ਮੱਟਰੀ ਤੇ ਬਰਫੀ ਪੀਅਨ ਤੋਂ ਕਹਿ ਕੇ ਮੰਗਵਾਈ। ਜਦੋਂ ਚਾਰ ਕੁ ਵਜੇ ਸਰੂਪ ਚੰਦ ਦਫ਼ਤਰ ਤੋਂ ਬਾਹਰ ਕੁਝ ਸਮਾਂ ਦਿਮਾਗ ਨੂੰ ਰੈਸਟ ਦੇਣ ਦੇ ਬਹਾਨੇ ਆਇਆ ਤਾਂ ਕੁਲਵੀਰ ਸਿੰਘ ਨੇ ਹੌਲੀ ਜਿਹੀ ਮਨਜੀਤ ਸਿੰਘ ਨੂੰ ਆਖਿਆ, "ਯਾਰ ਸਾਡੇ ਸਾਹਿਬ ਨੂੰ ਕੰਮ ਕਰਵਾਉਣ ਦਾ ਬਹੁਤ ਢੰਗ ਆਉਂਦਾ। ਵੇਖ ਕਿੱਦਾਂ ਸਵੇਰ ਦਾ ਸਾਡੀ ਸੇਵਾ ਕਰਨ ਲੱਗਿਐ। ਘਰੀਂ ਕਿਹੜਾ ਅਸੀਂ ਕੁਝ ਕਰਨਾ ਸੀ?"

ਮਨਜੀਤ ਸਿੰਘ ਮੁਸਕਰਾ ਕੇ ਕਹਿਣ ਲੱਗਾ, "ਕੰਮ ਕਰਵਾਉਣ ਵੇਲੇ ਤਾਂ ਸਾਡਾ ਸਾਹਿਬ ਖੰਡ ਦਾ ਘੜਾ ਬਣ ਜਾਂਦੈ। ਕੰਮ ਮੁੱਕੇ ਤੇ ਇਸ ਦੇ ਰੰਗ, ਢੰਗ ਵੇਖੀਂ। ਮਜਾਲ ਕੇ ਕੋਈ ਦਫ਼ਤਰ ਵਿੱਚ ਪੈਰ ਪਾ ਜਾਵੇ।"

ਏਨੇ ਚਿਰ ਨੂੰ ਸਰੂਪ ਚੰਦ ਦਫ਼ਤਰ ਵਿੱਚ ਆ ਗਿਆ ਅਤੇ ਉਹ ਫਿਰ ਤਿੰਨੇ ਜਣੇ ਤਿਆਰ ਕੀਤੀ ਹੋਈ ਡਾਕ ਨੂੰ ਘੋਖਣ ਲੱਗ ਪਏ।


ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ 9915803554




# ਬੜੇ ਪਿੰਡ ਦਾ ਭੁੱਲਿਆ-ਵਿਸਰਿਆ ਗਦਰੀ: ਸ਼ਹੀਦ ਬਸਾਵਾ ਸਿੰਘ

ਸੋਹਣ ਸਿੰਘ ਪੂੰਨੀ

ਕਨੇਡਾ, ਅਮਰੀਕਾ ਤੇ ਹੋਰ ਬਾਹਰਲੇ ਦੇਸ਼ਾਂ ਵਿੱਚ ਰਹਿਣ ਵਾਲ਼ੇ ਗਦਰ ਪਾਰਟੀ ਦੇ ਯੋਧੇ ਦੇਸ਼ ਦੀ ਆਜ਼ਾਦੀ ਲਈ ਉਦੋਂ ਹਥਿਆਰ ਚੁੱਕ ਕੇ ਲੜੇ ਸਨ ਜਦੋਂ ਸਾਰੇ ਦਾ ਸਾਰਾ ਹਿੰਦੁਸਤਾਨ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਛਾਤੀ ਨਾਲ਼ ਲਾਈ ਘੂਕ ਸੁੱਤਾ ਪਿਆ ਸੀ ਤੇ ਉਸ ਦੇ ਵੱਡੇ ਵੱਡੇ ਨੇਤਾ ਨਿੱਕਿਆਂ ਨਿੱਕਿਆਂ ਸੁਧਾਰਾਂ ਲਈ ਅਗਰੇਜ਼ ਤੋਂ ਭੀਖ ਮੰਗਦੇ ਫਿਰਦੇ ਸਨ। ਹਥਿਆਰ ਚੁੱਕ ਕੇ ਲੜਨਾ ਤਾ ਦੂਰ ਦੀ ਗੱਲ ਰਹੀ, ਉਹ ਦੇਸ਼ ਲਈ ਆਜ਼ਾਦੀ ਮੰਗਣ ਦਾ ਹੌਸਲਾ ਤੱਕ ਨਹੀਂ ਸੀ ਕਰ ਸਕਦੇ। ਉਹ ਸਿਰਫ 'ਅੰਦਰੂਨੀ ਖੁਦਮੁਖਤਿਆਰੀ' ਮੰਗਦੇ ਸਨ, ਉਹ ਵੀ ਡਰਦਿਆਂ ਡਰਦਿਆਂ।

ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਕਰਨ ਵਾਲ਼ੀ ਗਦਰ ਪਾਰਟੀ ਵਿਚ ਇਸ ਤਰ੍ਹਾਂ ਦੇ ਯੋਧੇ ਵੀ ਹੋਏ ਨੇ ਜਿਨ੍ਹਾਂ ਦਾ ਕੋਈ ਨਾਂ ਤੱਕ ਨਹੀਂ ਜਾਣਦਾ। ਇਸ ਤਰ੍ਹਾਂ ਦਾ ਹੀ ਇਕ ਗਦਰੀ ਯੋਧਾ 'ਬੜੇ ਪਿੰਡ' ਦਾ ਬਸਾਵਾ ਸਿੰਘ ਹੋਇਆ ਹੈ। ਹੋਰ ਤਾਂ ਹੋਰ, 'ਬੜੇ ਪਿੰਡ' ਦੇ ਲੋਕਾਂ ਨੂੰ ਵੀ ਨਹੀਂ ਪਤਾ ਕਿ ਉਨ੍ਹਾਂ ਦੇ ਪਿੰਡ ਦਾ ਬਸਾਵਾ ਸਿੰਘ ਨਾਂ ਦਾ ਕੋਈ ਗਦਰੀ ਵੀ ਹੋਇਆ ਹੈ ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਵਾਰੀ ਸੀ। ਇਸ ਲਈ ਲੋਕਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਲੋਕਾਂ ਨੂੰ ਤਾਂ ਇਹ ਦੱਸਿਆ ਹੀ ਨਹੀਂ ਗਿਆ ਕਿ ਗਿਆ ਕਿ ਆਜ਼ਾਦੀ ਸਿਰਫ ਸ਼ਾਂਤਮਈ ਤ੍ਰੀਕਿਆਂ ਨਾਲ਼ ਹੀ ਨਹੀਂ ਮਿਲ਼ ਗਈ, ਸਿਰ ਦੇਣੇ ਪਏ ਨੇ ਇਸ ਲਈ, ਸਿਰ! ਕਸੂਰ ਲੋਕਾਂ ਦਾ ਨਹੀਂ, ਸਰਕਾਰਾਂ ਦਾ ਹੈ ਜਾਂ ਡਰੂ ਤੇ ਮੌਕਾ-ਪ੍ਰਸਤ ਇਤਿਹਾਸਕਾਰਾਂ ਦਾ ਹੈ।

ਫਗਵਾੜੇ ਤੋਂ ਪੰਦਰਾਂ-ਸੋਲ਼ਾਂ ਕਿਲੋਮੀਟਰ ਦੱਖਣ ਵੱਲ, ਗੁਰਾਇਆ ਨੇੜੇ ਜ਼ਿਲ੍ਹਾ ਜਲੰਧਰ ਦਾ ਮਸ਼ਹੂਰ ਪਿੰਡ 'ਬੜਾ ਪਿੰਡ' ਹੈ। ਇਸ ਪਿੰਡ ਵਿਚ ਬਹੁ-ਗਿਣਤੀ ਸਹੋਤਾ ਗੋਤ ਦੇ ਜੱਟਾਂ ਦੀ ਹੈ। ਇਸ ਪਿੰਡ ਦੇ ਲੋਕਾਂ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ (ਮੇਰੇ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਪੜ੍ਹਨ ਸਮੇਂ ਕਾਲਜ ਦੇ ਪਰਿੰਸੀਪਲ ਜਗਜੀਤ ਸਿੰਘ 'ਰਾਂਝਾ' ਬੜੇ ਪਿੰਡ ਦੇ ਹੀ ਸਨ)। ਬਸਾਵਾ ਸਿੰਘ ਦਾ ਜਨਮ ਵੀ 'ਬੜੇ ਪਿੰਡ' ਵਿੱਚ ਹੀ ਹੋਇਆ ਸੀ।

ਬਸਾਵਾ ਸਿੰਘ ਦਾ ਬਾਪ ਝੰਡਾ ਸਿੰਘ ਸਹੋਤਾ ਥੋੜ੍ਹੀ ਜ਼ਮੀਨ ਵਾਲ਼ਾ ਗਰੀਬ ਕਿਸਾਨ ਸੀ। ਘਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ਼ ਚੱਲਦਾ ਸੀ। ਅੰਗਰੇਜ਼ ਸਰਕਾਰ ਦੀ ਨੀਤੀ ਕਾਰਨ ਉਸ ਜ਼ਮਾਨੇ 'ਚ ਪਿੰਡਾਂ ਦੇ ਆਮ ਮੁੰਡਿਆਂ ਲਈ ਫੌਜ ਹੀ ਨੌਕਰੀ ਦਾ ਇੱਕੋ ਇੱਕ ਵਸੀਲਾ ਹੁੰਦਾ ਸੀ। ਗਰੀਬੀ ਕਰਕੇ ਬਸਾਵਾ ਸਿੰਘ ਫੌਜ ਵਿੱਚ ਭਰਤੀ ਹੋ ਗਏ। ਆਪ ਨੇ ਕੁੱਝ ਸਾਲ 92ਵੀਂ ਪੰਜਾਬ ਰਜਮੈਂਟ ਵਿੱਚ ਗਰੰਥੀ ਵਜੋਂ ਸੇਵਾਵਾਂ ਨਿਭਾਈਆਂ।

ਭਾਈ ਬਸਾਵਾ ਸਿੱਖ ਸਨ, ਗੁਰੂ ਸਾਹਿਬ ਦੇ ਅਸਲੀ ਸਿਖ ਜੋ ਹੱਕ-ਸੱਚ ਲਈ ਖੜ੍ਹਨਾ, ਲੜਨਾ ਤੇ ਮਰਨਾ ਜਾਣਦੇ ਸਨ। ਉਹ ਇਹ ਗੱਲ ਭਲੀ ਭਾਂਤ ਸਮਝਦੇ ਸਨ ਕਿ ਅੰਗਰੇਜ਼ਾਂ ਨੇ ਸਿੱਖਾਂ ਤੋਂ ਉਨ੍ਹਾਂ ਦਾ ਰਾਜ ਧੋਖੇ ਨਾਲ਼ ਖੋਹਿਆ ਸੀ। ਉਹ ਸਿੱਖ 'ਸਰਦਾਰਾਂ' ਵੱਲੋਂ ਕੀਤੀ ਗਦਾਰੀ ਨੂੰ ਵੀ ਸਮਝਦੇ ਸਨ। ਉਹ ਜਾਣਦੇ ਸਨ ਕਿ ਬਹੁਤੇ ਸਿੱਖ 'ਸਰਦਾਰਾਂ' ਨੂੰ ਸਿੱਖੀ ਨਾਲ਼ੋਂ, ਲੋਕਾਂ ਨਾਲ਼ੋਂ, ਸਿੱਖ ਰਾਜ ਨਾਲ਼ੋਂ ਆਪਣੀਆਂ ਜਾਗੀਰਾਂ ਜ਼ਿਆਦਾ ਪਿਆਰੀਆਂ ਸਨ। ਉਹ ਸਰਦਾਰ ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦਾ ਚਾਚਾ) ਹੋਰਾਂ ਵੱਲੋਂ ਚਲਾਈ 1907 ਵਾਲ਼ੀ 'ਪਗੜੀ ਸੰਭਾਲ ਜੱਟਾ' ਲਹਿਰ ਤੋਂ ਵੀ ਬਹੁਤ ਪ੍ਰਭਾਵਿਤ ਸਨ। ਉਹ ਅੰਗਰੇਜ਼ੀ ਰਾਜ ਨੂੰ ਨਫਰਤ ਕਰਦੇ ਸਨ। ਉਹ ਫੌਜ ਦੇ ਜਵਾਨਾਂ ਵਿਚ ਅੰਗਰੇਜ਼ੀ ਰਾਜ ਵਿਰੁੱਧ ਪ੍ਰਚਾਰ ਕਰਿਆ ਕਰਦੇ ਸਨ। ਆਪ ਫੌਜ ਦੇ ਜਵਾਨਾਂ ਨੂੰ ਦੱਸਿਆ ਕਰਦੇ ਸਨ ਕਿ ਅੰਗਰੇਜ਼ ਸਰਕਾਰ 'ਪਾੜੋ ਤੇ ਰਾਜ ਕਰੋ' ਦੀ ਨੀਤੀ 'ਤੇ ਚੱਲ ਰਹੀ ਸੀ। ਉਹ ਸਿੱਖਾਂ ਨੂੰ ਮੁਸਲਮਾਨਾਂ ਵਿਰੁੱਧ ਲੜਾ ਰਹੀ ਸੀ ਤੇ ਮੁਸਲਮਾਨਾਂ ਨੂੰ ਸਿੱਖਾਂ ਤੇ ਹਿੰਦੂਆਂ ਵਿਰੁੱਧ। ਆਪ ਫੌਜ ਦੇ ਜਵਾਨਾਂ ਨੂੰ ਇਹ ਵੀ ਦੱਸਦੇ ਸਨ ਕਿ ਬਾਹਰਲੇ ਮੁਲਕਾਂ ਦੇ ਲੋਕ ਸਿੱਖਾਂ ਨੂੰ ਗੁਲਾਮੀ ਦੀ ਪਲੇਗ ਫੈਲਾਉਣ ਵਾਲ਼ੇ ਚੂਹੇ ਸੱਦਦੇ ਸਨ ਕਿਉਂਕਿ ਉਨ੍ਹਾਂ ਨੇ ਬਹੁਤ ਸਾਰੇ ਮੁਲਕਾਂ ਨੂੰ ਅੰਗਰੇਜ਼ਾਂ ਦੇ ਗੁਲਾਮ ਬਣਾਇਆ ਸੀ। ਆਪ ਇਨ੍ਹਾਂ ਜਵਾਨਾਂ ਨੂੰ ਕਹਿੰਦੇ ਕਿ ਗੁਰੂ ਸਾਹਿਬ ਨੇ ਖਾਲਸਾ ਸਾਜਿਆ ਤਾਂ ਗਰੀਬਾਂ, ਮਜ਼ਲੂਮਾਂ ਤੇ ਨਿਹੱਥਿਆਂ ਦੀ ਮੱਦਦ ਕਰਨ ਲਈ ਤੇ ਜ਼ਾਲਮਾਂ ਦਾ ਨਾਸ਼ ਕਰਨ ਲਈ ਸੀ:

"ਖਾਲਸਾ ਸੋ ਜੋ ਨਿਰਧਨ ਕੋ ਪਾਲੈ
ਖਾਲਸਾ ਸੋ ਜੋ ਦੁਸ਼ਟ ਕੋ ਗਾਲੈ।"

ਇਸ ਲਈ ਅੰਗਰੇਜ਼ਾਂ ਵਾਸਤੇ ਲੜਨਾ ਸਿੱਖੀ ਅਸੂਲਾਂ ਦੇ ਵਿਰੁੱਧ ਸੀ। ਭਾਈ ਬਸਾਵਾ ਸਿੰਘ ਵੱਲੋਂ ਕੀਤੇ ਜਾਂਦੇ ਇਸ ਪ੍ਰਚਾਰ ਦਾ ਪਤਾ ਲੱਗਣ 'ਤੇ ਅੰਗਰੇਜ਼ ਅਫਸਰਾਂ ਨੇ ਆਪ ਨੂੰ ਫੌਜ ਵਿੱਚੋਂ ਕੱਢ ਦਿੱਤਾ। ਫੌਜ 'ਚੋਂ ਕੱਢੇ ਜਾਣ ਬਾਅਦ ਉਹ ਉੱਤਰੀ ਸਿਆਮ (ਥਾਈਲੈਂਡ) ਵਿਚ ਚਿੰਗਮਈ ਦੇ ਗੁਰਦੁਆਰੇ ਦੇ ਗਰੰਥੀ ਬਣ ਕੇ ਗਏ।

ਕਨੇਡਾ-ਅਮਰੀਕਾ ਦੇ ਹਿੰਦੁਸਤਾਨੀਆ ਨੇ ਹਥਿਆਰਾਂ ਦੇ ਜ਼ੋਰ ਅੰਗਰੇਜ਼ਾਂ ਨੂੰ ਹਿੰਦੁਸਤਾਨ ਚੋਂ 'ਕੱਢ ਕੇ ਦੇਸ਼ ਲਈ ਆਜ਼ਾਦੀ ਪ੍ਰਾਪਤ ਕਰਨ ਦੇ ਇਰਾਦੇ ਨਾਲ਼ 2 ਜੂਨ 1913 ਨੂੰ ਗਦਰ ਪਾਰਟੀ ਬਣਾਈ ਸੀ ਅਤੇ ਪਹਿਲੀ ਨਵੰਬਰ 1913 ਤੋਂ ਸਾਨਫਰਾਂਸਿਸਕੋ ਤੋਂ 'ਗਦਰ' ਅਖਬਾਰ ਕੱਢਣਾ ਸ਼ੁਰੂ ਕੀਤਾ ਸੀ। ਭਾਈ ਬਸਾਵਾ ਸਿੰਘ ਸਾਨਫਰਾਂਸਿਸਕੋ ਤੋਂ ਇਹ ਅਖਬਾਰ ਮੰਗਵਾਇਆ ਕਰਦੇ ਸਨ ਤੇ ਚਿੰਗਮਈ ਦੇ ਗੁਰਦੁਆਰੇ ਸੰਗਤਾਂ ਨੂੰ ਪੜ੍ਹਕੇ ਸੁਣਾਇਆ ਕਰਦੇ ਸਨ। ਭਾਈ ਬਸਾਵਾ ਸਿੰਘ ਦੇ ਯਤਨਾਂ ਸਦਕਾ ਚਿੰਗਮਈ ਵਿਚ ਗਦਰ ਪਾਰਟੀ ਦੀ ਬਰਾਂਚ ਕਾਇਮ ਹੋ ਚੁੱਕੀ ਸੀ ਤੇ ਆਪ ਇਸ ਦੇ ਲੀਡਰ ਸਨ। ਗਦਰ ਪਾਰਟੀ ਦੀ ਮੱਦਦ ਲਈ ਆਪ ਲੋਕਾਂ ਤੋਂ ਫੰਡ ਵੀ ਇਕੱਠਾ ਕਰਿਆ ਕਰਦੇ ਸਨ।

4 ਅਗਸਤ 1914 ਨੂੰ ਸੰਸਾਰ ਯੁੱਧ ਸ਼ੁਰੂ ਹੋ ਗਿਆ ਸੀ। ਗਦਰ ਪਾਰਟੀ ਨੂੰ ਬਣਿਆਂ ਹਾਲਾਂ ਸਿਰਫ ਚੌਦਾਂ ਮਹੀਨੇ ਹੋਏ ਸਨ ਤੇ ਗਦਰ ਅਖਬਾਰ ਨਿਕਲ਼ਦੇ ਨੂੰ ਨੌਂ ਮਹੀਨੇ। ਗਦਰ ਪਾਰਟੀ ਦੀਆਂ ਗਦਰ ਕਰਨ ਲਈ ਹਾਲਾਂ ਤਿਆਰੀਆਂ ਮੁਕੰਮਲ ਨਹੀਂ ਸਨ। ਪਰ ਦੁਸ਼ਮਣ ਕਸੂਤਾ ਫਸਿਆ ਦੇਖ ਗਦਰ ਪਾਰਟੀ ਨੇ ਗਦਰ ਮਚਾਉਣ ਦਾ ਐਲਾਨ ਕਰ ਦਿੱਤਾ।

"ਦੁਸ਼ਮਣ ਸਾਡਾ ਯੂਰਪ ਦੇ ਵਿੱਚ
ਫਸਿਆ ਫਾਹੀ ਡਾਢੀ ਹੈ।
ਜਰਮਨ ਸ਼ੇਰ ਖੜ੍ਹਾ ਹੈ ਘੇਰੀ
ਹੁਣ ਤਾਂ ਢਿੱਲ ਅਸਾਡੀ ਹੈ।
ਹੱਥੋ-ਹੱਥੀ ਫੜ ਲਓ ਸ਼ੇਰੋ
ਵੇਲਾ ਢਿੱਲ ਨਾ ਲਾਵਨ ਦਾ।
ਆਓ ਸ਼ੇਰੋ ਗਦਰ ਮਚਾਈਏ
ਮੌਕਾ ਨਹੀਂ ਖੁੰਜਾਵਨ ਦਾ।"

ਗਦਰ ਪਾਰਟੀ ਦੇ ਸੱਦੇ 'ਤੇ ਕਨੇਡਾ, ਅਮਰੀਕਾ ਤੇ ਹੋਰ ਬਾਹਰਲੇ ਦੇਸ਼ਾਂ ਤੋਂ ਹਜ਼ਾਰਾਂ ਗਦਰੀ ਦੇਸ਼ ਆਜ਼ਾਦ ਕਰਵਾਉਣ ਲਈ ਹਿੰਦੁਸਤਾਨ ਪਹੁੰਚੇ।

ਗਦਰ ਪਾਰਟੀ ਦੀ ਬਰਮਾ-ਸਿਆਮ ਪਲੈਨ : ਇਸ ਪਲੈਨ ਅਨੁਸਾਰ ਸਿਆਮ ਤੇ ਧੁਰ-ਪੂਰਬ ਦੇ ਦੇਸ਼ਾਂ ਵਿਚ ਰਹਿੰਦੇ ਗਦਰ ਪਾਰਟੀ ਦੇ ਹਮਦਰਦ ਹਿੰਦੁਸਤਾਨੀਆ ਨੂੰ ਸਿਆਮ ਵਿਚ ਇਕੱਠੇ ਕੀਤਾ ਜਾਣਾ ਸੀ। ਸਿਆਮ ਵਿਚ, ਜਰਮਨ ਰੇਲ ਗੱਡੀ ਦੀ ਲਾਈਨ ਕੱਢ ਰਹੇ ਸਨ। ਜਰਮਨ ਫੌਜੀ ਅਫਸਰਾਂ ਨੇ ਇਨ੍ਹਾਂ ਹਿੰਦੁਸਤਾਨੀਆਂ ਨੂੰ ਲੜਾਈ ਦੀ ਟਰੇਨਿੰਗ ਦੇਣੀ ਸੀ। ਜਰਮਨੀ ਵੱਲੋਂ ਸਪਲਾਈ ਕੀਤੇ ਹਥਿਆਰਾਂ ਨਾਲ਼ ਇਨ੍ਹਾਂ ਗਦਰੀਆਂ ਨੂੰ ਹਥਿਆਰਬੰਦ ਕੀਤਾ ਜਾਣਾ ਸੀ। ਸਿਆਮ ਵਿਚ ਫੌਜੀ ਸਿੱਖਿਆ ਪਰਾਪਤ ਕਰਕੇ ਇਨ੍ਹਾਂ ਗਦਰੀਆਂ ਨੇ ਬਰਮਾ 'ਤੇ ਹਮਲਾ ਕਰਨਾ ਸੀ। ਬਰਮਾ ਉਦੋਂ ਅੰਗਰੇਜ਼ਾਂ ਨੇ ਪ੍ਰਬੰਧਕੀ ਸੌਖ ਲਈ ਹਿੰਦੁਸਤਾਨ ਨਾਲ਼ ਮਿਲ਼ਾਇਆ ਹੋਇਆ ਸੀ। ਉੱਥੋਂ ਬਹੁਤੀਆਂ ਫੌਜਾਂ ਲੜਾਈ ਵਿਚ ਹਿੱਸਾ ਲੈਣ ਲਈ ਯੂਰਪ ਨੂੰ ਜਾ ਚੁੱਕੀਆਂ ਸਨ। ਬਰਮਾ ਵਿਚ ਪੰਦਰਾਂ ਹਜ਼ਾਰ ਪੁਲਸ ਸੀ ਜਿਸ ਵਿਚ ਪੰਜਾਬ ਦੇ ਜੱਟ ਭਰਤੀ ਕੀਤੇ ਹੋਏ ਸਨ ਜੋ ਮਜ਼ਹਬੋਂ ਸਿੱਖ ਜਾਂ ਮੁਸਲਮਾਨ ਸਨ। ਅੰਗਰੇਜ਼ਾਂ ਨੇ ਉੱਥੇ ਆਪਣਾ ਦਬ-ਦਬਾਅ ਕਾਇਮ ਰੱਖਣ ਲਈ ਇਨ੍ਹਾਂ ਜੱਟਾਂ ਨੂੰ ਫੌਜੀ ਹਥਿਆਰ ਦੇ ਕੇ ਮਿਲਟਰੀ ਪੁਲਿਸ ਬਣਾਇਆ ਹੋਇਆ ਸੀ। ਗਦਰੀ ਲੀਡਰਾਂ ਨੇ ਬਰਮਾ ਦੀ ਇਸ ਮਿਲਟਰੀ ਪੁਲਿਸ ਵਿਚ ਪ੍ਰਚਾਰ ਕਰਕੇ ਉਸ ਨੂੰ ਆਪਣੇ ਨਾਲ਼ ਗੰਢਣਾ ਸੀ ਅਤੇ ਇਹ ਯਕੀਨੀ ਬਣਾਉਣਾ ਸੀ ਕਿ ਉਹ ਸਿਆਮ 'ਚੋਂ ਬਰਮਾ ਤੇ ਹਮਲਾ ਕਰਨ ਵਾਲ਼ੀ ਗਦਰੀ ਫੌਜ ਦਾ ਸਾਥ ਦੇਵੇ। ਇਸ ਤਰ੍ਹਾਂ ਸਿਆਮ ਵਿਚਲੀ ਗਦਰੀ ਫੌਜ ਅਤੇ ਬਰਮਾ ਦੀ ਮਿਲਟਰੀ ਪੁਲਿਸ ਦੀ ਮੱਦਦ ਨਾਲ਼ ਬਰਮਾ 'ਤੇ ਕਬਜ਼ਾ ਕੀਤਾ ਜਾਣਾ ਸੀ। ਬਰਮਾ ਨੂੰ ਅੱਡਾ ਬਣਾ ਕੇ ਫੇਰ ਅੱਗੇ ਹਿੰਦੁਸਤਾਨ 'ਤੇ ਹਮਲਾ ਕਰਨਾ ਸੀ।

ਗਦਰ ਪਾਰਟੀ ਦੀ ਸਿਆਮ-ਬਰਮਾ ਪਲੈਨ ਦੀ ਕਮਾਂਡ ਅਮਰੀਕਾ ਤੋਂ ਗਏ ਸੋਹਣ ਲਾਲ ਪਾਠਕ, ਬਾਬੂ ਹਰਨਾਮ ਸਿੰਘ ਸਾਹਰੀ ਅਤੇ ਭਾਈ ਸੰਤੋਖ ਸਿੰਘ ਧਰਦਿਓ ਵਰਗੇ ਗਦਰੀ ਲੀਡਰਾਂ ਦੇ ਹੱਥ ਸੀ (ਅਮਰੀਕਾ ਦੇ ਗਦਰੀਆਂ ਬਾਰੇ ਵੇਰਵੇ ਨਾਲ਼ ਜਾਨਣ ਲਈ ਲੇਖਕ ਦੀ ਛਪ ਰਹੀ ਕਿਤਾਬ 'ਅਮਰੀਕਾ ਦੇ ਗਦਰੀ ਯੋਧੇ' ਪੜ੍ਹੋ)। ਮਾਰਚ (1915) ਦੇ ਸ਼ੁਰੂ ਵਿਚ ਸੋਹਣ ਲਾਲ ਪਾਠਕ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਸਰਹੱਦ ਪਾਰ ਕਰਕੇ ਸਿਆਮ ਤੋਂ ਬਰਮਾ ਵਿਚ ਰੰਗੂਨ ਪੁੱਜ ਗਏ। ਇਸ ਤੋਂ ਜ਼ਲਦੀ ਬਾਅਦ ਗਦਰ ਪਾਰਟੀ ਦੇ ਜਨਰਲ ਸਕੱਤਰ ਭਾਈ ਸੰਤੋਖ ਸਿੰਘ ਧਰਦਿਓ ਵੀ ਆਪ ਕੋਲ਼ ਰੰਗੂਨ ਪੁੱਜ ਗਏ।

ਰੰਗੂਨ ਵਿਚ ਗਦਰ ਪਾਰਟੀ ਦੀ ਬਰਾਂਚ ਨੂੰ ਸਰਗਰਮ ਤੇ ਮਜ਼ਬੂਤ ਬਣਾ ਕੇ ਪੰਡਤ ਸੋਹਣ ਲਾਲ ਪਾਠਕ, ਬਾਬੂ ਹਰਨਾਮ ਸਿੰਘ ਸਾਹਰੀ ਅਤੇ ਭਾਈ ਸੰਤੋਖ ਸਿੰਘ ਉੱਤਰੀ ਬਰਮਾ ਵੱਲ ਚਲੇ ਗਏ। ਉੱਥੇ ਇਨ੍ਹਾਂ ਨੇ ਮਾਂਡਲੇ, ਮੇਮਿਉ, ਪਯਾਬੋਈ ਆਦਿ ਛਾਉਣੀਆਂ ਦੀ ਫੌਜ ਅਤੇ ਪੁਲਿਸ ਵਿਚ ਗਦਰ ਦਾ ਪ੍ਰਚਾਰ ਕੀਤਾ। ਸੋਹਣ ਲਾਲ ਹੋਰੀਂ ਫੌਜਾਂ ਵਿਚ ਗਦਰੀ ਸਾਹਿਤ ਅਤੇ ਮੁਸਲਮਾਨ ਫੌਜੀਆਂ ਵਿਚ ਤੁਰਕੀ ਦੇ ਖਲੀਫੇ ਵੱਲੋਂ ਜਾਰੀ ਕੀਤਾ 'ਫਤਵਾ' ਵੰਡਿਆ ਜਿਸ ਵਿਚ ਦੁਨੀਆ ਭਰ ਦੇ ਮੁਸਲਮਾਨਾਂ ਨੂੰ ਅੰਗਰੇਜ਼ਾਂ ਵਿਰੁਧ ਲੜਨੇ ਨੂੰ ਆਖਿਆ ਗਿਆ ਸੀ। ਅਮਰੀਕਾ ਤੋਂ ਗਏ ਇਨ੍ਹਾਂ ਗਦਰੀਆਂ ਨੂੰ ਹਿੰਦੁਸਤਾਨ ਵਿਚ ਫਰਵਰੀ 1915 ਦੇ ਗਦਰ ਦੇ ਫੇਲ੍ਹ ਹੋਣ ਦੀ ਖਬਰ ਬਰਮਾ ਵਿਚ ਮਿਲ਼ ਗਈ। ਪਰ ਇਨ੍ਹਾਂ ਹੌਂਸਲਾ ਨਾ ਹਾਰਿਆ। ਇਨਕਲਾਬ ਦੇ ਕੰਮ ਨੂੰ ਮੁੜ ਜਥੇਬੰਦ ਕਰਨ ਦੇ ਇਰਾਦੇ ਨਾਲ਼ ਸੋਹਣ ਲਾਲ ਤੇ ਭਾਈ ਸੰਤਖ ਸਿੰਘ ਉੱਤਰੀ ਬਰਮਾ ਤੋਂ ਸਿਆਮ ਨੂੰ ਚਲੇ ਗਏ। ਬਾਬੂ ਹਰਨਾਮ ਸਿੰਘ ਪਾਰਟੀ ਦੀ ਅਗਵਾਈ ਕਰਨ ਲਈ ਰੰਗੂਨ ਨੂੰ ਵਾਪਸ ਮੁੜ ਗਏ।

ਅਪ੍ਰੈਲ, 1915 ਵਿਚ ਗਦਰ ਪਾਰਟੀ ਦਾ ਮੈਂਬਰ ਚਾਲੀਆ ਰਾਮ, ਜੋ ਕਿ ਪਿੱਛੋਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਾਹਨੇਵਾਲ ਦੇ ਬ੍ਰਾਹਮਣ ਪਰਿਵਾਰ ਦਾ ਮੁੰਡਾ ਸੀ ਤੇ 12-13 ਸਾਲ ਤੋਂ ਸਿਆਮ ਵਿਚ ਰਹਿ ਰਿਹਾ ਸੀ, ਗਦਰੀ ਸਾਹਿਤ ਦਾ ਬੰਡਲ ਸਿਆਮ ਤੋਂ ਬਰਮਾ ਨੂੰ ਲਿਜਾਂਦਾ ਫੜਿਆ ਗਿਆ। ਇਸ ਤੋਂ ਪੁਲਿਸ ਨੂੰ ਗਦਰੀਆਂ ਦੀ ਸਿਆਮ-ਬਰਮਾ ਪਲੈਨ ਦਾ ਪਤਾ ਲੱਗ ਗਿਆ। ਬਰਮਾ 'ਚ ਗਦਰੀਆਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਰੰਗੂਨ ਵਿਚ ਛਾਪੇ ਪੈਣ ਲੱਗੇ। ਬਹੁਤ ਸਾਰੇ ਗਦਰੀ ਪਕੜੇ ਗਏ। 24 ਅਪਰੈਲ ਨੂੰ ਕਨੇਡਿਓਂ ਗਏ ਕਪੂਰ ਸਿੰਘ ਮੋਹੀ ਤੇ ਹਰਦਿੱਤ ਸਿੰਘ ਲੰਮੇ ਜੱਟਪੁਰਾ ਪਕੜੇ ਗਏ। 29 ਅਪਰੈਲ ਨੂੰ ਬਾਬੂ ਹਰਨਾਮ ਸਿੰਘ ਸਾਹਰੀ ਬਰਮਾ ਵੱਲੋਂ ਸਿਆਮ ਨੂੰ ਜਾਂਦੇ ਸਰਹੱਦ 'ਤੇ ਪਕੜੇ ਗਏ। ਗਦਰ ਪਾਰਟੀ ਵਾਸਤੇ ਇਹ ਬੜੀ ਭਾਰੀ ਸੱਟ ਸੀ। ਬਰਮਾ ਵਿਚ ਹੋਈਆਂ ਇਨ੍ਹਾਂ ਗ੍ਰਿਫਤਾਰੀਆਂ ਨਾਲ ਸਿਆਮ 'ਚੋਂ ਗਦਰ ਪਾਰਟੀ ਨਾਲ਼ ਜੁੜੇ ਬਹੁਤ ਸਾਰੇ ਗਦਰੀ ਘਬਰਾ ਗਏ। ਪਰ ਇਸ ਮੌਕੇ ਭਾਈ ਬਸਾਵਾ ਸਿੰਘ ਬਿਲਕੁਲ ਨਾ ਡੋਲੇ, ਸਗੋਂ ਪਹਿਲਾਂ ਨਾਲੋਂ ਵੀ ਜ਼ਿਆਦਾ ਸਰਗਰਮੀ ਨਾਲ਼ ਗਦਰ ਲਈ ਕੰਮ ਕਰਨ ਲੱਗੇ।

"ਹਰ ਮੋੜ 'ਤੇ ਸਲੀਬਾਂ,
ਹਰ ਪੈਰ 'ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ
ਸਾਡਾ ਵੀ ਦੇਖ ਜੇਰਾ।"

ਸ਼ੋਹਣ ਲਾਲ ਪਾਠਕ ਸਿਆਮ ਤੋਂ ਵਾਪਸ ਬਰਮਾ ਵਿਚ ਜਾ ਕੇ ਗਦਰ ਲਈ ਕੰਮ ਕਰਨਾ ਚਾਹੁੰਦਾ ਸੀ।

ਬਾਕੀ ਹਿਸਾ ਸਫਾ 58 ਤੇ ਪੜ੍ਹੋ

ਬਾਕੀ ਹਿਸਾ ਸਫਾ 57 ਤੇ ਪੜ੍ਹੋ

ਭਾਈ ਬਸਾਵਾ ਸਿੰਘ ਨੇ ਆਪਣੇ ਰਸੂਖ ਨਾਲ਼ ਪੰਜ ਗਦਰੀ ਸੋਹਣ ਲਾਲ ਪਾਠਕ ਨਾਲ਼ ਸਿਆਮ ਤੋਂ ਬਰਮਾ ਨੂੰ ਜਾਣ ਲਈ ਤਿਆਰ ਕਰ ਦਿੱਤੇ। ਇਹ ਗਦਰੀ ਸਨ: ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸ਼ੇਰਪੁਰ ਅਤੇ ਸੰਗਤਪੁਰਾ ਦੇ ਪਾਲਾ ਸਿੰਘ ਅਤੇ ਨਿਰੰਜਨ ਸਿੰਘ (ਗਦਰੀ ਨਿਰੰਜਨ ਸਿੰਘ ਦੇ ਪਿੰਡ ਸੰਗਤਪੁਰਾ ਨੂੰ ਲੋਕ ਆਮ ਤੌਰ ਤੇ 'ਢੈਪਈ' ਦੇ ਨਾਂ ਨਾਲ਼ ਜਾਣਦੇ ਹਨ। ਨਿਰੰਜਨ ਸਿੰਘ ਦਾ ਬਾਪ ਜਵਾਲਾ ਸਿੰਘ ਸਿੱਧੂ ਚੰਗੇ ਗੁਜ਼ਾਰੇ ਵਾਲ਼ਾ ਖਾਂਦਾ-ਪੀਂਦਾ ਕਿਸਾਨ ਸੀ। ਉਹਨੇ ਆਪਣੇ ਪੁੱਤਰ ਨਿਰੰਜਨ ਸਿੰਘ ਨੂੰ ਪੜ੍ਹਾਇਆ ਸੀ। ਨਿਰੰਜਨ ਸਿੰਘ ਦਾ ਵਿਆਹ ਸਕੂਲ 'ਚ ਪੜ੍ਹਦਿਆਂ ਹੀ ਚੌਂਕੀਮਾਨ ਨੇੜੇ 'ਸਵੱਦੀ' ਦੀ ਇੰਦ ਕੌਰ ਨਾਲ਼ ਹੋ ਗਿਆ ਸੀ। ਸਿਆਮ ਜਾਣ ਤੋਂ ਪਹਿਲਾਂ ਆਪ ਬਚਨ ਕੌਰ ਨਾਂ ਦੀ ਬੇਟੀ ਦੇ ਬਾਪ ਬਣ ਚੁੱਕੇ ਸਨ। ਨਿਰੰਜਨ ਸਿੰਘ ਦੀ ਸਿਆਮ ਵਿਚ ਸ਼ੇਰਪੁਰ ਦੇ ਪਾਲਾ ਸਿੰਘ ਨਾਲ਼ ਗੂੜ੍ਹੀ ਦੋਸਤੀ ਸੀ ਤੇ ਇਕੱਠੇ ਹੀ ਕੰਮ ਕਰਿਆ ਕਰਦੇ ਸਨ। ਦੋਨੋਂ ਹੀ ਸਿਆਮ ਵਿਚ ਜਰਮਨਾ ਵਲੋਂ ਕੱਢੀ ਜਾ ਰਹੀ ਨਵੀਂ ਰੇਲਵੇ ਲਾਈਨ 'ਤੇ ਓਵਰਸੀਅਰ ਲੱਗੇ ਹੋਏ ਸਨ)। ਰਿਆਸਤ ਪਟਿਆਲਾ ਦੇ ਪਿੰਡ 'ਬਾਲੋ' ਦਾ ਨਰੈਣ ਸਿੰਘ, ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡ 'ਵਿਲੋਕੇ' ਦੇ ਜੀਵਨ ਸਿੰਘ ਅਤੇ ਲਛਮਣ ਸਿੰਘ। ਸਿਆਮ ਤੋਂ ਬਰ੍ਹਮਾ ਨੂੰ ਤੁਰਨ ਤੋਂ ਪਹਿਲਾਂ ਇਨਾਂ ਗਦਰੀਆਂ ਦੀ ਕਾਮਯਾਬੀ ਲਈ ਭਾਈ ਬਸਾਵਾ ਸਿੰਘ ਨੇ ਚਿੰਗਮਈ ਦੇ ਗੁਰਦੁਆਰੇ ਅਖੰਡ ਪਾਠ ਕਰਵਾਇਆ।

ਆਖਰ ਭਾਈ ਬਸਾਵਾ ਸਿੰਘ ਵੱਲੋਂ ਭੇਜੇ ਇਹ ਪੰਜ ਗਦਰੀ ਤੇ ਸੋਹਣ ਲਾਲ ਪਾਠਕ ਬਰਮਾ ਵਿਚ ਦਾਖਲ ਹੋਏ। ਬਸਾਵਾ ਸਿੰਘ ਵਲੋਂ ਭੇਜੇ ਇਨ੍ਹਾਂ ਗਦਰੀਆਂ ਦੀ ਪਲੈਨ ਇਹ ਸੀ ਕਿ ਜੀਵਨ ਸਿੰਘ ਤੇ ਲਛਮਣ ਸਿੰਘ ਨੇ ਸ਼ੱਕ ਤੋਂ ਬਚਣ ਲਈ ਦੁਕਾਨ ਚਲਾਉਣੀ ਸੀ। ਨਰੰਜਣ ਸਿੰਘ ਸੰਗਤਪੁਰਾ ਤੇ ਇਨ੍ਹਾਂ ਦੇ ਦੋਸਤ ਪਾਲਾ ਸਿੰਘ ਨੇ ਬਰਮਾ ਦੀ ਮਿਲਟਰੀ ਪੁਲਿਸ ਵਿਚ ਪ੍ਰਚਾਰ ਕਰਕੇ ਉਨ੍ਹਾਂ ਨੂੰ ਗਦਰ ਪਾਰਟੀ ਨਾਲ਼ ਜੋੜਨਾ ਸੀ। ਸੋਹਣ ਲਾਲ ਪਾਠਕ ਅਤੇ ਨਰੈਣ ਸਿੰਘ ਨੇ ਸਾਰੇ ਬਰਮਾ 'ਚ ਘੁੰਮਣਾ ਸੀ। ਇਹ ਸਾਰੇ ਗਦਰੀ ਹਥਿਆਰਾਂ ਨਾਲ਼ ਪੂਰੀ ਤਰ੍ਹਾਂ ਲੈਸ ਸਨ।

ਬਰਮਾ ਵਿਚ ਇਨ੍ਹਾਂ ਗਦਰੀਆਂ ਨੂੰ ਕਈ ਵਾਰ ਪੁਲਿਸ ਨੇ ਰੋਕ ਕੇ ਸਵਾਲ ਪੁੱਛੇ। ਪਰ ਇਹ ਗਦਰੀ ਆਪਣੀ ਹੁਸ਼ਿਆਰੀ ਕਾਰਨ ਪੁਲਿਸ ਵਲ਼ੋਂ ਲਾਏ ਇਨ੍ਹਾਂ ਨਾਕਿਆਂ ਤੋਂ ਹਰ ਵਾਰ ਬਚਕੇ ਲੰਘਦੇ ਰਹੇ। ਥਾਜ਼ੀ ਪੁੱਜਣ ਤੇ ਜੀਵਨ ਸਿੰਘ ਤਾਂ ਆਪਣੇ ਸਾਥੀਆਂ ਦਾ ਭਾਈ ਬਸਾਵਾ ਸਿੰਘ ਲਈ ਸੁਨੇਹਾ ਲੈ ਕੇ ਸਿਆਮ ਨੂੰ ਵਾਪਸ ਮੁੜ ਗਿਆ। ਨਿਰੰਜਨ ਸਿੰਘ ਸੰਗਤਪੁਰਾ ਤੇ ਉਨ੍ਹਾਂ ਦਾ ਸਾਥੀ ਪਾਲਾ ਸਿੰਘ ਪਿਆਬਵੇ ਨੂੰ ਚਲੇ ਗਏ ਅਤੇ ਸੋਹਣ ਲਾਲ ਪਾਠਕ ਤੇ ਨਰੈਣ ਸਿੰਘ ਮੇਮਿਓ ਨੂੰ। ਸੋਹਣ ਲਾਲ ਪਾਠਕ ਨੂੰ ਉੱਥੇ ਮੇਮਿਓ ਛਾਉਣੀ ਵਿਚ 15 ਅਗਸਤ 1915 ਨੂੰ ਗ੍ਰਿਫਤਾਰ ਕਰ ਲਿਆ ਗਿਆ (ਸੋਹਣ ਲਾਲ ਪਾਠਕ ਉੱਤੇ ਸੈਸ਼ਨ ਜੱਜ ਮਾਂਡਲੇ ਦੀ ਅਦਾਲਤ ਵਿਚ ਵੱਖਰਾ ਮੁਕੱਦਮਾ ਚਲਾਇਆ ਗਿਆ। ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤੇ 10 ਫਰਵਰੀ 1916 ਨੂੰ ਉਨ੍ਹਾਂ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ)। ਕੁਝ ਦਿਨਾਂ ਬਾਅਦ ਨਰੈਣ ਸਿੰਘ ਵੀ ਮੇਮਿਓ ਦੇ ਇੱਕ ਢਾਬੇ ਤੋਂ ਫੜਿਆ ਗਿਆ।

ਨਿਰੰਜਨ ਸਿੰਘ ਸੰਗਤਪੁਰਾ ਤੇ ਉਨ੍ਹਾਂ ਦੇ ਮਿੱਤਰ ਪਾਲਾ ਸਿੰਘ ਨੇ ਲੱਗੀ ਡਿਊਟੀ ਅਨੁਸਾਰ ਪਿਆਬਵੇ ਜਾ ਕੇ ਕਾਲਾ ਸਿੰਘ ਨੈਕ ਤੇ ਸਕੂਲ ਮਾਸਟਰ ਪਰਤਾਪ ਸਿੰਘ ਵਰਗੇ ਕਈ ਬੰਦਿਆਂ ਨੂੰ ਗਦਰ ਪਾਰਟੀ ਨਾਲ ਜੋੜ ਲਿਆ ਸੀ ਤੇ ਉਨ੍ਹਾਂ ਨੂੰ ਪਿਸਤੌਲ, ਗੋਲ਼ੀਆਂ, ਡਾਈਨਾਮਾਈਟ, ਬੰਬ ਬਣਾਉਣ ਦੇ ਨੁਸਖੇ ਅਤੇ ਬਹੁਤ ਸਾਰਾ ਗਦਰੀ ਸਾਹਿਤ ਦਿਤਾ ਸੀ। ਪਰ ਐਨੇ ਨੂੰ ਸੋਹਣ ਲਾਲ ਅਤੇ ਉਨ੍ਹਾਂ ਦਾ ਸਾਥੀ ਫੜੇ ਜਾਣ ਦੀ ਖਬਰ ਆ ਗਈ। ਨਿਰੰਜਨ ਸਿੰਘ ਸੰਗਤਪੁਰਾ ਅਤੇ ਪਾਲਾ ਸਿੰਘ ਬਰਮਾ ਤੋਂ ਸਿਆਮ ਨੂੰ ਚਲੇ ਗਏ। ਲਛਮਣ ਸਿੰਘ ਗੱਡੀ ਵਿੱਚ ਬਰਮਾ ਤੋਂ ਸਿਆਮ ਨੂੰ ਜਾਂਦਾ ਸਰਹੱਦ ਟੱਪਣ ਤੋਂ ਪਹਿਲਾਂ ਹੀ ਫੜਿਆ ਗਿਆ। ਲਛਮਣ ਸਿੰਘ 'ਤੇ ਤਸ਼ੱਦਦ ਕਰਕੇ ਪੁਲਿਸ ਨੇ ਉਸ ਨੂੰ ਵਾਅਦਾ ਮਾਫ ਗਵਾਹ ਬਣਾ ਲਿਆ। ਲਛਮਣ ਸਿੰਘ ਤੋਂ ਭੇਤ ਲੈ ਕੇ ਪੁਲਿਸ ਨੇ ਬਹੁਤ ਸਾਰੇ ਗਦਰੀ ਬਰਮਾ ਅਤੇ ਸਿਆਮ ਵਿਚ ਫੜ ਲਏ। ਪੁਲਿਸ ਨੇ ਚਿੰਗਮਈ ਦੇ ਗੁਰਦੁਆਰੇ ਜਾ ਕੇ ਭਾਈ ਬਸਾਵਾ ਸਿੰਘ ਨੂੰ ਵੀ ਫੜ ਲਿਆ।

ਸਿਆਮ ਵਿਚ ਫੜੇ ਗਦਰੀਆਂ ਨੂੰ ਸਰਹੱਦ 'ਤੇ ਲਿਆ ਕੇ ਬਰਮਾ ਦੀ ਪੁਲਿਸ ਦੇ ਹਵਾਲੇ ਕੀਤਾ ਗਿਆ ( ਬਰਤਾਨੀਆ ਉਦੋਂ 'ਸੁਪਰ ਪਾਵਰ' ਹੁੰਦਾ ਸੀ। ਬਰਤਾਨੀਆ ਦਾ 'ਦਬਕਾ' ਸਾਰੀ ਦੁਨੀਆ 'ਤੇ ਚੱਲਦਾ ਸੀ। ਵੈਨਕੂਵਰ ਗੁਰਦੁਆਰੇ ਦੇ ਗਰੰਥੀ ਸਾਹਿਬਾਨ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਵੀ ਸਿਆਮੀ ਸਰਕਾਰ ਨੇ ਅੰਗਰੇਜ਼ਾਂ ਦੀ 'ਘੁਰਕੀ' ਤੋਂ ਡਰਦਿਆਂ ਹੀ, ਇੰਟਰਨੈਸ਼ਨਲ ਕਾਨੂੰਨ ਦੀ ਪਰਵਾਹ ਨਾ ਕਰਦਿਆਂ ਹਸਪਤਾਲ 'ਚ ਬਿਮਾਰ ਪਏ ਨੂੰ ਫੜ ਕੇ ਅੰਗਰੇਜ਼ਾਂ ਹਵਾਲੇ ਕੀਤਾ ਸੀ)। ਸਿਆਮ ਅਤੇ ਬਰਮਾ ਵਿੱਚੋਂ ਫੜੇ ਗਦਰੀਆਂ ਉੱਤੇ ਮਾਂਡਲੇ ਵਿਚ ਡਿਫੈਂਸ ਆਫ ਇੰਡੀਆ ਐਕਟ ਅਧੀਨ 'The King Emperor VS Harnam Singh and 16 others' ਨਾਂ ਦਾ ਮੁਕੱਦਮਾ ਚਲਾਇਆ ਗਿਆ। ਇਸ ਮੁਕੱਦਮੇ ਨੂੰ ਇਤਿਹਾਸ ਵਿਚ ਆਮ ਤੌਰ 'ਤੇ 'ਫਸਟ ਬਰਮਾ ਕਾਂਸਪੀਰੇਸੀ ਕੇਸ' ਜਾਂ 'ਮਾਂਡਲੇ ਕਾਂਸਪੀਰੇਸੀ ਕੇਸ 1' ਆਖਿਆ ਜਾਂਦਾ ਹੈ।

ਲਾਹੌਰ ਕਾਂਸਪੀਰੇਸੀ ਕੇਸ (ਸਰਾਭੇ ਹੋਰਾਂ ਵਾਲ਼ਾ ਵੱਡਾ ਮੁਕੱਦਮਾ) ਦੀ ਕਾਰਬਨ ਕਾਪੀ ਸੀ ਇਹ ਮੁਕੱਦਮਾ। ਇਸ ਮੁਕੱਦਮੇ ਦਾ ਫੈਸਲਾ 17 ਜੁਲਾਈ 1916 ਨੂੰ ਸੁਣਾਇਆ ਗਿਆ। ਭਾਈ ਬਸਾਵਾ ਸਿੰਘ ਹੋਰਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਇਸ ਤਰ੍ਹਾਂ 'ਬੜੇ ਪਿੰਡ' ਦਾ ਭਾਈ ਬਸਾਵਾ ਸਿੰਘ ਦੇਸ਼ ਦੀ ਆਜ਼ਾਦੀ ਲਈ ਫਾਂਸੀ ਚੜ੍ਹਕੇ ਸ਼ਹੀਦੀ ਪਾ ਗਿਆ।

(ਭਾਈ ਬਸਾਵਾ ਸਿੰਘ ਵਲੋਂ ਸਿਆਮ 'ਚੋਂ ਸੋਹਣ ਲਾਲ ਪਾਠਕ ਨਾਲ ਬਰਮਾ ਨੂੰ ਭੇਜੇ ਪੰਜ ਗਦਰੀਆਂ ਚੋਂ ਭਾਈ ਨਿਰੰਜਨ ਸਿੰਘ ਸੰਗਤਪੁਰਾ, ਭਾਈ ਪਾਲਾ ਸਿੰਘ ਸ਼ੇਰਪੁਰ ਅਤੇ ਭਾਈ ਨਰੈਣ ਸਿੰਘ ਬਾਲੋ ਨੂੰ ਫਾਂਸੀ ਦਾ ਹੁਕਮ ਹੋਇਆ ਅਤੇ ਜੀਵਨ ਸਿੰਘ ਨੂੰ ਉਮਰ ਕੈਦ)।

* * * * * * *

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਪੰਜਾਬੀ ਵਿਆਪਕਤਾ ਨੂੰ ਨਵਾਂ ਰੂਪ ਦੇਵੇਗੀ-ਡਾ ਅਮਰਜੀਤ ਟਾਂਡਾ

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਪਹਿਲਾਂ ਹੀ ਵੈਬਨਾਰਾਂ, ਮੁਸ਼ਾਇਰਿਆਂ ਅਤੇ ਕਵੀ ਦਰਬਾਰਾਂ ਦੁਆਰਾ ਵਿਸ਼ਵ ਪੰਜਾਬੀ ਸਾਹਿਤ ਨੂੰ ਜੀਉਂਦਾ ਰੱਖ ਰਹੀ ਹੈ, ਪਰ ਇਸ ਤੋਂ ਵੀ ਵੱਡੇ ਰੋਲ ਨਿਭਾਉਣ ਲਈ ਬ੍ਰਹਮੰਡੀ ਗੋਸ਼ਟੀਆਂ ਵਰਗੀਆਂ ਪਹਿਲਕਦਮੀਆਂ ਵੀ ਕਰ ਰਹੀ ਹੈ। ਇਹ ਅਕਾਦਮੀ ਫ਼ਿਲਾਸਫ਼ੀਕਲ ਅਤੇ ਸਾਹਿਤਕ ਨਜ਼ਰੀਏ ਨਾਲ ਪੰਜਾਬੀ ਵਿਆਪਕਤਾ ਨੂੰ ਨਵਾਂ ਰੂਪ ਦੇਵੇਗੀ ।

## ਅਕਾਦਮੀ ਦਾ ਵਿਸ਼ਾਲ ਰੋਲ

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਨੂੰ ਵਿਸ਼ਵ ਭਰ ਦੇ ਪੰਜਾਬੀ ਡਾਇਸਪੋਰਾ ਵਿੱਚ ਡਿਜੀਟਲ ਲਾਇਬ੍ਰੇਰੀਆਂ ਅਤੇ ਏਆਈ-ਅਧਾਰਤ ਸਾਹਿਤਕ ਪਲੇਟਫਾਰਮ ਬਣਾਵੇਗੀ, ਜਿੱਥੇ ਪੁਰਾਣੀਆਂ ਕਵਿਤਾਵਾਂ ਤੋਂ ਲੈ ਕੇ ਨਵੀਆਂ ਰਚਨਾਵਾਂ ਤੱਕ ਸਭ ਕੁਝ ਉਪਲਬਧ ਹੋਵੇ। ਇਹ ਨਾ ਸਿਰਫ਼ ਪੰਜਾਬੀ ਭਾਸ਼ਾ ਨੂੰ ਬਚਾਏਗਾ, ਸਗੋਂ ਨੌਜਵਾਨਾਂ ਨੂੰ ਆਪਣੀ ਵਿਰਾਸਤ ਨਾਲ ਵੀ ਜੋੜੇਗਾ। ਇਸ ਨਾਲ ਅਕਾਦਮੀ ਇੱਕ ਗਲੋਬਲ ਹੱਬ ਬਣ ਜਾਵੇਗੀ, ਜਿੱਥੇ ਪੰਜਾਬੀ ਸੋਚ ਨੂੰ ਵਿਸ਼ਵ ਸਾਹਿਤ ਨਾਲ ਜੋੜਿਆ ਜਾਵੇ।

## ਫ਼ਿਲਾਸਫ਼ੀਕਲ ਵਿਜ਼ਨ

ਫ਼ਿਲਾਸਫ਼ਰ ਵਾਂਗ ਸੋਚੀਏ ਤਾਂ ਪੰਜਾਬੀ ਸਾਹਿਤ ਬ੍ਰਹਿਮੰਡ ਦੀ ਇੱਕ ਰੰਗੀਨ ਤਸਵੀਰ ਹੈ, ਜੋ ਧਰਤੀ ਤੋਂ ਬਾਹਰ ਵੀ ਚਮਕ ਸਕਦੀ ਹੈ।ਅਕਾਦਮੀ ਸੈਟੇਲਾਈਟ ਵਰਗੇ ਪ੍ਰੋਗਰਾਮ ਵੀ ਚਲਾਵੇਗੀ - ਪੰਜਾਬੀ ਕਵਿਤਾ ਨੂੰ ਅੰਤਰਰਾਸ਼ਟਰੀ ਭਾਸ਼ਾਵਾਂ ਵਿੱਚ ਅਨੁਵਾਦ ਕਰਕੇ ਯੂਨੈਸਕੋ ਵਰਗੇ ਮੰਚਾਂ ਤੱਕ ਪਹੁੰਚਾਵੇਗੀ। ਇਹ ਰੋਲ ਪੰਜਾਬੀ ਨੂੰ ਸਿਰਫ਼ ਭਾਸ਼ਾ ਨਹੀਂ, ਸਗੋਂ ਫ਼ਲਸਫ਼ੇ ਦਾ ਰੂਪ ਦੇਵੇਗਾ, ਜਿੱਥੇ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸਮਕਾਲੀ ਸ਼ਾਇਰਾਂ ਦੀਆਂ ਗੱਲਾਂ ਬ੍ਰਹਮੰਡੀ ਚੇਤਨਾ ਨਾਲ ਜੁੜ ਜਾਣਗੀਆਂ।



## ਸਾਹਿਤਕ ਪ੍ਰੋਗਰਾਮ

ਡਾਇਸਪੋਰਾ ਲਿਖਾਰੀਆਂ ਲਈ ਵਰਕਸ਼ਾਪਾਂ : ਆਸਟ੍ਰੇਲੀਆ, ਕੈਨੇਡਾ ਵਰਗੇ ਦੇਸ਼ਾਂ ਵਿੱਚ ਲੋਕਲ ਵਰਕਸ਼ਾਪਾਂ ਨਾਲ ਨਵੇਂ ਲੇਖਕ ਤਿਆਰ ਕਰੇਗੀ, ਜੋ ਪੰਜਾਬੀ ਨੂੰ ਮਾਡਰਨ ਥੀਮਾਂ ਨਾਲ ਜੋੜਨਗੇ।

ਸਾਹਿਤਕ ਫ਼ਿਲਮ ਫੈਸਟੀਵਲ : ਪੰਜਾਬੀ ਕਵਿਤਾ ਤੇ ਕਹਾਣੀਆਂ ਤੇ ਫ਼ਿਲਮਾਂ ਬਣਾਈਆਂ ਜਾਣਗੀਆਂ, ਜੋ ਨੈੱਟਫਲਿਕਸ ਵਰਗੇ ਪਲੇਟਫਾਰਮਾਂ ਤੱਕ ਪਹੁੰਚਣ।

ਗਲੋਬਲ ਪੋਇਟਰੀ ਸਲਾਮ : ਵਿਸ਼ਵ ਪੱਧਰੀ ਆਨਲਾਈਨ ਮੁਕਾਬਲੇ, ਜਿੱਥੇ ਪੰਜਾਬੀ ਕਵੀ ਹੋਰ ਭਾਸ਼ਾਵਾਂ ਨਾਲ ਟੱਕਰ ਲੈਣ, ਜਿਵੇਂ ਵਰਲਡ ਕਵੀ ਸਲਾਮ।

ਇਹ ਸਾਰੇ ਰੋਲ ਅਕਾਦਮੀ ਨੂੰ ਇੱਕ ਬ੍ਰਹਮੰਡੀ ਤਾਰੇ ਵਾਂਗ ਚਮਕਾਉਣਗੇ, ਜਿੱਥੇ ਪੰਜਾਬੀ ਸਾਹਿਤ ਨਾ ਸਿਰਫ਼ ਜੀਵੇਗਾ, ਸਗੋਂ ਵਿਸ਼ਵ ਨੂੰ ਵੀ ਰੌਸ਼ਨੀ ਵੰਡੇਗਾ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਨਵੀਂ ਲੜੀ ਦੇ ਲੇਖਕਾਂ ਨੂੰ ਪ੍ਰਸਿੱਖਣ ਲਈ ਢੁਕਵੀਆਂ ਆਨਲਾਈਨ ਅਤੇ ਆਫ਼ਲਾਈਨ ਵਰਕਸ਼ਾਪਾਂ, ਮੈਂਟਰਸ਼ਿਪ ਪ੍ਰੋਗਰਾਮਾਂ ਅਤੇ ਡਾਇਸਪੋਰਾ ਵਿੱਚ ਲੋਕਲ ਵੈਲਿਊ ਚਲਾ ਕੇ ਤਿਆਰ ਕਰੇਗੀ। ਇਹ ਪ੍ਰੋਗਰਾਮ ਪੰਜਾਬੀ ਵਿਰਾਸਤ ਨੂੰ ਨਵੀਂ ਪੀੜ੍ਹੀ ਨਾਲ ਜੋੜਨ ਵਿੱਚ ਮੁੱਖ ਭੂਮਿਕਾ ਨਿਭਾਉਣਗੇ। ਫ਼ਿਲਾਸਫ਼ੀਕਲ ਨਜ਼ਰੀਏ ਨਾਲ ਵੇਖੀਏ ਤਾਂ ਇਹ ਅਕਾਦਮੀ ਲੇਖਕ ਨੂੰ ਬੀਜ ਵਾਂਗ ਬੀਜ ਕੇ ਪੰਜਾਬੀ ਸਾਹਿਤ ਦੇ ਜੰਗਲ ਨੂੰ ਵਧਾਏਗੀ।

## ਆਨਲਾਈਨ ਵਰਕਸ਼ਾਪਾਂ

ਅਕਾਦਮੀ ਜ਼ੂਮ ਜਾਂ ਫ਼ੇਸਬੁੱਕ ਲਾਈਵ ਰਾਹੀਂ ਹਫ਼ਤਾਵਾਰ ਵਰਕਸ਼ਾਪਾਂ ਚਲਾਵੇਗੀ , ਜਿੱਥੇ ਨਵੇਂ ਲੇਖਕ ਕਵਿਤਾ, ਕਹਾਣੀ ਅਤੇ ਲੇਖ ਲਿਖਣ ਦੀ ਕਲਾ ਸਿੱਖਣਗੇ। ਸੀਨੀਅਰ ਸ਼ਾਇਰ ਮੈਂਟਰ ਬਣ ਕੇ ਨਵੀਆਂ ਰਚਨਾਵਾਂ ਨੂੰ ਉਤਸ਼ਾਹਿਤ ਕਰਕੇ ਫੀਡਬੈਕ ਦੇਣਗੇ, ਜਿਵੇਂ ਪਹਿਲਾਂ ਹੁੰਦਾ ਆਇਆ ਹੈ। ਇਹ ਨੌਜਵਾਨਾਂ ਨੂੰ ਆਧੁਨਿਕ ਥੀਮਾਂ ਨਾਲ ਪੰਜਾਬੀ ਨੂੰ ਜੋੜਨ ਵਿੱਚ ਮਾਹਰ ਬਣਾਏਗਾ।

## ਡਾਇਸਪੋਰਾ ਮੈਂਟਰਸ਼ਿਪ

ਕੈਲੀਫ਼ੋਰਨੀਆ, ਆਸਟ੍ਰੇਲੀਆ ਵਰਗੇ ਖੇਤਰਾਂ ਵਿੱਚ ਲੋਕਲ ਚੈਪਟਰ ਬਣਾ ਕੇ ਨਵੇਂ ਲੇਖਕਾਂ ਨੂੰ ਸੀਨੀਅਰਾਂ ਨਾਲ ਜੋੜਿਆ ਜਾਵੇਗਾ, ਜਿੱਥੇ ਉਹ ਰੂ-ਬ-ਰੂ ਮੀਟਿੰਗਾਂ ਵਿੱਚ ਰਚਨਾ ਪੜ੍ਹ ਕੇ ਚਰਚਾ ਕਰਨ। ਪੁਰਸਕਾਰ ਜਾਂ ਪ੍ਰਕਾਸ਼ਨ ਦੇ ਮੌਕੇ ਦੇ ਕੇ ਉਨ੍ਹਾਂ ਨੂੰ ਪ੍ਰੇਰਿਤ ਕਰਿਆ ਜਾਵੇਗਾ, ਜਿਵੇਂ ਸਾਹਿਤਕ ਅਕਾਦਮੀਆਂ ਨੇ ਪਹਿਲਾਂ ਕੀਤਾ। ਇਸ ਢੰਗ ਨਾਲ ਡਾਇਸਪੋਰਾ ਦੇ ਨੌਜਵਾਨ ਆਪਣੀ ਭਾਸ਼ਾ ਨੂੰ ਜਿਊਂਦਾ ਰੱਖਣਗੇ।

## ਪ੍ਰੈਕਟੀਕਲ ਪ੍ਰੋਗਰਾਮ ਲਿਖਣ ਮੁਕਾਬਲੇ

ਹਰ ਤਿਮਾਹੀ ਵਿਸ਼ਾ ਨਿਰਧਾਰਤ ਕਰਕੇ ਐਂਟਰੀ ਲੈ ਅਤੇ ਜੇਤੂਆਂ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ।

ਪਾਠਕ ਵਰਕਸ਼ਾਪ: ਨਵੇਂ ਲੇਖਕਾਂ ਨੂੰ ਪੁਰਾਣੇ ਸਾਹਿਤ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਵੇਗਾ, ਜਿਵੇਂ ਨਾਨਕ ਸਿੰਘ ਦੀਆਂ ਰਚਨਾਵਾਂ, ਤਾਂ ਜੋ ਉਹ ਮੁਕੰਦੀ ਬਣਨ।

ਡਿਜੀਟਲ ਟੂਲਜ਼ ਟ੍ਰੇਨਿੰਗ: ਰੀਲਜ਼ ਅਤੇ ਪੋਡਕਾਸਟ ਬਣਾਉਣੇ ਸਿਖਾਏ ਜਾਣਗੇ, ਜੋ ਪੰਜਾਬੀ ਸਾਹਿਤ ਨੂੰ ਵਾਇਰਲ ਕਰਨਗੇ।

ਇਹ ਸਾਰੇ ਨਵੀਨਤਮ ਤਰੀਕੇ ਅਕਾਦਮੀ ਨੂੰ ਭਵਿੱਖ ਦੇ ਸਾਹਿਤਕ ਤਾਰਿਆਂ ਦਾ ਕੇਂਦਰ ਬਣਾਉਣਗੇ। ਅਸੀਂ ਸਾਰੇ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਕੰਪਿਊਟਰ ਮਾਹਿਰਾਂ ਸਾਹਿਤਕਾਰਾਂ ਨੂੰ ਬੇਨਤੀ ਕਰਾਂਗੇ ਕਿ ਉਹ ਸਾਨੂੰ ਆਪਣਾ ਵੱਧ ਤੋਂ ਵੱਧ ਪੂਰਾ ਸਹਿਯੋਗ ਦੇਣ। ਇਸ ਤਰ੍ਹਾਂ ਪੰਜਾਬੀ ਸਾਹਿਤ ਦਾ ਵਿਸ਼ਵ ਭਰ ਦੇ ਵਿੱਚ ਵਿਕਾਸ ਹੋਣਾ ਸ਼ੁਰੂ ਹੋ ਜਾਵੇਗਾ ਤੇ ਸੱਭਿਆਚਾਰ ਵਿਰਸਾ ਵੀ ਪ੍ਰਫੁੱਲਤ ਹੋਵੇਗਾ।

# ਸਤਨਾਮ ਸਿੰਘ ਮਾਣਕ ਦੀ ਗ਼ਜ਼ਲ 'ਹਨੇਰੇ ਤੋਂ ਬਾਅਦ' ਹੰਸ ਰਾਜ ਹੰਸ ਤੇ ਹੋਰ ਸ਼ਖ਼ਸੀਅਤਾਂ ਵਲੋਂ ਰਿਲੀਜ਼

## ✪ ਸਰੋਤਿਆਂ ਵਲੋਂ ਅਨਾਦੀ ਮਿਸ਼ਰਾ ਦੀ ਗਾਇਕੀ ਦੀ ਭਰਪੂਰ ਪ੍ਰਸ਼ੰਸਾ



*ਸਤਨਾਮ ਸਿੰਘ ਮਾਣਕ ਦੀ ਗ਼ਜ਼ਲ 'ਹਨੇਰੇ ਤੋਂ ਬਾਅਦ' ਲੋਕ ਅਰਪਣ ਕਰਦੇ ਹੋਏ ਪ੍ਰਸਿੱਧ ਗਾਇਕ ਹੰਸ ਰਾਜ ਹੰਸ*

ਫਗਵਾੜਾ-ਇਥੇ ਇਕ ਪ੍ਰਭਾਵਸ਼ਾਲੀ ਸਮਾਗਮ ਵਿਚ ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਦੀ ਗ਼ਜ਼ਲ 'ਹਨੇਰੇ ਤੋਂ ਬਾਅਦ' ਉਘੇ ਸੂਫ਼ੀ ਗਾਇਕ ਹੰਸ ਰਾਜ ਹੰਸ, ਅਰੁਣ ਮਿਸ਼ਰਾ, ਆਤਮ ਪ੍ਰਕਾਸ਼ ਸਿੰਘ, ਭੁਪਿੰਦਰ ਮੱਲ੍ਹੀ ਤੇ ਹੋਰ ਸ਼ਖ਼ਸੀਅਤਾਂ ਵਲੋਂ ਰਿਲੀਜ਼ ਕੀਤੀ ਗਈ। ਇਸ ਗ਼ਜ਼ਲ ਨੂੰ ਨੌਜਵਾਨ ਗਾਇਕ ਅਨਾਦੀ ਮਿਸ਼ਰਾ ਵਲੋਂ ਆਵਾਜ਼ ਦਿੱਤੀ ਗਈ ਹੈ। ਇਸ ਅਵਸਰ 'ਤੇ ਬੋਲਦਿਆਂ ਹੰਸ ਰਾਜ ਹੰਸ ਨੇ ਕਿਹਾ ਕਿ ਸਤਨਾਮ ਸਿੰਘ ਮਾਣਕ ਨਾਲ ਉਨ੍ਹਾਂ ਦੇ ਕਈ ਦਹਾਕਿਆਂ ਤੋਂ ਸੰਬੰਧ ਚੱਲੇ ਆ ਰਹੇ ਹਨ। ਉਨ੍ਹਾਂ ਨੇ ਹਮੇਸ਼ਾ ਲਗਨ ਅਤੇ ਪ੍ਰਤੀਬੱਧਤਾ ਨਾਲ ਪੱਤਰਕਾਰੀ ਕੀਤੀ ਹੈ। ਪਰ ਇਸ ਦੇ ਨਾਲ-ਨਾਲ ਉਨ੍ਹਾਂ ਦੀ ਸਾਹਿਤ ਅਤੇ ਸੰਗੀਤ ਵਿਚ ਨਿਰੰਤਰ ਦਿਲਚਸਪੀ ਬਣੀ ਰਹੀ ਹੈ।

ਮੈਨੂੰ ਇਸ ਗੱਲ ਦੀ ਬੇਹੱਦ ਖ਼ੁਸ਼ੀ ਹੈ ਕਿ ਉਨ੍ਹਾਂ ਨੇ ਹੁਣ ਕਾਵਿ ਸਿਰਜਣਾ ਵੀ ਸ਼ੁਰੂ ਕੀਤੀ ਹੈ, ਜਿਸ ਦੇ ਕਈ ਰੂਪ ਅੱਜ ਇਥੇ ਉਨ੍ਹਾਂ ਵਲੋਂ ਲਿਖੇ ਗਏ ਗੀਤਾਂ ਰਾਹੀਂ ਦੇਖੇ ਹਨ। ਉਨ੍ਹਾਂ ਨੇ ਕਿਹਾ ਕਿ ਮੈਨੂੰ ਇਸ ਗੱਲ ਦੀ ਵੀ ਵੱਡੀ ਸੰਤੁਸ਼ਟੀ ਹੈ ਕਿ ਸ਼ਾਸਤਰੀ ਸੰਗੀਤ ਨਾਲ ਜੁੜੇ ਮਿਸ਼ਰਾ ਪਰਿਵਾਰ ਦੇ ਨੌਜਵਾਨ ਗਾਇਕ ਅਨਾਦੀ ਮਿਸ਼ਰਾ ਨੇ ਸਤਨਾਮ ਸਿੰਘ ਮਾਣਕ ਵਲੋਂ ਲਿਖੀ ਗ਼ਜ਼ਲ ਨੂੰ ਆਪਣੀ ਆਵਾਜ਼ ਵਿਚ ਪੇਸ਼ ਕੀਤਾ ਹੈ। ਮੈਨੂੰ ਪੂਰੀ ਆਸ ਹੈ ਕਿ ਇਹ ਗ਼ਜ਼ਲ ਵੱਡੀ ਗਿਣਤੀ ਵਿਚ ਲੋਕਾਂ ਤੱਕ ਪਹੁੰਚੇਗੀ ਅਤੇ ਅਨਾਦੀ ਮਿਸ਼ਰਾ ਵੀ ਆਪਣੀ ਗਾਇਕੀ ਰਾਹੀਂ ਜ਼ਿੰਦਗੀ ਵਿਚ ਲੰਮਾ ਸਫ਼ਰ ਤੈਅ ਕਰੇਗਾ।

ਇਸ ਅਵਸਰ 'ਤੇ ਪੱਤਰਕਾਰਾਂ ਅਤੇ ਸੰਗੀਤ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਮੇਰੀ ਸਮਝ ਮੁਤਾਬਿਕ ਸਾਹਿਤ ਮਨੁੱਖ ਦੇ ਅੰਦਰ ਅਤੇ ਆਲੇ-ਦੁਆਲੇ ਵਾਪਰਦੇ ਘਟਨਾਕ੍ਰਮਾਂ ਦਾ ਪ੍ਰਤੀਕਰਮ ਹੁੰਦਾ ਹੈ, ਜੋ ਕਵਿਤਾ, ਕਹਾਣੀ, ਨਾਵਲ, ਨਾਟਕ ਅਤੇ ਵਾਰਤਿਕ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਪਿਛਲੇ ਸਮੇਂ ਵਿਚ ਮਹਿਸੂਸ ਕਰਦਾ ਰਿਹਾ ਹਾਂ ਕਿ ਕਵਿਤਾ ਰਾਹੀਂ ਤੁਸੀਂ ਆਪਣੀ ਗੱਲ ਥੋੜ੍ਹੇ ਸ਼ਬਦਾਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾ ਸਕਦੇ ਹੋ। ਇਸੇ ਲਈ ਮੈਂ ਕਾਵਿ ਸਿਰਜਣਾ ਵੱਲ ਥੋੜ੍ਹਾ ਧਿਆਨ ਕੇਂਦਰਿਤ ਕੀਤਾ ਹੈ।

ਅਨਾਦੀ ਮਿਸ਼ਰਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਤਨਾਮ ਸਿੰਘ ਮਾਣਕ ਵਲੋਂ ਲਿਖੀ ਇਹ ਗ਼ਜ਼ਲ ਮੈਨੂੰ ਨੂੰ ਬਹੁਤ ਪਸੰਦ ਆਈ ਸੀ, ਜਦੋਂ ਉਨ੍ਹਾਂ ਨੇ ਮੈਨੂੰ ਗਾਉਣ ਲਈ ਭੇਜੀ ਸੀ, ਉਸੇ ਸਮੇਂ ਮੈਂ ਹਾਂ ਕਰ ਦਿੱਤੀ ਸੀ ਤੇ ਅੱਜ ਇਹ ਸਰੋਤਿਆਂ ਦੇ ਰੂ-ਬਰੂ ਪੇਸ਼ ਕਰਕੇ ਮੈਨੂੰ ਬੇਹੱਦ ਖ਼ੁਸ਼ੀ ਹੋਈ ਹੈ। ਅਨਾਦੀ ਮਿਸ਼ਰਾ ਦੇ ਪਿਤਾ ਜੀ ਡਾ. ਅਰੁਣ ਮਿਸ਼ਰਾ ਨੇ ਕਿਹਾ ਕਿ ਮੈਨੂੰ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਮੇਰਾ ਸਪੁੱਤਰ ਆਪਣੇ ਪਰਿਵਾਰ ਦੀ ਸੰਗੀਤਕ ਵਿਰਾਸਤ ਨੂੰ ਅੱਗੇ ਵਧਾ ਰਿਹਾ ਹੈ ਅਤੇ ਹੰਸ ਰਾਜ ਹੰਸ ਅਤੇ ਸਤਨਾਮ ਸਿੰਘ ਮਾਣਕ ਵਰਗੇ ਲੋਕਾਂ ਦੀ ਸੰਗਤ ਨਾਲ ਉਸ ਦੀ ਕਲਾ ਵਿਚ ਹੋਰ ਵੀ ਨਿਖਾਰ ਆ ਰਿਹਾ ਹੈ। ਮੈਨੂੰ ਅਨਾਦੀ ਮਿਸ਼ਰਾ 'ਤੇ ਪੂਰਾ-ਪੂਰਾ ਮਾਣ ਹੈ। ਇਥੇ ਵਰਨਣਯੋਗ ਹੈ ਕਿ ਸਤਨਾਮ ਸਿੰਘ ਮਾਣਕ ਨੇ ਕੋਰੋਨਾ ਕਾਲ ਵਿਚ ਕਾਵਿ ਸਿਰਜਣਾ ਸ਼ੁਰੂ ਕੀਤੀ ਸੀ। ਉਨ੍ਹਾਂ ਦੇ 'ਆ ਦਿਲਾ', 'ਦਰਦ ਦਾ ਦਰਿਆ', 'ਸ਼ੇਰ ਪੰਜਾਬ ਦੇ', 'ਜ਼ਿੰਦਾਬਾਦ' ਤੇ 'ਕੰਢੇ ਸੰਤਾਲੀ ਵਾਲੇ' ਆਦਿ ਗੀਤ ਵਿਸ਼ੇਸ਼ ਤੌਰ 'ਤੇ ਚਰਚਿਤ ਹੋਏ ਸਨ।

ਇਹ ਗ਼ਜ਼ਲ ਰਿਲੀਜ਼ ਕਰਨ ਸਮੇਂ ਰਾਕੇਸ਼ ਸ਼ਾਂਤੀਦੂਤ, ਸਵਰਨ ਸਿੰਘ ਟਹਿਣਾ, ਡੀ.ਆਰ. ਬੰਦਨਾ, ਬਲਜੀਤ ਬੱਲ, ਸੁਰਿੰਦਰਪਾਲ ਸਿੰਘ, ਸ਼ਿਵ ਸ਼ਰਮਾ, ਮਨਦੀਪ ਸ਼ਰਮਾ, ਜਤਿੰਦਰ ਪੰਮੀ, ਪ੍ਰੋ. ਕੁਲਜੀਤ ਕੌਰ, ਜਸਪਾਲ ਸਿੰਘ, ਹਰੀਸ਼ ਕੁਮਾਰ, ਆਰਟਿਸਟ ਇੰਦਰਜੀਤ ਸਿੰਘ, ਰਾਜੇਸ਼ ਥਾਪਾ, ਤਜਿੰਦਰ ਕੌਰ ਥਿੰਦ, ਸ਼ੀਤਲ ਠਾਕੁਰ, ਕੋਮਲ ਸ਼ਰਮਾ ਅਤੇ ਐਚ.ਐਮ.ਵੀ. ਦੀਆਂ ਵਿਦਿਆਰਥਣਾਂ ਮੌਜੂਦ ਸਨ।

# The first aim of the contesting groups is to attain absolute majority

**TAIL PIECE**
**Advotate**
**Dalip Singh Wasan**
**Email**
**dalipsinghwassan@yahoo.co.in**

I our democracy the contesting groups are interested in get majority to form government and they know that without asolute majority in numbers, they shall form government and government oly and would not get fll stats of government. And therefor3e, they have divided themselves ito two major groups and are trying to other small wings to join with them. And we have seen that this time these two big groups could not brig an absolute majority and the winners are trying to persuade others to join them so that with absolute majority a running government could be established.

The people are just voters and here electons are just rehearsals between the same sets of politicians and the people know that thewe3 sets are not having any specific systems with them with which they would develop he contry with Bills, Schemes, Projects and Policies. The British had dome much and even the earlier sets of politicians had been following those systems and the basifs established during british rule had been adopted and carried on in these decades. Because of increase in population, nmber of those units had been inceased and and most of our weaker points are still present in our system and therefore, our speed had been ow. All is available here in our natur, and we could estbolish corporate house who could use much of our natural resoures and now we couold bring much items of use and even are present in international market.

We are not coming up with specificd programmes to root out poverty from Induia and because of this increasing poverty, we are stll far away from prper development of our society and in spite of all efforts even society is stlol broken in religions, astes, upper lasses and lower classes and system of reservation which shall keep alive this broken society and shalol work as vote bank only..

We are talking of complete developing and are fixing last date by completing one century of independence, but wtill we are far away by giving the people one united society with proper health, proper eduation, with proper tratining to adopt a particular occupation, employment to all able people and proper income in each family with which proper life could be established in the people. When we talk of development, we must ensure first fives to all and now we must be able to tell the people specific methods with which some other countries could brought first fives to each member of their societies.

The contesting groups must note that all methods used update are not popular amongst the people and they are reacting when they are not coming to votes and vote percentage has come down. The people want specific methods which the contesting groups must adopt and assure the people with specific projects, schemes, Policies and since people are now educfated, shall come forward with higher number of votes and this big democracy shall bring better people ahead togovern them.

There are still no efforts to turn the Parliament as house of the people and still members are divided into groups and could not work as representatives of the people. Merte sporters and followers lose their status and representation of people is still a far cry.

Let all elected must become representatives of the people none should be member of contesting groups and even they must elect government, just an Excuting Body Presence of contesting groups in the House would not allow us to establish real democracy because fighting groups cannot establish a working government.


## ਨਵੇਂ ਘਰ ਪ੍ਰਵੇਸ਼ ਡਾਕਟਰ ਮਾਨ, ਸੀ ਐਮ ਸਾਬ ਤੇ ਇੰਡਸਟਰੀ ਆਈ ਧੰਨਵਾਦ ਕਰਮਜੀਤ ਅਨਮੋਲ



ਕਰਮਜੀਤ ਅਨਮੋਲ ਪੰਜਾਬੀ ਫ਼ਿਲਮਾਂ ਦਾ ਸਟਾਰ ਕਲਾਕਾਰ ਹੈ ਜਿਸ ਨੇ ਕਮੇਡੀ ਹੀ ਨਹੀਂ ਕੀਤੀ ਬਲ ਕਿ ਕਮੇਡੀ ਦੇ ਨਾਲ ਹੀਰੋ ਦੇ ਕਿਰਦਾਰ ਵੀ ਬਾਖ਼ੂਬੀ ਨਿਭਾਅ ਕਿ ਆਪਣਾ ਨਾਮ ਖ਼ੂਬ ਬਣਾਇਆ ਹੈ। ਕਰਮਜੀਤ ਅਨਮੋਲ ਨਾਇਕ ਦੇ ਨਾਲ ਸਟਾਰ ਗਾਇਕ ਵੀ ਨੇ "ਯਾਰਾ ਵੇ" ਓਹਨਾਂ ਦੀ ਪਹਿਚਾਣ ਦਾ ਪ੍ਰਤੀਕ ਹੈ। ਕਰਮਜੀਤ ਅਨਮੋਲ ਨੇ ਮੋਹਾਲੀ ਵਿਖੇ ਆਪਣੇ ਨਵੇਂ ਗ੍ਰਹਿ ਪ੍ਰਵੇਸ਼ ਸਤਿਗੁਰੂ ਛਤਰ ਛਵਰ ਦੇ ਮਾਲਿਕ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਣ ਬਾਅਦ ਕੀਤਾ। ਇਸ ਮੌਕੇ ਅਹਿਮ ਕਿ ਕਰਮਜੀਤ ਅਨਮੋਲ ਦੇ ਪੁਰਾਣੇ ਦੋਸਤ ਤੇ ਮਜੂਦਾ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੀ ਆਏ ਤੇ ਓਹਨਾਂ ਦੀ ਧਰਮ ਪਤਨੀ ਸਰਦਾਰਨੀ ਗੁਰਪ੍ਰੀਤ ਕੌਰ ਮਾਨ ਵੀ ਅਨਮੋਲ ਘਰੇ ਮੌਜੂਦ ਰਹੇ। ਪਾਲੀਵੁੱਡ ਤਾਂ ਸਮੁੱਚੀ ਆਈ ਸੀ, ਕਿਤੇ ਸੰਗੀਤਕਾਰ ਸਚਿਨ ਅਹੂਜਾ ਤੇ ਕਿਤੇ ਜਸਬੀਰ ਜੱਸੀ , ਸਰਦਾਰ ਸੋਹੀ ਤੋਂ ਜਗਤਾਰ ਸਿੰਘ ਬੈਨੀਪਾਲ ਤੱਕ ਸਾਰੇ ਸਟਾਰ ਕਲਾਕਾਰ ਆਏ ਤੇ ਸਭ ਨੇ ਕਰਮਜੀਤ ਅਨਮੋਲ ਦੀ ਅਣਥੱਕ ਮਿਹਨਤ ਦੀ ਤਰੀਫ ਕਰਦੇ ਨਵੇਂ ਘਰ ਸੁੱਖ ਸ਼ਾਂਤੀ ਖ਼ੁਸ਼ੀਆਂ ਰਹਿਣ ਦੀ ਅਰਦਾਸ ਕੀਤੀ। ਕਰਮਜੀਤ ਅਨਮੋਲ ਨੇ ਸਾਰੇ ਪਤਵੰਤੇ ਸੱਜਣਾਂ, ਅਫ਼ਸਰ ਸਾਹਿਬਾਨ, ਮੰਤਰੀ, ਵਿਧਾਇਕ ਤੇ ਕਲਾਕਾਰਾਂ ਦਾ ਧੰਨਵਾਦ ਕਰਦੇ ਕਿਹਾ ਕਿ ਵਾਹਿਗੁਰੂ ਦੀ ਕਿਰਪਾ ਕਿ ਆਪ ਜਿਹੇ ਸ਼ੁੱਭ ਲੋਕਾਂ ਦੇ ਚਰਨ ਓਹਨਾਂ ਦੇ ਗ੍ਰਹਿ ਪਏ ਨੇ ਤੇ ਸੰਗਤ ਦੇ ਚਰਨ ਪੈਣੇ ਬਹੁਤ ਹੀ ਵੱਡੀ ਗੁਰੂ ਦੀ ਬਖ਼ਸ਼ੀ ਦਾਤ ਹੁੰਦੀ ਹੈ। ਕਰਮਜੀਤ ਅਨਮੋਲ ਨੇ ਸੋਹਣੀ ਪੱਗ ਇਸ ਮੌਕੇ ਸਜਾਈ ਹੋਈ ਸੀ ਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਝਲਕ ਸਮੁੱਚੇ ਪ੍ਰੋਗਰਾਮ ਵਿੱਚ ਨਜ਼ਰ ਆਈ।

## ਇੱਕ ਬਲਕਾਰ ਅਣਖੀਲਾ ਸੁਰੀਲਾ ਦੂਜੀ ਮਨਜਿੰਦਰ ਗੁਲਸ਼ਨ ਸੁਰੀਲੀ ਤੇ ਸੋਹਣੀ ਹੈ ਬਿਊਟੀਫੁੱਲ ਜੋੜੀ

ਬਲਕਾਰ ਅਣਖੀਲਾ ਦੀ ਤੂੰਬੀ ਜਦ ਸਟੇਜ ਤੇ ਵੱਜਦੀ ਏ ਤਦ ਪਰੀ ਲੋਕ ਵਿੱਚ ਗੱਲਾਂ ਹੁੰਦੀਆਂ ਨੇ ਕਿ ਕੌਣ ਸਰਸਵਤੀ ਦੇ ਰਾਗ ਲੋਕ ਰਾਗ ਛੇੜ ਰਿਹਾ ਜ਼ਮੀਨ



ਤੇ ਅਤੇ ਮਨਜਿੰਦਰ ਗੁਲਸ਼ਨ ਜਦ ਸੋਹਣਾ ਪੰਜਾਬੀ ਸੂਟ ਰੰਗਬਿਰੰਗੀ ਚੁੰਨੀ ਨਾਲ ਸਟੇਜ ਤੇ ਆ ਕਿ ਪਹਿਲੀ ਸੁਰ ਲਾਉਂਦੀ ਏ ਤਦ ਰਾਜਿਆਂ ਦੇ ਦਰਬਾਰ ਵਿੱਚ ਗੱਲਾਂ ਹੁੰਦੀਆਂ ਕਿ ਆਵਾਜ਼ ਦੀ ਹੀਰ ਗਾ ਰਹੀ ਹੈ। ਸੱਚਮੁੱਚ ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਦੀ "ਬਿਊਟੀਫੁੱਲ ਜੋੜੀ" ਅੱਜ ਦੇਸ਼ ਵਿਦੇਸ਼ ਪੰਜਾਬੀ ਦਿਲਾਂ ਵਿੱਚ ਰਾਜ ਕਰਦੀ ਹੈ। ਸਬੱਬ ਨਾਲ ਕੁਲਬੀਰ ਕੋਟਭਾਈ ਨੇ ਡਿਊਟ ਲਿਖਿਆ ਤਾਂ ਡਿਊਟ ਦਾ ਟਾਈਟਲ ਹੀ "ਬਿਊਟੀਫੁੱਲ ਜੋੜੀ" ਬਣ ਗਿਆ। ਸੰਗੀਤ ਯੁਵਾ ਦਿਮਾਗ ਲੱਕੀ ਅਣਖੀਲਾ ਦੇ ਵੱਲੋਂ ਵੀ ਬਿਊਟੀਫੁੱਲ ਬਣਿਆ ਹੈ ਤੇ ਇਹ ਟਰੈਕ ਬਲਕਾਰ ਅਣਖੀਲਾ ਮਿਊਜ਼ਿਕ ਚੋ ਆ ਕਿ ਚਾਰ ਚੁਫੇਰੇ ਚਰਚਾ ਵਿੱਚ ਹੈ। ਸਾਹਿਲ ਨੇ ਵੀਡੀਓ ਨਿਰਦੇਸ਼ਕ ਬਣ ਬਿਊਟੀਫੁੱਲ ਲੋਕੇਸ਼ਨ ਤੇ ਬਿਊਟੀਫੁੱਲ ਮਾਡਲ ਲੈਣ ਬਾਅਦ ਵੀਡੀਓ ਨਿਰਦੇਸ਼ਤ ਕੀਤਾ ਹੈ। ਅੱਜ ਤੋਂ ਪੰਦਰਾਂ ਸਾਲ ਪਹਿਲੇ ਵੀ ਮਨਜਿੰਦਰ ਗੁਲਸ਼ਨ ਦੀ ਫਿੱਟਨੈੱਸ ਕਰੀਨਾ ਕਪੂਰ ਜਿਹੀ ਸੀ ਤੇ ਬਲਕਾਰ ਤਦ ਵੀ ਇੰਜ ਦਾ ਜਿਵੇਂ ਅੱਜ ਹੈ। ਸਦਾਬਹਾਰ ਗਾਇਕੀ ਜੋੜੀ ਹੈ ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ। "ਕੇਸ ਪਿਆ ਚਿੱਟੇ ਦਾ" ਅੱਜ ਪਤਾ ਨਹੀਂ ਕਿੰਨੀ ਵਾਰ ਓਹਨਾਂ ਤੋ ਮੇਲੇ, ਸਮਾਗਮਾਂ ਤੇ ਵਿਆਹਾਂ ਵਿੱਚ ਸੁਣਿਆ ਜਾਂਦਾ ਹੈ ਤੇ ਹੁਣ "ਬਿਊਟੀਫੁੱਲ ਜੋੜੀ" ਵੀ ਇੰਜ ਹੀ ਸਰੋਤੇ ਤੇ ਦਰਸ਼ਕ ਸੁਣਿਆਂ ਕਰਨਗੇ। ਇਸ ਦੋਗਾਣੇ ਨਾਲ ਨਵੇਂ ਸਾਲ ਵਿੱਚ ਸੁਪਰ ਕਾਮਯਾਬੀ ਦੇ ਚਿੰਨ੍ਹ ਬਣ ਟੋਪ ਤੇ ਹੈ ਅਣਖੀਲਾ/ਗੁਲਸ਼ਨ ਦੀ "ਬਿਊਟੀਫੁੱਲ ਜੋੜੀ"।

# • ਪੰਜਾਬੀ ਫ਼ਿਲਮ ਦਰਪਣ •

## ਅੱਧੀ ਸਦੀ ਤੋਂ ਫ਼ਿਲਮਾਂ ਨਾਲ ਜੁੜੇ ਰਹਿਣਾ ਅਹਿਮ ਗੱਲ ਬਾਲਕ੍ਰਿਸ਼ਨ ਕੋਚਰ



ਬਾਲਕ੍ਰਿਸ਼ਨ ਕੋਚਰ ਯੁੱਗ ਯੁੱਗ ਜਿਓਣ, ਸਿਹਤਯਾਬ ਰੱਖੇ ਖ਼ੁਦਾ ਦੁਆਵਾਂ। ਬਾਲਕ੍ਰਿਸ਼ਨ ਕੋਚਰ ਓਹ ਅਭਿਨੇਤਾ ਹਨ ਜਿਹੜੇ ਤਕਰੀਬਨ ਚਾਲੀ ਸਾਲ ਤੋਂ ਵੱਧ ਹੀ ਹੋ ਗਏ ਐਕਟਿੰਗ ਜੀਵਨ ਦਾ ਹਿੱਸਾ ਹਨ। ਛਲੀਏ ਕੋਚਰ ਕਰ ਓਹ ਪ੍ਰਸਿੱਧ ਹਨ ਤੇ ਐਕਟਿੰਗ ਕਰਨ ਵਿੱਚ ਲੰਮਾ ਸਫ਼ਰ ਬਤੀਤ ਕੀਤਾ ਓਹਨਾਂ ਕੀਤਾ ਹੈ ਤੇ ਜ਼ਾਰੀ ਹੈ। ਤਦ ਸਟਾਰ ਐਕਟਰ, ਫਿਲਮੀ ਕਿੰਗ ਕੋਚਰ ਸਾਬ ਨੂੰ ਕਹਾਉਣ ਦਾ ਹੱਕ ਹੈ ਬਾਲਕ੍ਰਿਸ਼ਨ ਕੋਚਰ ਯਾਦ ਹੈ ਪੰਜਾਬੀ ਭਵਨ ਲੁਧਿਆਣਾ ਜਿੱਥੇ ਪਹਿਲਾ ਪੰਜਾਬੀ ਪਲੇ "ਪੁਰਜ਼ਾ ਪੁਰਜ਼ਾ ਕੱਟ ਮਰੈ" ਕੀਤਾ ਸੀ ਤਾਂ ਸਾਰੇ ਆਖਣ ਬਾਲਕ੍ਰਿਸ਼ਨ ਕੋਚਰ ਹੁਣ ਬਾਲ ਨਹੀਂ ਸਿਆਣਾ ਕਲਾਕਾਰ ਬਣ ਦਿਖਾ ਦੇਵੇਗਾ। ਕ੍ਰਿਸ਼ਨ ਜੀ ਦੀ ਕਿਰਿਆ ਕਿਰਪਾ ਤੇ ਫਿਰ ਓਹ ਫ਼ਿਲਮ ਕਲਾਕਾਰ ਬਣ ਗਏ ਤੇ ਸੁਖਦੇਵ ਆਹਲੂਵਾਲੀਆ ਦੀ ਫ਼ਿਲਮ "ਸੋਹੰ ਮੈਨੂੰ ਪੰਜਾਬ ਦੀ" ਕੀਤੀ ਨਾਲ ਸਤੀਸ਼ ਕੌਲ ਸਨ। ਇਹ ਸਫਰ ਅੱਜ ਸ਼ਾਨ ਨਾਲ ਜ਼ਾਰੀ ਹੈ। ਰਾਜਾ ਹੈ ਦਿਲ ਦਾ ਬਾਲਕ੍ਰਿਸ਼ਨ ਕੋਚਰ, ਕਿੰਗ ਹੈ ਐਕਟਿੰਗ , ਰਾਜਕੁਮਾਰ ਹੈ ਮਾਡਲਿੰਗ ਦਾ ਤੇ ਮਹਾਰਾਜਾ ਹੈ ਆਪਣੇ ਬਿਲਖੂ ਜਿਹੇ ਯਾਰ ਅਣਮੁੱਲੇ ਮਿੱਤਰਾਂ ਲਈ। ਰੱਬ ਕਰੇ ਇਸ ਸਾਲ ਵੱਡੇ ਵੱਡੇ ਵੀਡਿਓ ਤੇ ਟੋਪ ਫ਼ਿਲਮਾਂ ਓਹ ਕਰੇ ਤੇ ਸੀਨੀਅਰ ਕਲਾਕਾਰ ਦਾ ਐਵਾਰਡ ਪ੍ਰਾਪਤ ਕਰੇ ਬਾਲਕ੍ਰਿਸ਼ਨ ਕੋਚਰ। ਲਾਈਫ ਟਾਈਮ ਅਚੀਵਮੈਂਟ ਪੀ ਟੀ ਸੀ ਪੰਜਾਬੀ ਦੇ ਓਹ ਹੱਕਦਾਰ ਹਨ। ਪੰਜਾਬ ਤੇ ਭਾਰਤ ਸਰਕਾਰ ਅੱਧੀ ਸਦੀ ਅਭਿਨੈ ਨੂੰ ਦੇਣ ਵਾਲੇ ਕੋਚਰ ਛਲੀਆ ਬਾਲਕ੍ਰਿਸ਼ਨ ਕੋਚਰ ਨੂੰ ਖਾਸ ਸਨਮਾਨ ਦੇਵੇ ਬਣਦਾ ਹੈ।

## ਘੱਟ ਕਰਕੇ ਨਾ ਜਾਣੀ ਕੁੜੀ ਆਂ ਮੈਂ ਨਾਭੇ ਸ਼ਹਿਰ ਦੀ ਅਮਨਦੀਪ ਕੌਰ



ਨਾਭਾ ਪੰਜਾਬੀ ਸਭਿਆਚਾਰ ਵਿੱਚ ਲੋਕ ਪ੍ਰਿਅ ਨਾਂਅ ਹੈ ਜਿਹੜਾ ਕਈ ਵੇਰ ਵਰਤਿਆ ਜਾਂਦਾ ਹੈ ਜਿਵੇਂ ਨਾਭੇ ਦੀਏ ਬੰਦ ਬੋਤਲੇ ਤੈਨੂੰ ਪੀਣਗੇ ਨਸੀਬਾਂ ਵਾਲੇ ਤੇ ਨਾਭਾ ਦੀ ਹੀ ਅਮਨਦੀਪ ਕੌਰ ਇੰਡੀਆ ਖੇਡ ਦੀ ਰਾਸ਼ਟਰੀ ਖਿਡਾਰਨ , ਵਾਲੀਵਾਲ , ਦੌੜ ਤੇ ਫਿਰ ਟ੍ਰੇਨਰ ਕੋਚ ਜਿਸ ਦੀ ਸਿਖਲਾਈ ਨਾਲ ਹਰਜਿੰਦਰ ਕੌਰ ਚਾਂਦੀ ਤਮਗਾ ਜਿੱਤ ਗਈ। ਅਮਨ ਪੂਨੀਆ ਦੇ ਨਾਮ ਤੇ ਓਹ ਅੱਜ ਕਲ ਫਿਲਮ ਐਕਟ੍ਰੈਸ ਹੈ ਤੇ ਪੰਜਾਬੀ ਸ਼ੋਰਟ ਫਿਲਮਾਂ ਦੀ ਲੋਕ ਪ੍ਰਿਅ ਐਕਟ੍ਰੈਸ ਬਣ ਰਹੀ ਹੈ ਅਮਨ ਪੂਨੀਆ ਕਿਸੇ ਦਾ ਹੱਕ ਨਹੀਂ ਰੱਖਦੀ , ਅਮਨ ਪੂਨੀਆ ਬਿਨ ਜਿਆਦਾ ਰਿਹਸਾਲ ਦੇ ਆਪਣੇ ਦ੍ਰਿਸ਼ ਦਿੰਦੀ ਹੈ। ਅਮਨ ਪੂਨੀਆ ਸੋਸ਼ਲ ਮੀਡੀਆ ਤੇ ਖ਼ੂਬ ਐਕਟਿਵ ਰਹਿੰਦੀ ਹੈ ਤੇ ਅਮਨ ਪੂਨੀਆ ਈਮਾਨ , ਧਰਮ ਤੇ ਕਰਮ ਤੇ ਵਿਸ਼ਵਾਸ਼ ਰੱਖਦੀ ਹੈ। ਕੋਈ ਵੀ ਕਿਰਦਾਰ ਓਹ ਆਰਾਮ ਤੇ ਸਕੂਨ ਨਾਲ ਕਰਨ ਵਾਲੀ ਐਕਟ੍ਰੈਸ ਹੈ। ਅਮਨ ਪੂਨੀਆ ਚਾਹੇ ਤਾਂ ਫੈਸ਼ਨ ਮਾਡਲ ਬਣ ਵੀ ਲੋਕ ਪ੍ਰਿਅ ਹੁੰਦੀ ਪਰ ਸਮੇਂ ਦੀ ਕਮੀ ਵਰਨਾ ਹਰ ਪਹਿਰਾਵਾ ਓਸ ਨੂੰ ਜਚਦਾ ਹੈ। ਅਮਨ ਪੰਜਾਬਣ ਨਾਰੀ ਵੀ ਹੈ ਤੇ ਸਾੜ੍ਹੀ ਨਾਲ ਭਾਰਤੀ ਸੰਸਕ੍ਰਿਤੀ ਦਾ ਰੂਪ ਵੀ ਹੈ। ਸ਼ੁੱਧ ਭਾਰਤੀ ਨਾਰੀ। ਅਮਨ ਨੂੰ ਤੈਰਾਕੀ , ਦੌੜ, ਡਰਾਈਵਿੰਗ ਸਭੇ ਮੁਹਾਰਤਾ ਹਨ। ਅਮਨ ਪੂਨੀਆ ਬਾਬਤ ਨਿਰਦੇਸ਼ਕ ਹਰਬੀਰ ਸਿੰਘ ਢੀਂਡਸਾ ਆਖਦੇ ਨੇ ਕਿ ਅਮਨ ਆਪਣੇ ਕੰਮ ਨਾਲ ਅਰਥ ਰੱਖਦੀ ਹੈ ਤੇ ਸ਼ੂਟਿੰਗ ਤੇ ਪੂਰਾ ਸਹਿਯੋਗ ਦਿੰਦੀ ਹੈ। ਸੱਚ ਹੈ ਨਾ ਨਾਭੇ ਦੀ ਇਹ ਨਾਰੀ ਨਹੀਂ ਵਿਚਾਰੀ ਬਲ ਕਿ ਕਿਸੇ ਦੀ ਨੂੰਹ ਧੀ ਤੋਂ ਘੱਟ ਨਹੀਂ ਖੇਡਾਂ ਹੋਣ ਜਾਂ ਐਕਟਿੰਗ ਜੈ ਹੋ।

## ਭੂਸ਼ਨ ਮਦਾਨ ਗੱਲ ਤਾਂ ਜ਼ਰੂਰ ਕੋਈ ਕਿ ਰਮੇਸ਼ਵਰੀ ਫ਼ਿਲਮ ਕਰਵਾਏ

ਤਦ ਹਿੰਦੀ ਫ਼ਿਲਮ ਜਗਤ ਦੀ ਸੁਪਰ ਸਟਾਰ ਨਾਇਕਾ ਬਣ ਰਮੇਸ਼ਵਰੀ ਰਾਜ ਕਰਨ ਬਾਅਦ ਵਿਆਹ ਕਰਵਾ ਕਿ ਨਵੀਂ ਫ਼ਿਲਮ ਪਾਰੀ ਸਟਾਰਟ ਕਰ ਰਹੀ ਸੀ। ਓਸ ਨੇ ਨਿਰਮਾਣ ਖੇਤਰ ਪੈਰ ਧਰੇ ਤੇ ਪੰਜਾਬੀ ਫ਼ਿਲਮ "ਮੈਂ ਤੂੰ ਅਸੀਂ ਤੁਸੀਂ" ਸ਼ੁਰੂ ਕੀਤੀ। ਰਮੇਸ਼ਵਰੀ ਨੇ ਫੀਡ ਬੈਕ ਲਈ ਸੀ ਤੇ ਓਸ ਨੇ ਭੂਸ਼ਣ ਮਦਾਨ ਨੂੰ ਆਪਣੀ ਫ਼ਿਲਮ ਦੇ ਕਾਰਗੁਜ਼ਾਰੀ ਨਿਰਮਾਣ ਲਈ ਲਿਆ। ਭੂਸ਼ਨ ਮਦਾਨ ਦੱਸਦੇ ਨੇ ਫ਼ਿਲਮ ਦੇ ਨਿਰਦੇਸ਼ਕ ਮੁਸਤਾਕ



ਪਾਸ਼ਾ ਦਾ ਸ਼ੁਕਰਾਨਾ ਜਿਹੜੇ ਓਹਨਾਂ ਬਾਬਤ ਸਹੀ ਫੀਡ ਬੈਕ ਰਮੇਸ਼ਵਰੀ ਨੂੰ ਦਿੰਦੇ ਰਹੇ ਕਹਿਣ ਦਾ ਅਰਥ ਇਹ ਕਿ ਭੂਸ਼ਨ ਮਦਾਨ ਕਾਮਯਾਬ ਨਿਰਮਾਤਾ ਤੇ ਪੰਜਾਬੀ ਫ਼ਿਲਮਾਂ ਦੇ ਐਕਸਪਰਟ ਮੰਨੇ ਜਾਂਦੇ ਰਹੇ ਤਾਂ ਹੀ ਓਹਨਾਂ ਦੇ ਚਲਦੇ ਨਾਮ ਨੇ ਓਹਨਾਂ ਦਾ ਸਤਿਕਾਰ ਵਧਾਇਆ। ਭੂਸ਼ਨ ਮਦਾਨ ਨੇ "ਬਦਲਾ ਜੱਟੀ ਦਾ" ਤੋਂ "ਵੀਰਾਂ ਨਾਲ ਸਰਦਾਰੀ" ਤੱਕ ਅਨੇਕਾਂ ਹਿੱਟ ਫਿਲਮਾਂ ਕੀਤੀਆਂ ਤੇ ਰਮੇਸ਼ਵਰੀ ਦੀ ਨਜ਼ਰ ਵਿੱਚ ਓਹ ਸਤਿਕਾਰਤ ਨਿਰਮਾਤਾ ਬਣੇ। ਭੂਸ਼ਨ ਮਦਾਨ ਅੱਜ ਕੱਲ ਸੋਸ਼ਲ ਮੀਡੀਆ ਤੇ ਖ਼ੂਬ ਸਰਗਰਮ ਹਨ ਤੇ ਲੋਕਾਂ ਨੂੰ ਨਵੀਆਂ ਤੇ ਖਾਸ ਫਿਲਮੀ ਜਾਣਕਾਰੀ ਦਿੰਦੇ ਹਨ।

## ਸਤਨਾਮ ਸਿੰਘ ਉਮਰਪੁਰਾ ਦੀ ਸ਼ਾਨਦਾਰ ਫ਼ਿਲਮ ਰੰਗਲਾ ਪੰਜਾਬ



ਨੇਤਾ ਵੀ ਨੇ ਅਭਿਨੇਤਾ ਵੀ ਸਤਨਾਮ ਸਿੰਘ ਉਮਰਪੁਰਾ ਤੇ ਅੱਜ ਕਲ ਓਹ ਫ਼ਿਲਮ ਨਿਰਮਾਤਾ ਬਣ ਚੁੱਕੇ ਹਨ। ਓਹਨਾਂ ਨੇ ਅੱਜ ਕਲ ਡਰੱਗ ਤੇ ਬਣੀ ਚਰਚਿਤ ਫ਼ਿਲਮ "ਰੰਗਲਾ ਪੰਜਾਬ" ਵਿੱਚ ਕਮਾਲ ਦੀ ਐਕਟਿੰਗ ਕਰ ਦੱਸ ਦਿੱਤਾ ਹੈ ਕਿ ਐਕਟਿੰਗ ਤੇ ਕਿਰਦਾਰ ਓਹ ਕਰਨ ਦੀ ਜਾਚ ਰੱਖਦੇ ਹਨ। ਸਤਨਾਮ ਸਿੰਘ ਨੇ ਨਿਰਦੇਸ਼ਕ ਵਿਜੇ ਮੱਟੂ ਦੀ ਤਰੀਫ ਕੀਤੀ ਜਿਹਨਾਂ ਨੇ ਪੰਜਾਬ ਪੁਲਿਸ ਦੇ ਪੋਜ਼ੀਟਿਵ ਪੱਖ ਦੀ ਗੱਲ ਕੀਤੀ ਹੈ ਕਿ ਇਹ ਨਸ਼ਿਆਂ ਤੇ ਠੱਲ ਪਾਉਣ ਲਈ ਸਰਗਰਮ ਹੈ ਪਰ ਜਨਤਾ ਤੇ ਰਾਜਨੀਤੀ ਵਾਲੇ ਲੋਕ ਸਹਿਯੋਗ ਕਰਨ। ਸਤਨਾਮ ਸਿੰਘ ਨੇ ਕਿਹਾ ਕਿ ਓਹਨਾਂ ਨਾਲ ਫ਼ਿਲਮ ਵਿੱਚ ਗੁਰਦੀਪ ਸੰਧੂ ਜਿਹੇ ਦਿੱਗਜ ਨਾਇਕ ਤੇ ਰੁਪਾਲੀ ਗੁਪਤਾ ਜਿਹੀ ਨਾਮਵਰ ਐਕਟ੍ਰੈਸ ਵੀ ਹੈ ਤੇ ਨਵੇਂ ਚਿਹਰੇ ਵੀ ਹਨ। ਓਹ ਪ੍ਰੀਤ ਕੌਰ ਦੀ ਸਿਫਤ ਕਰਦੇ ਨਜ਼ਰ ਆਏ ਜਿਹੜੀ ਐਕਟਿੰਗ ਵਿੱਚ ਤਰੱਕੀ ਤੇ ਹੈ। ਇਹਨਾਂ ਹੀ ਨਹੀਂ ਓਹਨਾਂ ਨੀਟੂ ਸ਼ਟਰਾਂ ਵਾਲਾ ਬਾਬਤ ਕਿਹਾ ਕਿ ਓਹ ਅੱਛਾ ਐਕਟਰ ਵੀ ਹੈ ਤੇ ਮੈਨੂੰ ਓਸ ਨਾਲ "ਰੰਗਲਾ ਪੰਜਾਬ" ਕਰ ਕਿ ਆਨੰਦ ਆਇਆ। ਸਤਨਾਮ ਸਿੰਘ ਉਮਰਪੁਰਾ ਨੇ ਕਿਹਾ ਕਿ ਓਹ ਰਜਨੀਕਾਂਤ ਨੂੰ ਆਪਣਾ ਆਦਰਸ਼ ਮੰਨਦੇ ਨੇ ਜਿਹੜੇ ਫ਼ਿਲਮ ਤੇ ਰਾਜਨੀਤੀ ਵਿੱਚ ਛਾਏ ਰਹੇ। ਸਤਨਾਮ ਸਿੰਘ ਨੇ ਕਿਹਾ ਕਿ ਓਹਨਾਂ ਦਾ ਬੇਟਾ ਜਗਰੂਪ ਹਾਂਸ ਵੀ ਫ਼ਿਲਮ ਡਾਇਰੈਕਟਰ ਹੈ ਤੇ ਓਹ ਓਸ ਲਈ ਵੱਡੀ ਪੰਜਾਬੀ ਫ਼ਿਲਮ ਜਲਦੀ ਕਰਨ ਜਾ ਰਹੇ ਹਨ।

-ਅੰਮ੍ਰਿਤ ਪਵਾਰ

# ਦੁਨੀਆ ਪੈਸੇ ਦੀ



ਰਣਵੀਰ ਸਿੰਘ ਰਾਣਾ



ਹਰਜੀਤ ਹੁਰੀ ਦੋ ਭਰਾ ਸੀ। ਵੱਡਾ ਖੇਤੀ ਕਰਦਾ ਸੀ। ਹਰਜੀਤ ਪੜ੍ਹ ਕੇ ਟੀਚਰ ਲੱਗ ਗਿਆ। ਚਾਰ ਪੈਸੇ ਖੇਤੀ ਵਿਚੋਂ ਜੁੜਦੇ, ਚਾਰ ਪੈਸੇ ਹਰਜੀਤ ਦੀ ਤਨਖਾਹ ਦੇ ਨਾਲ ਰਲਦੇ, ਘਰ ਵਿੱਚ ਕੋਈ ਤੰਗੀ ਨਹੀਂ ਸੀ। ਸੁੱਖੀ ਪਰਿਵਾਰ ਸੀ। ਹਰਜੀਤ ਦੇ ਇੱਕ ਨਾਲ ਪੜਾਉਂਦੇ ਟੀਚਰ ਨੂੰ ਉਹਦੇ ਭਰਾ ਨੇ ਇੰਗਲੈਂਡ ਮੰਗਵਾ ਲਿਆ। ਕੁਝ ਸਮੇਂ ਪਿੱਛੋਂ ਉਸ ਟੀਚਰ ਨੇ ਹਰਜੀਤ ਨੂੰ ਚਿੱਠੀ ਪਾਈ। ਇੰਗਲੈਂਡ ਵਾਰੇ ਕਾਫ਼ੀ ਕੁਝ ਦੱਸਿਆ, ਨਾਲੇ ਕੁਝ ਫੋਟੋਆ ਵੀ ਭੇਜੀਆਂ। ਚਿੱਠੀ ਪੜ੍ਹ ਕੇ ਹਰਜੀਤ ਦੇ ਵੀ ਮਨ ਵਿੱਚ ਚਿੰਗਆੜੀ ਜਿਹੀ ਭੜਕਣ ਲੱਗ ਪਈ। ਬਾਪ ਨੇ ਵਥੇਰਾ ਸਮਝਾਇਆ, 'ਪੁੱਤ ਤੈਨੂੰ ਇਥੇ ਕਿਸੇ ਗੱਲ ਦਾ ਘਾਟਾ ਨਹੀਂ?' ਕੱਲ ਤੇਰਾ ਵਿਆਹ ਹੋਇਆ ਲੜਕੀ ਵੀ ਪੜੀਂ ਲਿਖੀ ਮਿਲ ਜਾਣੀ ਆ, ਉਹ ਵੀ ਨੌਕਰੀ ਕਰੇਗੀ ਵਥੇਰੀ ਘਰ ਵਿੱਚ ਖ਼ੁਸ਼ਹਾਲੀ ਹੋਵੇਗੀ। ਬਾਪ ਨੇ ਹੋਰ ਵੀ ਬਹੁਤ ਕੁੱਝ ਕਹਿਆ। ਪਰ ਇਕ ਪਾਸੇ ਬਾਪ ਦੀ ਨਸੀਹਤਾਂ, 'ਤੇ ਇਕ ਪਾਸੇ ਟੀਚਰ ਦੀਆਂ ਚਿੱਠੀਆਂ, 'ਤੇ ਫੋਟੋਆ, ਜਦੋਂ ਹਰਜੀਤ ਨੇ ਦੋਵੇਂ ਨੂੰ 'ਇੰਗਲੈਂਡ ਵਾਲੀ ਤੱਕੜੀ' ਵਿੱਚ ਤੋਲਿਆ ਬਾਪ ਦਾ ਪਲੜਾ ਹੌਲਾ ਹੋ ਗਿਆ। ਹਰਜੀਤ ਵੀ ਛੇ ਮਹੀਨੇ ਦਾ ਵੀਜ਼ਾ ਲੈ ਕੇ ਇੰਗਲੈਂਡ ਪਹੁੰਚ ਗਿਆ। ਉਦੋਂ ਹਾਲੇ ਇਮੀਗ੍ਰੇਸ਼ਨਾਂ ਇੰਨੀਆ ਸਖ਼ਤ ਨਹੀਂ ਹੁੰਦੀਆਂ ਸੀ। ਸੰਕੈਂਡ ਵਰਡ ਵਾਰ ਤੋਂ ਬਾਅਦ ਇੰਗਲੈਂਡ ਨੂੰ ਬਹੁਤ ਕਾਮਿਆਂ ਦੀ ਲੋੜ ਸੀ। ਹਰਜੀਤ ਵੀ ਆਪਣੇ ਟੀਚਰ ਮਿੱਤਰ ਕੋਲ ਪਹੁੰਚ ਗਿਆ। ਟੀਚਰ ਮਿੱਤਰ ਨੇ ਸਮਝਾਇਆ, ''ਇੰਡੀਆ ਵਿੱਚ ਭਾਵੇਂ ਬੰਦਾ ਕਿੰਨਾ ਵੀ ਪੜ੍ਹਿਆ ਲਿਖਿਆ ਹੋਵੇ, ਉਹਨੂੰ ਇਥੇ ਲੇਬਰ 'ਤੋਂ ਕੰਮ ਸ਼ੁਰੂ ਕਰਨਾ ਪੈਂਦਾ? '' ਟੀਚਰ ਨੇ ਆਪਣੇ ਨਾਲ ਹੀ ਹਰਜੀਤ ਨੂੰ ਕੰਮ ਤੇ ਲਾ ਲਿਆ। ਹਰਜੀਤ ਦਾ ਮਨ ਬੜਾ ਖਰਾਬ ਹੋਇਆ। 'ਕਿੱਥੇ ਉੱਥੇ ਨਹਾ ਧੋ ਕੇ ਚਿੱਟੇ ਕੱਪੜੇ ਪਾ ਕੇ ਕੰਮ 'ਤੇ ਜਾਣਾ, ਸਾਰਾ ਦਿਨ ਕੁਰਸੀ 'ਤੇ ਬੈਠ ਕੇ ਅਖ਼ਬਾਰ ਪੜੀ ਜਾਣੀ, ਕਿੱਥੇ ਇਥੇ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਈ ਜਾਣਾ।' ਹਰਜੀਤ ਨੂੰ ਬਾਪ ਦੀਆਂ ਕਹੀਆਂ ਗੱਲਾਂ ਬਹੁਤ ਯਾਦ ਆਉਣੀਆਂ। ਪਰ ਜਦੋਂ ਵੀਕੈਂਡ 'ਤੇ ਪੌਂਡਾ ਨੂੰ ਰੁਪਈਆ ਨਾਲ ਗੁਣਾ ਕਰਨੀ, ਤਦ ਰੂਹ ਖੁਸ਼ ਹੋ ਜਾਂਦੀ। ਹਰਜੀਤ 'ਤੇ ਟੀਚਰ ਦੋਵੇਂ ਪੜੇ ਲਿਖੇ ਸੀ, ਦੂਰ ਅੰਦੇਸ਼ੀ ਸੀ। ਦੋਵੇਂ ਨੇ ਸ਼ਾਮ ਨੂੰ ਕੋਈ ਕਾਲਜ ਲੱਭ ਕੇ ਸ਼ਾਮ ਨੂੰ ਕੰਮ 'ਤੋਂ ਬਾਅਦ ਕਾਲਜ ਜਾਣ ਲੱਗ ਪਏ। ਟੀਚਰ ਦਾ ਕੋਰਸ ਕਰਨ ਲੱਗ ਪਏ। ਦੋਵੇਂ ਇੱਕੋ ਕਮਰੇ ਵਿੱਚ ਰਹਿੰਦੇ ਸੀ। ਦੋਵੇਂ ਸੋਚਦੇ ਸੀ, ਦੋ ਤਿੰਨ ਸਾਲ ਦੀ ਤੰਗੀ ਕੱਟ ਕੇ ਫੇਰ ਸਾਰੀ ਉਮਰ ਮੌਜਾਂ ਮੌਜਾਂ ਹੀ ਸਨ। ਇਹ ਦੋਵੇਂ ਤਿੰਨ ਕੁ ਸਾਲ ਦਾ ਕੋਰਸ ਕਰਕੇ ਟੀਚਰ ਲੱਗ ਗਏ। ਜਦੋਂ ਇਹ ਕਾਲਜ ਜਾਂਦੇ, ਤਦ ਪੱਬਾਂ ਵਿੱਚ ਬੈਠੇ ਬਜ਼ੁਰਗ ਆਖਦੇ, “ਉਹ ਮੰਡਿਉ ਕਿਹੜੇ ਕੰਮਾਂ ਵਿੱਚ ਪੈ ਗਏ, ਪੰਜ ਸਾਲ ਲਾਵੋ ਡੱਟ ਕੇ, ਫੇਰ ਪੰਜਾਬ ਮੁੜ ਕੇ ਮੌਜਾਂ ਕਰਾਂਗੇ?'' ਹਰਜੀਤ ਪੀ .ਆਰ. ਵੀ ਹੋ ਗਿਆ, ਜੌਬ ਵੀ ਵਧੀਆ ਲੱਗ ਗਈ। ਇੱਕ ਘਰ ਵੀ ਅੜਾਂ ਲਿਆ। ਮਾਪੇ ਵਿਆਹ ਵਾਰੇ ਪੁੱਛ ਦੇ। ਹਰਜੀਤ ਵੀ ਸੋਚਦਾ ਸਭ ਕੁਝ ਠੀਕ ਠਾਕ ਆ ਹੁਣ ਇਕ ਵਧੀਆ ਜੀਵਨ ਸਾਥੀ ਦੀ ਲੋੜ ਆ। ਮਾਪਿਆਂ ਨੂੰ ਰਿਸ਼ਤੇਦਾਰੀਆਂ ਵਿੱਚ ਕਿਸੇ ਨੇ ਇੱਕ ਕੁੜੀ ਦੀ ਦੱਸ ਪਾਈ, ਕੁੜੀ ਪੜ੍ਹੀਂ ਲਿਖੀ ਟੀਚਰ ਲੱਗੀ ਹੋਈ ਸੀ। ਹਰਜੀਤ ਲਈ ਇਹ ਖੁਸ਼ੀ ਭਰੀ ਖ਼ਬਰ ਸੀ, ਔਰਤ ਪੜੀਂ ਲਿਖੀ ਹੌਣੀ ਚਾਹੀਦੀ ਆ। ਛੇਤੀ ਅੰਡਰਸਟੈਂਡ ਹਰ ਗੱਲ ਨੂੰ ਕਰ ਜਾਂਦੀ ਆ। ਨਾ ਉਸ ਦਾ ਵੀ ਹਰਜੀਤ ਸੀ। ਹਰਜੀਤ ਨੇ ਹਰਜੀਤ ਨੂੰ ਵੀ ਕਾਲਜ ਲੱਭ ਕੇ ਕਾਲਜ ਪੜ੍ਹਨ ਲਾ ਦਿੱਤਾ। ਦੋ ਕੁ ਸਾਲ ਤੰਗੀ ਦੇ ਕੱਟ ਕੇ ਇਹਦੀ ਵੀ ਜ਼ਿੰਦਗੀ ਬਣ ਜਾਵੇਗੀ। ਫੈਕਟਰੀ ਨਾਲੋਂ ਕਈ ਗੁਣਾ ਤਨਖਾਹ ਵੱਧ ਹੋਵੇਗੀ। ਦੋਵੇਂ ਜੀ ਟੀਚਰ ਲੱਗ ਗਏ । ਕੁਝ ਸਾਲਾਂ ਦੀ ਮਿਹਨਤ ਤੋਂ ਬਾਅਦ ਵਧੀਆ ਘਰ ਲੈ ਲਿਆ। ਹਰਜੀਤ ਦੇ ਦੋ ਪੁੱਤਰ ਹੋਏ। ਦੋਵੇਂ ਪੁੱਤਰ ਪੜ੍ਹ ਲਿਖ ਕੇ ਜੌਬਾ 'ਤੇ ਲੱਗ ਗਏ। ਭਾਵੇਂ ਦੋਵੇਂ ਕੋਲ 'ਗਰਲ ਫਰੈਂਡਾ' ਸੀ ਪਰ ਮਾਪਿਆਂ ਨੂੰ ਕੰਨੋਂ ਕੰਨੀ ਖਬਰ ਨਾ ਹੋਣ ਦਿੱਤੀ। ਮਾਪਿਆਂ ਨੂੰ ਐਨੇ ਚਿਰਾਂ ਤੋਂ ਉਡੀਕ ਦਿਆਂ ਪੁੱਤਾਂ ਦੇ ਵਿਆਹ ਦਾ ਚਾਅ ਹੁੰਦਾ ਆ। ਮਾਪੇ ਕਦੇ ਕਦੇ ਠੋਰ ਦੇ, “ਜੇ ਤੁਹਾਡੇ ਕੋਲ ਕੋਈ 'ਗਰਲ ਫਰੈਂਡ' ਹੈ ਤਾਂ ਕਿਸੇ ਦਿਨ ਘਰ ਲੈ ਆਇਓ, ਅਸੀਂ ਵੀ ਆਪਣੇ ਪੁੱਤਰਾਂ ਦੀ ਚੁਆਇਸ ਨੂੰ ਵੇਖ ਲਵਾਂਗੇ?''

ਵੱਡੇ ਲੜਕੇ ਨੇ ਦੱਸਿਆ, ਮੇਰੇ ਨਾਲ ਹੀ ਲੜਕੀ ਪੜ੍ਹਦੀ ਸੀ ਸਾਡੀ ਦੋਸਤੀ ਹੋ ਗਈ ਹੈ। ਮਾਪਿਆਂ ਨੇ ਆਖਿਆ, ਤੁਸੀਂ ਜ਼ਿੰਦਗੀ ਕੱਟਣੀ ਆ, ਜੇ ਤੁਹਾਡੇ ਵਿਚਾਰ ਮਿਲਦੇ ਨੇ, ਸਾਡੇ ਵੱਲੋਂ ਤਾਂ ਹਾ ਹੈ। ਵਿਆਹ ਹੋ ਗਿਆ, ਨੂੰਹ ਆਈ ਨੂੰ ਡੇਢ ਸਾਲ ਹੋ ਗਿਆ, ਪਤਾ ਨਾ ਲੱਗਾ ਕਦੋਂ 'ਪੁੱਤ- ਕਪੁੱਤ' ਬਣ ਗਿਆ। ਮਾਪਿਆਂ ਮੂਹਰੇ ਬੋਲਣ ਲੱਗ ਪਿਆ। “ਤੁਸੀਂ ਮੇਰੇ ਵਾਈਫ ਦੀ ਚੰਗੀ ਤਰਾਂ ਲੁੱਕ ਆਫਟਰ ਨੀ ਕਰਦੇ , ਤੁਸੀਂ ਉਹਦੇ ਨਾਲ਼ ਬੈਡ ਬਰੈਵ ਕਰਦੇ ਹੋ, ਮਾਪਿਆਂ ਨੇ ਇਹਨੂੰ ਬੜੇ ਲਾਡਾਂ ਪਿਆਰਾਂ ਨਾਲ ਪਾਲਿਆ?'' ਰੋਜ਼ ਰੋਜ਼ ਦੀ ਲੜਾਈ 'ਤੋਂ ਤੰਗ ਆ ਕੇ ਦੋਵੇਂ ਜੀਆਂ ਨੇ ਕਹਿ ਦਿੱਤਾ। “ਬੱਚਿਆਂ ਜੇ ਅਸੀਂ ਤਹਾਨੂੰ ਨਹੀਂ ਚੰਗੇ ਲੱਗਦੇ, ਤੁਸੀਂ ਆਪਣਾ ਘਰ ਲੈ ਲਵੋ, ਤੁਸੀਂ ਖੁਸ਼ੀ ਖੁਸ਼ੀ ਘਰ 'ਤੋਂ ਜਾ ਸਕਦੇ ਹੋ?'' ਇੰਨੀ ਗੱਲ ਕਹਿਣ ਦੀ ਦੇਰ ਸੀ, ਪੁੱਤ ਉੱਚੀ ਉੱਚੀ ਬੋਲਿਆ। “ਤੁਸੀਂ ਸਾਨੂੰ ਘਰ ਤੋਂ ਕੱਢ ਕੇ ਖੁਸ਼ ਹੋ, ਅਸੀਂ ਨਿਕਲ ਜਾਵਾਂਗੇ, ਤੁਹਾਡੇ ਮਰਿਆ ਦਾ ਮੂੰਹ ਨਹੀਂ ਦੇਖਾਂਗੇ, ਮੈਂ ਤਹਾਨੂੰ ਸੈਂਟ ਹੋ ਕੇ ਦਿਖਾਵਾਂਗਾ?'' ਹੋਰ ਬਹੁਤ ਕੁਝ ਬੋਲਿਆ, ਆਪਣਾ ਸਾਰਾ ਸਮਾਨ ਚੁੱਕ ਕੇ ਸਹੁਰੇ ਘਰ ਜਾ ਵੜਿਆ। ਦੋਵੇਂ ਜੀਅ ਲਈ ਇਹ ਅਸਿਹ ਸੀ। ਹਰਜੀਤ ਸਾਰੀ ਰਾਤ ਰੋਂਦੀ ਰਹੀ, ਕਈ ਵਾਰੀ ਪੁੱਤ ਨੂੰ ਟੈਲੀਫ਼ੋਨ ਕੀਤਾ, ਪਰ ਪੁੱਤ ਨੇ ਨਾ ਚੁਕਿਆ, ਨਾ ਕੋਈ ਵਾਪਸ ਜਵਾਬ ਦਿੱਤਾ। ਦੋਵੇਂ ਜੀਅ ਇੱਕ ਦੂਜੇ ਦੇ ਮੂੰਹ ਵੱਲ ਵੇਖਦੇ। ਉਹ ਦਿਨ ਗਿਆਂ ਤੇ ਅੱਜ ਦਿਨ ਆਇਆ, ਪੁੱਤਰ ਨੇ ਕਦੇ ਮੂੰਹ ਨਾ ਦਿਖਾਇਆ, ਨਾ ਕਦੇ ਆਇਆ, ਨਾ ਕਦੇ ਆਪਣੇ ਘਰ ਮਾਪਿਆਂ ਨੂੰ ਸੱਦਿਆ। ਸਮਾਂ ਆਪਣੇ ਤੋਰੇ ਤੁਰਦਾ ਗਿਆ। ਛੋਟੇ ਪੁੱਤ ਨੇ ਵੀ ਵਿਆਹ ਤੋਂ ਬਾਅਦ ਆਪਣੇ ਵੱਡੇ ਭਰਾ ਵਾਲੀ ਮੁੜ ਉਹੀ ਸਟੋਰੀ ਦੁਰਾਹ ਦਿੱਤੀ ਗਈ। ਹਰਜੀਤ ਇਸ ਘਟਨਾ ਤੋਂ ਬਾਅਦ ਗੁੰਮ ਸੁੰਮ ਰਹਿਣ ਲੱਗ ਪਿਆ। ਕਈ ਵਾਰੀ ਹਰਜੀਤ ਨੂੰ ਆਖਦੇ, “ਹਰਜੀਤ ਮੈਥੋਂ ਕਿੱਥੇ ਗਲਤੀ ਹੋ ਗਈ, ਮੈ ਕੀ ਨੀ ਕੀਤਾ, ਬੱਚਿਆਂ ਲਈ?'' ਹਰਜੀਤ ਢਿੱਡੀ ਮੁੱਕੀਆਂ ਦੇ ਦੇ ਰੋਂਦੀ। ਅੱਗੇ ਤੋਂ ਕੀ ਜਵਾਬ ਦਿੰਦੀ। ਹਰਜੀਤ ਕਦੇ ਕਦੇ ਆਖਦਾ।''

ਮੇਰੇ ਬਾਪ ਨੇ ਮੈਨੂੰ ਤੁਰਨ ਲੱਗਾ ਨੂੰ ਆਖਿਆ ਸੀ, ਤੈਨੂੰ ਇਥੇ ਕਿਸੇ ਚੀਜ਼ ਦਾ ਘਾਟਾ ਨਹੀਂ, ਕਈ ਵਾਰ ਪ੍ਰਦੇਸ਼ ਬੱਚਿਆਂ ਨੂੰ ਮਾਪਿਆਂ ਸਮੇਤ ਖਾ ਜਾਂਦਾ। “ਹਰਜੀਤ ਪੁੱਤਾਂ ਦਾ ਝੋਰਾ ਦਿਲ 'ਤੇ ਲਾ ਬੈਠਾ, ਹਾਰਟ ਅਟੈਕ ਕਰਾ ਬੈਠਾ, ਜਿਆਦਾ ਢਿੱਲਾ ਮੱਠਾ ਰਹਿਣ ਲੱਗ ਪਿਆ। ਇੱਕ ਦਿਨ ਹਰਜੀਤ ਦਾ ਹੱਥ ਫੜ ਕੇ ਕਹਿਣ ਲੱਗਾ।'' ਹਰਜੀਤ ਮੇਰਾ ਸਮਾਂ ਨੇੜੇ ਆ ਗਿਆ, ਤਕੜੀ ਹੋ ਕੇ ਜ਼ਿੰਦਗੀ ਗੁਜ਼ਾਰੀਂ, ਦੁਨੀਆਂ ਦੀ ਪ੍ਰਵਾਹ ਨਾ ਕਰੀ, ਜਿਦਾਂ ਤੇਰਾ ਜੀ ਕਰੇ ਉਦਾ ਕਰੀ? “ਹਰਜੀਤ ਨੇ ਮੂੰਹ 'ਤੇ ਹੱਥ ਰੱਖ ਦਿੱਤਾ, ਇਹੋ ਜਿਹੀਆਂ ਗੱਲਾਂ ਤੁਸੀਂ ਕਿਉ ਕਰਦੇ ਹੋ ? ਹਰਜੀਤ ਨੂੰ ਥੌੜੇ ਦਿਨਾਂ ਬਾਅਦ ਦੂਜਾ ਅਟੈਕ ਆਇਆ, ਭੌਰ ਸਰੀਰ ਛੱਡ ਕੇ ਉਡਾਰੀ ਮਾਰ ਗਿਆ , ਚੰਗਾ ਭਲਾ ਹਰਜੀਤ ਲਾਸ਼ ਬਣ ਗਿਆ। ਦੋਵੇਂ ਬੱਚਿਆਂ ਨੂੰ ਸਨੇਹਾਂ ਭੇਜਿਆ ਗਿਆ। ਦੋਵੇਂ ਪੁੱਤ ਐਵੇਂ ਮੂੰਹ ਦਿਖਾਉਣ ਜਿਹੇ ਕਰ ਗਏ। ਹਰਜੀਤ ਲਈ ਵਿਛੋੜਾ ਅਸਿਹ ਸੀ ਕਰ ਵੀ ਕੀ ਸਕਦੀ ਸੀ । “ਮਰਿਆ ਨਾਲ ਮਰ ਤਾਂ ਨਹੀਂ ਹੁੰਦਾ''

ਸਮਾਂ ਆਪਣੇ ਤੋਰੇ ਤੁਰਦਾ ਗਿਆ, ਪੁੱਤਾਂ ਨੇ ਕਦੇ ਮਾਂ ਦੀ ਸਾਰ ਨਾ ਲਈ, ਮਰ ਗਈ ਜਾ ਜਿਉਂਦੀ ਆ, ਜਾਂ ਆਪਣਾ ਟਾਈਮ ਕਿਸ ਤਰ੍ਹਾਂ ਕੱਢ ਰਹੀ ਆ। ਨਾ ਕਦੇ ਮਿਲਣ ਆਏ। ਹਰਜੀਤ ਇਕੱਲੀ ਨੂੰ ਘਰ ਵੱਢ ਵੱਢ ਖਾਣ ਨੂੰ ਆਉਂਦਾ। ਹੁਣ ਤਾਂ ਉਹ ਸਮੇਂ ਵੀ ਨਹੀਂ ਰਹੇ, ਕਿਸੇ ਦੇ ਘਰ ਜਾ ਕੇ ਬੈਠ ਜਾਵੋ। ਨਾ ਕੋਈ ਇੱਕ ਦੂਜੇ ਦੇ ਘਰ ਜਾ ਕੇ ਰਾਜ਼ੀ ਸੀ। ਲੋਕਾਂ ਦੀਆਂ ਆਪਣੀਆਂ ਬਹੁਤ ਮੁਸ਼ਕਲਾਂ ਸੀ ਕੌਣ ਕਿਸੇ ਦੀਆਂ ਸੁਣਦਾ ਸੀ। ਜੇ ਕੋਈ ਮਿਲਦਾ ਵੀ ਤਾਂ ਜਾਣ ਕੇ ਪਹਿਲਾਂ ਬੱਚਿਆਂ ਵਾਰੇ ਪੁਲਿਸ ਵਾਂਗ ਇੰਨਕੁਆਰੀ ਕਰਦਾ। ਹਰਜੀਤ ਬਹੁਤ ਹੀ ਘੱਟ ਵੱਧ ਕਿਸੇ ਨੂੰ ਮਿਲਦੀ । ਹਰਜੀਤ ਰਿਟਾਇਰ ਹੋ ਗਈ। ਹੁਣ ਘਰ ਬੈਠਣਾ ਹੋਰ ਵੀ ਔਖਾ ਹੋ ਗਿਆ। ਆਖਿਰ ਹਰਜੀਤ ਨੇ ਆਪਣੀ ਜ਼ਿੰਦਗੀ ਦਾ ਸਟਾਈਲ ਚੇਂਜ ਕੀਤਾ। ਕਦੇ ਟਾਊਨ ਚਲੀ ਜਾਂਦੀ, ਕਦੇ ਸ਼ੌਪਿੰਗ ਚਲੀ ਜਾਂਦੀ, ਵੀਕ ਐਂਡ ਗੁਰੂਘਰ ਜਾਂ ਆਉਂਦੀ, ਲਾਇਬਰੇਰੀ ਜਾ ਆਉਂਦੀ ਕਿਤਾਬਾਂ ਲੈ ਆਉਂਦੀ, ਦਿਲ ਨੂੰ ਹੋਰ ਪਾਸੇ ਲਾਉਣ ਲਈ ਕਿਤਾਬਾਂ ਪੜਦੀ ਰਹਿੰਦੀ।

ਅੱਜ ਹਰਜੀਤ ਨੂੰ ਲਾਇਬਰੇਰੀ ਵਿੱਚ ਗਈ ਨੂੰ ਆਪਣੇ ਇੱਕ ਬੰਦੇ ਦਾ ਭੁਲੇਖਾ ਜਿਹਾ ਪਿਆ। ਕਿਉਂਕਿ ਲਾਇਬਰੇਰੀ ਆਪਣੇ ਬੰਦੇ ਜਾਂ ਔਰਤ ਬਹੁਤ ਘੱਟ ਜਾਂਦੇ ਹਨ। ਉਸ ਬੰਦੇ ਨੇ ਦਸਤਾਰ ਬੜੀ ਸੋਹਣੀ ਸਜਾਈ ਹੋਈ ਸੀ। ਟਾਈ ਲਾਈ ਹੋਈ ਸੀ। ਵੇਖਣ ਨੂੰ ਬੜਾ ਸਮਾਟ ਲੱਗਦਾ ਸੀ। ਉਸ ਬੰਦੇ ਨੇ ਹਰਜੀਤ ਨੂੰ 'ਸ੍ਰਤਿ 'ਸ੍ਰੀ ਅਕਾਲ' ਬੁਲਾਈ, ਨਾਲੇ ਆਖਿਆ, ਤੁਸੀਂ ਵੀ ਕਿਤਾਬਾਂ ਪੜਨ ਦੇ ਸ਼ੌਕ ਰੱਖਦੇ ਹੋ? ਮੈਂ ਐਨੇ ਚਿਰਾਂ ਤੋਂ ਲਾਇਬਰੇਰੀ ਵਿੱਚ ਆਉਂਦਾ, ਬਹੁਤ ਘੱਟ ਆਪਣੇ ਬੰਦਿਆਂ ਨੂੰ ਇਥੇ ਦੇਖਿਆ। ਔਰਤ ਨੂੰ ਕਦੇ ਵੇਖਿਆ ਨਹੀਂ? ਹਾਂ ਜੀ, ਹਾਂ ਜੀ, ਮੈਨੂੰ ਵੀ ਮੇਰੇ ਹੱਸਬੈਂਡ ਨੇ ਕਿਤਾਬਾਂ ਪੜ੍ਹਨ ਦਾ ਸ਼ੌਕ ਪਾਇਆ। ਹਰਜੀਤ ਜਦੋਂ ਕਿਤਾਬਾਂ ਲੈ ਕੇ ਬਾਹਰ ਨਿਕਲੀ , ਮੀਂਹ ਬਹੁਤ ਜੋਰ ਦੀ ਪੈ ਰਿਹਾ ਸੀ। ਉਹ ਭਾਈ ਸਾਹਿਬ ਪੁੱਛ ਬੈਠਾ, ਤੁਸੀਂ ਅੱਜੇ ਤੱਕ ਗਏ ਕਿਉਂ ਨਹੀਂ? ਹਰਜੀਤ ਆਖਣ ਲੱਗੀ, 'ਮੈਂ ਤੁਰ ਕੇ ਆਈ ਸੀ, ਉਦੋਂ ਮੌਸਮ ਬਹੁਤ ਸੋਹਣਾ ਸੀ, ਹੁਣ ਬੱਸ ਦਾ ਇੰਤਜ਼ਾਰ ਕਰਾਂਗੀ, ਜਦੋਂ ਬੱਸ ਆਈ ਚੱਲੇ ਜਾਵਾਂਗੀ?'

“ਆਜੋ ਤੁਹਾਨੂੰ ਮੈਂ ਛੱਡ ਦਿੰਨਾ?''

ਦੋਵੇਂ ਨੇ ਗੱਡੀ ਵਿੱਚ ਘਰ ਤੱਕ ਆਉਂਦਿਆਂ ਗੱਲਾਂ ਬਾਤਾਂ ਕੀਤੀਆਂ। ਇੱਕ ਦੂਜੇ ਨੂੰ ਜਦੋਂ ਪਤਾ ਲੱਗਿਆ, ਕਿ ਦੋਵੇਂ ਟੀਚਰ ਨੇ, ਬੜੇ ਖੁਸ਼ ਹੋਏ। ਜਦੋਂ ਗੱਡੀ ਘਰ ਮੂਹਰੇ ਆ ਕੇ ਰੋਕੀ, ਹਰਜੀਤ ਨੇ ਬੜੇ ਸਤਿਕਾਰ ਨਾਲ਼ ਅੰਦਰ ਆਉਣ ਲਈ ਆਖਿਆ। ਸਾਹਮਣੇ ਕੰਧ 'ਤੇ ਲੱਗੀ ਹਰਜੀਤ ਦੀ ਤਸਵੀਰ ਨੂੰ ਗੌਰ ਨਾਲ ਵੇਖਿਆ, ਹੌਲੀ ਹੌਲੀ ਇਸ ਨੂੰ ਯਾਦ ਆਇਆ ਇੱਕ ਟੀਚਰ ਟਰੇਨਿੰਗ ਵੇਲੇ ਇਹ ਸੱਜਣ ਮੇਰੇ ਨਾਲ ਸੀ। ਹਰਜੀਤ ਨੂੰ ਚਾਹ ਦਾ ਕੱਪ ਲੈਕੇ ਆਈ ਨੂੰ ਦੱਸਿਆ, ਤੁਹਾਡੇ ਹੱਸਬੈਂਡ 'ਤੇ ਅਸੀਂ ਇਕ ਵਾਰ ਬਹੁਤ ਪਹਿਲਾਂ ਮਿਲ ਚੁੱਕੇ ਹਾਂ। ਜੇ ਇਥੇ ਕਿਤੇ ਲਾਗੇ ਨੇ, ਕਾਲ਼ ਕਰਕੇ ਸੱਦ ਲਵੋ?

ਹਰਜੀਤ ਨੇ ਹੌਕੇ ਲੈ ਕੇ ਆਖਿਆ, 'ਜਿਥੋਂ ਉਹ ਚਲੇ ਗਏ, ਉੱਥੇ ਕਾਲ ਨਹੀਂ ਜਾਦੀ?'

“ਬਹੁਤ ਅਫ਼ਸੋਸ...।”

ਹਰਜੀਤ ਨੇ ਆਪਣੇ ਨਾਲ ਬੀਤੀ ਸਾਰੀ ਸਟੋਰੀ ਦੱਸ ਦਿੱਤੀ। ਭਾਈ ਸਾਹਿਬ ਹਰਜੀਤ ਦੀ ਸਟੋਰੀ ਸੁਣ ਕੇ ਆਖਣ ਲੱਗਾ, 'ਇਹ ਭੈਣ ਜੀ! ਤੁਹਾਡੀ ਸਟੋਰੀ ਕੱਲਿਆਂ ਦੀ ਨਹੀਂ, ਘਰ ਘਰ ਦੀ ਸਟੋਰੀ ਆ, ਮੇਰੀ ਵੀ ਘਰਵਾਲੀ ਵਾਲੀ ਮਰ ਚੁੱਕੀ ਆ, ਮੇਰੇ ਨਾਲ ਵੀ ਬੱਚਿਆਂ ਨੇ ਤੁਹਾਡੇ ਵਾਂਗ ਕੀਤਾ, ਪਤਾ ਨੀ ਸਾਡੇ ਕੋਲੋਂ ਇਹਨਾਂ ਨੂੰ ਪਾਲਣ ਵਿੱਚ ਕਿੱਥੇ 'ਤੇ ਕਿਉਂ ਕਮੀ ਰਹਿ ਗਈ।' ਜਾਣ ਲੱਗਾ ਇਹ ਆਪਣਾ ਟੈਲੀਫ਼ੋਨ ਹਰਜੀਤ ਨੂੰ ਦੇ ਗਿਆ, ਨਾਲੇ ਆਖ ਗਿਆ ਕਦੇ ਵੀ ਮੇਰੀ ਲੋੜ ਹੋਵੇ, ਬੇਝਿਜਕ ਮੈਨੂੰ ਟੈਲੀਫ਼ੋਨ ਕਰ ਲੈਣਾ ? ਹਰਜੀਤ ਨੂੰ ਸਹਾਰਾ ਮਿਲ ਗਿਆ। ਜਦੋਂ ਵੀ ਕਦੇ ਘਰ ਕੋਈ ਟੁੱਟ ਭੱਜ ਹੁੰਦੀ ਹਰਜੀਤ ਟੈਲੀਫ਼ੋਨ ਕਰ ਦਿੰਦੀ ਕੋਈ ਨਾ ਕੋਈ ਬਿਲਡਰ ਲੱਭ ਕੇ ਹਰਜੀਤ ਦੇ ਘਰ ਭੇਜ ਦਿੰਦਾ। ਆਪ ਵੀ ਕਦੇ ਲੰਘਦਾ ਵੜਦਾ ਹਰਜੀਤ ਕੋਲ ਚਾਹ ਦਾ ਕੱਪ ਪੀ ਜਾਂਦਾ। ਹਰਜੀਤ ਕਈ ਵਾਰੀ ਸੋਚਦੀ, ਕਈ ਰਿਸ਼ਤੇ ਬਿਨਾਂ ਬਣੇ ਜਿਹਨਾਂ ਦਾ ਕੋਈ ਨਾਮ ਨਹੀ ਹੁੰਦਾ ਕਿੰਨਾ ਤੁਹਾਨੂੰ ਸਕੂਨ ਦਿੰਦੇ ਨੇ।

ਬਾਕੀ ਹਿਸਾ ਸਫ਼ਾ 62 ਤੇ ਪੜ੍ਹੋ

**61 ਸਫ਼ੇ ਦੀ ਬਾਕੀ**

ਅੱਜ ਇਹ ਹਰਜੀਤ ਨੂੰ ਆਖਣ ਲੱਗਾ, ਮੇਰੇ ਕੋਲ ਵੀ ਤੁਹਾਡੇ ਵਾਂਗ ਵੱਡਾ ਘਰ ਸੀ, ਮੈ ਤਾਂ ਆਪਣੀ ਘਰਵਾਲੀ ਜਾਣ ਤੋਂ ਬਾਅਦ ਇੱਕ ਬੈਡਰੂਮ ਦਾ ਨਵਾਂ ਘਰ ਲੈ ਲਿਆ ਆ। ਕੱਲੇ ਬੰਦੇ ਲਈ ਛੋਟਾ ਘਰ ਠੀਕ ਰਹਿੰਦਾ। ਅੱਜ ਕੱਲ ਕਿਹੜਾ ਕਿਸੇ ਦੇ ਘਰ ਆਉਂਦਾ ਜਾਂਦਾ, ਰਾਤ ਰਹਿਣ ਦੀ ਤਾਂ ਗੱਲ ਹੁਣ ਬਹੁਤ ਦੂਰ ਦੀ ਆ। ਦੇਖ ਲਵੋ ਜੇ ਤੁਹਾਡੀ ਸਲਾਹ ਹੋਵੇ ਮੇਰੇ ਲਾਗੇ ਨਵੇਂ ਘਰ ਇੱਕ ਬੈਡਰੂਮ ਦੇ ਬਣ ਰਹੇ ਨੇ। ਨਾਲੇ ਨਵੇਂ ਘਰ ਨੂੰ ਪੰਝੀ ਤੀਹ ਸਾਲ ਹੱਥ ਲਾਉਣ ਦੀ ਲੋੜ ਨਹੀਂ ਪੈਂਦੀ। ਹਰਜੀਤ ਨੂੰ ਇਹ ਸਲਾਹ ਬਹੁਤ ਚੰਗੀ ਲੱਗੀ।

...ਵੀਰ ਜੀ ! ਇਹ ਤਾਂ ਸਲਾਹ ਤੁਹਾਡੀ ਵਧੀਆ ਆ, ਬੱਚਿਆਂ ਨੇ ਤਾਂ ਮੇਰਾ ਮਰੀ ਦਾ ਮੂੰਹ ਵੀ ਨਹੀਂ ਦੇਖਣਾ। ਹਰਜੀਤ ਨੇ ਜਦੋਂ ਕਿਸੇ ਕੰਪਨੀ ਨਾਲ ਘਰ ਵੇਚਣ ਦੀ ਗੱਲ ਕੀਤੀ, ਹਰਜੀਤ ਨੂੰ ਹਜ਼ਾਰਾਂ ਯਾਦਾਂ ਇਸ ਘਰ ਨਾਲ ਜੁੜੀਆਂ ਅੱਖਾਂ ਮੂਹਰੇ ਘੁੰਮਣ ਲੱਗੀਆਂ, ਕਿੰਨਾ ਕੁਝ ਚੇਤੇ ਆਇਆ, ਕਿੰਨੀਆਂ ਰੀਝਾਂ ਨਾਲ ਘਰ ਬਣਾਇਆ ਸੀ। ਅੱਖਾਂ ਭਰ ਆਈਆਂ , ਪਰ ਜਦੋਂ ਹਰਜੀਤ ਨੇ ਆਪਣੀ ਜ਼ਿੰਦਗੀ ਦੀ ਤਕੜੀ ਵਿੱਚ ਇੱਕ ਪਾਸੇ ਇਹ ਘਰ ਤੇ ਇੱਕ ਪਾਸੇ ਆਉਣ ਵਾਲਾ ਸਮਾ ਪਾਇਆ ਇਹ ਘਰ ਤੱਕੜੀ ਵਿੱਚ ਹੌਲਾ ਜਾਪਿਆ। ਉਸ ਭਾਈ ਸਾਹਿਬ ਨੇ ਹਰਜੀਤ ਦੀ ਘਰ ਬਦਲੀ ਵਿੱਚ ਬੜੀ ਮਦਦ ਕੀਤੀ। ਹਰਜੀਤ ਨੇ ਵੇਖਿਆ ਉਸ ਨਵੇਂ ਬਣੇ ਇੱਕ ਬੈਡਰੂਮਾ ਵਿੱਚ ਆਪਣੇ ਬੰਦੇ ਗੁਜਰਾਤੀ ਹਿੰਦੂ, ਮੁਸਲਮਾਨ, ਕਾਫੀ ਇਕਲੌਤਾ ਇਕਲੌਤਾ ਰਹਿੰਦਾ ਸੀ। ਹਰਜੀਤ ਜਦੋ ਬਾਹਰ ਨਿਕਲਦੀ ਕੋਈ ਨਾ ਕੋਈ ਮਿਲ ਜਾਂਦੀ, ਜਾ ਜਾਂਦਾ। ਇਕਲਾਪੇ ਦਾ ਭਾਰ ਘੱਟ ਲੱਗਣ ਲੱਗਾ।

ਇੱਕ ਦਿਨ ਦੋਵੇਂ ਪੁੱਤ, ‘ਤੇ ਦੋਵੇਂ ਨੂੰਹ ਰਾਣੀਆਂ ਨੇ ਡੋਰ ਕੀਤੀ ਜਦੋਂ ਹਰਜੀਤ ਨੇ ਡੋਰ ਖੋਲ੍ਹੀ ਹਰਜੀਤ ਨੂੰ ਕੋਈ ਸੁਪਨੇ ਵਾਂਗ ਲੱਗਾ, ਹਰਜੀਤ ਦੀ ਆਪਣੇ ਬੱਚਿਆਂ ਨੂੰ ਦੇਖ ਕੇ “ਮੋਹ ਮਮਤਾ’’ ਜਾਗ ਪਈ। ਘੁੱਟ ਘੁੱਟ ਆਪਣੇ ਬੱਚਿਆਂ ਦਾ ਮੂੰਹ ਚੁੰਮਿਆ, ਖੁਸ਼ੀ ਦਾ ਟਿਕਾਣਾ ਨਾ ਰਹਿਆਂ , ਹਰਜੀਤ ਸੋਚਦੀ ਸੀ, ਸ਼ਾਇਦ ਇਹਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ, ਚਲੋ ਕੋਈ ਨੀ ‘ ਦੇਰ ਆਏ ਦਰੁਸਤ ਆਏ, ਮਾਪਿਆਂ ਨੇ ਹਮੇਸ਼ਾ ਬੱਚਿਆਂ ਦੀਆਂ ਗਲਤੀਆਂ ਮਾਫ਼ ਕਰ ਦਿੰਦੇ ਆ, ਫਿਰ ਵੀ ਮੇਰੀਆਂ ਆਂਦਰਾਂ ਨੇ।

...ਬੱਚਿਆਂ ਦੱਸੋ ਤੁਹਾਡੇ ਲਈ ਕੀ ਬਣਾਵਾਂ ? ਹਰਜੀਤ ਨੇ ਖੁਸ਼ ਹੋ ਕੇ ਆਖਿਆ।

ਅਸੀਂ ਇਥੇ ਕੁਝ ਖਾਣ ਨਹੀਂ ਆਏ, ਅਸੀਂ ਤੇਰੇ ਨਾਲ ਗੱਲ ਕਰਨ ਆਏ ਹਾਂ। ਦੋਵੇਂ ਪੁੱਤਰਾਂ ਨੇ ਇੱਕੋ ਸਾਹ ਵਿੱਚ ਕਹਿਆ। ਹਰਜੀਤ ਦਾ ਇਹ ਸੁਣਕੇ ਸਰੀਰ ਝੂਠਾ ਪੈ ਗਿਆ। ਵੱਡਾ ਲੜਕਾ ਆਖਣ ਲੱਗਾ। ‘ ਸਾਨੂੰ ਪਤਾ ਲੱਗਾ ਤੂੰ ਸਾਡੀ ਇਜ਼ਤ ਮਿੱਟੀ ਵਿੱਚ ਮਿਲਾਉਣ ਲੱਗ ਪਈ ਆ, ਸਾਡੇ ਵਾਰੇ ਤਾਂ ਸੋਚਦੀ, ਬੁੱਢੇ ਵਾਰੇ ਤੈਨੂੰ ਇਸ਼ਕ ਚੜ ਗਿਆ, ਲੋਕ ਸਾਨੂੰ ਸੌ ਸੌ ਮੇਹਣੇ ਮਾਰਦੇ ਆ, ਤੁਹਾਡੀ ਮਾਂ ਕਿਸੇ ਨਾਲ ਪੀਂਘ ਹੁਲਾਰੇ ਲੈਂਦੀ ਆ, ਅਸੀਂ ਤਾਂ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ, ਕਿੱਦਾਂ ਘਰੇ ਬਾਹਰ ਨਿਕਲੀਏ, ਸਾਨੂੰ ਤਾਂ ਇਹ ਵੀ ਪਤਾ ਲੱਗਾ, ਤੈ ਆਪਣਾ ਘਰ ਵੇਚ ਉਹਦੇ ਲਾਗੇ ਲੈ ਲਿਆ, ਤਾ ਕਿ ਮਿਲਣਾ ਸੌਖਾ ਰਹੇ, ਸਾਨੂੰ ਤਾਂ ਇਹ ਵੀ ਪਤਾ ਲੱਗਾ ਜਿਹੜੇ ਉਸ ਘਰ ਵਿੱਚੋ ਪੈਸੇ ਬਚੇ ਸਾਰੇ ਉਹਨੂੰ ਦੇ ਦਿੱਤੇ।’ ਹੋਰ ਪਤਾ ਨੀ ਪੁੱਤ ਨੇ ਕੀ ਕੁਝ ਬੋਲਿਆ, ਹਰਜੀਤ ਮੂੰਹ ਨੀਵਾਂ ਕਰਕੇ ਖ਼ੂਨ ਦੇ ਅੱਥਰੂ ਰੋ ਰਹੀ ਸੀ। ਨੂੰਹ ਰਾਣੀਆਂ ਮੁਸਕੜੀਆਂ ਹੱਸ ਰਹੀਆਂ ਸੀ। ਹਰਜੀਤ ਨੂੰ ਪਤਾ ਨਾ ਲੱਗਾ ਕਦੋਂ ਪੁੱਤ ਡੋਰ ਲਾ ਕੇ ਚਲੇ ਗਏ। ਪੁੱਤਾਂ ਦੇ ਜਾਣ ‘ਤੋਂ ਬਾਅਦ ਹਰਜੀਤ ਸੋਚਣ ਲੱਗੀ ਇਹਨਾਂ ਕਦੇ ਮੇਰੀ ਬਾਤ ਨੀ ਪੁੱਛੀਂ, ਤੂੰ ਮਰ ਗਈ ਏ,ਕਿ ਜਿਊਂਦੀ ਆ, ਅੱਜ ਇਹਨਾਂ ਨੂੰ ਇੱਜ਼ਤਾਂ ਦਾ ਚੇਤਾ ਆ ਗਿਆ। ਜਿਹੜੇ ਇਹਨਾਂ ਨੂੰ ਦੱਸ ਦੇ ਆ, ਉਹ ਇਹਨਾਂ ਨੂੰ ਇਹ ਨੀ ਦੱਸ ਦੇ ਕਦੇ ਮਾਂ ਦੀ ਖਬਰ ਸਾਰ ਲੈ ਲਿਆ ਕਰੋ, ਜਦੋਂ ਆਪਣਾ ਮਾੜਾ, ਕਿਸੇ ਨੂੰ ਕੀ ਦੋਸ਼, ਹਰਜੀਤ ਨੇ ਬਹੁਤ ਸਾਰੀਆਂ ਕਿਤਾਬਾਂ ਵਿੱਚ ਪੜ੍ਹਿਆ ਸੀ, ਆਉਣ ਵਾਲੇ ਸਮੇਂ ਵਿੱਚ ਇਹ ਕੰਮ ਹੋਇਆ ਕਰਨਗੇ, ਅੱਜ ਆਪਣੇ ਨਾਲ ਇਹ ਕੰਮ ਹੁੰਦੇ ਵੇਖ ਵੀ ਲਏ।

ਹਰਜੀਤ ਸਾਰੀ ਰਾਤ ਹਰਜੀਤ ਦੀ ਫੋਟੋ ਮੂਹਰੇ ਖੜਕੇ ਰੋਂਦੀ ਰਹੀ, ਨਾਲੇ ਵਾਰ ਵਾਰ ਆਖਦੀ ਰਹੀ, “ਅੜਿਆ ਮੈਨੂੰ ਵੀ ਨਾਲੇ ਲੈ ਜਾਂਦਾ, ਆਹੀ ਸੁਣਨ ਨੂੰ ਮੈਨੂੰ ਛੱਡ ਗਿਆ ਸੀ, ਦੱਸ ਮੈਂ ਕਿੱਥੇ ਮਰਾਂ, ਮੈਂ ਤਾਂ ਕੋਈ ਕਸੂਰ ਵੀ ਨਹੀਂ ਕੀਤਾ, ਕਿਉ ਮੈਨੂੰ ਬਿਨਾਂ ਕਸੂਰ ‘ਤੋਂ ਸਜ਼ਾ ਮਿਲੀ, ਮੈਨੂੰ ਇਹ ਵੀ ਹੱਕ ਨਹੀਂ, ਕਿਸੇ ਨਾਲ ਦੋ ਬੋਲ ਸਾਂਝੇ ਕਰਾਂ।” ਪਤਾ ਨੀ ਹਰਜੀਤ ਹੋਰ ਕੀ ਕੀ ਬੋਲਦੀ ਰਹੀ ਫੋਟੋ ਮੂਹਰੇ ਖੜਕੇ,ਪਤਾ ਉਦੋਂ ਲੱਗਾ ਜਦੋਂ ਬੇਹੋਸ਼ ਹੋ ਕੇ ਡਿੱਗ ਪਈ। ਕੌਣ ਮੂੰਹ ਵਿੱਚ ਪਾਣੀ ਪਾਉਣ ਵਾਲਾ ਸੀ। ਭੌਰ ਸਰੀਰ ਛੱਡ ਕੇ ਉਡਾਰੀ ਮਾਰ ਗਿਆ। ਹਰਜੀਤ ਵੀ ਹਰਜੀਤ ਕੋਲ ਪਹੁੰਚ ਗਈ। ਜਦੋਂ ਨੂੰਹਾਂ ਪੁੱਤਾਂ ਨੂੰ ਪਤਾ ਲੱਗਾ ਭੱਜੇ ਆਏ, ਪੂਰੇ ਦੱਸ ਦਿਨ ਚਿੱਟੇ ਕੱਪੜਾ ਵਿਛਾ ਕੇ ਬੈਠੇ ਰਹੇ, ਪਾਖੰਡੀ ਲੋਕ ਵੀ ਵਥੇਰਾ ਆ ਕੇ ਦੁੱਖ ਪ੍ਰਗਟ ਕਰਦੇ, ਮਾਪੇ ਕਿਤੇ ਲੱਭ ਦੇ ਆ, ਕੋਈ ਨੀ ਹੌਸਲਾ ਰੱਖਿਓ, ਹੋਰ ਪਤਾ ਨੀ ਕੀ ਕੁੱਝ ਕਹਿੰਦੇ। ਫਾਊਨਰ ਵਾਲੇ ਦਿਨ ਨੂੰਹਾਂ ਨੇ ਬਹੁਤ ਦਹਾਥੁੜਾ ਪਿੱਟਿਆ। ਪੁੱਤਾਂ ਨੇ ਵੀ ਵਥੇਰੇ ਝੂਠੇ ਅੱਥਰੂ ਕੇਰੇ, ਲੋਕ ਵੀ ਵਥੇਰੇ ਜਾਫੀਆਂ ਪਾਉਂਦੇ ਰਹੇ। ਹਰਜੀਤ ਦੇ ਬਕਸੇ ’ਤੇ ਵੀ “ਲਵਲੀ ਮੰਮ’’ ਤੇ “ਲਵਲੀ ਗ੍ਰੇਡ ਮੰਮ’’ ਲਿਖਾਇਆ ਗਿਆ। ਗੁਰੂ ਘਰ ਦੇ ਗਿਆਨੀਆਂ ਨੇ ਬੜੇ ਹੀ ‘ਸੋਗ ਦੇ ਸ਼ਬਦ’ ਪੜ੍ਹੇ, ਪੁੱਤਰਾਂ ਦੀ ਉਸਤਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਕਿਸੇ ਵਿੱਚ ਇਹ ਹਿੰਮਤ ਨਹੀਂ ਸੀ, ਕੋਈ ਕਹਿ ਸਕੇ ਇਹਨਾਂ ਆਪਣੀ ਮਾਂ ਨਾਲ ਇੱਦਾਂ ਕੀਤੀ, ਸਗੋਂ ਸਾਰੇ ਇਹ ਕਹਿ ਰਿਹਾ ਸੀ, ਮਾਪੇ ਕਿਤੇ ਲੱਭ ਦੇ ਆ, ਆਪਣਾ ਖਿਆਲ ਰੱਖਿਓ। ਸਭ ਲੰਗਰ ਪ੍ਰਸ਼ਾਦਾਂ ਛੱਕ ਕੇ ਆਪਣੇ ਘਰਾਂ ਵੱਲ ਨੂੰ ਤੁਰ ਪਏ। ਪੁੱਤਾਂ ਨੇ ਥੌੜੇ ਚਿਰ ਬਾਅਦ ਹਰਜੀਤ ਦਾ ਘਰ ਵੇਚ ਕੇ ਉਹ ਗਏ। ਉਹ ‘ਭਾਈ ਸਾਹਿਬ’ ਜਦੋਂ ਕਦੇ ਹਰਜੀਤ ਦੇ ਘਰ ਮੂਹਰੇ ਦੀ ਲੰਘਦਾ, ਆਪ ਮੁਹਾਰੇ ਮੂੰਹ ਵਿੱਚੋਂ ਨਿਕਲ ਜਾਂਦਾ।

“ਕੋਈ ਨੀ ਧੀ ਪੁੱਤ ਏਥੇ  
ਕੋਈ ਨੀ ਸੱਜਣ ਮਿੱਤਰ ਯਾਰ  
ਦੁਨੀਆ ਪੈਸੇ ਦੀ ਮੇਰੇ ਯਾਰ  
ਦੁਨੀਆ.....।”

# ਲਾਟਰੀ ਜੈਤੂ ਪਿਉਂ ਪੁੱਤਰ ਸਮੇਤ ਚਾਰ ਨੂੰ ਨਕਲੀ ਦਵਾਈਆਂ ਬਣਾਉਣ ਦੇ ਦੋਸ਼ ’ਚ ਲੰਮੀ ਜੇਲ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਦੇ ਮਾਨਚੈਸਟਰ ਅਧੀਨ ਆਉਂਦੇ ਵਿਗਨ ਸ਼ਹਿਰ ਦੇ ਨੇੜਲੇ ਪਿੰਡ ਇਲਾਕੇ ਵਿੱਚ ਪਿਉਂ ਪੁੱਤਰ ਸਮੇਤ ਚਾਰ ਲੋਕਾਂ ਵੱਲੋਂ ਨਕਲੀ ਦਵਾਈਆਂ ਬਣਾਉਣ ਦਾ ਪਰਦਾਫਾਸ਼ ਹੋਇਆ ਹੈ। ਸਾਲ 2010 ਵਿੱਚ ਲਾਟਰੀ ਰਾਹੀਂ ਲਗਭਗ 24 ਲੱਖ ਪੌਂਡ ਦੀ ਵੱਡੀ ਰਕਮ ਜਿੱਤਣ ਵਾਲੇ ਇੱਕ ਬਜ਼ੁਰਗ ਵਿਅਕਤੀ ਨੇ ਇਸ ਦੌਲਤ ਨੂੰ ਕਾਨੂੰਨੀ ਕਾਰੋਬਾਰ ਦੀ ਥਾਂ ਨਕਲੀ ਦਵਾਈਆਂ ਬਣਾਉਣ ਦੇ ਗੈਰਕਾਨੂੰਨੀ ਧੰਦੇ ਵਿੱਚ ਲਗਾ ਦਿੱਤਾ। ਇਸ ਮਾਮਲੇ ਵਿੱਚ ਅਦਾਲਤ ਨੇ ਉਸਦੇ ਪੁੱਤਰ ਅਤੇ ਹੋਰ ਦੋ ਸਾਥੀਆਂ ਸਮੇਤ ਚਾਰਾਂ ਦੋਸ਼ੀਆਂ ਨੂੰ ਮਿਲਾ ਕੇ ਲਗਭਗ 50 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।



*ਪੁਲਿਸ ਵੱਲੋਂ ਨਕਲੀ ਦਵਾਈਆਂ ਬਣਾਉਣ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤੇ ਗਏ ਪਿਉ ਪੁੱਤਰ ਅਤੇ ਦੋ ਹੋਰ ਦੋਸੀ*

ਅਦਾਲਤੀ ਰਿਕਾਰਡ ਅਨੁਸਾਰ, ਮੁੱਖ ਦੋਸ਼ੀ ਨੇ ਲਾਟਰੀ ਦੀ ਰਕਮ ਮਿਲਣ ਤੋਂ ਕੁਝ ਸਮੇਂ ਬਾਅਦ ਵਿਗਨ ਨੇੜੇ ਆਪਣੇ ਰਹਾਇਸ਼ੀ ਘਰ ਦੇ ਸਾਹਮਣੇ ਮੌਜੂਦ ਪੁਰਾਣੇ ਢਾਂਚੇ ਨੂੰ ਨਕਲੀ ਦਵਾਈਆਂ ਤਿਆਰ ਕਰਨ ਵਾਲੇ ਗੁਪਤ ਕਾਰਖਾਨੇ ਵਿੱਚ ਤਬਦੀਲ ਕਰ ਦਿੱਤਾ। ਇੱਥੇ ਵੱਡੇ ਪੱਧਰ ’ਤੇ ਨਕਲੀ ਡਾਇਜੇਪਾਮ ਗੋਲੀਆਂ ਤਿਆਰ ਕੀਤੀਆਂ ਜਾਂਦੀਆਂ ਸਨ, ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਪਲਾਈ ਕੀਤੀਆਂ ਗਈਆਂ। ਜਾਂਚ ਦੌਰਾਨ ਪਤਾ ਲੱਗਾ ਕਿ ਇਨ੍ਹਾਂ ਗੋਲੀਆਂ ਦੀ ਸੰਭਾਵਿਤ ਬਾਜ਼ਾਰੀ ਕੀਮਤ ਲਗਭਗ 288 ਮਿਲੀਅਨ ਪੌਂਡ ਸੀ।

ਪੁਲਿਸ ਅਨੁਸਾਰ, ਇਹ ਗੈਰਕਾਨੂੰਨੀ ਸਰਗਰਮੀ ਕਈ ਸਾਲਾਂ ਤੱਕ ਬੜੀ ਚਤੁਰਾਈ ਨਾਲ ਚਲਾਈ ਜਾਂਦੀ ਰਹੀ। ਨਕਲੀ ਗੋਲੀਆਂ ਅਸਲੀ ਦਵਾਈਆਂ ਵਰਗਾ ਰੂਪ ਰੱਖਦੀਆਂ ਸਨ, ਜਿਸ ਕਾਰਨ ਆਮ ਲੋਕਾਂ ਲਈ ਉਨ੍ਹਾਂ ਦੀ ਪਹਿਚਾਣ ਕਰਨਾ ਮੁਸ਼ਕਲ ਸੀ। ਸਿਹਤ ਮਾਹਿਰਾਂ ਨੇ ਅਦਾਲਤ ਨੂੰ ਦੱਸਿਆ ਕਿ ਇਨ੍ਹਾਂ ਗੋਲੀਆਂ ਵਿੱਚ ਵਰਤੇ ਗਏ ਰਸਾਇਣ ਘੱਟ ਮਿਆਰੀ ਅਤੇ ਖ਼ਤਰਨਾਕ ਸਨ, ਜੋ ਲੈਣ ਵਾਲੇ ਦੀ ਜਾਨ ਲਈ ਗੰਭੀਰ ਖ਼ਤਰਾ ਬਣ ਸਕਦੇ ਸਨ।

ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਪਿਓ ਨੇ ਆਪਣੇ ਪੁੱਤਰ ਨੂੰ ਇਸ ਧੰਦੇ ਵਿੱਚ ਸਿੱਧੇ ਤੌਰ ’ਤੇ ਸ਼ਾਮਲ ਕੀਤਾ ਅਤੇ ਦੋ ਹੋਰ ਵਿਅਕਤੀਆਂ ਦੀ ਮਦਦ ਨਾਲ ਪੂਰੇ ਜਾਲ ਨੂੰ ਫੈਲਾਇਆ। ਪੁਲਿਸ ਵੱਲੋਂ ਲੰਮੀ ਜਾਂਚ, ਤਲਾਸ਼ੀਆਂ ਅਤੇ ਸਬੂਤ ਇਕੱਠੇ ਕਰਨ ਤੋਂ ਬਾਅਦ ਇਸ ਗਿਰੋਹ ਦਾ ਪਰਦਾਫਾਸ਼ ਹੋ ਸਕਿਆ। ਨਕਲੀ ਦਵਾਈਆਂ ਬਣਾਉਣ ਵਾਲੇ ਸਾਜੋ-ਸਾਮਾਨ ਅਤੇ ਵੱਡੀ ਮਾਤਰਾ ਵਿੱਚ ਤਿਆਰ ਗੋਲੀਆਂ ਵੀ ਬਰਾਮਦ ਕੀਤੀਆਂ ਗਈਆਂ।

ਸਜ਼ਾ ਸੁਣਾਉਂਦਿਆਂ ਅਦਾਲਤ ਨੇ ਕਿਹਾ ਕਿ ਦੋਸ਼ੀਆਂ ਨੇ ਸਿਰਫ਼ ਕਾਨੂੰਨ ਦੀ ਉਲੰਘਣਾ ਹੀ ਨਹੀਂ ਕੀਤੀ, ਸਗੋਂ ਲੋਕਾਂ ਦੀ ਸਿਹਤ ਅਤੇ ਜਿੰਦਗੀਆਂ ਨਾਲ ਖਿਲਵਾਰ ਕੀਤਾ ਹੈ। ਅਦਾਲਤ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਲਾਟਰੀ ਵਰਗੀ ਅਚਾਨਕ ਮਿਲੀ ਦੌਲਤ ਨੂੰ ਗਲਤ ਰਸਤੇ ’ਤੇ ਲਗਾ ਕੇ ਸਮਾਜ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਲਈ ਕੋਈ ਰਹਿਮ ਨਹੀਂ ਕੀਤਾ ਜਾ ਸਕਦਾ। ਪੁਲਿਸ ਅਤੇ ਸਿਹਤ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਦਵਾਈਆਂ ਸਿਰਫ਼ ਭਰੋਸੇਯੋਗ ਅਤੇ ਕਾਨੂੰਨੀ ਸਰੋਤਾਂ ਤੋਂ ਹੀ ਖਰੀਦੀਆਂ ਜਾਣ ਅਤੇ ਕਿਸੇ ਵੀ ਸ਼ੱਕੀ ਸਰਗਰਮੀ ਦੀ ਸੂਚਨਾ ਤੁਰੰਤ ਸੰਬੰਧਤ ਅਧਿਕਾਰੀਆਂ ਨੂੰ ਦਿੱਤੀ ਜਾਵੇ। ਕੁੱਲ ਮਿਲਾ ਕੇ, ਵਿਗਨ ਨੇੜੇ ਵਾਪਰੀ ਇਹ ਘਟਨਾ ਇਸ ਗੱਲ ਦੀ ਚੇਤਾਵਨੀ ਹੈ ਕਿ ਦੌਲਤ ਮਿਲਣ ਨਾਲ ਜ਼ਿੰਮੇਵਾਰੀ ਵੀ ਆਉਂਦੀ ਹੈ। ਅਦਾਲਤੀ ਫ਼ੈਸਲੇ ਨੇ ਸਾਫ਼ ਸੰਦੇਸ਼ ਦੇ ਦਿੱਤਾ ਹੈ ਕਿ ਅਪਰਾਧ ਕਿੰਨਾ ਵੀ ਚੁੱਪਚਾਪ ਕੀਤਾ ਜਾਵੇ, ਆਖ਼ਿਰਕਾਰ ਕਾਨੂੰਨ ਦੀ ਪਕੜ ਤੋਂ ਬਚਣਾ ਸੰਭਵ ਨਹੀਂ।

## ਪ੍ਰਮਾਣੂ ਜੰਗ ਦਾ ਖ਼ਤਰਾ ਮੰਡਰਾਇਆ: ਅਮਰੀਕਾ-ਰੂਸ ਵਿਚਾਲੇ ਆਖਰੀ ਪ੍ਰਮਾਣੂ ਸੰਧੀ ਭਲਕੇ ਹੋਵੇਗੀ ਖ਼ਤਮ

ਵਾਸ਼ਿੰਗਟਨ/ਮਾਸਕੋ-ਦੁਨੀਆ ਦੇ ਦੋ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ, ਅਮਰੀਕਾ ਅਤੇ ਰੂਸ ਵਿਚਕਾਰ ਪ੍ਰਮਾਣੂ ਹਥਿਆਰਾਂ ਨੂੰ ਕੰਟਰੋਲ ਕਰਨ ਵਾਲੀ ਆਖਰੀ ਬਾਕੀ ਬਚੀ ਸੰਧੀ ’ਨਿਊ ਸਟਾਰਟ’ ਵੀਰਵਾਰ ਨੂੰ ਖਤਮ ਹੋਣ ਜਾ ਰਹੀ ਹੈ। ਪਿਛਲੇ 35 ਸਾਲਾਂ ਵਿੱਚ ਇਹ ਪਹਿਲੀ ਵਾਰ ਹੋਵੇਗਾ ਜਦੋਂ ਦੁਨੀਆ ਦੇ ਸਭ ਤੋਂ ਵੱਡੇ ਪ੍ਰਮਾਣੂ ਭੰਡਾਰਾਂ ’ਤੇ ਕੋਈ ਕਾਨੂੰਨੀ ਪਾਬੰਦੀ ਨਹੀਂ ਰਹੇਗੀ, ਜਿਸ ਨਾਲ ’ਐਟਮੀ ਜੰਗ’ ਦਾ ਖ਼ਤਰਾ ਹੋਰ ਗੰਭੀਰ ਹੋ ਗਿਆ ਹੈ।

**ਮੁੱਖ ਨੁਕਤੇ**-ਹਥਿਆਰਾਂ ਦੀ ਦੌੜ: ਸੰਧੀ ਖ਼ਤਮ ਹੋਣ ਨਾਲ ਹੁਣ ਦੋਵੇਂ ਦੇਸ਼ ਬੇਲਗਾਮ ਹੋ ਕੇ ਪ੍ਰਮਾਣੂ ਵਾਰਹੈੱਡਾਂ ਅਤੇ ਮਿਜ਼ਾਈਲਾਂ ਦੀ ਗਿਣਤੀ ਵਧਾ ਸਕਦੇ ਹਨ। ਮਾਹਰਾਂ ਮੁਤਾਬਕ ਇਸ ਵਿੱਚ ਚੀਨ ਦੇ ਸ਼ਾਮਲ ਹੋਣ ਨਾਲ ਇਹ ਮੁਕਾਬਲਾ ਤਿਕੋਣਾ ਹੋ ਸਕਦਾ ਹੈ।

ਟਰੰਪ ਅਤੇ ਪੁਤਿਨ ਦਾ ਰੁਖ: ਰੂਸੀ ਰਾਸ਼ਟਰਪਤੀ ਪੁਤਿਨ ਨੇ ਸੰਧੀ ਵਧਾਉਣ ਦੀ ਇੱਛਾ ਜਤਾਈ ਸੀ, ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਚਾਹੁੰਦੇ ਹਨ ਕਿ ਇਸ ਵਿੱਚ ਚੀਨ ਨੂੰ ਵੀ ਸ਼ਾਮਲ ਕੀਤਾ ਜਾਵੇ। ਚੀਨ ਫਿਲਹਾਲ ਅਜਿਹੀ ਕਿਸੇ ਪਾਬੰਦੀ ਲਈ ਤਿਆਰ ਨਹੀਂ ਹੈ।

ਨਵੇਂ ਤਣਾਅ: ਅਮਰੀਕਾ ਦੀ ਪ੍ਰਸਤਾਵਿਤ ’ਗੋਲਡਨ ਡੋਮ’ ਮਿਜ਼ਾਈਲ ਰੱਖਿਆ ਪ੍ਰਣਾਲੀ ਅਤੇ ਪ੍ਰਮਾਣੂ ਪ੍ਰੀਖਣ ਮੁੜ ਸ਼ੁਰੂ ਕਰਨ ਦੇ ਸੰਕੇਤਾਂ ਨੇ ਰੂਸ ਨੂੰ ਚਿੰਤਤ ਕਰ ਦਿੱਤਾ ਹੈ, ਜਿਸ ਕਾਰਨ ਦੁਨੀਆ ਇੱਕ ਅਸਥਿਰ ਦੌਰ ਵਿੱਚ ਪ੍ਰਵੇਸ਼ ਕਰ ਰਹੀ ਹੈ।